# ਸਿੱਖ ਇਤਿਹਾਸ ਦੇ ਸੋਮੇ

## ਤੀਜਾ ਭਾਗ

**ਸੋਹਣ ਸਿੰਘ ਸੀਤਲ**

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

[illegible]

Digitized by Panjab Digital Library | www.panjabdigilib.org

# ਸਿੱਖ ਇਤਿਹਾਸ ਦੇ ਸੋਮੇਂ

ਤੀਜਾ ਭਾਗ

ਸੋਹਣ ਸਿੰਘ 'ਸੀਤਲ'

Digitized by Panjab Digital Library | www.panjabdigilib.org

# ਇਸ ਵਿਚ

ਕਵੀ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ

## "ਨਾਨਕ ਪ੍ਰਕਾਸ਼ ਹੈ"

ਚੌਥੇ ਭਾਗ ਵਿਚ 'ਗੁਰ ਪ੍ਰਤਾਪ ਸੂਰਜ' ਦੀਆਂ ਬਾਰਾਂ ਰਾਸਾਂ

ਅਤੇ

ਪੰਜਵੇਂ ਭਾਗ ਵਿਚ ਛੇ ਰੁੱਤਾਂ ਤੇ ਦੋ ਐਨ ਹਨ ।

ਮੁੱਲ [redacted] ਰੁਪਏ

Digitized by Panjab Digital Library | www.panjabdigilib.org

# ਸਿੱਖ ਇਤਿਹਾਸ ਦੇ ਸੋਮੇਂ

## ਤੀਜਾ ਭਾਗ

ਲੇਖਕ

ਸੋਹਣ ਸਿੰਘ 'ਸੀਤਲ'

ਲਾਹੌਰ ਬੁਕ ਸ਼ਾਪ

2, ਲਾਜਪਤ ਰਾਇ ਮਾਰਕੀਟ, ਲੁਧਿਆਣਾ

45/00

Digitized by Panjab Digital Library | www.panjabdigilib.org

ਸਭ ਹੱਕ ਕਰਤਾ ਦੇ ਰਾਖਵੇਂ ਹਨ ।

ਇਸ ਐਡੀਸ਼ਨ ਦੇ ਪ੍ਰਕਾਸ਼ਕ :
ਸ. ਜੀਵਨ ਸਿੰਘ
ਮਾਲਕ ਲਾਹੌਰ ਬੁਕ ਸ਼ਾਪ,
ਲੁਧਿਆਣਾ ।

ਪਹਿਲੀ ਵਾਰ, ਅਗਸਤ, ੧੯੮੨ ਈ.

ਛਾਪਕ :
ਜੀ. ਐਸ. ਪ੍ਰਿੰਟਰਜ਼, ਡਾ. ਗੁਜਰਮਲ ਰੋਡ,
ਲੁਧਿਆਣਾ ।

Digitized by Panjab Digital Library | www.panjabdigilib.org

# ਨਾਨਕ ਪ੍ਰਕਾਸ਼ ਦਾ ਪੂਰਬਾਰਧ


੧. ਮੰਗਲਾਚਰਨ ੨੧
੨. ਪੱਤ੍ਰੀ ਲਿਆਉਣੀ ੨੫
੩. ਅਵਤਾਰ ਪ੍ਰਸੰਗ ੨੭
੪. ਨਾਮ ਰੱਖਿਆ ੨੭
੫. ਬਾਲ ਲੀਲ੍ਹਾ ੨੮
੬. ਗੋਪਾਲ ਪਾਂਧੇ ਨੂੰ ਉਪਦੇਸ਼ ੨੯
੭. ਬਾਲ ਲੀਲ੍ਹਾ ੨੯
੮. ਮੌਲਾਣੇ ਨੂੰ ਉਪਦੇਸ਼ ੩੦
੯. ਜਨੇਊ ਦਾ ਪ੍ਰਸੰਗ ੩੧
੧੦. ਮੱਝੀਂ ਚਾਰਨ ਜਾਣਾ ੩੩
੧੧. ਸਰਪ ਨੇ ਛਾਂ ਕੀਤੀ ੩੪
੧੨. ਖੇਤੀ ਕਰਨੀ ੩੫
੧੩. ਵੈਦ ਬੁਲਾਇਆ ਵੈਦਗੀ ੩੬
੧੪. ਖਰਾ ਸੌਦਾ ੩੭
੧੫. ਕਾਲੂ ਜੀ ਨੇ ਗੁਰੂ ਜੀ ਨੂੰ ਮਾਰਿਆ ੩੭
੧੬. ਬੀਬੀ ਨਾਨਕੀ ਦਾ ਵਿਆਹ ੩੯
੧੭. ਮੋਦੀ ਖ਼ਾਨਾ ਲਿਆ ੪੦
੧੮. ਲੇਖਾ ਕੀਤਾ ੪੧
੧੯. ਗੁਰੂ ਜੀ ਦੀ ਕੁੜਮਾਈ ੪੨
੨੦ ਦੂਜੀ ਵਾਰ ਲੇਖਾ ਕੀਤਾ ੪੨
੨੧. ਗੁਰੂ ਜੀ ਦੀ ਜੰਞ ਚੜ੍ਹੀ ੪੨
੨੨. ਗੁਰੂ ਜੀ ਦਾ ਵਿਆਹ ੪੩
੨੩. ਵਿਆਹ ਕੇ ਤਲਵੰਡੀ ਆਏ ੪੪
੨੪. ਫਿਰ ਸੁਲਤਾਨਪੁਰ ਜਾ ਵੱਸੇ ੪੪
੨੫. ਘਰ ਵਿਚ ਉਦਾਸ ੪੫
੨੬. ਸ੍ਰੀ ਚੰਦ ਦਾ ਜਨਮ ੪੬
੨੭. ਭਗੀਰਥ ਤੇ ਮਨਸੁਖ ਸਿੱਖ ਬਣੇ ੪੭
੨੮. ਵੇਈਂ ਨਦੀ ਪ੍ਰਵੇਸ਼ ੪੯
੨੯. ਮੋਦੀ ਖ਼ਾਨਾ ਛਡਿਆ ੫੦
੩੦. ਲਖਮੀ ਚੰਦ ਦਾ ਜਨਮ ੫੧
੩੧. ਨਵਾਬ ਨਾਲ ਮਸੀਤ ਵਿਚ ੫੨
੩੨. ਮਸੀਤ ਵਿਚ ਉਪਦੇਸ਼ ੫੪
੩੩. ਮੂਲਾ ਸੁਲੱਖਣੀ ਜੀ ਨੂੰ ਘਰ ਲੈ ਗਿਆ ੫੪


Digitized by Panjab Digital Library | www.panjabdigilib.org

੩੪. ਮਰਦਾਨੇ ਦੀ ਕਥਾ ੫੫

੩੫. ਰਬਾਬ ਲਿਆਉਣਾ ੫੬

੩੬. ਯਾਤਰਾ ਦੀ ਤਿਆਰੀ ੫੬

੩੭. ਸਰੋਤਿਆਂ ਦੇ ਭਰਮ ਨਿਵਾਰੇ ੫੭

੩੮. ਭਾਈ ਲਾਲੋ ਦਾ ਪ੍ਰਸੰਗ ੬੦

੩੯. ਏਮਨਾਬਾਦ ਵਿਚ ਬ੍ਰਹਮਭੋਜ ੬੧

੪੦. ਗੁਰੂ ਜੀ ਫਿਰ ਤਲਵੰਡੀ ੬੩

੪੧. ਰਾਇ ਬੁਲਾਰ ਨਾਲ ਮੇਲ ੬੩

੪੨. ਕਾਲੂ ਤੇ ਲਾਲੂ ਨੂੰ ਉਪਦੇਸ਼ ੬੫

੪੩. ਰਾਏ ਨੂੰ ਉਪਦੇਸ਼, ਤੁਲਸਾਂ ਦਾਸੀ ਦੀ ਕਥਾ ੬੬

੪੪. ਮਨਸੁਖ ਤੇ ਰਾਜਾ ਸ਼ਿਵਨਾਭ ੬੭

੪੫. ਗੁਰੂ ਜੀ ਤਲਵੰਡੀ ਤੋਂ ਤੁਰੇ ੬੮

੪੬. ਕਾਵਰੂ ਦੇਸ ੬੯

੪੭. ਗੁਰੂ ਜੀ ਸੰਗਲਾਦੀਪ ੭੦

੪੮. ਰਾਜਾ ਸ਼ਿਵਨਾਭ ਨੂੰ ਉਪਦੇਸ਼ ੭੨

੪੯. ਗੁਰੂ ਜੀ ਤਿਰੀਆ ਰਾਜ ਵਿਚ ੭੭

੫੦. ਭਰਥਰੀ ਤੇ ਕੌਡਾ ੭੮

੫੧. ਸਾਲਸ ਰਾਏ ੮੧

੫੨. ਮੱਛ, ਕਲਿ ਤੇ ਨਾਰਦ ੮੪

੫੩. ਸੁਧਰਸੈਨ ਤੇ ਝੰਡਾ ਬਾਢੀ ੮੬

੫੪. ਮਧਰਬੈਨ ਤੇ ਰਾਖਸ਼ਾਂ ਦੀ ਕਥਾ ੮੭

੫੫. ਬਨਮਾਣੂਆਂ ਤੇ ਰਾਖਸ਼ਾਂ ਦੀ ਕਥਾ ੮੯

੫੬. ਰਾਜਾ ਕਮਲ ਨੈਨ ੯੨

੫੭. ਮੱਕੇ ਦੀ ਯਾਤਰਾ (ਤਿੰਨ ਤਰਾਂ ਦੇ ਪਾਠਕ) ੯੪

੫੮. ਮੱਕਾ ਫੇਰਿਆ ੯੬

੫੯. ਗੁਰੂ ਜੀ ਫਿਰ ਸੁਲਤਾਨਪੁਰ ੯੮

੬੦. ਸੁਮੇਰ ਉਤੇ ਸਿੱਧਾਂ ਨਾਲ ਚਰਚਾ ੯੯

੬੧. ਸਿੱਧਾਂ ਨਾਲ ਚਰਚਾ ੧੦੪

੬੨. ਸਿੱਧਾਂ ਨਾਲ ਚਰਚਾ ੧੦੭

੬੩. ਸਿੱਧਾਂ ਨਾਲ ਚਰਚਾ ੧੦੯

੬੪. ਸਿੱਧਾਂ ਨਾਲ ਚਰਚਾ ੧੧੩

੬੫. ਕਾਗ ਭਸੁੰਡ ਤੇ ਦੱਤਾ ਤ੍ਰੇਯ ਨੂੰ ਮਿਲੇ ੧੧੪

੬੬. ਪ੍ਰਹਿਲਾਦ ਭਗਤ ਨਾਲ ਮਿਲਾਪ ੧੧੬


Digitized by Panjab Digital Library | www.panjabdigilib.org

੬੭. ਪ੍ਰਿਹਿਲਾਦ ਦੀ ਕਥਾ ੧੧੬
੬੮. ਪ੍ਰਿਹਿਲਾਦ ਦੀ ਕਥਾ ੧੧੭
੬੯. ਨਰਸਿੰਘ ਅਵਤਾਰ ੧੧੭
੭੦. ਵਿਰਾਹ ਅਵਤਾਰ ੧੧੮
੭੧. ਧ੍ਰੂਵ ਭਗਤ ਦੀ ਕਥਾ ੧੧੯
੭੨. " ਧ੍ਰੂਵ ਭਗਤ ਨਾਲ ਮਿਲਾਪ ੧੨੦
੭੩. " ਸੱਚਖੰਡ, ਅਕਾਲਪੁਰਖ ਨਾਲ ਮਿਲਾਪ ੧੨੧

# ਉਤਰਾਰਧ

੧. ਰਿਖੀਆਂ ਨਾਲ ਮਿਲਾਪ ੧੨੪
੨. ਖੰਡਾਂ ਵਿਖੇ ਉਪਦੇਸ਼ ੧੨੪
੩. ਕੇਤਮਾਲ ਖੰਡ ਤੋਂ ਭਾਰਤ ਖੰਡ ਵਿਚ ੧੨੫
੪. ਦੁਨੀ ਚੰਦ ਦੇ ਪਿਤਾ ਦਾ ਉਧਾਰ ੧੨੭
੫. ਮਾਤਾ ਪਿਤਾ ਨਾਲ ਮਿਲਾਪ ੧੨੯
੬. ਮਾਤਾ ਪਿਤਾ ਪਰਲੋਕ ਸਿਧਾਰੇ ੧੩੧
੭. ਕੁਰਖੇਤਰ ਵਿਖੇ ਪੰਡਤਾਂ ਨਾਲ ਚਰਚਾ ੧੩੨
੮. ਗੰਗਾ ਉਤੇ ਉਪਦੇਸ਼ ੧੩੪
੯. ਬਿੰਦ੍ਰਾ ਬਨ, ਅਜੁਧਯਾ, ਕਾਂਸ਼ੀ ੧੩੫
੧੦. ਜਗਨਨਾਥ, ਤੇ ਕਲਿਯੁਗ ਦਾ ਮਿਲਾਪ ੧੩੭
੧੧. ਮੁਨਾਫਿਕ ਦੇਸ ਵਿਚ ੧੩੯
੧੨. ਨਾਹਰੂ ਦੇਸ ਤਾਰਿਆ ੧੪੧
੧੩. ਭੁਟੰਤ ਦੇਸ ਦਾ ਉਧਾਰ ੧੪੩
੧੪. ਕਸ਼ਮੀਰ ਤੇ ਕਾਬਲ ੧੪੫
੧੫. ਬਾਲਕ, ਬਪਾਰੀ ਤੇ ਠਗ ਦੀ ਕਥਾ ੧੪੯
੧੬. ਕਾਰੂੰ ਬਾਦਸ਼ਾਹ ਦੀ ਸਾਖੀ ੧੫੧
੧੭. ਹਬਸ਼ ਦੇਸ ਤੇ ਰਾਮਚੰਦ ਦੀ ਕਥਾ ੧੫੩
੧੮. ਲੰਕਾ ਵਿਖੇ ਵਿਭੀਖਨ ਤੇ ਹਨੂਮਾਨ ਨਾਲ ਮਿਲਾਪ ੧੫੮
੧੯. ਸੰਤਾਂ ਦੀਪਾਂ ਵਿਚ ਉਪਦੇਸ਼ ੧੬੦
੨੦. ਤਿਲਰੀ ਵਿਖੇ ਸਿਧ ਗੋਸਟ ੧੬੨
੨੧. ਦਿੱਲੀ, ਤੇ ਮਰਦਾਨੇ ਦਾ ਪ੍ਰਸੰਗ ੧੬੫
੨੨. ਬ੍ਰਾਹਮਣ ਨੂੰ ਤਾਰਿਆ ੧੬੭
੨੩. ਸਤਘਰੇ ਵਿਚ ਸ਼ਾਹ ਦੁਖੀ ੧੬੯
੨੪. ਪਾਂਡਵਾਂ ਦੀ ਕਥਾ ੧੭੧

Digitized by Panjab Digital Library | www.panjabdigilib.org

२५. ਜਨਮੇਜੇ ਦੀ ਕਥਾ ੧੭੫
੨੬. ਸੰਤਾਂ ਨਾਲ ਚਰਚਾ, ਫਿਰ ਏਮਨਾਬਾਦ ੧੭੬
੨੭. ਬਾਬਰ ਦਾ ਯੁੱਧ ੧੭੮
੨੮. ਏਮਨਾਬਾਦ ਵਿਚ ਬਾਬਰ ਵੱਲੋਂ ਕਤਲਾਮ ੧੮੧
੨੯. ਅਜਿੱਤਾ ਰੰਧਾਵਾ, ਮੂਲਾ ਚੋਣਾ ੧੮੨
੩੦. ਕਰਤਾਰਪੁਰ ਵਸਾਇਆ ੧੮੬
੩੧. ਸ਼ਾਹ ਸੁਹਾਗਣ, ਤੇ ਮੂਲਾ ੧੮੮
੩੨. ਜਲਾਲ ਪੀਰ ੧੯੦
੩੩. ਸ਼ਖ ਇਬਰਾਹਮ ੧੯੧
੩੪. ਬਗ਼ਦਾਦ ਦਾ ਪੀਰ ੧੯੩
੩੫. ਮਰਦਾਨਾ ਸੁਰਗਵਾਸ ੧੯੫
੩੬. ਸਿੱਖਾਂ ਦਾ ਉਧਾਰ ੧੯੮
੩੭. ਮੁਲਤਾਨ ਗਏ, ਸ਼ੰਮਸ ਤਬਰੇਜ਼ ਦੀ ਕਥਾ ੧੯੯
੩੮. ਬਾਲ ਗੁੰਦਾਈ, ਸਿੱਧ ਮੇਲਾ, ਤੇ ਮੂਲਾ ਕਿਰਾੜ ੨੦੫
੩੯. ਅਚੱਲ ਵਿਖੇ ਸਿਧ ਗੋਸਟ ੨੦੭
੪੦. ਮਾਲੋ ਲੇਖ ਨਾਲ ਮਿਲਾਪ ੨੦੯
੪੧. ਅਬਦੁਲ ਰਹਿਮਾਨ ਦਾ ਪ੍ਰਸੰਗ ੨੧੧
੪੨. ਸਿੱਖਾਂ ਨੂੰ ਉਪਦੇਸ਼ ੨੧੩
੪੩. ਉਪਦੇਸ਼, ਸਿੱਖ ਤਾਰੇ ੨੧੪
੪੪. ਸਿੱਖਾਂ ਦਾ ਭਾਵ ਵੇਖਿਆ ੨੧੬
੪੫. ਸਿੱਖਾਂ ਨੂੰ ਉਪਦੇਸ਼ ੨੧੮
੪੬. ਬਾਬਾ ਬੁੱਢਾ ਦੀ ਕਥਾ, ਬਾਲਾ ਸੁਰਗਵਾਸ ੨੨੦
੪੭. ਸ੍ਰੀ ਲਹਿਣਾ ਜੀ ਦਾ ਮਿਲਾਪ ੨੨੧
੪੮. ਸ੍ਰੀ ਲਹਿਣਾ ਜੀ ਦੀ ਕਥਾ ੨੨੩
੪੯. ਤਪ ਕਰਨ ਦਾ ਪ੍ਰਸੰਗ ੨੨੪
੫੦. ਸਿੱਖੀ ਪਰਖੀ ੨੨੬
੫੧. ਲਹਿਣਾ ਜੀ ਨੂੰ ਉਪਦੇਸ਼ ੨੨੮
੫੨. ਗੁਰੂ ਅੰਗਦ ਜੀ ਨੂੰ ਗੱਦੀ ੨੩੧
੫੩. ਸਿੱਖਾਂ ਨੂੰ ਉਪਦੇਸ਼ ੨੩੪
੫੪. ਜੋਤੀ ਜੋਤ ਸਮਾਉਣ ਦੀ ਤਿਆਰੀ ੨੩੫
੫੫. ਜੋਤੀ ਜੋਤਿ ਸਮਾਉਣ ਦੀ ਤਿਆਰੀ ੨੩੬
੫੬. ਗੁਰੂ ਨਾਨਕ ਦੇਵ ਜੀ ਜੋਤੀ ਜੋਤ ਸਮਾਏ ੨੩੭
੫੭. ਸੱਚਖੰਡ ਨਿਵਾਸ ੨੩੭


Digitized by Panjab Digital Library | www.panjabdigilib.org

# ਮੁੱਖ ਬੰਧ

'ਮਹਿਮਾ ਪ੍ਰਕਾਸ਼' ਵਾਂਗ ਇਸ ਗ੍ਰੰਥ ਦੇ ਵੀ ਦੋ ਭਾਗ ਹਨ। ਬਾਵਾ ਸਰੂਪਦਾਸ ਭੱਲਾ ਦੀ ਮਹਾਨ ਰਚਨਾ ਦਾ ਪਹਿਲਾ ਭਾਗ ਹੈ "ਗੁਰੂ ਨਾਨਕ ਮਹਿਮਾ"। ਇਸ ਵਿਚ ਗੁਰੂ ਨਾਨਕ ਦੇਵ ਮਹਾਰਾਜ ਦੀਆਂ ਹੀ ਸਾਖੀਆਂ ਹਨ। ਦੂਸਰੇ ਭਾਗ ਦਾ ਨਾਮ ਹੈ "ਮਹਿਮਾ ਪ੍ਰਕਾਸ਼।" ਇਸ ਵਿਚ ਦੂਸਰੇ ਗੁਰੂ ਜੀ ਤੋਂ ਲੈ ਕੇ ਦੱਸਵੇਂ ਪਾਤਸ਼ਾਹ ਤਕ ਦਾ ਇਤਿਹਾਸ ਹੈ। ਸਹੀ ਅਰਥਾਂ ਵਿਚ ਇਹ ਗ੍ਰੰਥ ਏਥੇ ਮੁਕ ਜਾਂਦਾ ਹੈ। ਪਰ ਅਖ਼ੀਰ ਉਤੇ ਛੇ ਸਫ਼ਿਆਂ ਵਿਚ ਬਾਬਾ ਬੰਦਾ ਸਿੰਘ ਬਹਾਦਰ ਦਾ ਸੰਖੇਪ ਜਿਹਾ ਹਾਲ ਹੈ। ਇਹ ਗ੍ਰੰਥ ੧੮੩੩ ਬਿ. (੧੭੭੬ ਈ.] ਵਿਚ ਸੰਪੂਰਨ ਹੋਇਆ। ੧੯੭੧ ਈ. ਵਿਚ 'ਭਾਸ਼ਾ ਵਿਭਾਗ ਪੰਜਾਬ' ਨੇ ਇਹ ਗ੍ਰੰਥ ਛਾਪ ਕੇ ਇਕ ਸ਼ੁਭ ਕਾਰਜ ਕੀਤਾ ਹੈ। (ਇਸ ਬਾਰੇ ਅਸੀਂ 'ਸਿੱਖ ਇਤਿਹਾਸ ਦੇ ਸੋਮੇ" ਦੂਜਾ ਭਾਗ ਵਿਚ ਸਵਿਸਥਾਰ ਛਾਪ ਚੁਕੇ ਹਾਂ।)

ਏਸੇ ਤਰ੍ਹਾਂ ਕਵੀ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਦੀ ਮਹਾਨ ਰਚਨਾ ਦੇ ਵੀ ਦ ਮੁੱਖ ਭਾਗ ਹਨ। ਪਹਿਲਾ ਹੈ "ਨਾਨਕ ਪ੍ਰਕਾਸ਼" ਇਸ ਵਿਚ ਗੁਰੂ ਨਾਨਕ ਦੇਵ ਜੀ ਮਹਾਰਾਜ ਦੀਆਂ ਹੀ ਸਾਖੀਆਂ ਹਨ। ਇਹ ਗ੍ਰੰਥ ਕਵੀ ਜੀ ਨੇ ਨਗਰ ਬੂੜੀਆ ਵਿਚ ਰਹਿੰਦਿਆਂ ਲਿਖਿਆ, ਜੋ ਕੱਤਕ ਪੂਰਨਮਾਸ਼ੀ, ੧੮੮੦ ਬਿ. ਨੂੰ ਪੂਰਨ ਹੋਇਆ।

ਦੂਸਰੇ ਭਾਗ ਦਾ ਨਾਮ ਹੈ "ਗੁਰ ਪ੍ਰਤਾਪ ਸੂਰਜ"। ਕੈਥਲ ਵਿਚ ਨਿਵਾਸ ਰਖਦਿਆਂ ਇਹ ਗ੍ਰੰਥ ਕਵੀ ਜੀ ਨੇ ੧੮੯੨ ਬਿ. ਵਿਚ ਲਿਖਣਾ ਆਰੰਭ ਕੀਤਾ, ਜੋ ਸਾਵਣ ੧੯੦੦ ਬਿ. ਵਿਚ ਸੰਪੂਰਨ ਹੋਇਆ। ਸਿੱਖਾਂ ਵਿਚ ਇਸ ਸਾਰੇ ਗ੍ਰੰਥ ਦਾ ਨਾਮ ਆਮ ਕਰਕੇ "ਸੂਰਜ ਪ੍ਰਕਾਸ਼" ਹੀ ਪਰਸਿਧ ਹੈ।

'ਨਾਨਕ ਪ੍ਰਕਾਸ਼' ਦੇ ਦੋ ਹਿੱਸੇ ਹਨ ਪੂਰਬਾਰਧ, ਤੇ ਉਤਰਾਰਧ। ਅੱਗੇ 'ਗੁਰ ਪ੍ਰਤਾਪ ਸੂਰਜ' ਗ੍ਰੰਥ ਸ਼ੁਰੂ ਹੋਇਆ। ਇਸਦੇ ਹਿੱਸਿਆਂ ਦੀ ਵੰਡ ਕਵੀ ਜੀ ਨੇ ਸੂਰਜ ਦੇ ਹਿਸਾਬ ਨਾਲ ਕੀਤੀ ਹੈ। ਪਹਿਲਾਂ ਹਨ ਬਾਰਾਂ ਰਾਸਾਂ [ਬਾਰਾਂ ਮਹੀਨੇ]। ਫਿਰ ਛੇ ਰੁੱਤਾਂ। ਤੇ ਅੰਤ ਵਿਚ ਦੋ ਐਨ। ਐਨ ਸ਼ਬਦ ਦਾ ਅਰਥ ਹੈ 'ਘਰ'। ਭੂ ਮੱਧ ਰੇਖਾ ਤੋਂ ਸੂਰਜ ਛੇ ਮਹੀਨੇ ਉੱਤਰ ਵੱਲ ਰਹਿੰਦਾ ਹੈ, ਤੇ ਛੇ ਮਹੀਨੇ ਦੱਖਣ ਵੱਲ। ਏਹਾ ਸੂਰਜ ਦੇ ਦੋ ਅਸਥਾਨ ਜਾਂ ਘਰ ਹਨ।

"ਗੁਰ ਪ੍ਰਤਾਪ ਸੂਰਜ" ਗ੍ਰੰਥ ਵਿਚ ਮਗਰਲੇ ਨੌਂ ਗੁਰੂ ਸਾਹਿਬਾਨ ਦਾ ਇਤਿਹਾਸ ਹੈ। ਗੁਰੂ ਗੋਬਿੰਦ ਸਿੰਘ, ਮਹਾਰਾਜ ਦੇ ਜੋਤੀ ਜੋਤਿ ਸਮਾਉਣ ਪਿਛੋਂ ਕੁਛ ਮਾਮੂਲੀ ਜ਼ਿਕਰ ਬਾਬਾ ਬੰਦਾ ਸਿੰਘ, ਅਜੀਤ ਸਿੰਘ ਤੇ ਹਠੀ ਸਿੰਘ ਦਾ ਵੀ ਹੈ। ਪਰ ਸਹੀ ਅਰਥਾਂ

Digitized by Panjab Digital Library | www.panjabdigilib.org

ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਇਤਿਹਾਸ ਨਾਲ ਹੀ ਇਹ ਗ੍ਰੰਥ ਪੂਰਾ ਹੋ ਜਾਂਦਾ ਹੈ।

ਰਚਨਾ ਤੋਂ ਪਹਿਲਾਂ ਰਚਨਹਾਰ ਬਾਰੇ ਜਾਣਕਾਰੀ ਜ਼ਰੂਰੀ ਹੈ।

ਕਵੀ ਸੰਤੋਖ ਸਿੰਘ ਜੀ ਦਾ ਜਨਮ ੧੮੪੫ ਬਿ. ਨੂੰ ਨਗਰ 'ਨੂਰਦੀ' [ਪੁਰਾਤਨ ਨਾਮ ਸਰਾਇ ਨੂਰਦੀਨ] ਵਿਚ ਹੋਇਆ। ਇਹ ਨਗਰ ਤਰਨ ਤਾਰਨ ਤੋਂ ਚਾਰ ਮੀਲ ਪੱਛਮ ਵੱਲ ਝਬਾਲ ਨੂੰ ਜਾਣ ਵਾਲੀ ਸੜਕ ਉਤੇ ਹੈ। ਸੰਤੋਖ ਸਿੰਘ ਜੀ ਦੇ ਪਿਤਾ ਦਾ ਨਾਮ ਸ: ਦੇਵਾ ਸਿੰਘ ਤੇ ਮਾਤਾ ਦਾ ਨਾਮ ਮਾਤਾ 'ਰਜਾਦੀ' ਸੀ। ਆਪ ਛੀਂਬਾ ਬਰਾਦਰੀ ਦੀ 'ਕਰੀਰ' ਗੋਤ ਵਿਚੋਂ ਸਨ।

ਭਾਈ ਦੇਵਾ ਸਿੰਘ ਜੀ ਬਾਣੀ ਦੇ ਰਸੀਏ, ਵਿੱਦਿਵਾਨ ਤੇ ਵਿੱਦਿਆ ਪ੍ਰੇਮੀ ਸਨ। ਸੰਤੋਖ ਸਿੰਘ ਨੇ ਮੁਢਲੀ ਵਿੱਦਿਆ ਪਿਤਾ ਪਾਸੋਂ ਹੀ ਪ੍ਰਾਪਤ ਕੀਤੀ। ਸੰਤੋਖ ਸਿੰਘ ਜੀ ਜਮਾਂਦਰੂ ਕਵੀ ਸਨ। ਛੋਟੀ ਉਮਰ ਤੋਂ ਹੀ ਉਹਨਾਂ ਕਵਿਤਾ ਰਚਣੀ ਸ਼ੁਰੂ ਕਰ ਦਿੱਤੀ। ਉਸ ਦੀ ਇਸ ਰੁਚੀ ਨੂੰ ਵੇਖ ਕੇ ਸ: ਦੇਵਾ ਸਿੰਘ ਨੇ ਉਹਨਾਂ ਨੂੰ ਅੰਮ੍ਰਿਤਸਰ ਗਿਆਨੀ ਸੰਤ ਸਿੰਘ ਜੀ ਦੇ ਹਵਾਲੇ ਕਰ ਦਿੱਤਾ।

ਸਿੱਖਾਂ ਦੇ ਰਾਜ ਸਮੇਂ ਗਿਆਨੀ ਸੰਤ ਸਿੰਘ ਜੀ ਇਕ ਮਹਾਨ ਹਸਤੀ ਮੰਨੇ ਜਾਂਦੇ ਸਨ। ਆਪ ਅੰਮ੍ਰਿਤਸਰ ਦਰਬਾਰ ਸਾਹਿਬ ਦੇ 'ਸਪੁਰਦਦਾਰ' ਸਨ। ਆਪ ਜੀ ਦਾ ਪੁੱਤਰ ਗਿਆਨੀ ਗੁਰਮੁਖ ਸਿੰਘ ਲਾਹੌਰ ਦਰਬਾਰ ਵਿਚ ਚੰਗੀ ਪਦਵੀ ਤੇ ਸੀ। ਸੰਧਾਵਾਲੀਏ ਲਹਿਣਾ ਸਿੰਘ ਅਜੀਤ ਸਿੰਘ ਦੇ ਕਤਲ ਪਿਛੋਂ ਰਾਜਾ ਹੀਰਾ ਸਿੰਘ ਡੋਗਰੇ ਨੇ ਗਿਆਨੀ ਗੁਰਮੁਖ ਸਿੰਘ ਨੂੰ ਵੀ ਕਤਲ ਕਰਾ ਦਿੱਤਾ ਸੀ। (ਗਿ: ਸੰਤ ਸਿੰਘ ਸਮਾਣੇ ੧੮੯੯ ਬਿ. ਵਿਚ)।

ਗਿਆਨੀ ਸੰਤ ਸਿੰਘ ਜੀ ਮਹਾਨ ਵਿੱਦਿਵਾਨ ਸਨ। ਕਵੀ ਸੰਤੋਖ ਸਿੰਘ ਉਹਨਾਂ ਨੂੰ ਆਪਣੇ ਵਿੱਦਿਆ ਗੁਰੂ ਮੰਨਦੇ ਸਨ। ਗਿਆਨੀ ਸੰਤ ਸਿੰਘ ਜੀ ਦੀ ਛਤਰ ਛਾਇਆ ਥੱਲੇ ਕਵੀ ਸੰਤੋਖ ਸਿੰਘ ਜੀ ਨੇ ਉੱਚੀ ਵਿੱਦਿਆ ਪ੍ਰਾਪਤ ਕੀਤੀ। ਆਪ ਬ੍ਰਜ ਭਾਸ਼ਾ ਤੇ ਸੰਸਕ੍ਰਿਤ ਦੇ ਮਹਾਨ ਪੰਡਤ ਸਨ। ਪਤਾ ਲਗਦਾ ਹੈ, ਕਿ ਆਪ ਨੇ ਗਿ: ਸੰਤ ਸਿੰਘ ਜੀ ਤੋਂ ਹੀ ਅੰਮ੍ਰਿਤ ਛਕਿਆ ਸੀ।

ਦਿਆਲਗੜ੍ਹ ਵਾਲਾ ਸ: ਦਿਆਲ ਸਿੰਘ, ਕਵੀ ਜੀ ਨੂੰ ਅੰਮ੍ਰਿਤਸਰ ਤੋਂ ਦਿਆਲ ਗੜ੍ਹ ਲੈ ਗਿਆ। ਕੁਛ ਸਮੇਂ ਪਿਛੋਂ ਕਵੀ ਜੀ ਸ: ਭਗਵਾਨ ਸਿੰਘ ਪਾਸ ਨਗਰ ਬੂੜੀਏ ਚਲੇ ਗਏ। ਬੂੜੀਏ ਰਹਿੰਦਿਆਂ ਹੀ ਕਵੀ ਸੰਤੋਖ ਸਿੰਘ ਜੀ ਦਾ ਵਿਵਾਹ ਬੀਬੀ ਰਾਮ ਕੌਰ ਨਾਲ ਹੋਇਆ। ਬੂੜੀਏ ਵਿਚ ਕਵੀ ਜੀ ਨੇ ਦਸ ਕੁ ਸਾਲ ਗੁਜ਼ਾਰੇ। ਇਸ ਸਮੇਂ ਵਿਚੋਂ ਕਵੀ ਜੀ ਕਈ ਵਾਰ ਕੁਛ ਸਮਾਂ ਅੰਮ੍ਰਿਤਸਰ ਵੀ ਗੁਜ਼ਾਰ ਜਾਂਦੇ ਸਨ। ਬੂੜੀਏ ਨਿਵਾਸ ਸਮੇਂ ਕਵੀ ਜੀ ਨੇ ਦੋ ਗ੍ਰੰਥ ਲਿਖੇ: 'ਨਾਮ ਕੋਸ਼' ਤੇ 'ਨਾਨਕ ਪ੍ਰਕਾਸ਼' ਕਿਆਸ ਕੀੜਾ ਜਾ ਸਕਦਾ ਹੈ, ਕਿ ਇਹ ਦੋਵੇਂ ਗ੍ਰੰਥ ਸਾਥ-ਸਾਥ ਲਿਖੀਦੇ ਰਹੇ। 'ਨਾਮ ਕੋਸ਼'

Digitized by Panjab Digital Library | www.panjabdigilib.org

੧੮੭੮ ਬਿ. ਵਿਚ ਸੰਪੂਰਨ ਹੋਇਆ ਤੇ 'ਨਾਨਕ ਪ੍ਰਕਾਸ਼' ੧੮੮੦ ਬਿ. ਦੇ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ।

ਬੂੜੀਏ ਰਹਿੰਦਿਆਂ ਜੋ ਕੁਛ ਕਵੀ ਜੀ ਲਿਖਦੇ (ਨਾਨਕ ਪ੍ਰਕਾਸ਼), ਰਾਤ ਨੂੰ ਉਸਦੀ ਸੰਗਤ ਵਿਚ ਕਥਾ ਕਰਿਆ ਕਰਦੇ।

ਕਾਰਨ ਕੀ ਬਣਿਆਂ, ਇਸ ਬਾਰੇ ਕੁਛ ਨਹੀਂ ਕਿਹਾ ਜਾ ਸਕਦਾ, ਪਰ ੧੮੮੦ ਬਿ. ਤੋਂ ਪਿੱਛੋਂ ਕਵੀ ਜੀ ਨੂੰ ਬੂੜੀਆ ਛੱਡਣਾ ਪੈ ਗਿਆ। ਬੂੜੀਏ ਤੋਂ ਪਟਿਆਲਾ ਪਹੁੰਚਣ ਦੇ ਦਰਮਿਆਨ ਆਪ ਕਿੱਥੇ ਕਿੱਥੇ ਫਿਰੇ, ਸਹੀ ਤੌਰ ਤੇ ਕੁਝ ਨਹੀਂ ਕਿਹਾ ਜਾ ਸਕਦਾ। ਪਰ ਇਹ ਦਿਨ ਕਵੀ ਜੀ ਵਾਸਤੇ ਮਾਲੀ-ਸੰਕਟ ਦੇ ਸਨ। ਪਤਨੀ, ਪੁੱਤਰ, ਧੀਆਂ ਤੇ ਉਤੋਂ ਬੇਰੁਜ਼ਗਾਰੀ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਇਸ ਸਮੇਂ ਉਤੇ ਚਾਨਣ ਪਾਉਣ ਵਾਲੇ ਕਵੀ ਸੰਤੋਖ ਸਿੰਘ ਜੀ ਦੇ ਦੋ ਕਬਿੱਤ ਬੜੇ ਸੁੰਦਰ ਦਿਤੇ ਹਨ।

"ਛੂਟਯੋ ਹੈ ਪ੍ਰਾਕ੍ਰਮ[1] ਔ ਬਿਸਰਯੋ ਹੈ ਨੇਮ ਧ੍ਰਮ,
ਔਰ ਖੋਈ ਹਯਾਉ ਸ਼੍ਰਮ, ਅਤਿਦੁਖ ਪਾਈਯਤਿ ਹੈ।
ਘਰ ਕੇ ਰੁਸਾਨੇ, ਸਭ ਆਪਨੇ ਭਏ ਬਿਰਾਨੇ[2]
ਨਾਰੀ ਦੇਤਿ ਤਾਨੇ, ਸੁਨ ਸਿਰ ਨਜਾਈਯਤਿ ਹੈ।
ਮਿੱਤ੍ਰ ਹੂ ਛੁਪਾਏ ਨੈਨ, ਸੂਧੇ ਹੂੰ ਨ ਬੋਲੈ ਬੈਨ,
ਮਨ ਮੈਂ ਨਾ ਧਰੈ, ਜਾ ਕੇ ਢਿਗ ਜਾਈਯਤਿ ਹੈ।
ਦ੍ਵਾਰ ਪੈ ਕਰਜ਼ਦਾਰ ਠਾਂਢੇ ਮੁਖ ਦੇਤਿ ਗਾਰ[3],
ਬਿਨਾਂ ਰੋਜ਼ਗਾਰ, ਰੋਜ਼ ਗਾਰ[3] ਖਾਈਯਤਿ ਹੈ।੧।
ਰੋਜ਼ੀ ਕੀ ਗਰਜ਼ ਰਜੁ ਰਾਜਨ ਕੀ ਰਾਜੀਯਤਿ,[4]
ਪਾਜੀ ਪਾਇ ਪੂਜ ਪਰ ਪੀਰ ਪਾਈਯਤਿ ਹੈ।[5]
ਦਾਸ ਕੌਨ ਦੂਸਰੋ ਨ ਦੀਖੀਆ ਗ਼ਰਜ਼ ਸਮ,[6]
ਬਰਜਿ ਹਟਾਵੈ, ਤਾਂ ਪੈ ਫਿਰ ਜਾਈਯਤਿ ਹੈ।
ਜੀਵਕਾ ਅਧੀਨ ਦੀਨ, ਦੀਨਤਾ ਮੈ ਦਾਹ ਕੋ ਨਾ[7],
ਲੋਗ ਔ ਲੁਗਾਈਅਨ[8] ਮੈ ਯੂਹੀ ਗਾਈਯਤਿ ਹੈ।
ਗੁਨ ਕੋ ਗਰੂਰ ਕੂਰ, ਸਾਹਿਬ ਸ਼ਹੂਰ ਭੂਰ[9],
ਅਪਨੀ ਜਰੂਰ ਜਾ ਜਰੂਰ ਜਾਈਯਤਿ ਹੈ।੨।"

---

1. ਉੱਦਮ, ਬਲ। 2. ਬਿਗਾਨੇ। 3. ਗਾਲ੍ਹ। 4. ਰੋਜ਼ੀ ਦੀ ਗ਼ਰਜ਼ ਬਦਲੇ ਰਾਜਿਆਂ ਦੀ ਰੱਸੀ (ਫਾਹੀ, ਨੌਕਰੀ) ਵਿਚ ਵੀ ਖ਼ੁਸ਼ ਹੋਈਦਾ ਹੈ। 5. ਪਾਜੀਆਂ ਦੇ ਪੈਰ ਪੂਜ ਕੇ ਵੀ ਪੀੜਾ ਹੀ ਪ੍ਰਾਪਤ ਹੁੰਦੀ ਹੈ। 6. ਗ਼ਰਜ਼ ਵਰਗੀ ਹੋਰ ਕੋਈ ਗੁਲਾਮੀ ਨਹੀਂ। 7. ਰੋਜ਼ੀ ਦੇ ਅਧੀਨ ਹੋਣਾ, ਇਸ ਦੀਨਤਾ ਵਿਚ ਕਿਹੜੀ ਜਲਨ ਨਹੀਂ। 8. ਇਸਤ੍ਰੀਆਂ 9. ਵੱਡਾ।

ਬੜੀ ਮੁਸ਼ਕਲ ਨਾਲ ਕਵੀ ਜੀ ਨੂੰ ਪਟਿਆਲਾ ਦਰਬਾਰ ਵਿਚ ਥਾਂ ਮਿਲੀ। ਪਹਿਲੇ ਅਭਿਮ ਨੀ ਦਰਬਾਰੀ ਕਵੀਆਂ ਨੇ ਈਰਖਾ ਤਾਂ ਬਹੁਤ ਕੀਤੀ, ਪਰ ਅੰਤ ਮਹਾਰਾਜੇ ਨੇ ਆਪ ਨੂੰ ਦਰਬਾਰੀ ਕਵੀ ਵਜੋਂ ਪਰਵਾਨ ਕਰ ਲਿਆ ਤੇ ਰੋਜ਼ੀਨਾ ਲਗਾ ਦਿੱਤਾ।

ਪਟਿਆਲੇ ਮਹਾਰਾਜਾ ਕਰਮ ਸਿੰਘ ਕੋਲ ਕਵੀ ਜੀ ਬਹੁਤਾ ਸਮਾਂ ਨਾ ਟਿਕ ਸਕੇ। ਸਭ ਤੋਂ ਵੱਡਾ ਕਾਰਨ ਸੀ ਪੁਰਾਣੇ ਦਰਬਾਰੀ ਕਵੀਆਂ ਦੀ ਈਰਖਾ। ਉਸ ਸਮੇਂ ਸਿੱਖ ਰਾਜਿਆਂ ਮਹਾਰਾਜਿਆਂ ਦੇ ਦਰਬਾਰ ਵਿਚ ਵਿੱਦਵਾਨ ਪੰਡਤਾਂ ਦਾ ਬੜਾ ਜ਼ੋਰ ਸੀ।

'ਨਾਨਕ ਪ੍ਰਕਾਸ਼' ਦੀ ਰਚਨਾ ਨੇ ਕਵੀ ਜੀ ਨੂੰ ਬੜਾ ਨਾਮਨਾ ਬਖ਼ਸ਼ਿਆ ਸੀ। ਕੈਥਲ ਨਰੇਸ਼ ਭਾਈ ਉਦੈ ਸਿੰਘ ਨੇ ਕਵੀ ਜੀ ਦੇ ਗੁਣਾਂ ਨੂੰ ਪਛਾਣਿਆ, ਤੇ ਉਹਨਾਂ ਮਹਾਰਾਜਾ ਕਰਮ ਸਿੰਘ ਪਾਸੋਂ ਕਵੀ ਜੀ ਨੂੰ ਮੰਗ ਲਿਆ। ਪਟਿਆਲੇ ਦੇ ਪੁਰਾਣੇ ਦਰਬਾਰੀ ਕਵੀ ਪਹਿਲਾਂ ਹੀ ਬੜੇ ਔਖੇ ਸਨ। ਸੋ ਭਾਈ ਉਦੈ ਸਿੰਘ ਦੇ ਬੁਲਾਏ ਹੋਏ ਕਵੀ ਸੰਤੋਖ ਸਿੰਘ ਜੀ ੧੮੯੧ ਬਿ. ਵਿਚ ਪਟਿਆਲਾ ਛੱਡ ਕੇ ਕੈਂਥਲ ਚਲੇ ਗਏ। ਕਵੀ ਜੀ ਲਿਖਦੇ ਹਨ :

"ਉਦਯ ਸਿੰਘ ਬਡ ਭੂਪ ਬਹਾਦੁਰ।<br>
ਕਵਿ ਬੁਲਾਇ ਰਾਖਯੋ ਢਿਗ ਸਾਦਰ।"

ਭਾਈ ਉਦੈ ਸਿੰਘ ਨੇ ਕਵੀ ਜੀ ਨੂੰ ਰਹਿਣ ਵਾਸਤੇ 'ਸ਼ੇਰਾਂ ਵਾਲੀ ਹਵੇਲੀ' ਦੇ ਦਿਤੀ। ਰੋਜ਼ੀਨਾ ਤੇ ਖੁੱਲ੍ਹੀਆਂ ਰਸਤਾਂ ਤੇ 'ਮੋਥਲੀ' ਪਿੰਡ ਜਗੀਰ ਵਜੋਂ ਦੇ ਦਿਤਾ। ਏਥੇ ਪਹੁੰਚ ਕੇ ਕਵੀ ਜੀ ਮਾਲੀ ਸੰਕਟ ਵਲੋਂ ਨਿਸਚਿੰਤ ਹੋ ਗਏ।

'ਨਾਮ ਕੋਸ਼' ਤੇ 'ਨਾਨਕ ਪ੍ਰਕਾਸ਼' ਕਵੀ ਜੀ ਨੇ ਬੂੜੀਏ ਵਿਚ ਲਿਖੇ ਸਨ। ਕੈਥਲ ਆ ਕੇ ਇਹ ਗ੍ਰੰਥ ਲਿਖੇ 'ਗਰਬ ਗੰਜਨੀ' ਟੀਕਾ ਜਪੁਜੀ ਸਾਹਿਬ। ਬਾਲਮੀਕੀ ਰਾਮਾਇਣ ਦਾ ਅਨੁਵਾਦ। ਆਤਮ ਪੁਰਾਣ ਦਾ ਟੀਕਾ। ਤੇ ਸਭ ਤੋਂ ਅੰਤ ਵਿਚ 'ਗੁਰ ਪ੍ਰਤਾਪ ਸੂਰਜ'।

ਇਹ ਮਹਾਨ ਗ੍ਰੰਥ "ਗੁਰ ਪ੍ਰਤਾਪ ਸੂਰਜ" ਕਵੀ ਜੀ ਨੇ ੧੮੯੨ ਬਿ. ਵਿਚ ਲਿਖਣਾ ਸ਼ੁਰੂ ਕੀਤਾ, ਤੇ ਮਾਹ ਸਾਵਣ, ੧੯੦੦ ਬਿ. ਵਿਚ ਸੰਪੂਰਨ ਹੋਇਆ।

ਗ੍ਰੰਥ ਸੰਪੂਰਨ ਹੋਣ ਦੀ ਖ਼ੁਸ਼ੀ ਵਿਚ ਕਵੀ ਸੰਤੋਖ ਸਿੰਘ ਸਣੇ ਪਰਵਾਰ ਅੰਮ੍ਰਿਤਸਰ ਆਏ। ਗਿਆਨੀ ਸੰਤ ਸਿੰਘ ਜੀ ਦੇ ਸਪੁੱਤਰ ਗਿਆਨੀ ਗੁਰਮੁਖ ਸਿੰਘ ਰਾਹੀਂ ਗ੍ਰੰਥ 'ਗੁਰ ਪ੍ਰਤਾਪ ਸੂਰਜ' ਕਵੀ ਜੀ ਨੇ ਅਕਾਲ ਤਖ਼ਤ ਭੇਟਾ ਕਰ ਦਿੱਤਾ। ਕੁਛ ਦਿਨ ਅੰਮ੍ਰਿਤਸਰ ਗੁਜ਼ਾਰ ਕੇ ਕਵੀ ਜੀ ਫਿਰ ਕੈਥਲ ਚਲੇ ਗਏ। ਮਹਾਨ ਸ਼ਖ਼ਸੀਅਤ ਦੇ ਮਾਲਕ ਕਵੀ ਸੰਤੋਖ ਸਿੰਘ ਜੀ ਕੱਤਕ, ੧੯੦੦ ਬਿ. ਵਿਚ ਸੁਰਗਵਾਸ ਹੋ ਗਏ। ਆਪ ਪਿੱਛੇ ਪੰਜ ਪੁੱਤਰ ਤੇ ਤਿੰਨ ਪੁਤਰੀਆਂ ਛੱਡ ਗਏ। ਨਾਮ ਹਨ : ਅਜੈ ਸਿੰਘ, ਬਿਜੈ ਸਿੰਘ ਮਕਸੂਦਨ ਸਿੰਘ, ਬਲਦੇਵ ਸਿੰਘ, ਅਨਰੁਧ ਸਿੰਘ, ਤੇ ਲੜਕੀਆਂ ਖੇਮ ਕੌਰ, ਮੇਮਨ ਕੌਰ, ਮਾਨ ਕੌਰ।

Digitized by Panjab Digital Library | www.panjabdigilib.org

ਇਕ ਸਦੀ ਪਿਛੋਂ ਸਿੱਖਾਂ ਨੂੰ ਖ਼ਿਆਲ ਆਇਆ, ਕਿ ਇਸ ਮਹਾਨ ਕਵੀ ਦੀ ਯਾਦਗ਼ਾਰ ਬਨਾਉਣੀ ਚਾਹੀਦੀ ਹੈ। ਇਸ ਸਮੇਂ ਪਿੰਡ 'ਨੂਰ ਦੀ' ਵਿਚ ਕਵੀ ਜੀ ਦੇ ਜਨਮ ਅਸਥਾਨ ਤੇ ਉਹਨਾਂ ਦੀ ਯਾਦਗਾਰ ਬਣ ਰਹੀ ਹੈ।

ਹੁਣ ਅਸੀਂ ਰਚਨਾ ਬਾਰੇ ਵਿਚਾਰ ਕਰਦੇ ਹਾਂ।

"ਸੂਰਜ ਪ੍ਰਕਾਸ਼" ('ਨਾਨਕ ਪ੍ਰਕਾਸ਼' ਤੇ 'ਗੁਰ ਪ੍ਰਤਾਪ ਸੂਰਜ') ਆਪਣੇ ਆਪ ਵਿਚ ਇਕ ਮਹਾਨ ਗ੍ਰੰਥ ਹੈ। ਕਵਿਤਾ ਵਿਚ ਏਡਾ ਵੱਡਾ ਗ੍ਰੰਥ, ਜੋ ਇਕ ਸੱਜਣ ਨੇ ਰਚਿਆ ਹੋਵੇ, ਹੋਰ ਮਿਸਾਲ ਘੱਟ ਹੀ ਮਿਲਦੀ ਹੈ। ਇਉਂ ਸਮਝ ਲਵੋ, ਇ ਆਕਾਰ ਵਿਚ ਇਹ ਗ੍ਰੰਥ 'ਗੁਰੂ ਗ੍ਰੰਥ ਸਾਹਿਬ' ਨਾਲੋਂ ਤਿੰਨ ਗੁਣਾ ਹੈ। ਫਿਰ ਕਵਿਤਾ ਵੀ ਕਾਵਿ-ਸ਼ਾਸਤਰ ਦੇ ਨਿਯਮਾਂ ਅਨੁਸਾਰ ਅਲੰਕ੍ਰਿਤ ਤੇ ਉੱਤਮ ਹੈ। ਇਸ ਗੱਲ ਤੇ ਦੂਸਰੀ ਰਾਇ ਨਹੀਂ ਹੋ ਸਕਦੀ। ਇਹ ਉੱਤਮ ਕਵਿਤਾ ਦਾ ਨਮੂਨਾ ਇਕ ਮਹਾਨ ਗ੍ਰੰਥ ਹੈ।

ਪਰ ਇਸ ਵਿਚ ਗੁਰੂ ਸਹਿਬਾਨ ਦਾ ਇਤਿਹਾਸ ਦਰਜ ਹੈ, ਇਸ ਲਈ ਇਸ ਉਤੇ ਹੋਰ ਪੱਖਾਂ ਤੋਂ ਵੀ ਵਿਚਾਰ ਕਰਨਾ ਜ਼ਰੂਰੀ ਹੈ।

ਕੁਛ ਹੋਰ ਲਿਖਣ ਤੋਂ ਪਹਿਲਾਂ ਮੈਂ ਆਪਣਾ ਮਨੋਰਥ ਦੱਸ ਲਵਾਂ। ਅੱਜ ਏਡੇ ਵੱਡੇ ਬ੍ਰਜ ਭਾਸ਼ਾ ਵਿਚ ਲਿਖੇ ਗ੍ਰੰਥ ਪੜ੍ਹਨ ਦਾ ਪਾਠਕ ਪਾਸ ਸਮਾਂ ਹੀ ਨਹੀਂ। ਫਿਰ ਬਹੁਤੇ ਸਿੱਖ ਪਾਠਕ ਇਹ ਔਖੀ ਤੇ ਗੁੰਝਲਦਾਰ ਭਾਸ਼ਾ ਸਮਝ ਨਹੀਂ ਸਕਦੇ। ਮੇਰਾ ਨਿਸ਼ਾਨਾ ਇਸ (ਸਿੱਖ ਇਤਿਹਾਸ ਦੇ ਸੋਮੇ) ਵਿਚ ਇਹਨਾਂ ਪੁਰਾਤਨ ਗ੍ਰੰਥਾਂ ਨੂੰ ਸੰਖੇਪ ਤੇ ਸੌਖੇ ਕਰਕੇ ਪਾਠਕਾਂ ਤਕ ਪੁਚਾਉਣਾ ਹੈ। ਸਾਹਿਤਕ ਪੱਖ ਤੋਂ ਮੈਂ ਕਿਸੇ ਪੁਸਤਕ ਨੂੰ ਨਹੀਂ ਲਿਆ। ਮੈਂ ਇਹਨਾਂ ਦਾ ਇਤਿਹਾਸਕ ਤੇ ਸਿਧਾਂਤਕ ਪੱਖ ਹੀ ਲਿਆ ਹੈ। ਪਰ ਸੰਖੇਪ ਕਰਨ ਲਗਿਆਂ ਮੈਂ ਕੋਈ ਘਟਨਾ ਛੱਡੀ ਨਹੀਂ।

ਜਿਹੜਾ ਲਿਖਤੀ ਗ੍ਰੰਥ ਕਵੀ ਸੰਤੋਖ ਸਿੰਘ ਜੀ ਨੇ ਅਕਾਲ ਤਖ਼ਤ ਭੇਟਾ ਕੀਤਾ ਸੀ, ਉਹ ਅੱਜ ਨਹੀਂ ਮਿਲਦਾ। ਉਸ ਤੋਂ ਬਹੁਤ ਸਾਰੇ ਉਤਾਰੇ ਹੋਏ। (ਹੋ ਸਕਦਾ ਹੈ, ਕੁਛ ਪੂਰੇ ਜਾਂ ਅਧੂਰੇ ਉਤਾਰੇ ਕੈਥਲ ਵਿਚ ਨਾਲੋ ਨਾਲ ਵੀ ਹੋਏ ਹੋਣ)। ਉਤਾਰਾ ਕਰਨ ਲਗਿਆਂ ਕੁਛ ਵਾਧਾ ਘਾਟਾ ਵੀ ਹੋ ਸਕਦਾ ਹੈ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਇਸ ਗ੍ਰੰਥ ਉਤੇ ਬਹੁਤ ਮਿਹਨਤ ਕੀਤੀ ਹੈ। ਪਹਿਲਾਂ ਤਾਂ ਖੋਜ ਕਰਕੇ ਕਈ ਖਰੜੇ ਪ੍ਰਾਪਤ ਕੀਤੇ। ਫਿਰ ਸਾਰਿਆਂ ਦਾ ਟਾਕਰਾ ਕਰਕੇ, ਤੇ ਪਾਠ ਸਹੀ ਕਰਕੇ ਉਸਦਾ ਸਵਿਸਥਾਰ ਟੀਕਾ ਛਾਪਿਆ। ਇਹ ਉਹਨਾਂ ਦੀ ਪੰਥ ਨੂੰ ਬਹੁਤ ਵੱਡੀ ਦੇਣ ਹੈ।

[ਅਫ਼ਸੋਸ, ਅੱਜ ਕਲ੍ਹ ਇਹ ਟੀਕਾ ਬਾਜ਼ਾਰ ਵਿਚੋਂ ਨਹੀਂ ਮਿਲਦਾ। ਮੇਰੇ ਪਾਸ ਇਸਦੀ ਪਹਿਲੀ ਪੋਥੀ ਹੈ, ਜੋ ਇਸ ਗ੍ਰੰਥ ਦੀ ਭੂਮਿਕਾ ਵਜੋਂ ਹੈ। ਉਸ ਵਿਚ ਕਵੀ ਜੀ ਦਾ ਜੀਵਨ ਤੇ ਇਸ ਮਹਾਨ ਗ੍ਰੰਥ ਦਾ ਮੁੱਖ ਬੰਦ ਹੀ ਹੈ। ਬਾਕੀ ਦਾ ਟੀਕਾ ਯਤਨ ਕਰਨ ਤੇ ਵੀ ਨਹੀਂ ਮਿਲਿਆ।]

Digitized by Panjab Digital Library | www.panjabdigilib.org

ਮੇਰੇ ਪਾਸ ਇਸ ਵੇਲੇ ਇਹ ਗ੍ਰੰਥ ਤਿੰਨਾਂ ਭਾਗਾਂ ਵਿਚ ਵੱਖ ਵੱਖ ਪ੍ਰੈਸਾਂ ਦਾਂ ਛਪਿਆ ਹੋਇਆ ਹੈ।

'ਨਾਨਕ ਪ੍ਰਕਾਸ਼' 'ਅਕਾਲ ਟ੍ਰੇਡਿੰਗ ਪ੍ਰੈਸ' ਤਰਨ ਤਾਰਨ ਵਿਚ ਗਿ. ਗੁਰਬਚਨ ਸਿੰਘ ਬੀ. ਏ. ਨੇ ਛਾਪਿਆ, ਸੰਮਤ ਨਾਨਕ ਸ਼ਾਹੀ ੪੫੪। [੧੯੨੩ ਈ.]

'ਬਾਰਾਂ ਰਾਸਾਂ' ਵੱਡੇ ਆਕਾਰ ਦੀਆਂ ਦੋ ਜਿਲਦਾਂ ਵਿਚ ਸ੍ਰੀ ਗੁਰੂ ਨਾਨਕ ਪੁਸਤਕਾਲਾ, ਲਾਹੌਰ ਦੇ ਮਾਲਕਾਂ—ਮੇਹਰ ਚੰਦ, ਲਛਮਨ ਦਾਸ—ਨੇ ਛਪਵਾਇਆ। ਇਸ ਦੀ ਸੁਧਾਈ ਗਿ. ਸਰਦੂਲ ਸਿੰਘ ਨੇ ਕੀਤੀ ਸੀ। (ਉਪਰ ਸੰਮਤ ਕੋਈ ਨਹੀਂ)।

'ਛੇ ਰੁੱਤਾਂ ਤੇ ਦੋ ਐਨ' 'ਆਫ਼ਤਾਬ ਪ੍ਰੈਸ, ਲਾਹੌਰ ਵਿਚ ਬਖ਼ਸ਼ੀ ਮੇਘ ਰਾਜ ਨੇ ੧੮੯੨ ਈ: ਵਿਚ ਛਾਪਿਆ।

ਥੋੜਾ ਸਮਾਂ ਹੋਇਆ, 'ਭਾਸ਼ਾ ਵਿਭਾਗ ਪੰਜਾਬ' ਨੇ ਇਹ ਸਾਰਾ ਗ੍ਰੰਥ ਦਸ ਜਿਲਦਾਂ ਵਿਚ ਦੇਵਨਾਗਰੀ ਲਿੱਪੀ [ਹਿੰਦੀ] ਵਿਚ ਛਾਪ ਦਿੱਤਾ ਹੈ। ਹਿੰਦੀ ਰੂਪਾਂਤਕਾਰ ਹਨ ਡਾਂ: ਜਯਭਗਵਾਨ ਗੋਯਲ M. A. Ph.D) ਇਹ ਸਾਰਾ ਗ੍ਰੰਥ ਮੇਰੇ ਪਾਸ ਹੈ।

ਸਭ ਤੋਂ ਪਹਿਲਾ ਕੰਮ ਹੈ ਕਵੀ ਸੰਤੋਖ ਸਿੰਘ ਜੀ ਦੀ ਰਚਨਾ ਨੂੰ ਧਾਰਮਿਕ ਪੱਖ ਤੋਂ ਪਰਖਣਾ। ਜੋ ਵੀ ਕਿਸੇ ਦੇ ਨਿੱਜੀ ਵਿਚਾਰ ਹੋਣ, ਓਹਾ ਉਸਦੀ ਰਚਨਾ ਵਿਚੋਂ ਪਰਗਟ ਹੁੰਦੇ ਹਨ।

ਕਵੀ ਜੀ 'ਨਾਨਕ ਪ੍ਰਕਾਸ਼' ਆਰੰਭ ਕਰਦੇ ਹਨ, ਤਾਂ ਉਪਰ "੧ਓ ਸਤਿਗੁਰ ਪ੍ਰਸਾਦਿ"। ਲਿਖਦੇ ਹਨ। ਫਰ ਪਹਿਲਾ ਦੋਹਰਾ ਹੈ:

"ਏਕੰਕਾਰਾ ਸਤਿਗੁਰੂ, ਤਿਹਿ ਪ੍ਰਸਾਦਿ ਸਚੁ ਹੋਇ।
ਵਾਹਿਗੁਰੂ ਜੀ ਕੀ ਫ਼ਤੇ, ਬਿਘਨ ਬਿਨਾਸਨ ਸੋਇ।੧।"

ਇਸ ਵਿਚ ਤਿੰਨ ਸ਼ਬਦ ਆਏ ਹਨ: 'ਏਕੰਕਾਰਾ' 'ਸਤਿਗੁਰੂ' ਤੇ 'ਵਾਹਿਗੁਰੂ'। ਇਹ ਤਿੰਨੇ ਸ਼ਬਦ ਸਿੱਖੀ ਨਾਲ ਸੰਬੰਧ ਰਖਦੇ ਹਨ। ਪਰ ਇਹਨਾਂ ਦਾ ਭਾਵ ਅਰਥ 'ਈਸ਼ਵਰ' ਵੀ ਲਿਆ ਜਾਂਦਾ ਹੈ। ਸਾਰੇ ਹੀ ਆਸਤਕ ਧਰਮਾਂ ਦਾ ਧੁਰਾ 'ਈਸ਼ਵਰ' ਹੈ। ਤੇ ਸਿੱਖ, ਹਿੰਦੂ, ਮੁਸਲਮਾਨ, ਈਸਾਈ, ਸਾਰੇ ਹੀ ਈਸ਼ਵਰ ਨੂੰ ਮੰਨਦੇ ਹਨ। ਕੇਵਲ 'ਨਾਮ' ਵਖਰੇ ਵੱਖਰੇ ਹਨ। ਪਰ ਸਾਡੇ ਸਾਮਣੇ ਸਿੱਖ ਮਤ ਤੇ ਹਿੰਦੂ ਮਤ ਬਾਰੇ ਵਿਚਾਰ ਕਰਨ ਦੀ ਲੋੜ ਹੈ।

ਹਿੰਦੂ ਮਤ ਵਿਚ ਦੇਵੀ ਦੇਵਤਿਆਂ ਦੀ ਪੂਜਾ ਲਾਜ਼ਮੀ ਹੈ। ਤੇ ਹਰ ਦੇਵੀ ਜਾਂ ਦੇਵਤਾ ਵੱਖਰੇ ਵੱਖਰੇ ਗੁਣਾਂ ਦਾ ਮਾਲਕ ਤੇ ਵਰਦਾਤਾ ਮੰਨਿਆਂ ਗਿਆ ਹੈ। ਸਿੱਖੀ ਵਿਚ ਇਕ 'ਨਿਰੰਕਾਰ' ਦੀ ਪੂਜਾ ਹੀ ਜਾਇਜ਼ ਹੈ। ਦੇਵੀ ਦੇਵਤਿਆਂ ਦੀ ਅਰਾਧਨਾ ਵਿਵਰਜਤ ਹੈ।

ਪਰ ਕਵੀ ਜੀ ਦੂਸਰਾ ਛੰਦ (ਕਬਿੱਤ) ਹੀ 'ਦੇਵੀ ਚੰਡਿਕਾ' ਦੀ ਅਰਾਧਨਾ ਦਾ ਲਿਖਦੇ ਹਨ। ਤੇ ਉਸਨੂੰ ਵਰਾਂ ਦੀ ਦਾਤੀ ਮੰਨਦੇ ਹਨ। ਫਿਰ ਚੌਥੇ ਛੰਦ ਵਿਚ ਬ੍ਰਹਮਾ,

Digitized by Panjab Digital Library | www.panjabdigilib.org

ਵਿਸ਼ਣੂ, ਗਣੇਸ਼, ਵਰਣ, ਆਦਿ ਦੇਵਤਿਆਂ ਨੂੰ ਵੀ ਨਮਸਕਾਰ ਕਰਦੇ ਹਨ ।

ਫਿਰ ਵਾਰੀ ਆਉਂਦੀ ਹੈ ਗੁਰੂ ਸਾਹਿਬਾਨ ਦੀ ਉਸਤਤ ਦੀ। ਦਸਾਂ ਗੁਰੂ ਸਾਹਿਬਾਨ ਦੀ ਅਰਾਧਨਾ ਵੀ ਬੜੇ ਸੁੰਦਰ ਸ਼ਬਦਾਂ ਵਿਚ ਕੀਤੀ ਹੈ। ਏਥੋਂ ਤਕ ਸ਼ਰਧਾ ਪ੍ਰਗਟਾਈ ਹੈ, ਕਿ

"ਅਬ ਆਨ ਕੀ ਆਸ ਨਿਰਾਸ ਭਈ,
ਕਲਗੀਧਰ ਬਾਸ ਕੀਯੋ ਮਨ ਮਾਹੀ ।੩੦।"

ਪਰ ਇਸ ਤੋਂ ਪਿਛੋਂ ਫਿਰ ਕਈ ਵਾਰ 'ਸਾਰਦਾ ਦੇਵੀ' ਯਾਦ ਆ ਜਾਂਦੀ ਹੈ। ਭਾਈ ਵੀਰ ਸਿੰਘ ਜੀ ਇਸ ਬਾਰੇ ਆਪਣੀ ਰਾਏ ਇਉਂ ਦੇਂਦੇ ਹਨ।

"ਕਵੀ ਜੀ ਸਰਸ੍ਵਤੀ ਦੇ ਉਪਾਸਕ ਨਹੀਂ ਸੇ, ਉਪਾਸਕ ਵਾਹਿਗੁਰੂ ਤੇ ਗੁਰੂ ਜੀ ਦੇ ਸਨ। ਅਪਨੇ ਵਾਹਿਗੁਰੂ ਤੇ ਗੁਰੂ ਜੀ ਦੇ ਜੱਸ ਲਈ ਉਸਨੂੰ ਯਾਦ ਕਰਦੇ ਹਨ :

"ਸਾਰਸਤੀ ਸਰਿਤਾ ਸਰਸ, ਮਮ ਉਰ ਕਰਹੁ ਪ੍ਰਵਾਹ ।
ਉਠਹਿ ਲਹਿਰ ਛੰਦਨ ਰਚਨ, ਗੁਰ ਹਰਿ ਜਸ ਕੇ ਮਾਂਹਿ[1] ।"

ਮੈਂ ਇਸ ਵਿਚਾਰ ਨਾਲ ਸਹਿਮਤ ਨਹੀਂ। ਇਸ ਤਰਾਂ ਕਵੀ ਜੀ ਨੇ 'ਦੇਵੀ ਸੁਰਸਤੀ' ਦੀ ਹੋਂਦ ਤਾਂ ਮੰਨ ਲਈ ? ਜੇ ਗੁਰੂ ਦਾ ਜੱਸ ਗਾਉਣ ਵਾਸਤੇ ਹੀ ਦੇਵੀ ਪਾਸੋਂ ਵਰ (ਸਹਾਇਤਾ) ਮੰਗਣਾ ਸੀ, ਤਾਂ ਉਹ ਵਰ ਗੁਰੂ ਤੋਂ ਮੰਗ ਲਿਆ ਜਾਂਦਾ। ਜਦ ਸਿੱਖ ਗੁਰੂ ਜੀ ਨੂੰ ਸਰਵ-ਸਮਰੱਥ ਮੰਨਦਾ ਹੈ। ਗੁਰੂ ਸਾਰੇ ਵਰਾਂ ਦਾ ਦਾਤਾ ਹੈ।

ਹਾਂ, ਭਾਈ ਵੀਰ ਸਿੰਘ ਜੀ ਦੀ ਇਕ ਹੋਰ ਰਾਏ ਬੜੀ ਵਜ਼ਨਦਾਰ ਹੈ। ਉਹਨਾਂ ਦੇ ਸ਼ਬਦਾਂ ਵਿਚ ਸੁਣੋ . "ਕਵੀ ਜੀ ਇਸ ਗ੍ਰੰਥ ਦੀ ਰਚਨਾ ਵਿਚ ਨਿਰੰਕੁਸ਼ ਚਲਣਾ ਚਾਹੁੰਦੇ ਸਨ, ਪਰ ਉਹਨਾਂ ਦੇ ਸਿਰ ਤੇ ਚਾਰ ਕੁ ਹੋਰ ਵਿੱਦਵਾਨਾ ਦਾ ਕੁੰਡਾ ਲੱਗਾ ਹੋਇਆ ਸੀ। ਏਹ ਲਗਾਏ ਤਾਂ ਗਏ ਸਨ ਸਹਾਇਤਾ ਵਾਸਤੇ, ਪਰ ਇਹਨਾਂ ਦਾ ਪ੍ਰਭਾਉ ਕੁੰਡੇ ਵਾਲਾ ਸੀ। ਇਹ ਬ੍ਰਹਿਮਣ ਤੇ ਬ੍ਰਹਿਮਣੀ ਖ਼ਿਆਲਾਤ ਦੇ ਸਨ। ਇਹ ਗੁਰ ਸਿੱਖੀ ਦੇ ਆਦਰਸ਼ਾਂ ਨੂੰ ਸਮਝਦੇ ਨਹੀਂ ਸਨ, ਤੇ ਇਸ ਗ੍ਰੰਥ ਨੂੰ ਨਿਰੋਲ ਆਪਣੇ ਖ਼ਿਆਲਾਤ ਦਾ ਸ਼ੀਸ਼ਾ ਬਣਾਇਆ ਚਾਹੁੰਦੇ ਸਨ। ਕਵੀ ਜੀ ਡਾਹੀ ਨਹੀਂ ਸਨ ਦੇਂਦੇ, ਤਾਂ ਕਈ ਵੇਲਾ-ਵਿਆਂ ਵਿਚ ਸ਼ਕਾਇਤਾਂ ਹੋ ਜਾਇਆ ਕਰਦੀਆਂ ਸਨ। ਇਸ ਗੱਲ ਦਾ ਤੌਖਲਾ ਕਵੀ ਜੀ ਨੂੰ ਵੀ ਸੀ, ਕਿ ਦਸਾਂ ਗੁਰੂ ਸਾਹਿਬਾਂ ਦੇ ਜੱਸ ਦਾ ਇਹ ਸਾਮਾਨ ਏਥੇ ਬਝ ਗਿਆ ਹੈ ਤੇ ਜੇ ਮੈਂ ਰਾਜਸੀ ਸਹਾਇਤਾ ਤੋਂ ਦੂਰ ਆਪਣੇ ਆਸਰੇ ਚਲਾ ਗਿਆ, ਤਾਂ ਇਹ ਕੰਮ ਕਿਤੇ ਵਿਚੇ ਹੀ ਨਾ ਰਹਿ ਜਾਵੇ। ਇਸ ਕਰਕੇ ਉਨ੍ਹਾਂ ਸਿਰ ਕੁੰਡਿਆਂ ਨਾਲ ਕਈ ਥਾਂ ਕੁਝ ਸਮਝੌਤਾ ਵੀ ਕਰ ਲੈਂਦੇ ਸਨ, ਉਹਨਾਂ ਦਾ ਆਖਿਆ ਕੁਛ ਪਾ ਦਿੱਤਾ, ਕੁਛ ਨਾ ਪਾਇਆ"[2]

---

1. ਪਹਿਲੀ ਪੋਥੀ, ਪੰਨਾ ੧੬੫। 2. ਪਹਿਲੀ ਪੋਥੀ, ਪੰਨਾ ੧੪੮।

Digitized by Panjab Digital Library | www.panjabdigilib.org

ਅਸਲੀ ਬਿਮਾਰੀ ਇਹ ਸੀ । ਇਕ ਕੈਥਲ ਵਿਚ ਹੀ ਨਹੀਂ, ਹੋਰ ਸਿੱਖ ਹੁਕਮਰਾਨਾਂ ਦੇ ਦਰਬਾਰ ਵਿਚ ਵੀ ਪੰਡਤਾਂ ਦਾ ਬੋਲ-ਬਾਲਾ ਸੀ । ਬਾਕੀ ਹਿੰਦੂਆਂ ਵਾਂਗ, ਉਹ ਸਿੱਖਾਂ ਨੂੰ ਵੀ ਆਪਣੇ ਅਧੀਨ ਰਖਣਾ ਚਾਹੁੰਦੇ ਸਨ । ਮੇਰੀ ਰਾਏ ਹੈ, ਕਿ ਸਾਡੇ ਪੁਰਾਣੇ ਇਤਿਹਾਸ ਏਸੇ ਪ੍ਰਭਾਵ ਥੱਲੇ ਲਿਖੇ ਗਏ ਹਨ ।

ਪੁਰਾਤਨ ਸਾਰੇ ਇਤਿਹਾਸਾਂ ਵਿਚੋਂ 'ਸੂਰਜ ਪ੍ਰਕਾਸ਼' ਦੀ ਸਿੱਖਾਂ ਵਿਚ ਮਾਨਤਾ ਵਧੇਰੇ ਹੈ । ਗੁਰਦੁਆਰਿਆਂ ਵਿਚ ਏਸੇ ਦੀ ਆਮ ਕਥਾ ਹੁੰਦੀ ਹੈ । ਇਸ ਵਾਸਤੇ ਇਸ ਵਿਚ ਰਲਾ ਵੀ ਵਧੇਰੇ ਪਾਉਣ ਦਾ ਯਤਨ ਕੀਤਾ ਗਿਆ ਹੈ । ਭਾਈ ਵੀਰ ਸਿੰਘ ਜੀ ਇਕ ਥਾਂ ਲਿਖਦੇ ਹਨ, "ਦੇਵੀ ਦੇ ਪ੍ਰਸੰਗ ਲਿਖਣ ਬਾਬਤ ਕਵੀ ਜੀ ਦੇ ਆਪਣੇ ਪੁੱਤਰ ਅਜੈ ਸਿੰਘ ਵੱਲੋਂ ਤਲਵਾਰ ਦੇ ਡਰ ਨਾਲ ਮਜਬੂਰ ਕੀਤਾ ਜਾਣਾ ਕਵੀ ਜੀ ਦੇ ਪਰਵਾਰ ਦੇ ਲਗਭਗ ਸਾਰੇ ਬੰਦੇ ਦਸਦੇ ਹਨ"[1]

ਪਰ ਸਭ ਕੁਝ ਮਜਬੂਰੀ ਦੇ ਕਾਰਨ ਹੀ ਨਹੀਂ ਹੋਇਆ । ਕਵੀ ਜੀ ਪੁਰਾਤਨ ਹਿੰਦੂ-ਧਾਰਮਿਕ ਗ੍ਰੰਥਾਂ ਦੇ ਗਿਆਤਾ ਸਨ । ਇਸ ਦਾ ਵੀ ਉਹਨਾਂ ਦੇ ਮਨ ਤੇ ਅਸਰ ਹੋਣਾ ਸੁਭਾਵਕ ਸੀ । ਜਿੱਥੇ ਜਿੱਥੇ ਕਵੀ ਜੀ ਦੀ ਲਿਖਤ ਸਿੱਖ ਸਿਧਾਂਤ ਤੋਂ ਪਾਸੇ ਗਈ ਹੈ, ਅਸਾਂ ਥਾਂ ਥਾਂ ਆਪਣੇ ਵੱਲੋਂ ਟਿਪਣੀ ਕੀਤੀ ਹੈ । ਟਿਪਣੀ ਬ੍ਰੈਕਟਾਂ (...... ) ਵਿਚ ਹੈ ।

ਭਾਈ ਵੀਰ ਸਿੰਘ ਜੀ ਦੀਆਂ ਕੁਛ ਹੋਰ ਸਤਰਾਂ ਵੀ ਬੜੀਆਂ ਮਹੱਤਵਪੂਰਨ ਹਨ । "ਵਿਸ਼ੇਸ਼ ਸਿੱਖ ਗਿਯਾਨੀਆਂ ਦਾ ਰੌ ਉਸ ਸਮੇਂ ਇਹ ਸੀ, ਕਿ ਹਿੰਦੂ ਲੋਕ ਸਿੱਖ ਗੁਰੂ ਸਾਹਿਬਾਨ ਨੂੰ ਅਵਿਤਾਰ ਮੰਨ ਲੈਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵੇਦ ਸਥਾਨੀ ਦਰਜਾ ਦੇਣ । ਇਹ ਅਸੂਲ ਬੀ ਸਿੱਖਾਂ ਵਿਚ ਤਦੋਂ ਪ੍ਰਪੱਕ ਸੀ, ਕਿ ਨਿੰਦਿਆ ਕਿਸੇ ਦੀ ਨਹੀਂ ਕਰਨੀ, ਪਰ ਆਪਣੇ ਸਤਿਗੁਰਾਂ ਨੂੰ ਸਭ ਤੋਂ ਸ੍ਰੇਸ਼ਟ ਤੇ ਵਿਸ਼ੇਸ਼ ਮੰਨਣਾ ਹੈ । ਇਸ ਲਈ ਉਹ ਦੂਸਰੇ ਮਤ ਦੇ ਬਜ਼ੁਰਗਾਂ ਨੂੰ ਸਤਿਕਾਰ ਨਾਲ ਹੀ ਲਿਖਿਆ ਕਰਦੇ ਸਨ । ਇਸ ਸਮੇਂ ਲਾਹੌਰ ਦਰਬਾਰ ਦੇ ਡੋਗਰੇ ਅਹਿਲਕਾਰ ਬੀ ਸਿੱਖੀ ਵਿਚ ਬੇ-ਮਲੂਮ ਰਲੇ ਪੁਆ ਰਹੇ ਸਨ । ਸੋ ਸਾਰੇ ਦੇਸ ਵਿਚ ਨਿਰੋਲ ਸਿੱਖੀ ਦੇ ਖ਼ਿਆਲਾਂ ਵਿਚ ਰਲਵਾਂ ਰੰਗ ਪੈ ਰਿਹਾ ਸੀ । ਰਾਜੇ, ਸਰਦਾਰ ਰਾਜਸੀ ਕੰਮਾਂ ਵਿਚ ਰੁਝ ਪਏ ਸਨ, ਤੇ ਸਿੱਖ ਧਰਮ ਵਿਚ ਇਕ ਰਲੇ ਦਾ ਰੌ ਚਲ ਰਿਹਾ ਸੀ"[2]

ਬੰਦਾ ਸਿੰਘ ਦੀ ਸ਼ਹੀਦੀ ਤੋਂ ਪਿੱਛੋਂ ਛੇਤੀ ਹੀ ਸਿੱਖ ਇਤਿਹਾਸ ਤੇ ਸਿੱਖ ਮਰਯਾਦਾ ਵਿਚ ਇਹ ਮਿਲਾਵਟ ਸ਼ੁਰੂ ਹੋ ਗਈ ਸੀ । ਇਹ ਸੁਭਾਵਕ ਜਾਂ ਅਚਨਚੇਤ ਨਹੀਂ, ਸਗੋਂ ਗਿਣ ਮਿਥ ਕੇ ਸੀ । ਤੇ ਬ੍ਰਹਿਮਣੀ ਖ਼ਿਆਲਾਂ ਦੇ ਲੋਕ ਅਜੇ ਤਕ ਵੀ ਏਸੇ ਯਤਨ ਵਿਚ ਲੱਗੇ ਹੋਏ ਹਨ ।[3]

---

1. ਪਹਿਲੀ ਪੋਥੀ, ਪੰਨਾ ੧੪੭ । 2. ਪਹਿਲੀ ਪੋਥੀ, ਪੰਨਾ ੧੪੭ । 3. ਦੂਸਰੇ ਇਤਿਹਾਸਾਂ ਬਾਰੇ ਅਸੀਂ ਪਹਿਲੇ ਦੋ ਭਾਗਾਂ ਵਿਚ ਕਾਫੀ ਕੁਛ ਲਿਖ ਆਏ ਹਾਂ ।

Digitized by Panjab Digital Library | www.panjabdigilib.org

ਹੁਣ ਡਾ: ਜਯਭਗਵਾਨ ਦੇ ਵਿਚਾਰ ਸੁਣੋ। "ਇਸ ਮੇਂ ਕੋਈ ਸੰਦੇਹ ਨਹੀਂ ਰਹਿ ਜਾਤਾ, ਕਿ ਭਾਈ ਸੰਤੋਖ ਸਿੰਘ ਕੀ ਸਿੱਖ ਮਤ ਮੇਂ ਪੂਰੀ ਆਸਥਾ ਥੀ, ਔਰ ਉਸਨੇ ਗੁਰੂ ਨਾਨਕ ਕੇ ਸਿਧਾਂਤੋਂ ਕਾ ਪ੍ਰਤਿਪਾਦਨ ਨਿਸ਼ਠਾ ਪੂਰਵਕ ਕਿਯਾ ਹੈ। ਕਿੰਤੂ ਇਸ ਰਚਨਾ ਕੇ ਪਰਾਯਣ ਸੇ ਯਹ ਭੀ ਸਪਸ਼ਟ ਹੋ ਜਾਤਾ ਹੈ, ਕਿ ਭਾਈ ਸੰਤੋਖ ਸਿੰਘ ਪਰ ਵੈਸ਼ਣਵ ਮਤ ਕਾ ਭੀ ਪ੍ਰਯਾਪਤਿ ਪ੍ਰਭਾਵ ਥਾ. ਔਰ ਉਨਹੋਂ ਨੇ ਵੈਸ਼ਣਵ ਏਵੰ ਸ਼ੈਵ ਮਤ ਕੇ ਅਨੇਕ ਤੱਤਵੋਂ ਕਾ ਸਮਾਵੇਸ਼ ਕਿਯਾ ਹੈ[1]।"

ਏਸੇ ਸਫ਼ੇ ਤੇ 'ਗੋਯਲ' ਸਾਹਿਬ ਹੋਰ ਲਿਖਦੇ ਹਨ, " ਸਿੱਖ ਮਤ ਮੇਂ ਗੁਰੂ ਨਾਨਕ ਤਥਾ ਦੂਸਰੇ ਗੁਰੂਓਂ ਨੇ ਸਪਸ਼ਟ ਰੂਪ ਸੇ ਅਵਤਾਰ ਵਾਦ ਕਾ ਖੰਡਨ ਕਿਯਾ ਹੈ। ਲੇਕਿਨ 'ਨਾਨਕ ਪ੍ਰਕਾਸ਼' ਅਵਤਾਰ ਵਾਦੀ ਭਾਵਨਾ ਪਰ ਹੀ ਆਧਾਰਿਤ ਹੈ।"

ਅਗਲੇ ਸਫ਼ੇ ਤੇ 'ਗੋਯਲ' ਸਾਹਿਬ ਲਿਖਦੇ ਹਨ, "ਕਵੀ ਨੇ ਬ੍ਰਹਮਾ, ਸ਼ਿਵ, ਔਰ ਵਿਸ਼ਣੂ ਤੀਨੋ ਕੀ ਮਹਿਮਾ ਕਾ ਵਰਣਨ ਕਿਯਾ ਹੈ, ਔਰ ਉਨਕੀ ਉਪਾਸਨਾ ਮੇਂ ਸਮਨਵਯ ਕੀ ਸਥਾਪਨਾ ਕੀ ਹੈ।...ਕਵੀ ਨੇ ਅਪਨੇ ਇਸ਼ਟਦੇਵ ਗੁਰੂ ਨਾਨਕ ਕੇ ਅਤਿਰਿਕਤ ਅੰਨਯ ਹਿੰਦੂ ਦੇਵੀ-ਦੇਵਤਾਓਂ ਔਰ ਅਵਤਾਰੋਂ ਕੇ ਪ੍ਰਤਿ ਜਿਸ ਪ੍ਰਕਾਰ ਸੇ ਨਿਸ਼ਠਾ ਪ੍ਰਕਟ ਕੀ ਹੈ, ਵਹ ਭੀ ਉਨਕੀ ਸਮੰਨਵਯ ਭਾਵਨਾ ਕੀ ਪਰਿਚਾਯਕ ਹੈ।"

ਪੰਨਾ ੧੧ ਉਤੇ ਗੋਯਲ ਸਾਹਿਬ ਲਿਖਦੇ ਹਨ, "ਕਵੀ ਨੇ ਸਿੱਖ ਗੁਰੂਓਂ ਕੇ ਸਾਥ, ਹਿੰਦੂ ਅਵਤਾਰੋਂ, ਏਵੰ ਪੁਰਾਣ-ਪੁਰਸ਼ੋਂ ਕੀ ਭੀ ਵੰਦਨਾ ਨਿਸ਼ਠਾ ਪੂਰਵਕ ਕੀ ਹੈ, ਜੋ ਉਨਕੀ ਉਦਾਰ ਧਰਮ ਭਾਵਨਾ ਕੋ ਪ੍ਰਕਟ ਕਰਤੀ ਹੈ।"

ਡਾ: ਜਯਭਗਵਾਨ ਨੇ ਇਹ ਸਿੱਧ ਕਰਨ ਦਾ ਯਤਨ ਕੀਤਾ ਹੈ, ਕਿ ਕਵੀ ਸੰਤੋਖ ਸਿੰਘ ਨੇ ਸਿੱਖ ਗੁਰੂਆਂ ਦੇ ਨਾਲ ਹਿੰਦੂ ਦੇਵਤਿਆਂ ਦੀ ਵੀ ਉਸਤਤ ਕੀਤੀ ਹੈ, ਇਸ ਲਈ ਉਹ ਧਾਰਮਿਕ ਤੌਰ ਤੇ ਬੜੇ 'ਉਦਾਰ' ਸਨ।

ਧਰਮ ਵਿਚ ਉਦਾਰ ਹੋਣ ਦਾ ਅਰਥ ਇਹ ਨਹੀਂ, ਕਿ ਆਪਣੇ ਧਰਮ ਦੇ ਨਾਲ ਨਾਲ ਕੁਛ ਨਿਯਮ ਦੂਸਰੇ ਧਰਮ ਦੇ ਵੀ ਅਪਣਾ ਲੈ ਜਾਣ, (ਦੂਸਰਿਆਂ ਨੂੰ ਖ਼ੁਸ਼ ਕਰਨ ਵਾਸਤੇ) ਭਾਵੇਂ ਉਹ ਆਪਣੇ ਧਰਮ ਦੇ ਉਲਟ ਹੀ ਹੋਣ। 'ਉਦਾਰ' ਦਾ ਅਰਥ ਹੈ, ਆਪਣੇ ਧਰਮ ਵਿਚ ਪੱਕੇ ਰਹਿੰਦੇ ਹੋਏ ਦੂਸਰੇ ਧਰਮਾਂ ਨਾਲ ਈਰਖਾ ਨਾ ਕਰਨਾ, ਸਗੋਂ ਯੋਗ ਸਤਕਾਰ ਕਰਨਾ।

ਕਵੀ ਜੀ ਬਾਰੇ ਸਾਡੀ ਰਾਏ ਹੈ, ਕਿ ਆਪ ਸਿੱਖ ਸਨ, ਪਰ ਜੋ ਕੁਛ ਉਹਨਾਂ ਲਿਖਿਆ ਹੈ, ਪੰਡਤ ਦੇ ਪ੍ਰਭਾਵ ਥੱਲੇ ਲਿਖਿਆ ਹੈ। ਇਸ ਲਈ ਉਹਨਾਂ ਦੀ ਸਮੁੱਚੀ ਰਚਨਾ ਸਿੱਖ ਸਿਧਾਂਤ ਅਨੁਸਾਰ ਨਹੀਂ।

---

1. ਨਾਨਕ ਪ੍ਰਕਾਸ਼ ਭੂਮਕਾ, ਪੰਨਾ ੨੮।

Digitized by Panjab Digital Library | www.panjabdigilib.org

ਮਿਹਰਵਾਨ ਦੇ ਸਮੇਂ ਤੋਂ ਗੁਰਬਾਣੀ ਵਿਚ ਮਿਲਾਵਟ ਕਰਨ ਦਾ ਯਤਨ ਸ਼ੁਰੂ ਹੋਇਆ ਸੀ। ਪੰਜਵੇਂ ਪਾਤਸ਼ਾਹ (ਤੇ ਫਿਰ ਦੱਸਵੇਂ ਪਾਤਸ਼ਾਹ) ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਨਾ ਕਰ ਜਾਂਦੇ, ਤਾਂ ਅੱਜ ਇਹ ਪਰਖਣਾ ਔਖਾ ਹੋ ਜਾਂਦਾ, ਕਿ ਗੁਰੂ ਸਾਹਿਬਾਨ ਦੀ ਬਾਣੀ ਕਿਹੜੀ ਹੈ ਤੇ ਮਿਲਾਵਟ ਵਾਲੀ ਕਿਹੜੀ। 'ਨਾਨਕ ਪ੍ਰਕਾਸ਼' ਵਿਚ ਕਈ ਸ਼ਬਦ ਆਉਂਦੇ ਹਨ। ਜਿੰਨਾਂ ਦੇ ਉਤੇ "ਮਹੱਲਾ ੧" ਲਿਖਿਆ ਹੋਇਆ ਹੈ, ਤੇ ਅੰਤਲੀ ਤੁਕ ਵਿਚ ਕਵੀ ਦੇ ਨਾਮ ਵਜੋਂ 'ਨਾਨਕ' ਪਦ ਵੀ ਆਇਆ ਹੈ। ਪਰ ਉਹ ਗੁਰਬਾਣੀ ਨਹੀਂ। ਗੁਰਬਾਣੀ ਓਹਾ ਮੰਨੀ ਜਾਇਗੀ, ਜੋ ਗੁਰੂ ਗ੍ਰੰਥ ਸਾਹਿਬ ਵਿਚ ਆ ਚੁਕੀ ਹੈ।

ਭਾਈ ਵੀਰ ਸਿੰਘ ਜੀ ਵਾਲਾ ਟੀਕਾ ਸਾਡੇ ਪਾਸ ਨਹੀਂ। ਇਸ ਲਈ ਕਿਹਾ ਨਹੀਂ ਜਾ ਸਕਦਾ, ਕਿ ਭਾਈ ਸਾਹਿਬ ਨੇ ਇਹਨਾਂ ਰਲੇ ਵਾਲੇ ਸ਼ਬਦਾਂ ਬਾਰੇ ਕੀ ਰਾਏ ਦਿੱਤੀ ਹੈ। ਪਰ ਡਾ: ਜਯਭਗਵਾਨ ਨੇ ਅਜੇਹੇ ਸ਼ਬਦਾਂ ਬਾਰੇ ਕੋਈ ਟਿਪਣੀ ਨਹੀਂ ਕੀਤੀ। ਇਸ ਤੋਂ ਸਿੱਧ ਹੁੰਦਾ ਹੈ, ਕਿ ਗੋਯਲ ਸਾਹਿਬ ਨੂੰ ਗੁਰਬਾਣੀ ਦਾ ਗਿਆਨ ਨਹੀਂ। ਪਰ ਹੈਰਾਨ ਹਾਂ, ਕਿ ਜਿਥੇ ਹਿੰਦੂ ਸ਼ਾਸਤਰਾਂ ਦੇ ਸਬੰਧ ਵਿਚ ਕੁਛ ਮਹੱਤਵ ਪੂਰਨ ਵਿਚਾਰ ਆਏ ਹਨ, ਗੋਯਲ ਸਾਹਿਬ ਓਥੇ ਵੀ ਚੁੱਪ ਹੀ ਰਹੇ ਹਨ। (ਸ਼ਾਇਦ ਮਿਹਨਤ ਤੋਂ ਘਬਰਾ ਗਏ ਹਨ।) ਨਾਨਕ ਪ੍ਰਕਾਸ਼ ਦੇ ਪੂਰਬਾਰਧ ਦੇ ਧਯਾਇ ੪੮ ਤੇ ੬੦ ਵਿਚ ਬਹੁਤ ਸਾਰੀਆਂ ਮਹੱਤਵ ਪੂਰਨ ਗੁੰਝਲਾਂ ਹਨ। ਜੋ ਹਿੰਦੂ ਸ਼ਾਸਤਰਾਂ ਤੇ ਪੁਰਾਣਾਂ ਤੇ ਆਧਾਰਤ ਹਨ। ਗੋਯਲ ਸਾਹਿਬ ਨੂੰ ਚਾਹੀਦਾ ਸੀ, ਕਿ ਪਾਠਕ ਦੀ ਸਹੂਲਤ ਵਾਸਤੇ ਉਹਨਾਂ ਖ਼ਾਸ ਖ਼ਾਸ ਪ੍ਰਸ਼ਨਾਂ ਦਾ ਉੱਤਰ ਟਿਪਣੀਆਂ ਜਾਂ (ਫ਼ੁਟਨੋਟਾਂ) ਵਿਚ ਦੇ ਦੇਂਦੇ। ਪਰ ਵਿਦਵਾਨ ਰੂਪਾਂਤਕਾਰ ਓਥੇ ਵੀ ਕੰਨੀ ਕਤਰਾ ਗਿਆ ਹੈ। ਸਾਰਾ ਗ੍ਰੰਥ ਪੜ੍ਹਨ ਤੇ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ, ਕਿ ਗੋਯਲ ਸਾਹਿਬ 'ਨਾਨਕ ਪ੍ਰਕਾਸ਼' ਤੇ 'ਗੁਰਪ੍ਰਤਾਪ ਸੂਰਜ' ਦੇ ਸਿਰਫ ਰੂਪਾਂਤਕਾਰ ਹਨ, ਟਿਪਣੀਕਾਰ ਜਾਂ ਵਿਆਖਿਆਕਾਰ ਨਹੀਂ।

'ਨਾਨਕ ਪ੍ਰਕਾਸ਼' ਵਿਚ ਕਈ ਘਟਨਾਵਾਂ ਇਤਿਹਾਸ ਤੋਂ ਦੂਰ ਤੇ ਅਵਗਿਆਨਕ ਹਨ। ਗੋਯਲ ਸਾਹਿਬ ਨੂੰ ਉਹਨਾਂ ਬਾਰੇ ਟਿਪਣੀ ਕਰਨੀ ਚਾਹੀਦੀ ਸੀ, ਪਰ ਪਤਾ ਨਹੀਂ, ਕੀ ਕਾਰਨ, ਉਹ ਹਰ ਥਾਂ ਚੁੱਪ ਹੀ ਰਹੇ ਹਨ। ਖ਼ੈਰ, ਏਨੇ ਉੱਦਮ ਬਦਲੇ ਵੀ ਅਸੀਂ ਗੋਯਲ ਸਾਹਿਬ ਦੇ ਧੰਨਵਾਦੀ ਹਾਂ, ਕਿ ਉਹਨਾਂ ਸਮੁੱਚੇ 'ਸੂਰਜ ਪ੍ਰਕਾਸ' ਨੂੰ ਗੁਰਮੁਖੀ ਲਿੱਪੀ ਤੋਂ ਦੇਵਨਾਗਰੀ ਲਿੱਪੀ ਵਿਚ ਬਦਲ ਦਿਤਾ ਹੈ। ਏਨਾ ਉਦਮ ਵੀ ਸ਼ਲਾਘਾ ਯੋਗ ਹੈ।

ਅਸਾਂ ਹਰ ਘਟਨਾ ਬਾਰੇ ਅਪਣੀ ਰਾਇ ਦਿਤੀ ਹੈ, ਜਿਹੜੀ ਘਟਨਾ ਇਤਿਹਾਸਕ ਨਹੀਂ, ਜਾਂ ਅਵਿਗਿਆਨਕ ਹੈ। ਜਿਥੇ ਵੀ ਕਵੀ ਜੀ ਸਿੱਖ ਸਿਧਾਂਤ ਤੋਂ ਦੂਰ ਗਏ ਹਨ, ਓਥੇ ਵੀ ਸਪਸ਼ਟ ਸ਼ਬਦਾਂ ਵਿਚ ਰਾਏ ਦਿੱਤੀ ਹੈ। ਇਹ ਗ੍ਰੰਥ ਲਿਖਣ ਦਾ ਸਾਡਾ ਮਨੋਰਥ ਹੀ ਏਹਾ ਹੈ।

"ਸਿੱਖ ਇਤਿਹਾਸ ਦੇ ਸੋਮੇ" ਪਹਿਲਾ ਭਾਗ ਵਿਚ ਹੇਠ ਲਿਖੇ ਗ੍ਰੰਥਾਂ ਉਤੇ ਟਿਪਣੀ ਹੈ: ੳ) ਸ੍ਰੀ ਗੁਰੂ ਸੋਭਾ, ਕਰਤਾ ਸੇਨਾਪਤੀ। ਅ) ਗੁਰਬਿਲਾਸ ਪਾਤਸ਼ਾਹੀ ੧੦, ਕਰਤਾ

Digitized by Panjab Digital Library | www.panjabdigilib.org

ਕੌਇਰ ਸਿੰਘ । ੲ) ਗੁਰਬਿਲਾਸ ਪਾਤਸ਼ਾਹੀ ਛੇਵੀਂ । ਸ) ਗੁਰਬਿਲਾਸ ਪਾਤਸ਼ਾਹੀ ਦੱਸਵੀਂ, ਕਰਤਾ ਸੁੱਖਾ ਸਿੰਘ, ਤੇ ਹ) ਬੰਸਾਵਲੀ ਨਾਮਾ, ਕਰਤਾ ਕੇਸਰ ਸਿੰਘ ਛਿੱਬਰ ।

ਦੂਸਰੇ ਭਾਗ ਵਿਚ ਹਨ : 'ਗੁਰੂ ਨਾਨਕ ਮਹਿਮਾ' 'ਮਹਿਮਾ ਪ੍ਰਕਾਸ਼' 'ਪਰਚੀਆਂ ਸੇਵਾਦਾਸ' ਤੇ ਨੌ ਗੁਰਪ੍ਰਣਾਲੀਆਂ ।

ਇਸ ਤੀਸਰੇ ਭਾਗ ਵਿਚ 'ਨਾਨਕ ਪ੍ਰਕਾਸ਼' ਹੈ । ਅਗਲੇ ਭਾਗ ਵਿਚ 'ਗੁਰਪ੍ਰਤਾਪ ਸੂਰਜ' ਦਾ ਸੰਖੇਪ ਤੇ ਟਿਪਣੀਆਂ ਸਹਿਤ ਵਿਚਾਰ ਦੇਣ ਦੀ ਇਛਿਆ ਹੈ । ਅੱਗੇ ਜੋ ਵਾਹਿਗੁਰੂ ਨੂੰ ਭਾਵੇ ।)

ਜ਼ਾਤੀ ਤੌਰ ਤੇ ਮੈਂ, ਸ: ਜੀਵਨ ਸਿੰਘ (ਮਾਲਕ ਲਾਹੌਰ ਬੁਕ ਸ਼ਾਪ) ਦਾ ਧੰਨਵਾਦੀ ਹਾਂ, ਜਿਨ੍ਹਾਂ ਦੀ ਪ੍ਰੇਰਨਾ ਤੇ ਸਹਾਇਤਾ ਨਾਲ ਇਹ ਕਾਰਜ ਹੋ ਰਿਹਾ ਹੈ ।

ਫਤਹਿ ।

ਸੀਤਲ ਭਵਨ, ਸੋਹਣ ਸਿੰਘ ਸੀਤਲ

ਮਾਡਲ ਗਰਾਮ ਲੁਧਿਆਣਾ-2 ੨੪-੭-੮੨ ਈ:

Digitized by Panjab Digital Library | www.panjabdigilib.org

ਇਤਿਹਾਸ ਕੌਮਾਂ ਦੀ ਜਿੰਦ ਜਾਨ ਹੁੰਦਾ ਹੈ ।

ਅੱਜ ਇਸ ਗੱਲ ਦੀ ਲੋੜ ਹੈ,

ਕਿ ਅਸੀਂ ਆਪਣਾ ਸੋਧਿਆ ਹੋਇਆ ਇਤਿਹਾਸ

ਲੋਕਾਂ ਸਾਮ੍ਹਣੇ ਪੇਸ਼ ਕਰੀਏ ।

"ਸੀਤਲ"

Digitized by Panjab Digital Library | www.panjabdigilib.org

# ਨਾਨਕ ਪ੍ਰਕਾਸ਼

ੴ ਸਤਿਗੁਰ ਪ੍ਰਸਾਦਿ ॥

## ਅਥ ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥ ਲਿਖਯਤੇ

## ਵਾਹਿਗੁਰੂ ਨਾਮ ਦਾ ਅਰਥ ਅਰ ਮਹਾਤਮ

ਮੰਗਲਾ ਚਰਨ

## ਦੋਹਰਾ

"ਏਕੰਕਾਰਾ ਸਤਿਗੁਰੂ ਤਿਹਿ ਪ੍ਰਸਾਦਿ ਸਚੁ ਹੋਇ ।
ਵਾਹਿਗੁਰੂ ਜੀ ਕੀ ਫਤੇ, ਬਿਘਨ ਬਿਨਾਸਨ ਸੋਇ ।੧।"

## ਕਬਿੱਤ

"ਤੀਨੋ ਲੋਕ ਬਰਦਾਨੀ, ਤੀਨੋ ਜਾਚੈ ਮਹਾਰਾਨੀ,
ਤੀਨੋ ਤਾਪ ਹਾਨੀ, ਆਦਿ ਤੀਨੋ ਗੁਨ ਮੰਡਿਕਾ ।
ਤੀਨੋ ਕਾਲ ਮਾਨੀ, ਤੀਨੋ ਸ਼ਕਤਿ ਪ੍ਰਧਾਨੀ,
ਤਵ ਤੀਨੋ ਕ੍ਰਿਤਵਾਨੀ, ਤੀਨੋ ਗਾਨੀ ਬਰ ਬੰਡਿਕਾ ।
ਦੀਨੀ ਰਾਜਧਾਨੀ ਬਜ੍ਰ ਪਾਨੀ ਕੋ ਕ੍ਰਿਪਾਨ ਪਾਨੀ,
ਜਾਨੀ ਮੈਂ ਭਵਾਨੀ, ਸੁਖ ਖਾਨੀ ਖਲ ਖੰਡਿਕਾ ।
ਨਮੋ ਨਮੋ ਬਾਕ ਬਾਨੀ, ਜੋਤਿ ਬਿਦਤਾਨੀ,
ਦਾਸ ਰਸਨਾ ਬਸਾਨੀ ਜੈਤਿ ਜੈਤਿ ਮਾਤ ਚੰਡਿਕਾ ।੨।"

[ਪਹਿਲਾ ਦੋਹਰਾ 'ਏਕੰਕਾਰ' ਪਾਰਬ੍ਰਹਮ, ਈਸ਼ਵਰ ਦੀ ਅਰਾਧਨਾ ਹੈ, ਜੋ ਸਾਰੇ ਹੀ ਆਸਤਕ ਧਰਮਾਂ ਦਾ ਧੁਰਾ ਹੈ । ਦੂਸਰੇ ਛੰਦ ਵਿਚ ਹੀ ਕਵੀ 'ਚੰਡਿਕਾ' ਨੂੰ ਨਮਸਕਾਰ ਕਰਦਾ ਹੈ । ਅਰਥ ਹਨ : ਤੀਨੋ ਲੋਕ ਬਰਦਾਨੀ=ਤਿੰਨਾਂ ਲੋਕਾਂ ਨੂੰ ਵਰ ਦੇਣ ਵਾਲੀ । ਤੀਨੋ ਜਾਚੈ ਮਹਾਰਾਨੀ=ਉਸ ਮਹਾਨ ਚੰਡਿਕਾ ਪਾਸੋਂ ਤੀਨੋ ਲੋਕ ਮੰਗਦੇ ਹਨ । ਤੀਨੋ ਤਾਪ ਹਾਨੀ=ਤਿੰਨਾਂ ਤਾਪਾਂ (ਆਧਿ, ਬਿਆਧਿ, ਉਪਾਧਿ) ਦੇ ਹਰਨ ਵਾਲੀ । ਤੀਨੋ ਗੁਨ ਮੰਡਿਕਾ=ਤਿੰਨਾ ਗੁਣਾ (ਰਜੋ, ਸਤੋ, ਤਮੋ) ਦੇ ਦੇਣ ਵਾਲੀ । ਤੀਨੋ ਕਾਲ ਮਾਨੀ= ਤਿੰਨ ਕਾਲ (ਭੂਤ, ਭਵਿਖ, ਵਰਤਮਾਨ) ਵਿਚ ਮੰਨਣ ਜੋਗ । ਤੀਨੋ ਸ਼ਕਤਿ ਪ੍ਰਧਾਨੀ= ਤਿੰਨਾਂ ਸ਼ਕਤੀਆਂ ਦੇ ਦੇਣ ਵਾਲੀ (ਦੁਰਗਾ ਸ਼ਕਤੀ ਦੇਣ ਵਾਲੀ, ਲਛਮੀ ਧਨ ਦੇਣ ਵਾਲੀ,

Digitized by Panjab Digital Library | www.panjabdigilib.org

ਗੌਰੀ ਸੰਤਾਨ ਦੇਣ ਵਾਲੀ) ਭਾਵ ਇਹਨਾਂ ਤਿੰਨਾਂ ਸ਼ਕਤੀਆਂ ਦੀ ਮਾਲਕ। ਤੀਨੋ ਕ੍ਰਿਤਵਾਨੀ : ਤਿੰਨੇ ਕਰਮ (ਉਤਪਤੀ, ਪਾਲਣਾ, ਤੇ ਖੈ) ਕਰਨ ਵਾਲੀ। ਤੀਨੋ ਗਾਨੀ= ਤਿੰਨੇ (ਦੇਵਤੇ, ਮਨੁੱਖ, ਦੈਂਤ) ਉਸਦਾ ਜੱਸ ਗਾਉਂਦੇ ਹਨ। ਬਰ ਬੰਡਿਕਾ=ਵਰ ਦੇਣ ਵਾਲੀ। ਬਜ੍ਰ ਪਾਨੀ=ਹੱਥ ਵਿਚ ਬੱਜਰ ਧਾਰਨ ਕਰਨ ਵਾਲੀ। ਕ੍ਰਿਪਾਨ ਪਾਨੀ=ਹੱਥ ਵਿਚ ਖੰਡਾ ਰੱਖਣ ਵਾਲੀ। ਭਵਾਨੀ=ਦੇਵੀ। ਸੁਖ ਖਾਨੀ=ਸੁੱਖਾਂ ਦੀ ਖਾਣ, ਸੁਖ ਦੇਣ ਵਾਲੀ। ਖਲ=ਦੁਸ਼ਟ। ਖੰਡਿਕਾ=ਨਾਸ਼ ਕਰਨ ਵਾਲੀ। ਨਮੋ=ਨਮਸਕਾਰ ਹੈ। ਬਾਕ ਬਾਨੀ=ਕਵਿਤਾ ਦਾ ਵਰ ਦੇਣ ਵਾਲੀ (ਸਰਸਵਤੀ)। ਜੋਤਿ ਬਿਦਤਾਨੀ=ਤੇਜ ਪਰਗਟ ਕਰਨ ਵਾਲੀ। ਰਸਨਾ ਬਸਾਨੀ=ਰਸਨਾ ਉਤੇ ਵੱਸਣ ਵਾਲੀ। ਜੈਤਿ ਜੈਤਿ ਮਾਤ ਚੰਡਿਕਾ=ਹੇ ਮਾਤਾ ਚੰਡਿਕਾ! ਤੇਰੀ ਜੈ ਹੋ, ਤੇਰੀ ਜੈ ਹੋ।]

"ਸਰਬ ਬਿਆਪੀ ਨਿਤ ਨਯੋ, ਸਤਚਿਤ ਆਨੰਦ ਰੂਪ।
ਮੋ ਉਰ[1] ਮੈਂ ਪ੍ਰਗਟੋ ਸਦਾ, ਜੋ ਚਰ[2] ਅਚਰ[3] ਅਨੂਪ[4] ।੩।"
"[5]ਓਂ ਪਰਮਾਤਮ[6] ਆਤਮ ਭੂ[7], ਪਦਮਾਪਤਿ[8] ਪੰਚ ਖਤੰਗ[9] ਅਰਾਤੀ[10]
ਬਾਯੁ ਬਿਨਾਯਕ[11] ਬਾਯੁ ਸਖਾ[12], ਬਨਿਰਾਯ[13] ਬ੍ਰਿਖਾ ਬ੍ਰਿਖ[14] ਸੈਲ ਨਿਪਾਤੀ[15]
ਸ੍ਰੀ ਦਹਿ[16] ਸੂਰ ਸਸੀ[17] ਉਡ ਅੰਤਕ[18], ਮਾਨਵ ਦਾਨਵ ਦੇਵ ਸੰਗਾਤੀ[19]
ਬੰਦਨ ਤਾਂ ਕਰ ਬੰਦਨ ਕੈ ਨਿਤ[20], ਆਨੰਦ ਕੰਦ[21] ਮੁਕੰਦ[22] ਜਿ
ਖਯਾਤੀ[23] ।੪।"

(ਉਪਰਲੀਆਂ ਟੂਕਾਂ ਸਾਬਤ ਕਰਦੀਆਂ ਹਨ, ਕਿ ਲੇਖਕ ਦੇਵੀ-ਦੇਵਤਿਆਂ ਦਾ ਪੁਜਾਰੀ ਹੈ। ਦੂਸਰੇ ਸ਼ਬਦਾਂ ਵਿਚ, ਕਵੀ ਦੇ ਮਨ ਉਪਰ ਸਨਾਤਨੀ ਖ਼ਿਆਲਾਂ ਦਾ ਅਸਰ ਪਰਬਲ ਹੈ। ਜਦੋਂ ਕਿ ਸਿੱਖੀ ਇਕ 'ਅਕਾਲ ਪੁਰਖ' ਨੂੰ ਹੀ ਮੰਨਦੀ ਹੈ, ਦੇਵੀ ਦੇਵਤਿਆਂ ਨੂੰ ਨਹੀਂ।

ਦੇਵੀ ਦਿਉਤਿਆਂ—ਖ਼ਾਸ ਕਰ ਦੇਵੀ ਚੰਡਿਕਾ—ਦੀ ਅਰਾਧਨਾ ਪਿਛੋਂ ਕਵੀ ਦਸਾਂ ਗੁਰੂਆਂ ਨੂੰ ਵੀ ਨਮਸਕਾਰ ਕਰਦਾ ਹੈ।)

---

1. ਹਿਰਦਾ। 2. ਚਲ, ਚਲਾਏ ਮਾਨ, ਥਿਰ ਨਾ ਰਹਿਣ ਵਾਲਾ। 3. ਅਚੱਲ, ਸਥਿਰ। 4. ਜਿਸ ਵਰਗਾ ਹੋਰ ਕੋਈ ਨਾ ਹੋਵੇ। 5. ਬ੍ਰਹਮ। 6. ਪਰਮ-ਆਤਮਾ, ਪਰਮਾਤਮਾ। 7. ਬ੍ਰਹਮਾ। 8. ਲਛਮੀ ਦਾ ਪਤੀ, ਵਿਸ਼ਨੂੰ। 9, ਤੀਰ। 10. ਪੰਜਾਂ ਤੀਰਾਂ ਵਾਲੇ (ਕਾਮਦੇਵ) ਦਾ ਵੈਰੀ, ਸ਼ਿਵ। 11. ਗਣੇਸ਼। 12. ਅਗਨੀ। 13. ਵਰਣ, ਜਲ ਦਾ ਦੇਵਤਾ। 14. ਬਨਸਪਤੀ 15. ਪਰਬਤਾਂ ਦੇ ਤੋੜਨ ਵਾਲਾ, ਇੰਦਰ। 16. ਕੁਬੇਰ, ਲਛਮੀ ਦੇਣ ਵਾਲਾ 17. ਸੂਰਜ, ਚੰਦ, ਤਾਰੇ। 18. ਜਮਰਾਜ। 19. ਸਮੂਹ। 20. ਨਿਤ ਹੱਥ ਜੋੜ ਕੇ ਬੰਦਨਾ ਕਰਦਾ ਹਾਂ। 21, ਅਨੰਦ ਦਾ ਮੂਲ। 22. ਮੁਕਤੀ ਦਾਤਾ। 23. ਪ੍ਰਤੱਖ।

Digitized by Panjab Digital Library | www.panjabdigilib.org

"ਸ੍ਰੀ ਨਾਨਕ ਪੁਰਸ਼ੋਤਮੰ[1] ਪਰਮ ਪਰਾਵਰ[2] ਨਾਥ ![3]
ਯੁਗਲ[4] ਚਰਨ ਮੁਰ[5] ਬੰਦਨਾ, ਧਰ[6] ਪਰ ਧਰ ਕਰ ਮਾਥ ।੫।"

(ਇਸਦੇ ਅੱਗੇ ਇਕ ਸਵੈੱਯਾ ਹੈ । ਏਸੇ ਤਰਾਂ ਹਰ ਗੁਰੂ ਮਹਾਰਾਜ ਨੂੰ ਨਮਸਕਾਰ ਕਰਨ ਹਿਤ ਇਕ ਦੋਹਰਾ, ਤੇ ਉਸ ਤੋਂ ਬਾਅਦ ਇਕ ਸਵੱਯਾ ਜਾਂ ਕਬਿੱਤ ਹੈ । ਇਹਨਾਂ ਮੰਗਲਾਂ ਦੀ ਭਾਸ਼ਾ ਬਹੁਤ ਕਠਨ ਹੈ; ਤੇ ਕਾਵਯ ਦੇ ਲਿਹਾਜ਼ ਨਾਲ ਉੱਤਮ ਵੀ । ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਉਸਤਤ ਵਜੋਂ ਇਕ ਸਵੈੱਯਾ ਬਹੁਤ ਪ੍ਰਚਲਤ ਹੈ । ਉਸਦਾ ਸੁੰਦਰ ਨਮੂਨਾ ਵੇਖੋ ।)

"ਹਰਿ ਗੋਬਿੰਦ ਨੰਦਨ ਨੰਦਨ[7] ਕੋ, ਅਭਿਬੰਦਨ[8] ਕੈ ਪਦ[9] ਜੇ ਅਰ ਬਿੰਦੂ[10] ।
ਦੁਖ ਦੁੰਦ ਨਿਕੰਦਨ[11] ਆਨੰਦ ਕੰਦ[12] ਮੁਕੰਦ[13] ਬਿਲੰਦ ਕਰੇ ਜਿਨ ਹਿੰਦੂ[14] ।
ਤੁਰਕਿੰਦ[15] ਉਡਿਦ[16] ਦਿਨਿੰਦ[17] ਤਿਨੇ, ਗੁਰ ਗੋਬਿੰਦ ਸਿੰਘ ਸਭੈ ਜਗ ਬਿਦੂ[18]
ਸਰਪਿੰਦ[19] ਗਿਰਿੰਦ[20] ਖਗਿੰਦ[21] ਤਲ[22] ਬਲਵੰਡ ਅਖੰਡ[23] ਸੁਰਿੰਦਹਿ ਇੰਦੂ[24] ।੨੩।"

ਅਗਲੇ ਛੰਦਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਬਹੁਤ ਉਸਤਤ ਕੀਤੀ ਹੈ । ਨਮੂਨੇ ਵਜੋਂ ਵੇਖੋ :

ਤੋ ਸੋ ਨਹੀਂ ਦਾਤਾ ਕੋਊ, ਮੋ ਸੋ ਨ ਭਿਖਾਰੀ ਦੀਨ,
ਤੋ ਸੋ ਨ ਦਿਯਾਲ, ਦੁਖੀ ਮੋ ਸੋ ਨ ਅਲਾਈਏ ।
ਮੋ ਸੋ ਨਹੀਂ ਕ੍ਰਿਤਘਨ, ਤੋ ਸੋ ਉਪਕਾਰੀ ਨਾਹਿ,
ਮੋ ਸੋ ਨ ਅਨਾਥ, ਨਾਥ ਤੋ ਸੋ ਨ ਬਤਾਈਏ ।
ਔਗੁਨੀ ਨ ਮੋਸੋ ਕੋਊ, ਗੁਨਵਾਨ ਤੋ ਸੋ ਨਹੀਂ,
ਜਪ, ਤਪ, ਬ੍ਰਤ ਮੋ ਮੈ ਏਕ ਨਹਿ ਪਾਈਏ ।
ਕਵਿ ਆਯੋ ਹੈ ਸ਼ਰਨ, ਗਹੇ ਧਾਇ ਕੇ ਚਰਨ,
ਗੁਰੂ ਤਾਰਨ ਤਰਨ, ਨਿਜ ਹਾਥ ਦੈ ਬਚਾਈਏ ।੨੭।"

(ਅਗਲੇਰੇ ਛੰਦਾਂ ਵਿਚ ਕਵੀ ਇਉਂ ਸ਼ਰਧਾ ਪਰਗਟ ਕਰਦਾ ਹੈ ।)

---

1. ਮਨੁੱਖਾਂ ਵਿਚੋਂ ਉੱਤਮ, ਈਸ਼ਵਰ । 2. ਆਦਿ, ਅੰਤ, ਨੇੜੇ, ਦੂਰ ਦਾ ਮਾਲਕ । 3. ਮਾਲਕ । 4. ਦੋਵੇਂ । 5. ਮੇਰੀ । 6. ਧਰਤੀ । 7. ਹਰਗੋਬਿੰਦ ਜੀ ਦੇ ਪੁੱਤਰ ਦੇ ਪੁੱਤਰ, ਭਾਵ ਪੋਟਰੇ, ਗੁਰੂ ਗੋਬਿੰਦ ਸਿੰਘ । 8. ਬੰਦਨਾ, ਨਮਸਕਾਰ । 9. ਚਰਨ । 10. ਕਮਲਾਂ ਵਰਗੇ ਚਰਨ । 11. ਦੁੱਖ ਤੇ ਉਪਦਰ ਦੂਰ ਕਰਨ ਵਾਲੇ । 12. ਅਨੰਦ ਦੇਣ ਵਾਲੇ । 13. ਮੁਕਤੀ ਦੇਣ ਵਾਲੇ । 14. ਹਿੰਦੂਆਂ ਨੂੰ ਉੱਚੇ ਕੀਤਾ 15. ਤੁਰਕਾਂ ਦਾ ਬਾਦਸ਼ਾਹ । 16. ਤਾਰਿਆਂ ਦਾ ਰਾਜਾ, ਇੰਦਰ । 17. ਦਿਨ ਦਾ ਰਾਜਾ, ਸੂਰਜ । 18. ਸਾਰੇ ਜੱਗ ਵਿਚ ਜਾਣੇ ਜਾਣ ਵਾਲੇ । 19. ਸੱਪਾਂ ਦਾ ਰਾਜਾ, ਸ਼ੇਸ਼ਨਾਗ । 20. ਪਹਾੜੀ ਰਾਜੇ । 21. ਪੰਛੀਆਂ ਦਾ ਰਾਜਾ, ਗਰੜ । 22. ਬਰਾਬਰ, ਜੈਸੇ । 23, ਅਖੰਡ ਬਲ ਵਾਲੇ । 24. ਦੇਵਤਿਆਂ ਦਾ ਰਾਜਾ, ਇੰਦਰ ।

Digitized by Panjab Digital Library | www.panjabdigilib.org

"ਅਬ ਆਨ ਕੀ ਆਸ ਨਿਰਾਸ ਭਈ,
ਕਲਗੀਧਰ ਬਾਸ ਕੀਯੋ ਮਨ ਮਾਹੀਂ ।੩੦।"
"ਭੂਲ ਜੋ ਚੂਕ ਭਈ ਹਮ ਤੇ
ਗੁਰ ਕਿੰਕਰ[1] ਸੋ ਤੁਮਤੇ ਬਖ਼ਸ਼ਾਵਤ ।
ਲਾਜ ਰਖੋ ਨਿਜ ਨਾਮਹਿ ਕੀ,
ਸਿੱਖ ਮੈਂ ਤੁਮਰੋ ਜਗ ਮਾਹਿ ਕਹਾਵਤ ।
ਤੂੰ ਬਖ਼ਸ਼ਿੰਦ ਸਦਾ ਸੁਖ ਦਾਇਕ,
ਮੋ ਮਨ ਨਾਹਿ ਬਿਖੈ ਛੁਟਕਾਵਤ ।
ਲੋਹਿ ਤੇ ਹੇਮ[2], ਇਰੰਡ ਤੇ ਚੰਦਨ[3],
ਮਾਨੁਖ ਤੇ ਸੁਰ[4] ਤੂੰ ਹੀ ਬਨਾਵਤ ।੩੧।"

ਅਗਲੇਰੇ ਛੰਦ ਵਿਚ ਵਿੱਦਿਆ ਗੁਰੂ ਭਾਈ ਸੰਤ ਸਿੰਘ ਨੂੰ ਨਮਸਕਾਰ ਹੈ ।

ਅੱਗੇ 'ਵਾਹਿਗੁਰੂ' ਨਾਮ ਸਿਮਰਨ ਦੀ ਮਹਿਮਾ ਹੈ, ਤੇ 'ਵਾਹਿਗੁਰੂ' ਸ਼ਬਦ ਦੇ ਅਰਥ ਕੀਤੇ ਹਨ ।

"ਵਾਹ ਨਾਮ ਅਚਰਜ ਕੋ ਹੋਈ ।
ਅਚਰਜ ਤੇ ਪਰ ਉਕਤਿ ਨ ਕੋਈ[5] ।੬੨।
ਗੋ ਤਮ ਤਨ ਅਗਬਾਨ ਅਨਿੱਤ ।
ਰੋ ਪ੍ਰਕਾਸ਼ ਕਿਯੋ ਜਿਨ ਚਿੱਤ ।...੬੩।"

('ਵਾਹ ! ਸ਼ਬਦ ਅਸਚਰਜ ਹੋ ਕੇ ਕਿਹਾ ਜਾਂਦਾ ਹੈ । 'ਗੋ' ਦਾ ਅਰਥ ਹੈ ਹਨ੍ਹੇਰਾ, ਅਗਿਆਨਤਾ, 'ਰੋ' ਦਾ ਅਰਥ ਹੈ ਪ੍ਰਕਾਸ਼ ।)

('ਵਾਹਿਗੁਰੂ' ਸ਼ਬਦ ਦੀ ਬਣਤਰ ਬਾਰੇ :)

"ਵਵਾ ਵਾਸਦੇਵ ਤੇ ਲੀਨੋ ।
ਹਰੀ ਬਿਸਨ ਤੇ ਹਾਹਾ ਚੀਨੋ ।
ਗਗਾ ਗੋਬਿੰਦ ਤੇ ਲਿਯ ਜਾਨੋ ।
ਰਾਰਾ ਰਾਮਚੰਦ ਮਨ ਮਾਨੋ ।"

(ਭਾਵ, ਵਾਹਿਗੁਰੂ ਸ਼ਬਦ ਦੀ ਵਡਿਆਈ ਇਸ ਵਿਚ ਹੈ, ਕਿ 'ਵਾਹਿਗੁਰੂ' ਕਹਿਣ ਨਾਲ ਪਹਿਲੇ ਚੌਹਾਂ ਅਵਤਾਰਾਂ ਦੇ ਨਾਮ ਆ ਜਾਂਦੇ ਹਨ । ਵਾਸਦੇਵ=ਕ੍ਰਿਸ਼ਨ । ਹਰੀ ਬਿਸ਼ਨ, ਵਿਸ਼ਨੂੰ । ਗੋਬਿੰਦ ਤੇ ਰਾਮ ਚੰਦਰ । ਤਾਂ ਵਡਿਆਈ ਪਹਿਲੇ ਅਵਤਾਰਾਂ ਦੇ ਨਾਮ ਦੇ ਸਿਮਰਨ ਦੀ ਹੀ ਹੈ । ਗੁਰੂ ਮਹਾਰਾਜ ਦੀ ਨਵੀਂ ਦੇਣ ਕੋਈ ਨਹੀਂ । ਸਨਾਤਨੀ ਖ਼ਿਆਲ ।)

---

1. ਦਾਸ । 2. ਹੇਮ, ਸੋਨਾ, ਲੋਹੇ ਤੋਂ ਸੋਨਾ । 3. ਇਰੰਡ ਤੋਂ ਚੰਦਨ ਰੁੱਖ । 4. ਸੁਰ, ਦੇਵਤਾ, ਮਾਣਸ ਤੋਂ ਦੇਵਤਾ ਬਣਾ ਦੇਂਦਾ ਹੈ । 5. ਅਚਰਜ ਤੋਂ ਉਪਰ ਕੁਛ ਨਹੀਂ ।

Digitized by Panjab Digital Library | www.panjabdigilib.org

(ਅਗਲੇ ਛੰਦਾਂ ਵਿਚ ਵੇਰਵਾ ਹੈ, ਕਿ ਇਸ ਗ੍ਰੰਥ ਵਿਚ ਗੁਰੂ ਨਾਨਕ ਦੇਵ ਜੀ ਦੀ ਕਥਾ ਆਵੇਗੀ ।)

"ਇਤਿ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥੇ ਪੂਰਬਾਰਧੇ ਮੰਗਲਾ ਚਰਨ,
ਨਾਮ ਮਹਿਮਾ ਬਰਨਨੰ ਨਾਮ ਥਪ੍ਰਮ ਧਯਾਇ ॥੧॥"

# ਦੂਸਰਾ ਧਯਾਇ

## ਪਤ੍ਰੀ ਲਿਆਉਣੀ

(ਗੁਰੂ ਨਾਨਕ ਦੀ ਜੋਤਿ ਗੁਰੂ ਅੰਗਦ ਵਿਚ ਗਈ)

"ਵਿਚ ਕਰਤਾਰ ਪੁਰੇ ਜਗ ਰਾਈ ।[1]
ਸ੍ਰੀ ਅੰਗਦ ਕੋ ਦੀਨ ਵਡਾਈ ।
ਆਪਨ ਕੀਨ ਸਚਖੰਡ ਪਯਾਨਾ ।
ਜੋਤਿ ਰੂਪ ਬਿਬ[2] ਤਨ ਪਲਟਾਨਾ ।੬।"

ਭਾਈ ਬਾਲਾ ਦੂਸਰੇ ਗੁਰਾਂ ਨੂੰ ਮਿਲਨ ਵਾਸਤੇ ਖਡੂਰ ਆਇਆ ।

"ਸ੍ਰੀ ਅੰਗਦ ਜੀ ਸੁਨਹੁ ਕ੍ਰਿਪਾਲਾ ।
ਸੰਧੂ ਗੋਤ, ਨਾਮ ਮੁਹਿ ਬਾਲਾ ।
ਰਾਇ ਭੋਇ ਤਲਵੰਡੀ ਜੋਊ
ਵਤਨ ਜਨਮ ਹਮਰਾ ਹੈ ਸੋਊ ।੧੬।"

(ਗੁਰੂ ਅੰਗਦ ਦੇਵ ਜੀ ਦੇ ਪੁੱਛਣ 'ਤੇ ਬਾਲਾ ਦੱਸਦਾ ਹੈ ।)

"ਬਾਲਾ ਬੋਲਯੋ, ਸੁਨਹੁ ਦਯਾਲਾ ।
ਤਿੰਨ ਕੇ ਸੰਗ[3] ਰਹਯੋ ਚਿਰ ਕਾਲਾ ।
ਤੀਨ ਬਰਖ ਤਨ ਬੈਸ ਵਡੇਰੀ ।
ਬਾਲ ਤਰਨ ਬਯ[4] ਬਿਤੀ ਬਤੇਰੀ ।੨੨।"

(ਬਾਲਾ ਗੁਰੂ ਜੀ ਨਾਲੋਂ ਉਮਰ ਦਾ ਫ਼ਰਕ ਤਿੰਨ ਸਾਲ ਦਸਦਾ ਹੈ । ਪਰ ਉਪਰਲੀਆਂ ਸਤਰਾਂ ਤੋਂ ਇਹ ਪਤਾ ਨਹੀਂ ਲਗਦਾ, ਕਿ ਉਮਰ ਵਿਚ ਗੁਰੂ ਜੀ ਤਿੰਨ ਸਾਲ ਵੱਡੇ ਸਨ, ਜਾਂ ਬਾਲਾ । ਗੱਲ ਸਾਫ਼ ਨਹੀਂ ।)

ਅਗਲੇ ਦਿਨ ਗੁਰੂ ਅੰਗਦ ਜੀ ਪੁਛਦੇ ਹਨ :

"ਗੁਰ ਅੰਗਦ ਸ੍ਰੀ ਮੁਖ ਕਹਯੋ, ਸਬ ਇਤਿਹਾਸ ਸੁਨਾਉ ।
ਸ੍ਰੀ ਨਾਨਕ ਕੇ ਜਨਮ ਤੇ, ਸਕਲ ਕਥਾ ਸਮਝਾਉ ।੨੯।"

ਬਾਲਾ ਕਹਿੰਦਾ ਹੈ, ਜੋ ਮੈਂ ਲੋਕਾਂ ਤੋਂ ਸੁਣਿਆਂ ਹੈ ਦਸਦਾ ਹਾਂ ।

---

1. ਜਗਤ ਦੇ ਰਾਜਾ । 2. ਦੂਸਰਾ । 3. ਗੁਰੂ ਨਾਨਕ ਜੀ ਦੇ ਨਾਲ । 4. ਬੈਸ, ਉਮਰ ।

Digitized by Panjab Digital Library | www.panjabdigilib.org

"ਉਰਜ ਮਾਸ ਕੀ ਪੂਰਨਮਾਸੀ ।
ਬਿੰਸਤ ਸਪਤ ਨਿਛੱਤ੍ਰ ਸੁ ਰਾਸੀ ।
ਔਰ ਸੁਨੀ, ਸੋ ਕਰੋ ਉਚਾਰੀ ।
ਪੱਤ੍ਰੀ ਜਨਮ ਲਿਖੀ ਦਿਜ ਸਾਰੀ ।੩੧।"

(ਉਰਜ ਮਾਸ=ਕੱਤਕ । ਬਿੰਸਤ ਸਪਤ=ਸਤਾਈ ।)

ਬਾਲੇ ਨੇ ਦੱਸਿਆ, ਕਿ ਬਾਬਾ ਕਾਲੂ ਜੀ ਗੁਜ਼ਰ ਚੁਕੇ ਹਨ, ਪਰ ਉਹਨਾਂ ਦਾ ਭਰਾ ਲਾਲੂ ਹੈ । ਪੰਡਤ ਦੀ ਲਿਖੀ ਹੋਈ ਗੁਰੂ ਜੀ ਦੀ ਜਨਮ ਪੱਤ੍ਰੀ ਲਾਲੂ ਦੇ ਘਰ ਹੈ ।

ਗੁਰੂ ਜੀ ਦੇ ਹੁਕਮ ਨਾਲ ਭਾਈ ਬਾਲਾ ਤੇ ਲਾਲਾ ਪ੍ਰੂੰਨੂੰ, ਜਨਮ ਪੱਤ੍ਰੀ ਖੋਜਣ ਵਾਸਤੇ ਤਲਵੰਡੀ ਗਏ ।

ਬਾਬਾ ਲਾਲੂ ਭਾਈ ਬਾਲੇ ਉਤੇ ਸਵਾਲ ਕਰਦਾ ਹੈ :

"ਨਾਨਕ ਕੇ ਤੁਮ ਬਹੁਤ ਪਿਆਰੇ ।
ਹਮ ਸੋ ਕਹੋ ਸਭ ਭੇਦ ਵਿਚਾਰੇ ।੪੭।
ਗੁਰ ਅੰਗਦ ਹੈ, ਕੈ ਸ੍ਰੀ ਚੰਦ ।
ਮੰਜੀ ਕਿਹਿ ਢਿਗ ਆਨੰਦ ਕੰਦ ।
ਸੁਤ ਨੇ ਲਈ, ਕਿ ਸੇਵਕ ਪਾਈ ।
ਤਖਤ ਬੈਸ ਕਿਸ ਗੁਰਤਾ ਆਈ ।੪੮।"

ਬਾਲੇ ਨੇ ਉੱਤਰ ਦਿਤਾ, ਕਿ ਗੁਰੂ ਨਾਨਕ ਦੇਵ ਜੀ ਅੰਗਦ ਨੂੰ ਗੱਦੀ ਦੇ ਗਏ ਹਨ ।

ਪੁਰਾਣੇ ਕਾਗ਼ਜ਼ਾਂ ਵਿਚੋਂ ਭਾਲਿਆਂ ਪੰਜਵੇਂ ਦਿਨ 'ਜਨਮ ਪੱਤ੍ਰੀ' ਮਿਲ ਗਈ ।

"ਲਾਲੂ ਚਲਿਤਯੋ ਮਿਲ ਤਬੈ, ਪੈਸੇ ਪੰਜ ਨਲੇਰ ।
ਅਪਨੀ ਦਿਸ ਤੇ ਭੇਟ ਦੀ, ਬੋਲਯੋ ਮੁਖ ਤੇ ਫੇਰ ।੫੮।"

ਭਾਈ ਬਾਲੇ ਤੇ ਲਾਲਾ ਪ੍ਰੂੰਨੂੰ ਨੇ ਜਨਮ ਪੱਤ੍ਰੀ ਗੁਰੂ ਅੰਗਦ ਸਾਹਿਬ ਨੂੰ ਲਿਆ ਪਕੜਾਈ । ਉਹ ਸੰਸਕ੍ਰਿਤ ਅੱਖਰਾਂ ਵਿਚ ਸੀ । ਗੁਰੂ ਜੀ ਨੇ ਫ਼ੁਰਮਾਇਆ, ਇਹ ਗੁਰਮੁਖੀ ਅੱਖਰਾਂ ਵਿਚ ਕਰਨੀ ਚਾਹੀਏ ।

ਮਹਿਮਾ ਖਹਿਰਾ ਜੱਟ ਮੋਖੇ ਪੈੜ ਨੂੰ ਸੁਲਤਾਨਪੁਰ ਤੋਂ ਜਾ ਕੇ ਲਿਆਇਆ, ਜੋ ਸੰਸਕ੍ਰਿਤ ਤੇ ਗੁਰਮੁਖੀ, ਦੋਵੇਂ ਲਿੱਪੀਆਂ ਜਾਣਦਾ ਸੀ ।

ਗੁਰੂ ਅੰਗਦ ਪਾਸ ਨਿਕਟਵਰਤੀ ਸਿੱਖ : ਬਾਬਾ ਬੁੱਢਾ, (ਗੁਰੂ) ਅਮਰਦਾਸ, ਜੀਵਾ, ਪਾਰੋ ਜੁਲਕਾ, ਧਿੰਙਾ ਨਾਈ ।

"ਬਾਲਾ ਕਰਤ ਉਚਾਰ ਮੁਖ, ਪੈੜੇ ਲਿਖੀ ਸੁਧਾਰ ।
ਲਿਖਵਾਈ ਅੰਗਦ ਗੁਰੂ, ਜਗ ਕੇ ਕਾਜ ਉਧਾਰ ।੭੬।"

Digitized by Panjab Digital Library | www.panjabdigilib.org

# ਤੀਸਰਾ ਧਯਾਇ

ਅਵਤਾਰ ਪ੍ਰਸੰਗ

ਗੁਰੂ ਨਾਨਕ ਦੇਵ ਜੀ ਦਾ ਧਿਆਨ ਧਰ ਕੇ ਬਾਲਾ ਇਤਿਹਾਸ ਸੁਨਾਉਣ ਲਗਾ।

ਪਹਿਲਾਂ ਬਾਲਾ ਸੰਧੂ ਉਸ ਸਮੇਂ ਦੀ ਹਾਲਤ ਦਸਦਾ ਹੈ। (ਫਿਰ ਸ਼ਰਧਾ ਵੱਸ ਕਵੀ ਕਹਿੰਦਾ ਹੈ :)

"ਏਕੰਕਾਰ ਧਾਰ ਨਿਜ ਰੂਪਾ।
ਪ੍ਰਗਟੇ ਸਤਿਗੁਰ ਰੂਪ ਅਨੂਪਾ।੨੬।"

(ਅਰਥ ਹੈ 'ਏਕੰਕਾਰ' ਅਕਾਲ ਪੁਰਖ ਗੁਰੂ ਨਾਨਕ ਦੇ ਰੂਪ ਵਿਚ ਪਰਗਟਿਆ। ਇਹ ਕਵੀ ਦੀ ਸ਼ਰਧਾ ਹੈ। ਨਹੀਂ ਤਾਂ ਗੁਰੂ ਨਾਨਕ ਦੇ ਮੱਤ ਅਨੁਸਾਰ ਈਸ਼ਵਰ 'ਅਜਨਮਾ' ਹੈ 'ਅਜੋਨੀ' ਹੈ।)

ਏਥੇ ਤਲਵੰਡੀ ਨਗਰ ਦੀ ਉਸਤਤ ਹੈ।

ਬੇਦੀ ਸ਼ਿਵਰਾਮ ਤੇ ਮਾਤਾ ਬਨਾਰਸੀ ਦੇ ਘਰ ਦੋ ਪੁੱਤਰ ਹੋਏ। ਵੱਡਾ ਕਾਲੂ ਤੇ ਛੋਟਾ ਲਾਲੂ। ਰਾਏ ਬੁਲਾਰ ਨੇ ਕਾਲੂ ਨੂੰ ਆਪਣਾ ਪਟਵਾਰੀ ਥਾਪ ਦਿਤਾ।

ਬਾਬਾ ਕਾਲੂ ਦੇ ਘਰ ਪਹਿਲਾਂ ਕੰਨਿਆਂ ਹੋਈ। ਦੂਸਰਾ ਬਾਲਕ ਗੁਰੂ ਨਾਨਕ ਜੀ ਪਰਗਟੇ।

"ਉਰਜ[1] ਮਾਸ ਕੀ ਪੂਰਨਮਾਸੀ।
ਹਰਿ ਕੀਰਤਿ ਸੀ ਜੋਨ ਪ੍ਰਕਾਸੀ।੭੦।
ਸੰਬਤ ਨੌ ਖਟ ਸਹਿਸ ਛਬੀਸਾ। (੧੫੨੬ ਬਿ.)।
ਭੇ ਅਵਤਾਰ ਪ੍ਰਗਟ ਜਗਦੀਸਾ[2]।...... ੭੧।"
"ਜਨਮਤ ਮ੍ਰਿਦੁਲ ਬਾਲ ਮੁਸਕਾਈ।
ਸਗਨ ਕੁਸਗਨ ਨਾ ਜਾਨਯੋ ਜਾਈ।੧੫।
ਅਨਤ ਬਾਲ ਜਨਮਤ ਸਭ ਰੋਤੇ।
ਬਿਗਸਤ ਇਹ ਜਿਵ ਆਨੰਦ ਹੋਤੇ।...੭੬।"

# ਚੌਥਾ ਧਯਾਇ

ਨਾਮ ਰਖਿਆ

ਬਾਲਾ ਸੰਧ ਸਾਖੀ ਕਹੀ ਜਾ ਰਿਹਾ ਹੈ। ਗੁਰਦੇਵ ਦੇ ਜਨਮ 'ਤੇ, ਸਵੇਰੇ

1. ਕੱਤਕ ਮਾਸ। (ਅਸੀਂ ਦੂਸਰੇ ਭਾਗ ਵਿਚ ਇਸ ਬਾਰੇ ਲਿਖ ਆਏ ਹਾਂ।) 2. ਜਗਤ੍ਰ ਦੇ ਈਸ਼ਵਰ।

Digitized by Panjab Digital Library | www.panjabdigilib.org

ਹਰਿਦਿਆਲ ਪ੍ਰੋਹਤ ਨੂੰ ਬੁਲਾਇਆ। ਦਾਈ ਦੌਲਤਾਂ ਨੇ ਉਸ ਨੂੰ ਸਮੇਂ ਦਾ ਹਾਲ ਦੱਸਿਆ ਸੁਣ ਕੇ ਪੰਡਤ ਨੇ ਕਿਹਾ,

"ਯਹ ਸਿਸੁ ਹੈ ਅਵਤਾਰੀ ਕੋਊ।
ਵਡ ਭਾਗ ਕਾਲੂ ਕੇ ਹੋਊ ।੧੮।"

ਪੰਡਤ ਨੇ ਇੱਛਿਆ ਕਰਕੇ, ਮਹਾਰਾਜ ਦੇ ਦਰਸ਼ਨ ਵੀ ਕੀਤੇ। (ਅੱਗੇ ਗੁਰਦੇਵ ਦੇ ਰੂਪ ਦੀ ਉਸਤਤ ਹੈ।)

ਪ੍ਰੋਹਤ ਨੇ ਗੁਰੂ ਜੀ ਦਾ ਨਾਮ 'ਨਾਨਕ' ਧਰਿਆ। ਕਾਲੂ ਨੇ ਕਿਹਾ, 'ਜੀ, ਇਹ ਤਾਂ ਸਾਂਝਾ ਜੇਹਾ ਨਾਮ ਹੈ, ਕੋਈ ਹਿੰਦੂਆਂ ਵਾਲਾ ਨਾਮ ਰਖੋ।'

ਅੱਗੋਂ ਪੰਡਤ ਨੇ ਉੱਤਰ ਦਿਤਾ,
"ਰਾਮ, ਕ੍ਰਿਸ਼ਨ ਅਵਤਾਰ ਜੋ ਹਰਿ ਕਾ।
ਪੂਜਤ ਹਿੰਦੂ, ਨ ਮਾਨੈ ਤੁਰਕਾ ।੫੦।
ਇਹ ਸਿਸੁ ਕੋ ਮਾਨਹਿਗੇ ਦੋਊ।
ਹਿੰਦੂ, ਤੁਰਕ, ਸਿਖ੍ਹ ਹੋਇ ਸਭ ਕੋਊ ।...੫੧।"

ਅੱਗੇ ਸ਼ਬਦ 'ਨਾਨਕ' ਦੇ ਅਰਥ ਹਨ, ਕਿ ਜਿਸ ਨੂੰ ਕੋਈ ਦੁੱਖ ਨਾ ਪੋਹੇ।

# ਪੰਜਵਾਂ ਧਯਾਇ

## ਬਾਲ ਲੀਲ੍ਹਾ

(ਇਸ ਅਧਿਆਇ ਵਿਚ ਬਾਲ ਲੀਲ੍ਹਾ ਦਾ ਵਰਨਣ ਹੈ।)

"ਪਾਂਚ ਬਰਖ ਕੀ ਹੋਈ ਬੈਸਾ।
ਕਰਨ ਲਗੇ ਕਾਰਜ ਪੁਨ ਐਸਾ।
ਲੇਯ ਵਸਤ ਘਰ ਬਾਹਿਰ ਧਾਵਹਿ।
ਜੋ ਲੇਵਹਿ, ਸੋ ਜਾਇ ਗਵਾਵਹਿ ।੨੧।"

ਗੁਰਦੇਵ ਦੇ ਇਸ ਸੁਭਾਉ ਤੋਂ ਮਾਤਾ ਪਿਤਾ ਤੰਗ ਪੈ ਗਏ। ਬਾਬੇ ਕਾਲੂ ਨੇ ਪ੍ਰੋਹਤ ਨੂੰ ਉਲਾਹਮਾ ਵੀ ਦਿਤਾ, ਕਿ ਨਾਨਕ ਦਾ ਵਿਹਾਰ ਤਾਂ ਤੁਹਾਡੇ ਜੋਤਸ਼ ਦੇ ਉਲਟ ਹੀ ਹੈ। ਪ੍ਰੋਹਤ ਨੇ ਕਿਹਾ, 'ਨਾਨਕ ਦੀ ਵਡਿਆਈ ਤੁਸੀਂ ਨਹੀਂ ਸਮਝੋਗੇ, ਪਰ ਹੋਰ ਲੋਕ ਸਮਝਣਗੇ।'

ਇਕ ਰਾਤ ਮਾਤਾ ਤ੍ਰਿਪਤਾ ਨੇ ਸੁਪਨਾ ਵੇਖਿਆ, 'ਗੁਰੂ ਜੀ ਸਿੰਘਾਸਣ ਉਤੇ ਬੈਠੇ ਹਨ, ਤੇ ਦੇਵਤੇ ਅੱਗੇ ਹੱਥ ਜੋੜੀ ਖਲੇ ਹਨ।'

Digitized by Panjab Digital Library | www.panjabdigilib.org

# ਛੇਵਾਂ ਧਯਾਇ

ਗੋਪਾਲ ਪਾਂਧੇ ਨੂੰ ਉਪਦੇਸ਼

ਬਾਲਕ ਨੂੰ ਵਿੱਦਿਆ ਦੇਣ ਬਾਰੇ ਬਹੁਤ ਸੁੰਦਰ ਸ਼ਬਦ ਲਿਖੇ ਹਨ :

"ਬਹੁ ਗੁਨੀ ਅਲਾਵਹਿ, ਸੁਤ ਨ ਪਢਾਵਹਿ, ਸੋ ਸ਼ਤਰੂ ਸਮ ਤਾਤ ।[1]
ਸੋਭਾ ਨਹਿ ਪਾਵਹਿ, ਮਤਿ ਨਹਿ ਆਵਹਿ, ਜਗ ਮੈ ਇਹ ਬਿਖਯਾਤ । ੪।"

ਗੁਰੂ ਜੀ ਨੂੰ ਗੋਪਾਲ ਪਾਂਧੇ ਪਾਸ ਪੜ੍ਹਨੇ ਬਿਠਾ ਦਿਤਾ । ਪਾਂਧੇ ਨੇ ਜੋ ਅੱਖਰ ਪੜ੍ਹਾਏ, ਗੁਰੂ ਜੀ ਨੇ ਪੜ੍ਹ ਲਏ, ਯਾਦ ਕਰ ਲਏ । ਫਿਰ ਪਾਂਧੇ ਨੇ ਲੇਖਾ (ਹਿਸਾਬ) ਪੜ੍ਹਨ ਵਾਸਤੇ ਕਿਹਾ, ਤਾਂ ਗੁਰੂ ਜੀ ਨੇ ਪੁੱਛਿਆ, ਇਸ ਦਾ ਕੀ ਲਾਭ ਹੈ ?

"ਸਬ ਬੈਸ[2] ਬਿਹਾਵਹਿ, ਪੁਨ ਪਛਤਾਵਹਿ, ਜਬ ਜਾਵਹਿ ਜਮ ਦ੍ਵਾਰ ।
ਇਹ ਲੇਖਾ ਗਾਹੈ, ਛੁਟਯੋ ਜਿ ਚਾਹੈ, ਜੋ ਮੈਂ ਕਰੋਂ ਉਚਾਰ ।੧੪।"

ਫਿਰ ਗੁਰੂ ਜੀ ਨੇ ਪਾਂਧੇ ਪ੍ਰਤੀ ਇਹ ਸ਼ਬਦ ਉਚਾਰਿਆ:-

"ਜਾਲਿ ਮੋਹੁ ਘਸਿ ਮਸੁ ਕਰਿ, ਮਤਿ ਕਾਗਦੁ ਕਰਿ ਸਾਰੁ ।...।"
(ਸਿਰੀ ਰਾਗ, ਮ: ੧. ਪੰਨਾ ੧੬)

(ਅੱਗੇ ਇਸ ਸ਼ਬਦ ਦ ਅਰਥ ਹਨ ।)

"ਸੁਨ ਪਾਧਾ ਪਾਇਨ ਪਰਾ, ਹੌ ਸਬੰਧ ਮਤਿ ਮੰਦ ।
ਲਖੀ ਨ ਤੁਝ ਗਤਿ ਜਾਵਹੀ, ਭਾ ਅਵਤਾਰ ਮੁਕੰਦ ।੬੯।"

(ਗੁਰਬਾਣੀ ਵਿਚ ਕੋਈ ਅਜੇਹੇ ਸ਼ਬਦ ਆਉਂਦੇ ਹਨ, ਜਿਨ੍ਹਾਂ ਵਿਚ ਇਤਿਹਾਸਕ ਇਸ਼ਾਰੇ ਹਨ ! ਤੇ ਕਈ ਸ਼ਬਦਾਂ ਦੇ ਆਧਾਰ 'ਤੇ ਪਿੱਛੋਂ ਸਾਖੀਆਂ ਵੀ ਘੜੀਆਂ ਗਈਆਂ ਹਨ ।)

# ਸੱਤਵਾਂ ਧਯਾਇ

ਸਪਤ ਸਲੋਕੀ ਗੀਤਾ

ਗੁਰੂ ਜੀ ਹੱਥ ਵਿਚ ਕੁਛ ਕਾਗ਼ਜ਼ ਲਈ ਬਾਲਕਾਂ ਵਿਚ ਖੇਡ ਰਹੇ ਸਨ । ਉਹ ਸਾਥੀਆਂ ਨੂੰ ਕੁਛ ਪੜ੍ਹ ਕੇ ਸੁਣਾ ਰਹੇ ਸਨ । ਪਿਤਾ ਕਾਲੂ ਜੀ ਦੇ ਪੁੱਛਣ ਤੇ ਗੁਰੂ ਜੀ ਨੇ ਫ਼ੁਰਮਾਇਆ :

"ਸਪਤ ਸਲੋਕੀ ਪਢਹੋ ਗੀਤਾ,
ਅਰਥ ਵਿਚਾਰੋ ਤਿਹ ਕਰ ਪ੍ਰੀਤਾ ।...੩੧।"

(ਫਿਰ ਪਿਤਾ ਦੇ ਪੁਛਣ ਉਤੇ ਅਰਥ ਕਰਨ ਲੱਗ ਪਏ ।)

1. ਉਹ ਪਿਤਾ ਦੁਸ਼ਮਣ ਹੈ, ਜੋ ਪੁੱਤਰ ਨੂੰ ਵਿੱਦਿਆ ਨਾ ਪੜ੍ਹਾਵੇ । 2. ਉਮਰ ।

Digitized by Panjab Digital Library | www.panjabdigilib.org

# ਅੱਠਵਾਂ ਧਯਾਇ

## ਮੌਲਾਣੇ ਨੂੰ ਉਪਦੇਸ਼

(ਇਸ ਦਾ ਪਹਿਲਾ ਛੰਦ ਉਸ ਸਮੇਂ ਦੀ ਕਵਿਤਾ ਦਾ ਸੁੰਦਰ ਨਮੂਨਾ ਹੈ। ਵੇਖੋ :)

"ਬਾਨ ਜਿਮ ਲੱਛ[1] ਪਰ, ਬੀਰ ਭਦ੍ਰ[2] ਦੱਛ[3] ਪਰ.
ਨਦੀ ਮੱਧ ਮੱਛ ਪਰ, ਦਾਸ[4] ਜਾਲ ਪਾਨ ਹੈ।
ਸ਼ੇਰ ਜਿਮ ਭੱਛ[5] ਪਰ, ਬਾਜ ਜਿਮ ਪੱਛ[6] ਪਰ,
ਚੰਡਿ[7] ਬਿੜਾ[8] ਲੱਛ ਪਰ, ਕੀਨ ਦੁਤਿ ਹਾਨ ਹੈ,[9]
ਰਾਮ[10] ਛਿਤਪਾਲ[11] ਪਰ, ਰਾਮ[12] ਸੁਰਪਾਲ[13] ਪਰ,
ਰਾਮ[14] ਮਘਪਾਲ[15] ਪਰ, ਜੈਸੇ ਸਾਵਧਾਨ ਹੈ,
ਸਕ੍ਰ[16] ਜਿਮ ਕੋਹ[17] ਪਰ, ਚਕ੍ਰ ਹਰਿ[18] ਦ੍ਰੋਹਿ[19] ਪਰ,
ਗੁਰੂ ਸਿੱਖ ਮੋਹ ਪਰ, ਤੈਸੇ ਬਲਵਾਨ ਹੈ।੧।"

ਭਾਈ ਬਾਲਾ ਸਾਖੀ ਕਹੀ ਜਾ ਰਿਹਾ ਹੈ:—

ਗੁਰੂ ਜੀ ਨੂੰ ਮੁੱਲਾਂ ਪਾਸ ਫ਼ਾਰਸੀ ਪੜ੍ਹਨ ਬਿਠਾਇਆ, ਜੋ ਮਹਾਰਾਜ ਛੇਤੀ ਹੀ ਪੜ੍ਹ ਗਏ।

"ਸਿਫਤਿ ਪ੍ਰਕਾਸ ਭਈ ਕਾਲੂ ਸੁਤ ਬੁਧ ਰਾਸ,
ਪਾਰਸੀ ਇਲਮ ਜੋ ਕਠਨ, ਸੀਖਯੋ ਬੇਗ[20] ਹੀ।...੯।"

ਫਿਰ ਗੁਰੂ ਜੀ ਦੋ ਦਿਨ ਚਾਦਰ ਤਾਣ ਕੇ ਚੁੱਪ ਚਾਪ ਲੇਟੇ ਰਹੇ। ਬਾਬਾ ਕਾਲੂ ਮੌਲਵੀ ਨੂੰ ਸੱਦ ਕੇ ਲਿਆਇਆ, ਕਿ ਬਾਲਕ ਨੂੰ ਕੀ ਹੋ ਗਿਆ ਹੈ। ਮੌਲਵੀ ਨੇ ਦੁਆ ਪੜ੍ਹੀ ਤੇ ਕਿਹਾ,

"ਹੇਤ ਖੁਦਾਇ ਉਠੋ ਇਕ ਬਾਰ, ਉਚਾਰ ਕਰੋ ਉਰ ਜੈਸੇ ਆਹੀ।੧੯।"

ਗੁਰੂ ਜੀ ਨੇ ਉਠ ਕੇ ਇਹ ਸ਼ਬਦ ਉਚਾਰਿਆ,

"ਯਕ ਅਰਜ ਗੁਫਤਮ ਪੇਸਿ ਤੋ ਦਰ, ਗੋਸ ਕੁਨ ਕਰਤਾਰ।.।"

(ਤਿਲੰਗ, ਮ. ੧. ਪੰਨਾ ੭੨੧)

ਅੱਗੇ ਏਸੇ ਸ਼ਬਦ ਦੀ ਵਿਸਥਾਰ ਪੂਰਬਕ ਵਿਆਖਿਆ ਹੈ। ਮੌਲਵੀ ਸ਼ਰਧਾ ਨਾਲ

---

1. ਬਾਣ ਜਿਵੇਂ ਨਿਸ਼ਾਨੇ ਉਤੇ। 2. ਸ਼ਿਵਾਂ ਦਾ ਇਕ ਗਣ (ਬੀਰ)। 3. ਦਖ਼ਸ਼, ਪਾਰਬਤੀ ਦਾ ਪਿਤਾ। 4. ਮਛੇਰਾ, ਨਦੀ ਵਿਚਲੀ ਮੱਛੀ ਉਤੇ ਜਾਲ ਪਾਉਣ ਵਾਲਾ। 5. ਖਾਣ ਜੋਗ, ਪਸ਼ੂ। 6. ਪੰਛੀ। 7. ਚੰਡਿਕਾ। 8. ਬਿੱਲੇ ਦੀਆਂ ਅੱਖਾਂ ਵਾਲਾ ਰਾਕਸ਼। 9. ਰੂਪ ਦੀ ਹਾਨੀ ਕਰਨ ਵਾਲਾ। 10. ਪਰਸਰਾਮ। 11. ਛੱਤ੍ਰੀ, ਰਾਜੇ। 12. ਰਾਮ ਚੰਦਰ। 13. ਰਾਵਣ। 14. ਬਲਰਾਮ। 15. ਮਗਧ ਦਾ ਰਾਜਾ, ਜਰਾਸੰਧ। 16 ਇੰਦਰ। 17. ਪਹਾੜ। 18. ਹਰੀ=ਵਿਸ਼ਨੂੰ ਦਾ ਚੱਕਰ। 19. ਦੁਸ਼ਟ। 20. ਛੇਤੀ।

Digitized by Panjab Digital Library | www.panjabdigilib.org

ਸਿਰ ਝੁਕਾ ਕੇ ਚਲਾ ਗਿਆ ।

# ਨੌਵਾਂ ਧਯਾਇ

ਜਨੇਊ ਦਾ ਪ੍ਰਸੰਗ

(ਆਰੰਭ ਵਿਚ ਹੀ ਸੁਰਸਵਤੀ ਦੇਵੀ ਦੀ ਅਰਾਧਨਾ ਹੈ ।)

"ਸ੍ਰੀ ਸਰਸ੍ਵਤੀ[1] ਸਰਬਦਾ[2], ਬਰਨ ਸ੍ਵੇਤ[3] ਸੁਖ ਕੰਦ[4] ।
ਤਰਲ ਆਂਗੁਰੀ ਬੀਨ[5] ਸੋ ਬੰਦੋ ਦ੍ਵੈ ਕਰ ਬੰਦ[6] ।"

ਬਾਬੇ ਕਾਲੂ ਨੇ ਗੁਰੂ ਜੀ ਨੂੰ ਜਨੇਊ ਪਹਿਨਾਉਣ ਵਾਸਤੇ ਪ੍ਰੋਹਤ ਹਰਿਦਿਆਲ ਨੂੰ ਬੁਲਾ ਲਿਆ । ਪ੍ਰੋਹਤ ਦੇ ਦੱਸ ਸ਼ੁਭ ਦਿਨ ਤੇ ਕਾਲੂ ਜੀ ਨੇ ਸਭ ਸੰਬੰਧੀ ਤੇ ਪੰਡਤ ਬੁਲਾ ਲਏ । ਹਰ ਤਰਾਂ ਦਾ ਸੀਧਾ ਤੇ ਮਾਸ ਵਾਸਤੇ ਬੱਕਰਾ* ਵੀ ਲੈ ਆਂਦਾ । ਗੁਰੂ ਜੀ ਵੀ ਪੰਡਤਾਂ ਵਿਚ ਆ ਬੈਠੇ । ਪੰਡਤ ਜੰਞੂ ਪਾਉਣ ਲੱਗਾ, ਤਾਂ ਗੁਰੂ ਜੀ ਨੇ ਸਵਾਲ ਕੀਤਾ

"ਬੂਝਤ ਭੇ, ਦਿਜ[7] ਮੋਹਿ ਸੁਨਾਵੋ
ਕਿਸ ਕਾਰਨ ਤੈਂ ਜੰਞੂ ਪਾਵਊ ।੧੦।
ਕੌਨ ਅਧਿਕਤਾ ਯਾਂ ਕੇ ਪਾਏ ।
ਕਿਸ ਪਦਵੀ ਇਹ ਦੇਤ ਪੁਚਾਏ...... ।੧੧।"

ਅਗੋਂ ਪੰਡਿਤ ਨੇ ਕਿਹਾ,

"ਦਿਜ ਛੱਤ੍ਰੀ ਕੇ ਧਰਮ ਜੁ ਧਰ ਈ ।
ਜਗਯੁਪਵੀਤ ਸੁ ਪਾਵਨ ਕਰਈ ।੧੩।
ਜਾਵਦ[8] ਰੀਤ ਨ ਅਸ ਅਨਸਾਰੀ ।
ਤਾਵਦ[9] ਨਹ ਚੌਕੇ ਅਧਿਕਾਰੀ ।......੧੪।"

ਅੱਗੋਂ ਗੁਰੂ ਜੀ ਨੇ ਫ਼ੁਰਮਾਇਆ :

"ਪਾਇ ਸੂਤ ਗਰ[10] ਕਰਤ ਕੁਕਰਮਾ ।
ਧਨ ਹਿਤ ਹਿੰਸਾ ਧੋਹਿ ਅਧਰਮਾ ।
ਅੰਤ ਪ੍ਰਯੰਤ[11] ਦੁਸ਼ਟਤਾ ਧਾਰੇ ।
ਝੂਠ ਪਿਸ਼ਨਤਾ[12] ਚਿਤ ਹਿਤਕਾਰੇ ।੧੭।

---

1. ਸੁਰਸਵਤੀ ਦੇਵੀ, ਕਵਿਤਾ ਦੀ ਦੇਵੀ । 2. ਸਦਾ ਹੀ । 3. ਸਫ਼ੇਦ ਰੰਗ । 4. ਸੁਖਦਾਤੀ । 5. ਵੀਣਾ । 6. ਦੋਵੇਂ ਹੱਥ ਜੋੜਕੇ ਬੰਦਨਾ ਕਰਦਾ ਹਾਂ । 7. ਪੰਡਿਤ । 8. ਜਦ ਤਕ । 9. ਤਦ ਤਕ । 10. ਗਲ ਵਿਚ ਜਨੇਊ ਪਾ ਕੇ । 11. ਅੰਤ ਸਮੇਂ ਤਕ । 12, ਚੁਗਲੀ ।

*"ਆਮਿਖ ਕਾਰਨ ਛਾਂਗ ਮੰਗਾਈ ।......।।" (ਆਮਿਖ=ਮਾਸ । ਛਾਂਗ=ਬੱਕਰਾ)

Digitized by Panjab Digital Library | www.panjabdigilib.org

ਸੋ ਖੱਤ੍ਰੀ ਦਿਜ, ਕਿਧੋ ਚੰਡਾਲਾ।
ਸਹਹਿ ਜਾਇ ਜਮ ਦੰਡ ਬਿਸਾਲਾ[1]।
ਕੌਨ ਜਨੇਊ ਤਿਹ ਫਲ ਦੀਨਾ।
ਪਾਯੋ ਨਰਕ, ਈਹਾਂ ਅਘ ਕੀਨਾ ।੧੯।"

ਫਿਰ ਪੰਡਤ ਨੇ ਪੁਛਿਆ,

"ਕੌਨ ਜੰਞੂ ਤੇ ਜਾਇ ਨ ਨਰਕਾ।
ਜਾਂ ਕੋ ਜਮ ਨਹਿ ਕਰਹਿ ਕੁਤਰਕਾ ।੨੦।"

ਉਤਰ ਵਿਚ ਗੁਰੂ ਜੀ ਨੇ ਸਲੋਕ ਉਚਾਰੇ,

"ਦਇਆ ਕਪਾਹ, ਸੰਤੋਖੁ ਸੂਤੁ, ਜਤੁ ਗੰਢੀ, ਸਤੁ ਵਟੁ।......।"
"ਲਖ ਚੋਰੀਆ, ਲਖ ਜਾਰੀਆ, ਲਖ ਕੂੜੀਆ, ਲਖਿ ਗਾਲਿ। ...।"
"ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ। ....."

(ਆਸਾ. ਮ. ੧. ਪੰਨਾ ੪੭੧)

ਨਾਲ ਨਾਲ ਇਹਨਾਂ ਸਲੋਕਾਂ ਦੀ ਵਿਆਖਿਆ ਹੈ।

(ਅੱਗੇ ਚੱਲ ਕੇ ਕਵੀ ਇਕ ਭੁਲੇਖਾ ਪਾਊ ਪੰਗਤੀ ਕਹਿ ਜਾਂਦਾ ਹੈ।)

"ਅਸ ਬਿਧਿ ਸ੍ਰੀ ਨਾਨਕ ਗਤਿ ਦਾਨੀ।
ਉਪਦੇਸ਼ਨ ਕੀ ਉਚਰਤ ਬਾਨੀ।
ਬਚਨ ਬਦਤਿ ਬਿਪ੍ਰਨ ਬਰਿਆਈ।
ਜਗਯੁਪਵੀਤ ਦਿਯੋ ਪਹਿਰਾਈ ।੪੩।
ਤੂਸ਼ਨ ਭਏ ਤਬਹਿ ਸੁਖ ਸਦਨਾ।
ਦਿਜ ਦੰਭਨ ਕੋ ਕੀਨ ਨਿਕਦਨਾ।......੪੪।"

(ਇਕ ਪਾਸੇ ਕਵੀ ਜੀ ਲਿਖ ਜਾਂਦੇ ਹਨ 'ਜਗਯੁਪਵੀਤ ਦਿਯੋ ਪਹਿਰਾਈ।' ਜਿਸ ਨਾਲ ਸਾਰੇ ਘਰ ਵਿਚ ਖ਼ੁਸ਼ੀ ਹੋਈ। ਤੇ ਨਾਲ ਹੀ ਲਿਖ ਦੇਂਦੇ ਹਨ 'ਦਿਜ ਦੰਭਨ ਕੋ ਕੀਨ ਨਿਕਦਨਾ।' ਪੰਡਤਾਂ ਦੇ ਪਖੰਡ ਦਾ ਨਾਸ ਕੀਤਾ। ਇਸਦਾ ਕੀ ਅਰਥ ਸਮਝਿਆ ਜਾਵੇ। ਗੱਲ ਸਾਫ਼ ਨਹੀਂ ਕੀਤੀ।)

ਗੁਰੂ ਜੀ ਦੇ ਉਪਦੇਸ਼ ਸੁਣ ਕੇ ਪ੍ਰੋਹਤ ਹਰਿਦਿਆਲ ਬੜਾ ਪ੍ਰਸੰਨ ਹੋਇਆ। ਫਿਰ ਸਭ ਨੂੰ ਭੋਜਨ ਵਰਤਾਇਆ ਗਿਆ।

1. ਬਹੁਤਾ, ਵਧੇਰੇ।

Digitized by Panjab Digital Library | www.panjabdigilib.org

# ਦਸਵਾਂ ਧਯਾਇ

## ਮੱਝੀਂ ਚਾਰਨ ਜਾਣਾ

ਗੁਰੂ ਮਹਾਰਾਜ ਹਰ ਸਮੇਂ ਚੁੱਪ ਚੁੱਪ ਰਹਿਣ ਲੱਗੇ। ਵੇਖਣ ਵਾਲੇ ਕਹਿਣ, ਕਿਸੇ ਦੀ ਨਜ਼ਰ ਲੱਗ ਗਈ ਹੈ।

"ਡੀਠ ਲਗੀ ਨਰ ਨਾਰਿਨ ਕੇਰੀ।
ਜਿਹ ਮਸਤਾਨੀ ਤੌਰ ਘਨੇਰੀ।੬।
ਭੂਤ ਪ੍ਰੇਤ ਕੀ ਭਈ ਕਿ ਛਾਯਾ।
ਸੁਨਨ ਕਹਿਨ ਜਿਨ ਮਤ ਬਿਸਰਾਯਾ।......੭।"

ਬਾਬੇ ਕਾਲੂ ਨੇ ਸੋਚਿਆ, ਨਾਨਕ ਨੂੰ ਕਿਸੇ ਕੰਮ ਲਾਈਏ।

"ਅਸ ਬਿਧਿ ਲਖਿ ਕਾਲੂ ਮੁਖ ਭਾਖੀ।
ਗੋ ਮਹਿਖੀ[1] ਚਾਰਹੁ ਕਰ ਰਾਖੀ।੯।"

ਅੱਗੋਂ ਗੁਰੂ ਜੀ ਨੇ ਕਿਹਾ,

"ਕਹਤ, ਪਿਤਾ ਜੀ! ਭੋਰ ਸਿਧਾਊ।
ਤੁਮ ਰਜਾਇ ਤੇ ਚਾਰ ਲਿਆਊ।੧੨।"

ਅਗਲੇ ਦਿਨ ਮਹਾਰਾਜ ਮਹੀਂ ਚਾਰ ਕੇ ਲਿਆਏ, ਤਾਂ

"ਕਾਲੂ ਹੇਰ[2] ਹਰਖ[3] ਉਰ ਭਾਰੀ।
ਲਖਯੋ ਕਿ ਲਗਯੋ ਮਹਿ ਸੁਤ ਕਾਰੀ।।੧੬।"

ਅਗਲੇ ਦਿਨ ਗੁਰੂ ਜੀ ਇਕ ਬਿਰਛ ਥੱਲੇ ਸੌਂ ਗਏ। ਮਹੀਂ ਨੇ ਇਕ ਖੇਤ ਉਜਾੜ ਦਿਤਾ। ਜ਼ਿਮੀਦਾਰ ਮਹੀਂ ਵਲ ਕੇ ਰਾਏ ਬੁਲਾਰ ਕੋਲ ਲੈ ਆਇਆ।

"ਸਭ ਕਿਦਾਰ[4] ਤੇ ਭਰਹੁ ਉਜਾਰਾ।
ਨ ਤਰ ਚਲੋ ਢਿਗ ਰਾਇ ਬੁਲਾਰਾ।੨੩।
ਅਸ ਕਹਿ ਸਭ ਸੁਰਭੀ ਲਿਯ ਹਾਂਕੀ
ਰਿਸ ਪਨ ਸ਼ੋਕ ਬਿਖੈ ਮਤਿ ਤਾਂਕੀ।......੨੪।...
ਝਗਰਤ ਝਗਰਤ ਪਹੁੰਚੇ ਤਹਿਵਾ।
ਰਾਇ ਬੁਲਾਰੁ ਬੈਠਯੋ ਜਹਿਵਾ।...੨੯।"

ਰਾਏ ਬੁਲਾਰ ਨੇ ਬਾਬ ਕਾਲੂ ਨੂੰ ਬੁਲਾ ਕੇ ਕਿਹਾ,

"ਗ ਚਾਰਨ ਕੋ ਸੁਤ ਮਸਤਾਨਾ।
ਭੇਜਯੋ, ਜਿਨ ਸਬ ਖੇਤ ਚਰਾਨਾ।੩੫।"

ਰਾਏ ਨੇ ਕਾਲੂ ਨੂੰ ਉਜਾੜਾ ਭਰਨ ਵਾਸਤੇ ਕਿਹਾ।

---

1. ਗੋ=ਗਾਂ। ਮਹਿਖੀ= ਮਹਿੰ। 2. ਵੇਖ ਕੇ। **3. ਖ਼ੁਸ਼, ਪਰਸੰਨ। 4. ਖੇਤੀ।**

Digitized by Panjab Digital Library | www.panjabdigilib.org

"ਅਸ ਸੁਨ ਕਰਿ ਸ੍ਰੀ ਨਾਨਕ ਬਾਨੀ ।
ਬੋਲੇ ਕਲਾਵਾਨ ਗੁਨ ਖਾਨੀ । ੩੬।
ਬਿਘਨ ਨ ਖੇਤੀ ਮਹਿ ਕਿਨ ਕੀਨਾ ।
ਤੁਮ ਕਸ ਚਹਹੁ ਉਜਾਰਾ ਲੀਨਾ ।
ਇਕ ਨ ਖੇਤ ਕੋ ਪਾਤ ਨਿਪਾਤੇ ।
ਬਾਦ ਬਦਤ ਤੁਮ ਬੈਨ ਰਿਸਾਤੇ ।੩੭।"

ਰਾਏ ਬੁਲਾਰ ਨੇ ਆਪਣਾ ਆਦਮੀ ਖੇਤ ਵੇਖਣ ਵਾਸਤੇ ਭੇਜਿਆ । ਉਸਨੇ ਆ ਕੇ ਕਿਹਾ,

"ਹੇਰਯੋ ਫਿਰ ਕੈ ਨਰ ਚਹੁ ਘਾਤੇ ।
ਬਿਘਨ ਨ ਦੀਸੈ ਮੁਰਯੋ ਤਹਾਂ ਤੇ । ੪੦।

(ਲਉ ਜੀ ! ਉਜੜਿਆ ਖੇਤ ਹਰਿਆ ਹੋ ਗਿਆ । ਕਰਾਮਾਤ ।)

# ਗਿਆਰਵਾਂ ਧਯਾਇ

## ਸਰਪ ਨੇ ਛਾਂ ਕੀਤੀ

(ਬਸੰਤ ਰੁੱਤ ਦਾ ਬੜਾ ਸੁੰਦਰ ਵਰਨਣ ਹੈ ।)

ਮਹਾਰਾਜ ਖੇਤ ਵਿਚ ਮਹੀਂ ਚਾਰ ਰਹੇ ਸਨ । ਮਹੀਨਾ ਵਿਸਾਖ । ਹਜ਼ੂਰ ਇਕ ਬਿਰਛ ਦੀ ਛਾਂਵੇਂ ਸੌਂ ਗਏ । ਛਾਂ ਢਲ ਗਈ । ਚਿਹਰੇ ਤੇ ਧੁੱਪ ਆ ਗਈ । ਸ਼ਰਧਾ ਵੱਸ ਸਰਪ ਨੇ ਛਾਂ ਆ ਕੀਤੀ ।

"ਹੇਤ ਛਾਉ ਕੇ ਫਨ ਬਿਸਤਾਰਾ ।
ਅਤ ਉੱਜਲ, ਜਿਵ ਸੁਰਸਰਿ ਧਾਰਾ ।੧੭।"

ਰਾਏ ਬੁਲਾਰ ਸਾਥੀਆਂ ਸਣੇ ਨੇੜੇ ਆਇਆ, ਤਾਂ ਸਰਪ ਧਰਤੀ ਵਿਚ ਲੁਕ ਗਿਆ ਤੇ ਮਹਾਰਾਜ ਉਠ ਕੇ ਬੈਠ ਗਏ । ਇਹ ਕੌਤਕ ਵੇਖ ਕੇ ਰਾਏ ਬੁਲਾਰ ਨੇ ਸਿਰ ਝੁਕਾਇਆ

"ਭਾ ਆਧੀਨ ਮਨ ਕਰ ਬਹੁ ਭਾਉ ।
ਜਾਨਯੋ ਇਹ ਅਵਤਾਰ ਪ੍ਰਭਾਉ ।
ਬਹੁਰ ਨ ਮਨ ਕਬ ਕੀਨ ਡੁਲਾਊ ।
ਥਿਰ ਕਰ ਸਰਧਾ ਤਾਂ ਦਿਨ ਰਾਊ ।੨੮।"

ਸ਼ਾਮ ਨੂੰ ਕਾਲੂ ਨੂੰ ਬੁਲਾ ਕੇ ਰਾਏ ਬੁਲਾਰ ਨੇ ਕਿਹਾ,

"ਭਿੱਤ ਭੇਜ ਕਾਲੂ ਬੁਲਵਾਯੋ ।
ਕਰ ਆਦਰ ਨਿਜ ਨਿਕਟ ਬਿਠਾਯੋ ।

Digitized by Panjab Digital Library | www.panjabdigilib.org

ਨਿਜ ਸੁਤ ਕੌ ਸੁਤ ਜਾਨੋ ਨਾਹੀਂ ।
ਭਾ ਅਵਤਾਰ ਤੋਹਿ ਘਰ ਮਾਹੀ ।੩੩।"
"ਤਾਂ ਦਿਨ ਤੇ ਤਲਵੰਡੀ ਪੁਰਿ ਮੈ ।
ਮਹਿਮਾ ਕਰਤ ਭਏ ਘਰ ਘਰ ਮੈ ।੪੦।"
ਫਿਰ ਮੱਝੀਆਂ ਚਾਰਨ ਤੋਂ ਛੁੱਟੀ ਮਿਲ ਗਈ ।

# ਬਾਰ੍ਹਵਾਂ ਧਯਾਇ

## ਖੇਤੀ ਕਰਨੀ

(ਏਥੇ ਪਹੁੰਚ ਕੇ ਕਵੀ ਜੀ ਨੂੰ ਫਿਰ 'ਚੰਡੀ ਮਾਤਾ' ਦਾ ਚੇਤਾ ਆ ਗਿਆ ।)

"ਸ੍ਰੀ ਚੰਡੀ ਖੰਡਨ ਦੁਸ਼ਟ, ਭੁਜ ਦੰਡਨ ਬਰਬੰਡ ।
ਜਗ ਮੰਡਨ ਪਦ ਬੰਦਨਾ, ਜਾ ਕੋ ਤੇਜ ਪ੍ਰਚੰਡ ।੧।"

(ਅੱਗੇ ਬਰਖਾ ਰੁੱਤ ਦਾ ਸੁੰਦਰ ਵਰਨਣ ਹੈ ।)

ਬਾਬੇ ਕਾਲੂ ਦੇ ਕਹਿਣ ਉਤੇ ਗੁਰੂ ਜੀ ਨੇ ਖੇਤੀ ਬੀਜੀ, ਜੋ ਬਹੁਤ ਸੰਘਣੀ ਉੱਗੀ । ਕਾਲੂ ਵੇਖ ਕੇ ਬੜਾ ਖ਼ੁਸ਼ ਹੋਇਆ । ਗੁਰੂ ਜੀ ਪੈਲੀ ਵਿਚ ਜਾ ਕੇ ਆਰਾਮ ਕਰਦੇ । ਪਸੂ ਸਾਰੀ ਪੈਲੀ ਖਾ ਕੇ ਉਜਾੜ ਗਏ । ਕਾਲੂ ਵੇਖ ਕੇ ਬਹੁਤ ਨਾਰਾਜ਼ ਹੋਇਆ, ਤੇ ਬੜੇ ਕਠੋਰ ਸ਼ਬਦ ਬੋਲੇ ।

"ਮੰਦ ਭਾਗ ਮੈਂ ਅਪਨ ਨਿਹਾਰਾ ।
ਤੂ ਸੁਤ ਜਨਮਯੋ ਸਦਨ ਉਜਾਰਾ ।...੨੪।...
ਤੁਝ ਜਨਮੇ ਤੇ ਕੋ ਗੁਨ ਮੋਹੀ ।
ਯਾਂ ਤੇ ਭਲੋ ਰਹਤ ਮੈਂ ਯੋਹੀ ।੨੬।"

(ਕਵੀ ਆਪਣੇ ਰੌਂ ਵਿਚ ਲਿਖ ਗਿਆ ਹੈ । ਨਹੀਂ ਤਾਂ ਬਾਬੇ ਕਾਲੂ ਦੇ ਮੂੰਹੋਂ ਗੁਰਦੇਵ ਵਾਸਤੇ ਐਸੇ ਸ਼ਬਦ ਨਹੀਂ ਸਨ ਸੋਭਦੇ ।)

ਇਕ ਦੁਪਹਿਰ ਨੂੰ ਮਹਾਰਾਜ ਇਕ ਬਿਰਛ ਥੱਲੇ ਸੁੱਤੇ ਪਏ ਸਨ । ਰਾਏ ਬੁਲਾਰ ਨੇ ਆ ਕੇ ਵੇਖਿਆ,

"ਢਰ ਗਾ ਸਭ ਪਾਦਪ[1] ਪਰਛਾਵਾਂ ।
ਨਹੀਂ ਢਰਯੋ ਜਹ ਇਨ ਸੁਖ ਪਾਵਾ ।
ਨਿਸਚੇ ਕਲਾਵਾਨ ਅਵਤਾਰਾ ।
ਰਹਿਤ ਦੁਰਾਇ[2] ਅਪਨ ਪੌ ਸਾਰਾ ।੪੧।"

1. ਬਿਰਛ । 2. ਛਿਪਾਇ ਰਖਣਾ ।

Digitized by Panjab Digital Library | www.panjabdigilib.org

ਇਹ ਕੌਤਿਕ ਵੇਖ ਕੇ ਰਾਏ ਬੁਲਾਰ ਨੇ ਨਮਸਕਾਰ ਕੀਤੀ ।

"ਅਸ ਕਹਿ ਬੰਦੇ ਦੋਨੋ ਹਾਥਾ ।
ਬੰਦਨ ਕੀ ਧਰ ਕੈ ਧਰ ਮਾਥਾ ।੪੪।"

ਅੰਤ ਵਿਚ ਕਵੀ ਗੁਰੂ ਜੀ ਤੇ ਸ਼ਰਧਾ ਪਰਗਟ ਕਰਦਾ ਹੈ ।

"ਸ੍ਰੀ ਸਤਗੁਰੁ ਕਰਤਾ ਪੁਰਖ, ਅਸ ਬਿਧਿ ਕਰਤ ਬਿਲਾਸ ।
ਭਜ ਸੰਤੋਖ ਸਿੰਘ ਨਾਮ ਤਿਹ, ਤਜਹੁ ਆਨ ਕੀ ਆਸ ।੫੮।"

# ਤੇਰ੍ਹਵਾਂ ਧਯਾਇ

## ਵੈਦ ਬੁਲਾਇਆ ਵੈਦਗੀ

(ਪਿਛਲੇ ਧਯਾਇ ਦੇ ਅੰਤ ਵਿਚ ਤਾਂ ਕਵੀ ਜੀ ਗੁਰੂ ਜੀ 'ਤੇ ਐਨੀ ਸ਼ਰਧਾ ਪਰਗਟ ਕਰਦੇ ਹਨ, ਕਿ 'ਤਜਹੁ ਆਨ ਕੀ ਆਸ' । ਪਰ ਇਸ ਧਯਾਇ ਦੇ ਆਰੰਭ ਵਿਚ ਹੀ ਫਿਰ 'ਸਾਰਦਾ' ਯਾਦ ਆ ਜਾਂਦੀ ਹੈ । ਹੁਣ ਪਾਠਕ ਕੀ ਸਮਝੇ, ਕਿ ਕਵੀ ਜੀ ਨੂੰ ਗੁਰੂ ਜੀ 'ਤੇ ਬਹੁਤੀ ਸ਼ਰਧਾ ਹੈ, ਜਾਂ ਦੇਵੀ ਦਿਉਤਿਆਂ 'ਤੇ) ।

"ਬੰਦੋ ਪਦ ਸ੍ਰੀ ਸਾਰਦਾ ਉਤਪਲ ਦਲ ਦੁਤਿ ਨੈਨ ।[1]
ਉਰ ਦਾ ਸਰਤਾ ਸੁਮਤਿ ਕੀ, ਬੀਚੀ ਜਿਹ ਬਰ ਬੈਨ[2] ।੧।"

ਗੁਰਦੇਵ ਹਰ ਸਮੇਂ ਕੁਛ ਸੋਚਦੇ ਰਹਿੰਦੇ । ਮਾਪਿਆਂ ਨੇ ਵੈਦ ਹਰਿਦਾਸ ਨੂੰ ਬੁਲਾਇਆ । ਗੁਰੂ ਜੀ ਨੇ ਉਸ ਬਾਰੇ ਸ਼ਬਦ ਉਚਾਰਿਆ ।

"ਵੈਦੁ ਬੁਲਾਇਆ ਵੈਦਗੀ, ਪਕੜਿ ਢੰਢੋਲੇ ਬਾਂਹ ।
ਭੋਲਾ ਵੈਦੁ ਨ ਜਾਣਈ, ਕਰਕ ਕਲੇਜੇ ਮਾਹਿ ।੧।"
"ਵੈਦਾ ਵੈਦੁ ਸੁਵੈਦੁ ਤੂ, ਪਹਿਲਾਂ ਰੋਗੁ ਪਛਾਣੁ ।...੨ ।"

(ਮੇਰੇ ਸਾਮ੍ਹਣੇ 'ਅਕਾਲ ਟ੍ਰੇਡਿੰਗ ਪ੍ਰੈਸ' ਤਰਨ ਤਾਰਨ ਦੀ, ਸੰਮਤ ਨਾਨਕ ਸ਼ਾਹੀ ੪੫੪ ਦੀ ਛਪੀ ਕਾਪੀ ਹੈ । ਉਸ ਵਿਚ ਇਹਨਾਂ ਸਲੋਕਾਂ ਦੇ ਸ਼ਬਦ-ਜੋੜ ਗ਼ਲਤ ਹਨ । ਖ਼ਾਸ ਕਰ ਵੈਦੁ ਦੀ ਥਾਂ ਬੈਦੁ ਛਪਿਆ ਹੈ । ਹੋ ਸਕਦਾ ਹੈ, ਇਹ ਪ੍ਰੈਸ ਦੀ ਗ਼ਲਤੀ ਹੋਵੇ । ਇਹ ਦੋਵੇਂ ਸਲੋਕ ਮਲਾਰ ਦੀ ਵਾਰ -ਪੰਨਾ ੧੨੭੯ ਵਿਚ ਹਨ । ਪਹਿਲਾ ਸਲੋਕ ਗੁਰੂ ਨਾਨਕ ਦੇਵ ਜੀ ਦਾ ਹੈ, ਤੇ ਦੂਸਰਾ ਗੁਰੂ ਅੰਗਦ ਦੇਵ ਜੀ ਦਾ । ਦੋਵੇਂ ਸਲੋਕ ਗੁਰੂ ਨਾਨਕ ਦੇਵ ਜੀ ਦੇ ਮੁੱਖੋਂ ਅਖਵਾਉਣੇ ਲੇਖਕ ਦੀ ਭੁੱਲ ਹੈ ।)

ਅੱਗੇ ਏਸੇ ਸ਼ਬਦ ਦੇ ਆਧਾਰ 'ਤੇ ਵੈਦ ਨੂੰ ਉਪਦੇਸ਼ ਹੈ । ਵੈਦ ਸਿਰ ਝੁਕਾ ਕੇ ਚਲਾ ਗਿਆ ।

---

1. ਜਿਸ ਦੇ ਨੇਤਰਾਂ ਦੀ ਸੋਭਾ ਕਮਲ ਫੁਲਾਂ ਵਰਗੀ ਹੈ । 2. ਸੁੰਦਰ ਬਚਨ ।

Digitized by Panjab Digital Library | www.panjabdigilib.org

# ਚੌਧਵਾਂ ਧਯਾਇ

ਖਰਾ ਸੌਦਾ

(ਸਾਰੇ ਗ੍ਰੰਥ ਵਿਚ ਇਉਂ ਜ਼ਾਹਰ ਕੀਤਾ ਹੈ, ਜਿਵੇਂ ਭਾਈ ਬਾਲਾ ਗੁਰੂ ਅੰਗਦ ਦੇਵ ਜੀ ਨੂੰ ਕਥਾ ਸੁਣਾ ਰਿਹਾ ਹੈ।)

"ਸ੍ਰੀ ਅੰਗਦ ਸੁਨੀਏ, ਕਹਿ ਬਾਲਾ।
ਸ੍ਰੀ ਸਤਿਗੁਰ ਕੀ ਕਥਾ ਰਸਾਲਾ। ੪।"

ਬਾਬੇ ਕਾਲੂ ਨੇ ਗੁਰੂ ਜੀ ਨੂੰ ਵੀਹ ਰੁਪੈ ਦੇ ਕੇ 'ਖਰਾ ਸੌਦਾ' ਕਰਨ ਵਾਸਤੇ ਭੇਜਿਆ। ਹਜ਼ੂਰ ਦੇ ਨਾਲ ਬਾਲੇ ਸੰਧੂ ਨੂੰ ਤੋਰਿਆ। ਰਸਤੇ ਵਿਚ ਸੰਤ-ਆਸ਼ਰਮ ਵੇਖਿਆ। (ਜਗ੍ਹਾ ਦਾ ਨਾਮ ਨਹੀਂ ਲਿਖਿਆ।) ਸੰਤਾਂ ਦੇ ਨਿਰਾਲੇ ਸਰੂਪ ਦਾ ਬਹੁਤ ਸੁੰਦਰ ਸ਼ਬਦ-ਚਿੱਤਰ ਹੈ। ਉਹਨਾਂ ਦੇ ਮਹੰਤ 'ਸੰਤ ਰੇਨ' ਦੇ ਸਾਮ੍ਹਣੇ ਗੁਰੂ ਜੀ ਨੇ ਵੀਹ ਰੁਪੈ ਧਰ ਦਿਤੇ। ਮਹੰਤ ਨੇ ਰੁਪੈ ਨਾ ਲਏ, ਤਾਂ ਉਹਦੇ ਕਹੇ ਅਨੁਸਾਰ ਗੁਰੂ ਜੀ ਨੇ ਵੀਹ ਰੁਪੈ ਦਾ ਸੀਧਾ ਲਿਆ ਪੇਸ਼ ਕੀਤਾ।

# ਪੰਦਰ੍ਹਵਾਂ ਧਯਾਇ

ਬਾਬੇ ਕਾਲੂ ਨੇ ਗੁਰੂ ਜੀ ਨੂੰ ਮਾਰਿਆ

ਮਹਾਰਾਜ ਦੀ ਉਸਤਤ ਕਰਦਿਆਂ 'ਸੰਤ ਰੇਨ' ਨੇ ਕਿਹਾ,

"ਸਪਤ ਦਿਵਸ ਕੇ ਛੁਧਾ ਸੰਤਾਏ।
ਅਬ ਭੋਜਨ ਕਰਿ ਹਮ ਤ੍ਰਿਪਤਾਏ।੭।"

ਵਾਪਸ ਮੁੜਦਿਆਂ, ਬਾਲਾ ਤਾਂ ਆਪਣੇ ਘਰ ਚਲਾ ਗਿਆ ਤੇ ਗੁਰੂ ਜੀ ਪਿਤਾ ਤੋਂ ਡਰਦੇ ਤਲਵੰਡੀ ਤੋਂ ਬਾਹਰ ਹੀ ਠਹਿਰ ਗਏ।

"ਏਕ ਤਾਲ ਜਲ ਹੀਨ ਜੁ ਦੂਰੀ।
ਤਹਿ ਬੈਸੇ ਬੈਸਕ ਨਿਜ ਰੂਰੀ।...੧੫।"

ਬਾਬੇ ਕਾਲੂ ਨੇ ਬਾਲੇ ਨੂੰ ਬੁਲਾ ਕੇ ਪੁਛਿਆ। ਸਾਰਾ ਹਾਲ ਸੁਣ ਕੇ ਬਾਬਾ ਕਾਲੂ ਬੋਲ-ਕਬੋਲ ਬੋਲਦਾ ਓਧਰੇ ਤੁਰ ਪਿਆ। ਮਾਤਾ ਤ੍ਰਿਪਤਾ ਜੀ ਨੇ ਪਤੀ ਨੂੰ ਗੁੱਸੇ ਵਿਚ ਵੇਖ ਕੇ ਬੀਬੀ ਨਾਨਕੀ ਜੀ ਨੂੰ ਮਗਰ ਭੇਜਿਆ।

"ਤੁਰਤ ਤਬਹਿ ਤਨਿਯਾ[1] ਕੋ ਭੇਜਾ।
ਪਤਿ ਰਿਸ ਤੇ ਉਠਿ ਧਰਕ ਕਰੇਜਾ।
ਬਹੁਰੋ ਦਾਸੀ ਦਾਸ ਪਠਾਏ।

---

1. ਪੁੱਤਰੀ।

Digitized by Panjab Digital Library | www.panjabdigilib.org

ਹਿਤ ਬਿਲੋਕਨੋ[1] ਲੋਕ ਸਿਧਾਏ ।੨੩।"

ਮਹਾਰਾਜ ਪਾਸ ਜਾ ਕੇ ਪਿਤਾ ਕਾਲੂ ਬੜੇ ਗੁੱਸੇ ਨਾਲ ਬੋਲਿਆ,

"ਅਵਿਲੋਕਯੋ[2] ਕਾਲੂ ਜਿਹ ਕਾਲਾ ।
ਬੋਲਤ ਭਾ ਦੁਰ ਬਚਨ ਬਿਸਾਲਾ ।੨੪।...
ਕਹਾ ਬਨਜ, ਜੋ ਤੈਂ ਕਰ ਲਯਾਯੋ ।
ਘਰ ਜਨਮਯੋ, ਮਮ ਨਾਮ ਗਵਾਯੋ ।੨੫।...
ਦਹਿਨ ਹਾਥ ਤੇ ਬਾਮ ਕਪੋਲਾ ।[3]
ਹਨੇ ਤਮਾਚੇ ਬਲ ਸੇ ਤੋਲਾ ।
ਬਾਮ ਹਾਥ ਤੇ ਦਹਿਨ ਗੰਡਸਥਲਾ ।[4]
ਹਨੇ ਚਪੇਟਨ ਰਿਸ ਕਰ ਨਿਜ ਬਲ ।੨੭।
ਸ੍ਰੀ ਨਾਨਕ ਕੇ ਨੈਨਨ ਨੀਰਾ ।
ਨਿਕਸ ਚਲਯੋ ਜਿਉ ਪਾਨੀ ਪੀਰਾ ।...੨੮।
ਪਹੁਚੀ ਨਿਕਟ ਨਾਨਕੀ ਤੂਰਨ ।[5]
ਪਿਤ ਕਰ ਗਹਯੋ, ਜੁ ਰਿਸ਼[6] ਮੈ ਪੂਰਨ ।੩੦।"

ਬੀਬੀ ਨਾਨਕੀ ਪਿਆਰ ਨਾਲ ਗੁਰੂ ਜੀ ਨੂੰ ਘਰ ਲੈ ਗਈ। ਮਾਤਾ ਤ੍ਰਿਪਤਾ ਜੀ ਨੇ ਮਹਾਰਾਜ ਨੂੰ ਗਲ ਲਾ ਕੇ ਬੜਾ ਪਿਆਰ ਕੀਤਾ।

ਰਾਏ ਬੁਲਾਰ ਨੂੰ ਸੁਣ ਕੇ ਬਹੁਤ ਅਫ਼ਸੋਸ ਹੋਇਆ। ਉਹਨੇ ਕਾਲੂ ਨੂੰ ਬੁਲਾ ਕੇ ਬੜਾ ਸ਼ਰਮਸਾਰ ਕੀਤਾ। ਉਹਨੇ ਆਪਣੇ ਕੋਲੋਂ ਵੀਹ ਰੁਪੈ ਦੇਂਦਿਆਂ ਕਿਹਾ,

"ਕਹਯੋ ਰਾਇ ਅਬ ਤੌ ਇਹ ਲੀਜੈ ।
ਬਹੁਰੋ ਯਾ ਬਿਧਿ ਕਾਰਜ ਕੀਜੈ ।
ਅਸਨ ਬਸਨ ਤੇ ਖਰਚ ਜੋ ਸਰਬਾ ।
ਮਮ ਢਿਗ ਤੇ ਗਿਨ ਕਰ ਲਿਹੁ ਦਰਬਾ ।੬੧।"

ਬਾਬਾ ਕਾਲੂ ਪੈਸੇ ਲੈਂਦਾ ਨਹੀਂ ਸੀ, ਪਰ ਰਾਏ ਬੁਲਾਰ ਨੇ ਜ਼ਬਰਦਸਤੀ ਦੇ ਦਿਤੇ। ਕਾਲੂ ਬਹੁਤ ਸ਼ਰਮਸਾਰ ਹੋਇਆ। ਲੋਕ ਉਸ ਦੀ ਨਿੰਦਿਆ ਕਰਦੇ। ਤੰਗ ਆ ਕੇ ਕਾਲੂ ਰੁਪੈ ਵਾਪਸ ਕਰਨ ਗਿਆ।

"ਭੂਪਤਿ, ਲੀਜੈ ਅਪਨੋ ਦਰਬਾ ।
ਨਿੰਦਾ ਕਰਤ ਨਗਰ ਮਮ ਸਰਬਾ ।੭੦।
ਕਹਤ ਨ੍ਰਿਪਤਿ, ਚਿਤ ਰੋਸ ਨਿਵਾਰੇ ।
'ਕਮਲ ਨੈਨ' ਤੇ ਲੀਨ ਉਧਾਰੇ ।

---

1. ਵੇਖਣਾ। 2. ਵੇਖਿਆ। 3. ਗੱਲ੍ਹ। 4. ਗੱਲ੍ਹ ਦੇ ਉਪਰਲੀ ਹੱਡੀ, ਕਨਪਟੀ। 5. ਛੇਤੀ। 6. ਗੁੱਸਾ।

Digitized by Panjab Digital Library | www.panjabdigilib.org

ਸੋ ਦੀਨੇ, ਜਾਵਹੁ ਨਿਜ ਸਾਲਾ। (ਸ਼ਾਲਾ=ਘਰ)
ਪੁਨਿ ਨ ਕ੍ਰੋਧ ਕਰ ਸੰਗ ਕ੍ਰਿਪਾਲਾ।੭੧।"

ਰਾਏ ਨੇ ਸ਼ਰਧਾ ਨਾਲ ਕਿਹਾ, ਇਹ ਸਭ ਕੁਛ ਗੁਰੂ ਨਾਨਕ ਦਾ ਹੀ ਹੈ।

# ਸੋਲ੍ਹਵਾਂ ਧਯਾਇ

## ਬੀਬੀ ਨਾਨਕੀ ਦਾ ਵਿਆਹ

ਬਾਬਾ ਕਾਲੂ ਜੀ ਨੇ ਯੋਗ ਵਰ ਵੇਖ ਕੇ ਬੀਬੀ ਨਾਨਕੀ ਜੀ ਦਾ ਵਿਆਹ ਜੈ ਰਾਮ ਜੀ ਨਾਲ ਕਰ ਦਿਤਾ।

"ਬਾਸਰ[1] ਬਿਤੀਤੇ ਕੁਛ, ਨਾਨਕ ਸੋ ਕਾਲੂ ਕਹੈ,
ਭਗਨੀ[2] ਕੋ ਆਨ ਸੁਲਤਾਨ ਪੁਰ ਜਾਇਕੈ।
ਮਾਨਤ ਨ ਬੈਨ, ਅਨੁਕੰਪ ਐਨ[3] ਤੂਸਨੀ[4] ਭੇ,
ਜਾ ਕੋ ਕਿਹ ਭੈ ਨ, ਨੀਚੈ ਨੈਨ ਠਹਿਰਾਇ ਕੈ।
ਰਾਇ ਕੇ ਨਿਕਟਿ ਜਾਇ ਸਭ ਹੀ ਸੁਨਾਇ ਬਿਧਿ,
ਭਗਨੀ ਨ ਆਨਤ ਹੈ, ਰਹਯੋ ਸਮਝਾਇ ਕੈ।੭।"

(ਮਹਾਰਾਜ ਦਾ ਬੀਬੀ ਨਾਨਕੀ ਨਾਲ ਬਹੁਤ ਪਿਆਰ ਸੀ। ਭੈਣ ਨੂੰ ਸਹੁਰੇ ਘਰੋਂ ਲੈਣ ਜਾਣ ਤੋਂ ਗੁਰੂ ਜੀ ਨੇ ਇਨਕਾਰ ਕੀਤਾ ਹੋਵੇ, ਇਹ ਗੱਲ ਦਿਲ ਨੂੰ ਜਚਦੀ ਨਹੀਂ।)

ਫਿਰ ਰਾਏ ਦੇ ਕਹਿਣ ਉਤੇ, ਬਾਲੇ ਨੂੰ ਨਾਲ ਲੈ ਕੇ ਮਹਾਰਾਜ ਚਲੇ ਗਏ।

ਜੈ ਰਾਮ ਤੇ ਉਸ ਦੇ ਪਿਤਾ ਪਰਮਾਨੰਦ ਨੇ ਗੁਰਦੇਵ ਦਾ ਬੜਾ ਆਦਰ ਮਾਣ ਕੀਤਾ। ਬੀਬੀ ਨਾਨਕੀ ਨੂੰ ਨਾਲ ਲੈ ਕੇ ਗੁਰੂ ਜੀ ਵਾਪਸ ਤਲਵੰਡੀ ਆ ਗਏ।

ਕੁਛ ਸਮੇਂ ਪਿਛੋਂ ਜੈ ਰਾਮ ਜੀ ਬੀਬੀ ਨਾਨਕੀ ਨੂੰ ਲੈਣ ਆਏ, ਤਾਂ ਰਾਏ ਬੁਲਾਰ ਨੇ ਬੁਲਾ ਕੇ ਬੜੇ ਪ੍ਰੇਮ ਨਾਲ ਕਿਹਾ, ਕਿ ਤੁਸੀਂ ਨਾਨਕ ਜੀ ਨੂੰ ਆਪਣੇ ਪਾਸ ਲੈ ਜਾਓ। ਏਥੇ ਕਾਲੂ ਸਦਾ ਉਹਨਾਂ ਨਾਲ ਕਲੇਸ਼ ਕਰਦਾ ਹੈ। ਜੈ ਰਾਮ ਵਾਹਦਾ ਕਰ ਕੇ ਚਲਾ ਗਿਆ।

ਪਿਛੋਂ ਇਕ ਹੋਰ ਘਟਨਾ ਹੋ ਗਈ। ਗੁਰੂ ਜੀ ਸੋਨੇ ਦੀ ਛਾਪ ਤੇ ਗੜਵੀ ਕਿਸੇ ਸਾਧੂ ਨੂੰ ਦੇ ਆਏ। ਵਾਪਸ ਘਰ ਆਏ, ਤਾਂ ਬਾਬੇ ਕਾਲੂ ਨੇ ਮਹਾਰਾਜ ਨਾਲ ਬੜਾ ਝਗੜਾ ਕੀਤਾ। ਕਾਲੂ ਨੇ ਏਥੋਂ ਤਕ ਕਹਿ ਦਿਤਾ,

"ਇੱਛਾ ਜਹ, ਜੱਯੈ, ਹਮ ਧਾਮ ਹੂੰ ਨ ਅੱਯੈ,
ਨਿਜ ਖੱਯੈ ਜੋ ਕਮੱਯੈ, ਕਹਯੋ ਰਿਦੈ ਭਰ ਛੋਹਿ ਕੋ।੩੨।"

---

1. ਦਿਨ। 2. ਭੈਣ। 3. ਦਇਆ ਦੇ ਘਰ। 4. ਚੁੱਪ ਰਹੇ।

Digitized by Panjab Digital Library | www.panjabdigilib.org

ਇਹ ਸੁਣ ਕੇ ਰਾਇ ਬੁਲਾਰ ਨੂੰ ਬਹੁਤ ਦੁੱਖ ਹੋਇਆ। ਉਹਨੇ ਗੁਰੂ ਜੀ ਨੂੰ ਬੁਲਾ ਕੇ ਕਿਹਾ, ਕਿ ਆਪ ਜੈ ਰਾਮ ਪਾਸ ਚਲੇ ਜਾਓ। ਨਾਲ ਹੀ ਰਾਇ ਨੇ ਜੈ ਰਾਮ ਨੂੰ ਚਿੱਠੀ ਲਿਖ ਦਿਤੀ।

"ਇਹ ਬਿਧਿ ਕਹਿ ਕਰ ਰਾਇ, ਪਾਤੀ ਲਿਖੀ ਜੈ ਰਾਮ ਕੋ।
ਨਾਨਕ ਤੁਮ ਢਿਗ ਆਇ, ਭਾਗ ਵਡੇ ਨਿਜ ਜਾਨੀਏ।੪੦:"

ਬਾਲਾ ਕਹਿੰਦਾ ਹੈ, ਮੈਨੂੰ ਨਾਲ ਲੈ ਕੇ ਗੁਰੂ ਜੀ ਸੁਲਤਾਨਪੁਰ ਜਾ ਪਹੁੰਚੇ। ਬੀਬੀ ਨਾਨਕੀ ਤੇ ਜੈ ਰਾਮ ਨੇ ਬੜਾ ਆਦਰ ਤੇ ਪਿਆਰ ਕੀਤਾ।

# ਸਤਾਰ੍ਹਵਾਂ ਧਯਾਇ

## ਮੋਦੀਖਾਨਾ ਲਿਆ

ਕੁਛ ਦਿਨ ਬੀਤਣ ਤੇ ਮਹਾਰਾਜ ਨੇ ਕਿਹਾ, ਸਾਨੂੰ ਕੋਈ ਕੰਮ ਲੈ ਦਿਹੋ।

"ਕਾਰ ਬਿਹੀਨ ਭਲੇ ਨਹਿ ਚੀਨ, ਕਹੈ ਪਰਬੀਨ, ਸਭੈ ਜਗ ਜਾਨੀ।
ਹੈ ਜਗ ਰੀਤ, ਕਰੈ ਸਭ ਪ੍ਰੀਤ, ਸੋ ਕਯੋਂ ਵਿਪਰੀਤਿ ਕਰੋ ਮਨ-ਮਾਨੀ.. ੩।"

ਬੜੀ ਸੋਚ ਵਿਚਾਰ ਪਿਛੋਂ ਜੈ ਰਾਮ ਨੇ ਸਲਾਹ ਦਿਤੀ,

"ਦੌਲਤ ਖ਼ਾਨ ਨਿਬਾਬ ਕੋ, ਮੋਦੀਖ਼ਾਨਾ ਲੇਹੁ।
ਤੁਮ ਤੇ ਹੋਇ ਨਿਬਾਹਿ ਜੋ, ਕਰੋ ਕਾਜ ਸੁਭ ਏਹੁ।੮।"

ਗੁਰੂ ਜੀ ਨੂੰ ਨਾਲ ਲੈ ਕੇ ਜੈ ਰਾਮ ਨਵਾਬ ਕੋਲ ਗਿਆ। ਨਵਾਬ ਵੇਖ ਕੇ ਬੜਾ ਖ਼ੁਸ਼ ਹੋਇਆ।

"ਹੈ ਮਤਿਵਾਨ ਸੁਜਾਨ ਸਾ ਦੀਸਤ, ਪੋਸ਼ਸ਼ ਦੇਤ ਭਯੋ ਹਰਖਾਏ।
ਕਾਰਿਖਕੰ ਪੁਨ ਦੀਨ ਹਜ਼ਾਰ, ਜਰਾਮ ਸਮੇਤ ਲਏ ਘਰ ਆਏ।੨੦।"

ਨਵਾਬ ਨੇ ਮੋਦੀਖ਼ਾਨਾ ਚਲਾਉਣ ਵਾਸਤੇ ਇਕ ਹਜ਼ਾਰ ਰੁਪੈ ਤੇ ਸਤਕਾਰ ਵਜੋਂ ਪੁਸ਼ਾਕ ਦਿਤੀ।

ਗੁਰੂ ਜੀ ਨੇ ਬੜੇ ਸੁਚੱਜੇ ਢੰਗ ਨਾਲ ਮੋਦੀਖ਼ਾਨਾ ਚਲਾਇਆ। ਜੋ ਵੀ ਅਨਾਥ ਆਵੇ, ਖ਼ਾਲੀ ਨਾ ਮੁੜੇ। ਤਲਵੰਡੀ ਤਕ ਸੋਭਾ ਜਾ ਪਹੁੰਚੀ। ਪੁੱਤਰ ਦੀ ਵਡਿਆਈ ਸੁਣ ਕੇ ਪਿਤਾ ਕਾਲੂ ਜੀ ਵੇਖਣ ਵਾਸਤੇ ਸੁਲਤਾਨਪੁਰ ਆ ਪਹੁੰਚੇ। ਗੁਰੂ ਜੀ ਨੇ ਉਠ ਕੇ ਪਿਤਾ ਨੂੰ ਨਮਸਕਾਰ ਕੀਤੀ।

ਇਹ ਸੁਣ ਕੇ, ਕਿ ਗੁਰੂ ਜੀ ਨੇ ਬਚਾਇਆ ਕੁਛ ਨਹੀਂ ਸਭ ਉਜਾੜ ਛੱਡਿਆ ਹੈ, ਪੁੰਨ ਦਾਨ ਕਰ ਛੱਡਿਆ ਹੈ। ਬਾਬਾ ਕਾਲੂ ਜੀ ਬਹੁਤ ਨਾਰਾਜ਼ ਹੋਏ।

"ਜੋ ਖੋਯੋ ਮਮ ਧਾਮ ਤੇ, ਦੇਵਹਿ ਅਬਹਿ ਕਮਾਇ।
ਹੌਂ ਆਯਾ ਲੇਵਨ ਕਛੂ, ਦੀਨੋ ਸਭਹਿ ਗਵਾਇ।੪੩।"

Digitized by Panjab Digital Library | www.panjabdigilib.org

ਅੰਤ ਬਾਬਾ ਕਾਲੂ ਜੀ ਨੇ ਗੁੱਸੇ ਨਾਲ ਵੀ ਤੇ ਪਿਆਰ ਨਾਲ ਵੀ ਸਮਝਾਇਆ,

"ਧਨ ਸੰਚਨ ਕੇ ਅਨਿਕ ਗੁਨ, ਬਰਨਨ ਕਰੇ ਸੁਨਾਇ ।
ਬਹੁ ਬਿਧਿ ਬੁਧਿ ਸਮਝਾਵਈ, ਰੋਸ ਨੇਹ ਮਨ ਲਾਇ ।੪੬।"

# ਅਠਾਰੁਵਾਂ ਧਯਾਇ

## ਲੇਖਾ ਕੀਤਾ

ਬਾਬਾ ਕਾਲੂ ਨੇ ਘਰ ਜਾ ਕੇ ਬੀਬੀ ਨਾਨਕੀ ਤੇ ਜੈ ਰਾਮ ਨਾਲ ਵੀ ਗਿਲ੍ਹਾ ਕੀਤਾ, ਕਿ ਨਾਨਕ ਐਨਾ ਧਨ ਕਮਾਉਂਦਾ ਹੈ, ਪਰ ਸਾਰਾ ਉਜਾੜ ਛਡਦਾ ਹੈ। ਅੱਗੋਂ ਬੀਬੀ ਨਾਨਕੀ ਨੇ ਉਤਰ ਦਿਤਾ,

"ਨਾਨਕੀ ਭਨਤ ਸੁਨ ਬੈਨ ਮੋ ਜਨਕ[1] ਤੁਮ,
ਭਾਖਤ ਸਦੀਵ ਧਨ ਖੋਤ ਨਿਤ ਮੋਰੀਆ ।[2]
ਆਪਨੀ ਕਰਤ ਕ੍ਰਿਤਿ, ਖੋਇ ਕਿਧੋ ਰਾਖੇ ਬਿਤ[3]
ਰਹੀਏ ਨਿਸਚਿੰਤ ਚਿਤ, ਲੇਤ ਨਹਿ ਤੋਰੀਆ ।
ਭੂਖੇ ਕੋ ਅਸਨ[4], ਪੁਨ ਬਸਨ[5] ਨਗਨ ਦਾਨੀ,
ਪੁੰਨਵਾਨ ਰੂਪ, ਕਰੈ ਜਾਰੀ ਨਹਿ ਚੋਰੀਆ ।
ਕਰੇ ਜੋ ਕੁਕਰਮ, ਨਿਵਾਰਨ ਧਰਮ ਤਾ ਕੋ,
ਲਗੇ ਜੋ ਸੁਕਰਮ,[6] ਅਧਰਮ ਤਾਹਿ ਹੋਰੀਆ ।੧੫।"

ਬੀਬੀ ਨਾਨਕੀ ਨੇ ਕਿਹਾ, ਨਾਨਕ ਰੱਬ ਦਾ ਰੂਪ ਹੈ। ਇਸ ਨੂੰ ਕਦੇ ਘਾਟਾ ਨਹੀਂ ਆਇਆ।

"ਇਵ ਸੁਨ ਕਾਲੂ । ਕਹਿ ਸੁਖ ਭਾਲੂ ।
ਅਬ ਕਰ ਲੇਖਾ । ਵਧਤ ਜਿ ਦੇਖਾ ।੨੦।"

ਕਾਲੂ ਜੀ ਚਲੇ ਗਏ। ਪਿਛੋਂ ਕੁਛ ਚੁਗਲਾਂ ਨੇ ਵੀ ਜੈਰਾਮ ਨੂੰ ਕਿਹਾ, ਕਿ ਨਾਨਕ ਨੇ ਮੋਦੀਖ਼ਾਨਾ ਉਜਾੜ ਦਿਤਾ ਹੈ। ਉਸ ਨੇ ਨਾਨਕੀ ਜੀ ਨਾਲ ਸਲਾਹ ਕੀਤੀ। ਤੁਲਸਾਂ ਦਾਸੀ ਨੂੰ ਭੇਜ ਕੇ ਬੀਬੀ ਨੇ ਗੁਰੂ ਜੀ ਨੂੰ ਬੁਲਾ ਲਿਆ। ਗੁਰੂ ਜੀ ਭੈਣ ਦੇ ਘਰ ਪਤਾਸੇ ਲੈ ਕੇ ਗਏ।

ਮੁਕਦੀ ਗੱਲ, ਜੈਰਾਮ ਤੇ ਨਵਾਬ ਦੌਲਤ ਖ਼ਾਨ ਨੇ ਮਿਲ ਕੇ ਲੇਖਾ ਕੀਤਾ। ਗੁਰੂ ਜੀ ਦੇ ਇਕ ਸੌ ਪੈਂਤੀ ਰੁਪੈ ਵਧੇ।

---

1. ਪਿਤਾ। 2. ਮੇਰਾ। 3. ਧਨ। 4. ਖ਼ੁਰਾਕ। 5. ਬਸਤਰ। 6. ਸ਼ੁਭ ਕਰਮ।

Digitized by Panjab Digital Library | www.panjabdigilib.org

ਘਰ ਆ ਕੇ ਗੁਰੂ ਜੀ ਨੇ ਜੈਰਾਮ ਨੂੰ ਕਿਹਾ, ਕਿ ਆਪਣਾ ਮੋਦੀਖ਼ਾਨਾ ਸੰਭਾਲ ਲਓ, ਅਸੀਂ ਚਲਦੇ ਹਾਂ। ਮਗਰ ਬੀਬੀ ਨਾਨਕੀ ਤੇ ਜੈਰਾਮ ਨੇ ਤਰਲਾ ਮਿਨਤ ਕਰਕੇ ਫਿਰ ਮਨਾ ਲਿਆ।

ਨਵਾਬ ਨੇ ਰਾਸ ਵਧਾਉਣ ਵਾਸਤੇ ਸਤਾਰਾਂ ਸੌ ਰੁਪੈ ਹੋਰ ਦਿਤੇ।

# ਉੱਨੀਵਾਂ ਧਯਾਇ

## ਗੁਰੂ ਜੀ ਦੀ ਕੁੜਮਾਈ

ਪੱਖੋ ਕੇ ਰੰਧਾਵੇ ਦੇ ਪਟਵਾਰੀ ਮੂਲੇ ਚੋਣੇ ਦੀ ਕੰਨਿਆਂ ਦਾ ਰਿਸ਼ਤਾ ਆਇਆ। ਸਾਰੇ ਬਜ਼ੁਰਗ ਇਕੱਠੇ ਹੋਏ। ਪਿਤਾ ਕਾਲੂ ਜੀ, ਮਾਤਾ ਤ੍ਰਿਪਤਾ ਜੀ, ਨਾਨਾ ਰਾਮਾ, ਮਾਮਾ ਕ੍ਰਿਸਨਾ, ਨਾਨੀ ਭਿਰਾਈ ਤੇ ਲਾਲੂ ਆਦਿ ਸਾਰੇ ਸੰਬੰਧੀ ਸੁਲਤਾਨਪੁਰ ਆਏ। ਨਾਲ ਮਰਦਾਨਾ ਵੀ ਆਇਆ।

ਸਗਾਈ ਤੋਂ ਪਿਛੋਂ ਸਾਰੇ ਰਲ ਕੇ ਮੂਲੇ ਪਾਸ ਗਏ ਵਿਆਹ ਲੈਣ ਵਾਸਤੇ। ਉਸ ਨੇ ਇਕ ਸਾਲ ਪਿਛੋਂ ਵਿਆਹ ਦੇਣ ਦਾ ਬਚਨ ਦਿਤਾ।

ਗੁਰੂ ਜੀ ਨੇ ਮਰਦਾਨੇ ਨੂੰ ਆਪਣੇ ਪਾਸ ਰਹਿਣ ਵਾਸਤੇ ਕਿਹਾ।

# ਵੀਹਵਾਂ ਧਯਾਇ

## ਦੂਜੀ ਵਾਰ ਲੇਖਾ

ਚੁਗ਼ਲਾਂ ਨੇ ਇਕ ਪਾਸੇ ਜੈ ਰਾਮ ਕੋਲ ਤੇ ਦੂਸਰੇ ਪਾਸੇ ਨਵਾਬ ਕੋਲ ਚੁਗ਼ਲੀਆਂ ਕੀਤੀਆਂ। ਪੰਜ ਦਿਨ ਲੇਖਾ ਹੁੰਦਾ ਰਿਹਾ। ਗੁਰੂ ਜੀ ਦੇ ਤਿੰਨ ਸੌ ਇਕੀ ਰੁਪੈ ਵਧੇ।

ਨਵਾਬ ਨੇ ਮੋਦੀਖ਼ਾਨਾ ਵਧਾਉਣ ਵਾਸਤੇ ਤਿੰਨ ਹਜ਼ਾਰ ਹੋਰ ਦਿਤੇ।

# ਇਕੀਵਾਂ ਧਯਾਇ

## ਗੁਰੂ ਜੀ ਦੀ ਜੰਞ ਚੜ੍ਹੀ

ਮੂਲੇ ਨੇ ਵਿਆਹ ਦਾ ਸਾਹਾ ਹਾੜ ਸੁਦੀ ਸੱਤ ਲਿਖ ਕੇ ਸੁਲਤਾਨਪੁਰ ਲਾਗੀ ਭੇਜਿਆ। ਵਿਆਹ ਦੀ ਤਿਆਰੀ।

ਬਾਬਾ ਕਾਲੂ ਸਣੇ ਬਰਾਦਰੀ ਤੇ ਹੋਰ ਸਾਰੇ ਰਿਸ਼ਤੇਦਾਰ ਵਿਆਹ 'ਤੇ ਸੁਲਤਾਨ-ਪੁਰ ਪੁਜੇ। ਰਾਏ ਬੁਲਾਰ ਨੇ ਵੀ ਭੇਟਾ ਭੇਜੀ।

Digitized by Panjab Digital Library | www.panjabdigilib.org

ਜੰਞ ਸੁਲਤਾਨਪੁਰ ਤੋਂ ਚੜ੍ਹੀ। ਨਵਾਬ ਨੇ ਵੀ ਜੰਞ ਵਾਸਤੇ ਹਾਥੀ, ਘੋੜੇ ਤੇ ਰਥ ਦਿਤੇ।

"ਦੌਲਤ ਖ਼ਾਂ ਲਖ ਰਿਦੇ ਸੁ ਮੋਦੀ ਆਪਨੋ।
ਜਸ, ਅਪਜਸ ਜਗ ਮਾਝ ਮੁਝਹਿ ਸੰਗ ਜਾਪਨੋ।...੪੦।"

ਜੰਞ ਬੜੀ ਸ਼ਾਨ ਨਾਲ ਚੜ੍ਹੀ। ਦਰਿਆ ਪਾਰ ਕਰਕੇ ਜੰਞ ਨੇ ਰਾਤ ਖਡੂਰ ਆ ਬਿਸਰਾਮ ਕੀਤਾ।

# ਬਾਈਵਾਂ ਧਯਾਇ

## ਗੁਰੂ ਜੀ ਦਾ ਵਿਆਹ

ਜੰਞ ਨੂੰ ਅੱਗੋਂ ਲੈਣ ਵਾਸਤੇ ਮੂਲੇ ਦੇ ਨਾਲ ਅਜਿੱਤਾ ਰੰਧਾਵਾ ਵੀ ਆਇਆ। ਢੁਕਾਓ ਸਮੇਂ ਬੇਦੀਆਂ ਸੁੱਟਵੀ ਕੀਤੀ। ਬਰਾਤ ਦਾ ਡੇਰਾ ਬੜੇ ਸੁੰਦਰ ਅਸਥਾਨ ਤੇ ਕਰਾਇਆ ਗਿਆ।

"ਦੂਲੋ ਸਮੇਤ ਬਰਾਤ ਬਹੋਰ, ਕਿਯੋ ਸੁਭ ਥਾਨ ਮੈ ਆਨ ਕੇ ਡੇਰਾ।੨੧।"

ਰਾਤ ਨੂੰ ਆਤਸ਼ਬਾਜ਼ੀ ਵੀ ਚੱਲੀ। ਉਸ ਸਮੇਂ ਦੇ ਰਿਵਾਜ ਅਨੁਸਾਰ ਬੇਦੀ ਨਾਲ ਲਾਵਾਂ ਹੋਈਆਂ।

"ਬੇਦ ਜੇ ਬ੍ਰਿੰਦ ਔ ਬੇਦੀ ਸਿਰੋਮਣਿ, ਬੇਦੀ ਰਚੀ ਜਹਿ ਗੇ ਤਿਹ ਥਾਈ।...
ਬੇਦ ਕੇ ਮੰਤ੍ਰ ਉਚਾਰ ਤਬੈ ਸੁਭ ਰੀਤਿ ਕਰੀ ਜਿਵ ਬੇਦ ਨੇ ਗਾਈ।੨੪।"

(ਕਵੀ ਜੀ ਨੇ ਆਪਣੇ ਸਮੇਂ ਦੇ ਦਰਮਿਆਨੇ ਤਬਕੇ ਦੇ ਘਰਾਣੇ ਦੇ ਵਿਆਹ ਦਾ ਸ਼ਬਦ ਚਿੱਤ੍ਰ ਪੇਸ਼ ਕੀਤਾ ਹੈ। ਗੁਰੂ ਜੀ ਦਾ ਵਿਆਹ ਕਿਵੇਂ ਹੋਇਆ ? ਇਸ ਪੱਖ ਤੇ ਇਤਿਹਾਸਕ ਰੌਸ਼ਨੀ ਨਹੀਂ ਪਾ ਸੱਕੇ। ਜਨੇਊ ਦਾ ਜ਼ਿਕਰ ਕਰਦੇ ਹਨ।)

"ਗਰ ਚੀਰ ਹੈ ਪੀਤ ਪੁਨੀਤ ਮਨੋ, ਗਹਿ ਜੱਗਯੁਪਵੀਤ ਮਹਾਂ ਛਬਿ
ਛਾਈ।.....੪੪।"

(ਬਚਪਨ ਵਿਚ ਤਾਂ ਗੁਰੂ ਜੀ ਨੇ ਜਨੇਊ ਪਾਉਣ ਤੋਂ ਇਨਕਾਰ ਕਰ ਦਿਤਾ ਸੀ, ਪਰ ਏਥੇ ਕਵੀ ਜੀ ਨੇ ਗੁਰੂ ਜੀ ਨੂੰ ਜਨੇਊ ਪੁਆ ਦਿਤਾ ਹੈ : ਫਿਰ ਹੋਰ ਸੁਣੋ। ਜੰਞ ਦੇ ਸਾਮ੍ਹਣੇ ਵੇਸਵਾ ਨਾਚ ਕਰ ਰਹੀ ਹੈ।)

"ਬਾਰਮੁਖੀ* ਸਿਰੁ ਮਾਂਗ ਸਵਾਰ ਸਭਾ ਕੇ ਮਝਾਰ ਭਲੀ ਬਿਧਿ ਆਈ।
ਬਾਦਿਤ ਗਾਯਕ ਸੰਗ ਲਏ ਪਗ ਨੇਵਰ ਬਾਜਨੀ ਆਨ ਬਜਾਈ।
ਤਾਲਨ ਸੰਗ ਮ੍ਰਿਦੰਗ ਮੁਚੰਗ ਉਪੰਗ ਤੰਬੂਰਨ ਤਾਲ ਮਿਲਾਈ।
ਰਾਗਨਿ ਰਾਗ ਭਰੇ ਅਨਰਾਗ ਸੋ ਮੋਹਨ ਕੋ ਮਨ ਤਾਨ ਬਸਾਈ।੪੬।"

---

*ਵੇਸਵਾ; ਗੌਣ ਵਾਲੀ।

Digitized by Panjab Digital Library | www.panjabdigilib.org

(ਕਵੀ ਜੀ ਆਪਣੀ ਮੌਜ ਵਿਚ ਸਭ ਕੁਛ ਲਿਖ ਗਏ ਹਨ । ਉਹਨਾਂ ਇਹ ਨਹੀਂ ਸੋਚਿਆ, ਕਿ ਇਤਿਹਾਸ ਉਤੇ ਇਸਦਾ ਕੀ ਅਸਰ ਪਏਗਾ । ਛੋਟੀ ਉਮਰ ਵਿਚ ਜਨੇਊ ਦਾ ਵਿਰੋਧ ਕਰਨ ਵਾਲੇ ਸਤਿਗੁਰੂ ਵਿਆਹ ਸਮੇਂ ਵੀ ਅਜੇਹੀਆਂ ਬੁਰਾ ਅਸਰ ਪਾਉਣ ਵਾਲੀਆਂ ਰਸਮਾਂ ਦਾ ਵਿਰੋਧ ਕਰ ਸਕਦੇ ਸਨ ।)

ਜੰਞ ਤਿੰਨ ਦਿਨ ਰਹੀ । ਮੂਲੇ ਨੇ ਕਾਫ਼ੀ ਦਾਜ ਦਿਤਾ, ਤੇ ਕੰਨਿਆਂ ਦੀ ਸੇਵਾ ਵਾਸਤੇ ਨਾਲ ਦਾਸੀ ਵੀ ਭੇਜੀ ।

# ਤੇਈਵਾਂ ਧਯਾਇ

### ਵਿਆਹ ਕੇ ਤਲਵੰਡੀ ਆਏ

ਵਾਪਸ ਜੰਞ ਪਹਿਲਾਂ ਸੁਲਤਾਨਪੁਰ ਆਈ, ਤੇ ਅਗਲੇ ਦਿਨ ਸਣੇ ਡੋਲੀ ਤਲਵੰਡੀ ਪਹੁੰਚੀ । ਮਾਤਾ ਤ੍ਰਿਪਤਾ ਜੀ ਨੇ ਸੁਲਖਣੀ ਜੀ ਦੇ ਸਗਨ ਮਨਾਏ ।

ਫਿਰ ਗੁਰੂ ਜੀ ਰਾਏ ਬੁਲਾਰ ਨੂੰ ਮਿਲਨ ਗਏ । ਬਜ਼ੁਰਗ ਰਾਏ ਬੁਲਾਰ ਦੇ ਸਤਕਾਰ ਵਜੋਂ, ਮਹਾਰਾਜ ਝੁਕਣ ਲਗੇ,

"ਨਿਕਟ ਜਾਇ ਪਦ ਪਰਸਨ ਹੇਤੂ ।
ਝੁਕਨ ਲਗੇ ਬੇਦੀ ਕੁਲ ਕੇਤੂ ।੫੫।
ਭਰ ਕਰ ਸੋ ਕੌਰੀ ਗਰ ਲਾਏ ।
ਲੋਚਨ ਬੀਚ ਅਨੰਦ ਜਲ ਛਾਏ ।...
ਮੰਚੁ ਸਿਰਾਨੇ ਦਿਸ ਬਰ ਆਈ ।*
ਬੈਸਾਏ ਉਰ ਮੋਦ ਬਢਾਈ ।੫੧।"

ਫਿਰ ਕੁਲ-ਪ੍ਰੋਹਤ ਹਰਿਦਿਆਲ ਆਇਆ । ਉਸਨੇ ਵਰ ਮੰਗਿਆ,

"ਬ੍ਰਿਧ ਬੈਸ ਬਪੁ ਭਾ ਬਲ ਹੀਨਾ ।
ਅਬ ਦੀਜੈ ਮੁਝ ਮੋਖ ਪ੍ਰਬੀਨਾ ।੭੧।"

(ਗੁਰੂ ਮਹਾਰਾਜ ਵਾਸਤੇ ਸਭ ਤੋਂ ਪਹਿਲਾਂ ਪੰਡਤ ਹਰਿਦਿਆਲ, ਤੇ ਫਿਰ ਰਾਏ ਬੁਲਾਰ ਦੇ ਦਿਲ ਵਿਚ ਸ਼ਰਧਾ ਪੈਦਾ ਹੋਈ ਹੈ । ਤੇ ਪਰਵਾਰ ਵਿਚੋਂ ਸਭ ਤੋਂ ਪਹਿਲਾਂ ਬੀਬੀ ਨਾਨਕੀ ਜੀ ਦੇ ਮਨ ਵਿਚ ।)

# ਚੌਵੀਵਾਂ ਧਯਾਇ

### ਫਿਰ ਸੁਲਤਾਨ ਪੁਰ ਜਾ ਵੱਸੇ

ਗੁਰੂ ਜੀ ਇਕ ਮਹੀਨਾ ਤਲਵੰਡੀ ਗੁਜ਼ਾਰ ਕੇ ਸੁਲਤਾਨਪੁਰ ਜਾਣ ਲੱਗੇ, ਤਾਂ

---

*ਬਲ ਪੂਰਬਕ ।

Digitized by Panjab Digital Library | www.panjabdigilib.org

ਬਾਬਾ ਕਾਲੂ ਜੀ ਮਹਾਰਾਜ ਨੂੰ ਧਨ ਜੋੜਨ ਦਾ ਉਪਦੇਸ਼ ਦੇਣ ਲੱਗੇ।

"ਪੂਰਬ ਕੀ ਉਦਾਰਤਾ ਤਯਾਗਹੁ।
ਗ੍ਰਿਸਤੀ ਮਨੁਜਨ ਕੇ ਮਗ ਲਾਗਹੁ।
ਧਨੀ ਪੁਰਖ ਸਭ ਮਹਿ ਪਰਧਾਨਾ।
ਧਨੀ ਮੂਢ ਕੋ, ਕਹਤ ਸੁਜਾਨਾ।੨੦।
ਮਿਲਹਿ ਧਨੀ ਕੋ ਸਕਲ ਭਲਾਈ।
ਧਨ ਬਿਨ ਕਾਰਜ ਹ੍ਵੈ ਨਹਿ ਰਾਈ।......੨੧।"

ਮਹਾਰਾਜ, ਸਣੇ ਸੁਲਖਣੀ ਜੀ ਸੁਲਤਾਨਪੁਰ ਆ ਗਏ।

ਕੁਛ ਸਮੇਂ ਪਿਛੋਂ ਮੂਲਾ ਆ ਕੇ ਸੁਲੱਖਣੀ ਜੀ ਨੂੰ ਲੈ ਗਿਆ। ਮਹਾਰਾਜ ਨੇ ਪਹਿਲਾਂ ਵਾਂਗ ਮੋਦੀਖ਼ਾਨੇ ਦੀ ਕਾਰ ਸੰਭਾਲ ਲਈ। ਪਹਿਲਾਂ ਵਾਂਗ ਹੀ ਪੁੰਨਦਾਨ ਕਰਨ ਲੱਗ ਪਏ।

ਬੀਬੀ ਨਾਨਕੀ ਜੀ ਨੇ ਇਕ ਮਹੀਨੇ ਪਿਛੋਂ ਹੀ ਆਦਮੀ ਭੇਜ ਕੇ ਸੁਲਖਣੀ ਜੀ ਨੂੰ ਬੁਲਾ ਲਿਆ। ਮਾਪਿਆਂ ਨੇ ਨਾਲ ਹੀ ਦਾਸੀ ਭੇਜ ਦਿਤੀ। ਕੁਛ ਦਿਨਾਂ ਪਿੱਛੋਂ ਬੀਬੀ ਨਾਨਕੀ ਜੀ ਨੇ ਸੁਲੱਖਣੀ ਜੀ ਵਾਸਤੇ ਵੱਖਰੇ ਘਰ ਦਾ ਪਰਬੰਧ ਕਰ ਦਿਤਾ।

(ਏਥੇ ਕਵੀ ਨੇ ਅੱਤਿਕਥਨੀ ਤੇ ਕਲਪਨਾ ਤੋਂ ਕੰਮ ਲਿਆ ਹੈ।)

"ਕਮਲ ਬਦਨ ਨਿਜ ਸਦਨ ਨ ਆਵਹਿ।
ਆਪਨ ਘਰ ਨਿਸ ਦਿਯੋਸ ਬਿਤਾਵਹਿ।
ਜੇ ਕਬਿ ਆਵਹਿ ਦੀਨਨ ਨਾਥਾ।
ਭਨਤ ਬਚ ਨ ਸੁਲੱਖਣੀ ਸਾਥਾ।੫੮।"

(ਪਰ ਕਿਉਂ ? ਸੁਲੱਖਣੀ ਜੀ ਨਾਲ ਨਾ ਬੋਲਣ ਦਾ ਕਾਰਨ ? ਹਾਂ, ਸੁਲੱਖਣੀ ਜੀ ਨੂੰ ਇਹ ਸ਼ਕਾਇਤ ਹੋਣਾ ਸੁਭਾਵਕ ਹੈ, ਕਿ ਗੁਰੂ ਜੀ ਬਹੁਤਾ ਧਨ ਘਰ ਕਿਉਂ ਨਹੀਂ ਲਿਆਉਂਦੇ।)

# ਪੰਝੀਵਾਂ ਧਯਾਇ

## ਘਰ ਵਿਚ ਉਦਾਸ

ਕੁਛ ਸਮੇਂ ਪਿੱਛੋਂ ਮੂਲਾ ਕੰਨਿਆਂ ਨੂੰ ਮਿਲਨ ਆਇਆ। ਮਾਤਾ ਸੁਲੱਖਣੀ ਜੀ ਨੇ ਮਹਾਰਾਜ ਦੀ ਸ਼ਕਾਇਤ ਕੀਤੀ, ਕਿ ਆਪ ਬਹੁਤਾ ਸਮਾਂ ਸਾਧਾਂ ਫ਼ਕੀਰਾਂ ਨਾਲ ਹੀ ਗੁਜ਼ਾਰਦੇ ਹਨ, ਤੇ ਜੋ ਧਨ ਕਮਾਉਂਦੇ ਹਨ, ਉਹ ਬਾਹਰ ਹੀ ਉਜਾੜ ਆਉਂਦੇ ਹਨ।

(ਮਾਤਾ ਸੁਲੱਖਣੀ ਜੀ ਦਾ ਉਸ ਉਮਰ ਇਹ ਗਿਲ੍ਹਾ ਸੁਭਾਵਕ ਸੀ।)

ਮੂਲਾ ਬੜਾ ਕ੍ਰੋਧੀ ਸੀ। ਉਹਨੇ ਜਾ ਕੇ ਜੈ ਰਾਮ ਨੂੰ ਉਲਾਹਮਾ ਦਿਤਾ। ਕਿਵੇਂ ਨਾ

Digitized by Panjab Digital Library | www.panjabdigilib.org

ਕਿਵੇਂ ਮਿੱਠੇ ਤੇ ਧੀਰਜ ਵਾਲੇ ਸ਼ਬਦਾਂ ਨਾਲ ਜੈ ਰਾਮ ਨੇ ਮੂਲੇ ਨੂੰ ਠੰਢਿਆਂ ਕੀਤਾ। ਉਸਨੂੰ ਸ਼ਾਂਤ ਕਰਕੇ ਵਿਦਿਆ ਕੀਤਾ।

ਕੁਛ ਦਿਨਾਂ ਪਿੱਛੋਂ ਮੂਲੇ ਦੇ ਘਰੋਂ ਚੰਦੋਰਾਣੀ ਆ ਗਈ। ਧੀ ਦੀਆਂ ਸ਼ਕਾਇਤਾਂ ਸੁਣ ਕੇ ਉਹ ਵੀ ਬੀਬੀ ਨਾਨਕੀ ਜੀ ਨਾਲ ਨਾਰਾਜ਼ ਹੋਈ, ਕਿ ਤੁਸੀਂ ਨਾਨਕ ਨੂੰ ਸਮਝਾਉਂਦੇ ਕਿਉਂ ਨਹੀਂ। ਨਾਨਕੀ ਜੀ ਨੇ ਉੱਤਰ ਦਿਤਾ,

"ਕਿਆ ਸਮਝਾਵੋਂ ਮੈ ਭਲ ਬਾਤਾ।
ਕੌ ਕੁਕਰਮ ਨਹਿ ਕਰਹੀ ਭ੍ਰਾਤਾ।
ਤਸਕਰ[1] ਸੰਗ ਨ ਕਰਹਿ ਸਤੇਈ।
ਜੂਪ[2] ਨ ਖੇਲਤ, ਸੁਰਾ[3] ਨ ਪੇਈ।੩੩।
ਪਰ ਨਾਰਿਨ ਸੋ ਨਹਿ ਬਿਭਚਾਰੀ।
ਬਿਸੈ ਬਾਸਨਾ ਉਰ ਤੇ ਟਾਰੀ।
ਲੋਭੀ, ਕ੍ਰੋਧੀ, ਲੰਪਟ ਨਾਹੀ।
ਸੁਪਨ ਬਿਕਾਰ ਨ ਮਨ ਉਪਜਾਹੀ।੩੪।"

ਬੀਬੀ ਨਾਨਕੀ ਜੀ ਨੇ ਚੰਦੋਰਾਣੀ ਨੂੰ ਸ਼ਾਂਤ ਕਰਕੇ ਤੋਰਿਆ, ਤੇ ਫਿਰ ਬੀਬੀ ਜੀ ਨੇ ਭਰਜਾਈ ਨੂੰ ਵੀ ਸਮਝਾਇਆ,

"ਅਬ ਮਨ ਸਮਝ ਸੇਵ ਪਤਿ ਕੀਜੈ।
ਭਲੇ ਰਿਝਾਇ ਸਰਬ ਸੁਖ ਲੀਜੈ।੬੬।
ਪਤਿ ਕੀ ਸੇਵ ਕਰਤ ਤਿਯ ਜੇਤੀ।
ਸੁਖੀ ਰਹਤ ਦ੍ਵੈ ਲੋਕਨ ਤੇਤੀ।......੬੭।"

ਚੰਦੋ ਰਾਣੀ ਸ਼ਾਂਤ ਹੋ ਕੇ ਵਾਪਸ ਚਲੀ ਗਈ।

# ਛੱਬੀਵਾਂ ਧਯਾਇ

## ਜਨਮ ਸ੍ਰੀ ਚੰਦ

ਬੀਬੀ ਨਾਨਕੀ ਜੀ ਦੀ ਪ੍ਰੇਰਨਾ ਨਾਲ ਮਹਾਰਾਜ ਆਮ ਘਰ ਜਾਣ ਲਗ ਪਏ।

ਨਿੰਦਕਾਂ ਦੇ ਕਹਿਣ ਉਤੇ ਨਵਾਬ ਨੇ ਫਿਰ ਹਿਸਾਬ ਕੀਤਾ, ਤਾਂ ਗੁਰੂ ਜੀ ਦੇ ਹੀ ਵਧੇ।

ਬੀਬੀ ਨਾਨਕੀ ਜੀ ਦੇ ਸਮਝਾਉਣ ਤੇ ਮਾਤਾ ਸੁਲੱਖਣੀ ਜੀ ਨੇ ਵੀ ਸੇਵਾ ਦਾ ਰਸਤਾ ਅਖ਼ਤਿਆਰ ਕਰ ਲਿਆ।

---

1. ਚੋਰ। 2. ਜੂਆ। 3. ਸ਼ਰਾਬ।

Digitized by Panjab Digital Library | www.panjabdigilib.org

"ਆਇਸ[1] ਮਹਿ ਦਿਨ ਰੈਨ, ਰਹਿਤ ਸੁਲਖਨੀ ਪੁਨਿ ਸਦਾ।
ਜਿਉ ਉਚਰਤ ਮੁਖ ਬੈਨ, ਤਯੋ ਸਭ ਕ੍ਰਿਤ ਕਮਾਵਈ ।੪੭।......
ਸਦਨ ਵਿਖੈ ਸੇਵਾ ਸਰਬ, ਦਾਸੀ ਦਾਸ ਹਟਾਇ।
ਕਰਤ ਸੁਲਖਨੀ ਭਾਉ ਧਰ, ਮਨ ਕੋ ਮਾਨ ਮਿਟਾਇ ।੫੦।"

(ਇਸ ਸੇਵਾ ਨੂੰ ਫਲ ਵੀ ਪ੍ਰਾਪਤ ਹੋ ਗਿਆ।)

'ਸਮਾ ਬੀਤੀਤਯੋ ਕਿਤਕ ਜਬ, ਸ੍ਵਾਧੀ ਪਤਿ ਸੰਜੋਗ।
ਗਰਭ ਧਰਨ ਨੀਕੋ[2] ਬਹੁਰ, ਹਰਖੀ ਉਰ ਹਰ ਸੰਗ ।੫੫।"

ਗੁਰੂ ਜੀ ਦੀ ਉਮਰ ਉਸ ਸਮੇਂ ਬੱਤੀ ਸਾਲ ਦੀ ਸੀ, ਜਾਂ ਪਹਿਲਾ ਸਾਹਿਬਜ਼ਾਦਾ ਸਿਰੀ ਚੰਦ ਜਨਮਿਆਂ।

(ਗੁਰੂ ਨਾਨਕ ਜੀ ਪ੍ਰਗਟੇ ਵਿਸਾਖ, ੧੫੨੬ ਬਿ.। ਸਿਰੀ ਚੰਦ ਜੀ ਜਨਮੇ ਭਾਦੋਂ, ੧੫੫੧ ਬਿ.। ਉਸ ਸਮੇਂ ਮਹਾਰਾਜ ਦੀ ਉਮਰ ਪੰਝੀ ਸਾਲ ਤੋਂ ਵੀ ਘੱਟ ਸੀ।)

# ਸਤਾਈਵਾਂ ਧਯਾਇ

## ਭਗੀਰਥ ਤੇ ਮਨਸੁਖ ਸਿੱਖ ਬਣੇ

ਸੁਲਤਾਨਪੁਰ ਦੇ ਨੇੜੇ, ਮਲਸੀਹਾਂ ਪਿੰਡ ਦੇ ਰਹਿਣ ਵਾਲਾ ਭਗੀਰਥ ਕਾਲਕਾ ਦਾ ਉਪਾਸ਼ਕ ਸੀ। ਉਹ ਹਰਿ ਸਮੇਂ ਚੰਡਿਕਾ ਦੀ ਅਰਾਧਨਾ ਕਰਦਾ ਰਹਿੰਦਾ। ਇਕ ਰਾਤ ਉਹ ਮੰਦਰ ਵਿਚ ਹੀ ਰਿਹਾ।

"ਅਰਧ ਨਿਸਾ ਬੀਤੀ ਅਲਸਾਵਾ।
ਤਬਹਿ ਚੰਡਿਕਾ ਸੁਪਨ ਦਿਖਾਵਾ ।੧੪।......
ਪਰਾਲਬਧ ਹੈ ਤਨ ਕੀ ਜੌ ਲੌ।
ਸੇਵਹੁ ਸ੍ਰੀ ਨਾਨਕ ਪਗ ਤੌ ਲੌ।......੧੬।
ਸ੍ਰੀ ਕਰਤਾਰ ਰੂਪ ਅਵਤਾਰਾ।
ਕਲਿ ਨਰ ਤਾਰਨ ਕੋ ਤਨ ਧਾਰਾ।......੧੭।"

(ਭਾਵ, ਕਾਲੀ ਮਾਤਾ ਨੇ ਹੀ ਭਗੀਰਥ ਨੂੰ ਗੁਰੂ ਜੀ ਦੀ ਸੇਵਾ ਵਿਚ ਭੇਜਿਆ। ਉਹ ਕਹਿੰਦਾ ਹੈ)

"ਕ੍ਰਿਪਾ ਕੀਨ ਮੁਝ ਪਰ ਜਗ ਮਾਈ।
ਸੁਮਤਿ ਦੀਨ ਕਹਿ ਗਾਥ ਬੁਝਾਈ ।੨੪।"

ਫਿਰ ਭਗੀਰਥ ਗੁਰੂ ਜੀ ਦਾ ਸ਼ਰਧਾਲੂ ਸਿੱਖ ਬਣ ਗਿਆ।

ਤਲਵੰਡੀ ਤੋਂ ਮਰਦਾਨਾ ਗੁਰੂ ਜੀ ਪਾਸ ਆਇਆ, ਤੇ ਬੇਨਤੀ ਕੀਤੀ, ਕਿ ਕੰਨਿਆਂ

1. ਆਗਿਆ। 2. ਸੁੰਦਰ।

Digitized by Panjab Digital Library | www.panjabdigilib.org

ਦੇ ਵਿਆਹ ਵਾਸਤੇ ਸਹਾਇਤਾ ਕਰ। ਗੁਰੂ ਜੀ ਨੇ ਲੋੜ ਦੀਆਂ ਸਾਰੀਆਂ ਚੀਜ਼ਾਂ ਦੀ ਫ਼ਰਿਸ਼ਤ ਬਣਾ ਕੇ ਤੇ ਰੁਪੈ ਦੇ ਕੇ ਭਗੀਰਥ ਨੂੰ ਲਾਹੌਰ ਭੇਜਿਆ। ਨਾਲ ਹੀ ਮਹਾਰਾਜ ਨੇ ਹੁਕਮ ਕੀਤਾ, ਕਿ ਲਾਹੌਰ ਵਿਚ ਇਕ ਰਾਤ ਤੋਂ ਵੱਧ ਨਹੀਂ ਰਹਿਣਾ।

ਭਗੀਰਥ ਲਾਹੌਰ 'ਮਨ ਸੁਖ' ਸ਼ਾਹੂਕਾਰ ਕੋਲ ਜਾ ਪੁੱਜਾ। ਭਗੀਰਥ ਨੇ ਫ਼ਰਿਸਤ ਤੇ ਰੁਪੈ ਸਾਮ੍ਹਣੇ ਧਰ ਕੇ ਕਿਹਾ, ਕਿ ਮੈਂ ਇਕ ਰਾਤ ਤੋਂ ਵੱਧ ਏਥੇ ਨਹੀਂ ਰਹਿਣਾ। ਮਨਸੁਖ ਨੇ ਕਿਹਾ, ਬਾਕੀ ਚੀਜ਼ਾਂ ਤਾਂ ਕੱਲ ਹੀ ਮਿਲ ਜਾਣਗੀਆਂ, ਪਰ ਚੂੜੇ ਵਾਸਤੇ ਦੇਰ ਲੱਗੇਗੀ। ਭਗੀਰਥ ਨੇ ਕਿਹਾ,

"ਸੁਨਹੁ ਸ਼ਾਹੁ, ਮਮ ਸਤਿਗੁਰੁ ਪੂਰਾ।
ਜਾ ਕੋ ਬਚਨ ਹੋਤ ਨਹਿ ਊਰਾ।
ਤਿਨ ਕੀ ਆਇਸ ਜਾਨਹੁ ਐਸੇ।
ਦੂਜੀ ਨਿਸ ਪੁਰ ਰਹੋ ਨ ਕੈਸੇ।੪੨।
ਸੁਨਿ ਕਰ ਮਨਸੁਖ ਬਚਨ ਬਖਾਨਾ।
ਕਲੀ ਕਾਲ ਅਤਿਸੈ ਬਲਵਾਨਾ।
ਇਸ ਮਹਿ ਐਸੋ ਕੋਇ ਨ ਪੂਰਾ।
ਤੂੰ ਭਾਖਤ ਜੈਸੇ ਜਸੁ ਰੂਰਾ।੪੩।"

ਅੱਗੋਂ ਭਗੀਰਥ ਨੇ ਕਿਹਾ,

"ਕਲੀ ਕਾਲ ਤਾਰਨ ਕਰਤਾਰਾ।
ਨਿਜ ਸਰੂਪ ਕੀਨੋ ਅਵਤਾਰਾ।
ਜਿਹ ਕੇ ਜਾਗਹਿ ਭਾਗ ਮਹਾਨਾ।
ਸੋ ਮਹਿਮਾ ਜਾਨਹਿ ਮਤਿ ਵਾਰਾ।੪੫। ....
ਸੰਤ ਮਿਲਨ ਕੀ ਜਿਹ ਅਭਿਲਾਖਾ।
ਅਸ ਮਨਸੁਖ ਬਹੁਰੋ ਬਚ ਭਾਖਾ।
ਜੇ ਮੁਝ ਦੇ ਕਛ ਕਲਾ ਦਿਖਾਈ।
ਤਬ ਹੋਵੇਂ ਮੈ ਸਿਖ ਹਿਤ ਲਾਈ।੪੭।"

ਭਗੀਰਥ ਦੀ ਪ੍ਰੇਰਨਾ ਨਾਲ ਮਨਸੁਖ ਵੀ ਮਹਾਰਾਜ ਦੇ ਦਰਸ਼ਨਾਂ ਵਾਸਤੇ ਤੁਰ ਪਿਆ। ਉਹਦੇ ਘਰ ਇਕ ਚੂੜਾ ਤਿਆਰ ਪਿਆ ਸੀ, ਉਸਨੇ ਓਹਾ ਨਾਲ ਲੈ ਲਿਆ। ਮਨਸੁਖ ਨੇ ਦਿਲ ਵਿਚ ਧਾਰੀ, 'ਜੇ ਉਹ ਸੱਚਾ ਗੁਰੂ ਹੈ, ਤਾਂ ਮੇਰਾ ਨਾਮ ਦੱਸ ਦੇਵੇਗਾ।' ਦੋਵੇਂ ਗੁਰੂ ਜੀ ਦੇ ਹਜ਼ੂਰ ਪਹੁੰਚੇ, ਤਾਂ ਹਜ਼ੂਰ ਨੇ ਫ਼ੁਰਮਾਇਆ,

"ਪੂਰਬ ਥੋ ਮਨਸੁਖ ਇਹ ਕਾਚਾ।
ਕਿਯੋ ਨਾਮ ਚਾਹਤ ਅਬ ਸਾਚਾ।.....੫੯।"

ਮਨਸੁਖ ਦਾ ਸ਼ੰਕਾ ਨਵਿਰਤ ਹੋ ਗਿਆ, ਤੇ ਉਹ ਸਿੱਖ ਬਣਿਆਂ।

ਮਰਦਾਨਾ ਸਭ ਵਸਤਾਂ ਲੈ ਕੇ ਤਲਵੰਡੀ ਵਾਪਸ ਆ। ਗਿਆ ਇਸ ਨਾਲ ਤਲਵੰਡੀ

Digitized by Panjab Digital Library | www.panjabdigilib.org

ਵਿਚ ਗੁਰੂ ਜੀ ਦਾ ਬਹੁਤ ਜੱਸ ਹੋਇਆ ।

# ਅਠਾਈਵਾਂ ਧਯਾਇ

## ਵੇਈਂ ਨਦੀ ਵਿਚ ਪ੍ਰਵੇਸ਼

(ਵੇਈਂ ਨਦੀ ਦੀ ਘਟਨਾ ਸਮੇਂ)

"ਸਿਰੀ ਚੰਦ ਤ੍ਰੈ ਬਰਖ ਕੇ, ਅਵਰ ਅਧਿਕ ਖਟ ਮਾਸ ।
ਜਠਰ ਬਿਖੈ ਤਿਹ ਕਾਲ ਮੈ, ਜਾਨਹੁ ਲਖਮੀ ਦਾਸ ।੮।"

(ਕਵੀ ਜੀ ਦੇਵੀ ਦੇਵਤਿਆਂ ਨੂੰ ਮੰਨਦੇ ਹਨ । ਉਹਨਾਂ ਦੇ ਸ਼ਬਦ ਹਨ :)

"ਏਕ ਸਮੈ ਜਲ ਈਸਰ ਕੋ, ਸੁਖਰ ਸ ਆਕਾਸ ਭਈ ਸ਼ੁਭ ਬਾਨੀ ।
ਨਾਨਕ ਪਾਸ ਹੁਲਾਸਯ ਸੋ, ਪਠਵੋ ਤੁਮ ਜਾਸੁ ਰਿਦੈ ਸੁਖ ਮਾਨੀ ।...੧੧।"

(ਜਲ ਈਸਰ, ਜਲ ਦਾ ਦੇਵਤਾ, ਵਰਣ, ਖ਼ਵਾਜਾ ਖ਼ਿਜ਼ਰ । ਵਰਣ ਦੇਵਤੇ ਨੂੰ ਈਸ਼ਵਰ ਦਾ ਹੁਕਮ ਹੋਇਆ, ਕਿ ਤੂੰ ਗੁਰੂ ਨਾਨਕ ਪਾਸ ਜਾਹ ।)

ਗੁਰੂ ਜੀ ਹਰ ਰੋਜ਼ ਸਵੇਰੇ ਵੇਈਂ ਤੇ ਇਸ਼ਨਾਨ ਕਰਨ ਜਾਂਦੇ ਸਨ । ਹਜ਼ੂਰ ਨੇ ਦਾਤਨ ਕਰਕੇ ਗੱਡ ਦਿਤੀ, ਜੋ ਬਿਰਛ ਬਨ ਗਈ ।

"ਗਾਡ ਦਈ ਧਰ, ਹੋਤ ਭਯੋ ਤਰ, ਹੈ ਅਬ ਲੌ ਬਰ ਸੋਬਦਰੀ ।...੧੩।"
"ਬਾਰ[1] ਬਿਖੈ ਇਕ ਬਾਰ ਕਿਯੋ ਬਪ[2], ਆਨ ਖਰਾ ਪਤਿਬਾਰ[3] ਅਗਾਰੀ ।
ਆਨੰਦ ਕੰਦ ਪਦੰ ਅਰ ਬਿੰਦ, ਦੁਊ ਕਰ ਬੰਦ ਹੈ ਬੰਦਨ ਧਾਰੀ । ..੧੪।
ਬਾਨੀ ਆਕਾਸ ਭਈ ਸੁਖਰਾਸ[4] ਕੀ, ਜਾਵਹੁ ਪਾਸ ਅਬੈ ਕਰਤਾਰਾ ।
ਸ੍ਰੀ ਸਚੁਖੰਡ ਅਖੰਡ ਸਦਾ ਭਵ ਮੰਡਨ ਬਾਸ ਜਹਾਂ ਸੁਖ ਭਾਰਾ ।...੧੫।"
"ਯੌ ਕਹਿ ਬੈਨ ਗਏ ਗਤਿ ਦੈਨ, ਗੁਰੂ ਗੁਨ ਐਨ, ਜਹਾ ਦਰਬਾਰਾ । ੧੬।"

(ਭਾਵ : ਜਿਸ ਵੇਲੇ ਗੁਰੂ ਜੀ ਪਾਣੀ ਵਿਚ ਉਤਰੇ, ਵਰਣ ਦੇਵਤਾ ਸਾਮ੍ਹਣੇ ਆ ਖਲਾ । ਉਹਨੇ ਬੇਨਤੀ ਕੀਤੀ, ਕਰਤਾਰ ਤੁਹਾਨੂੰ ਸੱਚਖੰਡ ਵਿਚ ਬੁਲਾ ਰਿਹਾ ਹੈ । ਤਾਂ ਗੁਰੂ ਜੀ ਨਿਰੰਕਾਰ ਦੇ ਦਰਬਾਰ ਵਿਚ ਗਏ । ਇਸ ਵਾਰਤਾ ਵਿਚ ਗੁਰੂ-ਸਿਧਾਂਤ ਨਾਲੋਂ ਬ੍ਰਹਿਮਣੀ ਸਿਧਾਂਤ ਪਰਬਲ ਹੈ ।)

ਕਾਫ਼ੀ ਸਮਾਂ ਉਡੀਕ ਕੇ ਸੇਵਕ ਨੇ ਦੌਲਤ ਖ਼ਾਨ ਨੂੰ ਜਾ ਦੱਸਿਆ । ਸਣੇ ਜੈ ਰਾਮ ਬਹੁਤ ਲੋਕ ਵੇਈਂ ਨਦੀ ਕੰਢੇ ਇਕੱਠੇ ਹੋ ਗਏ । ਮਲਾਹਾਂ ਨੇ ਸਾਰੀ ਨਦੀ ਟੋਲ ਵੇਖੀ, ਪਰ ਗੁਰੂ ਜੀ ਨਾ ਮਿਲੇ । ਸਭ ਦੇ ਮਨ ਡੋਲ ਗਏ, ਪਰ ਬੀਬੀ ਨਾਨਕੀ ਜੀ ਅਡੋਲ ਰਹੇ ।

"ਨਾਨਕੀ ਏਕ ਰਹੀ ਉਰ ਮੈ ਥਿਰ, ਔਰਨ ਕੀ ਸਰ ਨਾ ਭਰਮਾਈ ।
ਸੋਦਰ ਈਸਰ ਕੋ ਅਵਤਾਰ, ਕਰੈ ਨਰ ਖੇਲ ਅਪੇਲ ਸਦਾਈ ।੨੫।"

---

1. ਪਾਣੀ । 2. ਸਰੀਰ । 3. ਜਲਪਤੀ, ਵਰਣ ਦੇਵਤਾ । 4. ਸੁਖਾਂ ਦੀ ਖਾਣ, ਈਸ਼ਵਰ ।

Digitized by Panjab Digital Library | www.panjabdigilib.org

ਮਾਤਾ ਸੁਲੱਖਣੀ ਜੀ ਨੇ ਬਹੁਤ ਵੈਰਾਗ ਕੀਤਾ। ਪਰ ਬੀਬੀ ਨਾਨਕੀ ਨੇ ਉਸਨੂੰ ਧੀਰਜ ਦਿਤਾ,

"ਤੋ ਪਤਿ ਆਇ ਮਿਲੈ ਨਿਸਚੇ ਕਰ, ਸੀਖ ਯੌ ਮੇਰੀ ਰਿਦੇ ਦ੍ਰਿੜ ਲੀਜੈ।... ੩੧।"

ਪਰ ਨਿੰਦਕ ਕਹਿੰਦੇ ਫਿਰਦੇ, ਕਿ ਮੋਦੀ ਖ਼ਾਨਾ ਲੁਟਾ ਕੇ, ਨਵਾਬ ਤੋਂ ਡਰਦੇ, ਨਦੀ ਵਿਚ ਡੁਬ ਗਏ ਹਨ।

# ਉਨਤੀਵਾਂ ਧਯਾਇ

## ਮੋਦੀਖ਼ਾਨਾ ਛੱਡਿਆ

"ਯਾ ਬਿਧਿ ਸੋ ਸੁਲਤਾਨ ਪੁਰੇ, ਪੁਨਿ ਸ੍ਰੀ ਗੁਰ ਜਾਤ ਭਏ ਪ੍ਰਭ ਪਾਸੀ। ..
ਬੈਨ ਭਨੇ ਗੁਨ ਐਨ ਪ੍ਰਮੇਸਰ, ਆਵਹੁ ਨਾਨਕ ਨਾਮ ਬਿਲਾਸੀ।੨।
ਜਾ ਕਾਰਨ ਅਵਤਾਰ ਧਰਯੋ ਭਵ, ਕਾਰਜ ਜਾਇ ਕਰੋ ਅਬ ਸੋਊ। . ...
ਭਾਉ ਭਲੇ ਭਗਤੀ ਪ੍ਰਗਟਾਵਹੁ, ਭਾਰ ਧਰਾ ਧਰ ਭੂਰ ਬਿਗੋਊ।੩।"

ਉੱਤਰ ਵਿਚ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ,

"ਕੋਟਿ ਕੋਟੀ ਮੇਰੀ ਆਰਜਾ, ਪਵਣ ਪੀਅਣੁ ਅਪਿਆਉ।..... ।"

(ਸਿਰੀ ਰਾਗ, ਮ. ੧. ਪੰਨਾ ੧੪)

"ਪਾਰਬ੍ਰਹਮ ਬਿਗਸੇ ਸੁਨਤ, ਮੰਤ੍ਰ ਦੀਨ ਗੁਰੁ ਹੋਇ।
ਸ੍ਰੀ ਨਾਨਕ ਧਾਰਨ ਕਰਯੋ, ਬਰਨ ਸੁਨਾਵੋ ਸੋਇ।੫।"

(ਇਸਦਾ ਕੀ ਭਾਵ ਲਿਆ ਜਾਵੇ? ਪਾਰਬ੍ਰਹਮ ਨੇ ਗੁਰ-ਮੰਤ੍ਰ ਦਿਤਾ, ਜੋ ਗੁਰੂ ਨਾਨਕ ਨੇ ਧਾਰਨ ਕਰ ਲਿਆ। ਕਵੀ ਜੀ ਨੇ ਬਹੁਤ ਵੱਡੀ ਗੁੰਝਲ ਪੈਦਾ ਕਰ ਦਿਤੀ ਹੈ। ਕੀ ਮਹਾਰਾਜ ਨੂੰ ਇਸ ਦਿਨ ਤੋਂ ਗੁਰੂ ਮੰਨਿਆਂ ਜਾਵੇ, ਜਾਂ ਜਨਮ ਤੋਂ?)

ਨਿਰੰਕਾਰ ਨੇ ਇਹ ਮੰਤ੍ਰ ਦਿਤਾ:

"੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ।"

ਗੁਰੂ ਜੀ ਦਾ ਸੇਵਕ ਸ਼ਰਧਾ ਵੱਸ ਰੋਜ਼ ਸਵੇਰੇ ਬਸਤਰ ਲੈ ਕੇ ਨਦੀ ਕਨਾਰੇ ਜਾਂਦਾ। ਤੀਸਰੇ ਦਿਨ ਗੁਰੂ ਜੀ ਨਦੀਓਂ ਬਾਹਰ ਨਿਕਲੇ। ਸੇਵਕ ਦੌੜ ਕੇ ਚਰਨੀਂ ਲੱਗਾ।

ਮਹਾਰਾਜ ਨੇ ਕਿਹਾ, ਜਾਓ, ਪਹਿਲਾਂ ਭੈਣ ਨਾਨਕੀ ਨੂੰ ਪਤਾ ਦਿਹੋ, ਜੋ ਤਿੰਨ ਦਿਨ ਤੋਂ ਸਮਾਧੀ ਵਿਚ ਬੈਠੀ ਸਾਨੂੰ ਯਾਦ ਕਰ ਰਹੀ ਹੈ।

ਮਹਾਰਾਜ ਦੇ ਨਦੀ ਤੋਂ ਬਾਹਰ ਆਉਣ ਦੀ ਖ਼ਬਰ ਸੁਣ ਕੇ ਸਾਰੇ ਨੱਗਰ ਵਿਚ

Digitized by Panjab Digital Library | www.panjabdigilib.org

ਬਹੁਤ ਖ਼ੁਸ਼ੀ ਹੋਈ। ਮਹਾਰਾਜ ਫ਼ਕੀਰਾਂ ਵਾਲੀ ਕਫ਼ਨੀ ਪਾ ਕੇ ਮਸਾਣਾਂ ਵਿਚ ਜਾ ਬੈਠੇ।

ਨਿੰਦਕਾਂ ਨੇ ਨਵਾਬ ਨੂੰ ਜਾ ਭੜਕਾਇਆ, ਕਿ ਮੋਦੀਖ਼ਾਨਾ ਉਜਾੜ ਕੇ ਨਾਨਕ ਇਹ ਭੇਖ ਬਣਾ ਬੈਠਾ ਹੈ। ਨਵਾਬ ਨੇ ਜੈਰਾਮ ਨੂੰ ਬਲਾ ਲਿਆ। ਜੈਰਾਮ ਦੇ ਨਾਲ ਜਾ ਕੇ ਮਹਾਰਾਜ ਨੇ ਹਿਸਾਬ ਕੀਤਾ। ਗੁਰੂ ਜੀ ਦ ਸੱਤ ਸੌ ਸੱਠ ਰੁਪੈ ਵਧੇ। ਨਵਾਬ ਨੇ ਕਿਹਾ, ਇਹ ਪੈਸੇ ਵੀ ਲਵੋ, ਲੋੜ ਅਨੁਸਾਰ ਧਨ ਲਵੋ ਤੇ ਮੋਦੀਖ਼ਾਨਾ ਚਲਾਓ।

"ਬਾਬੇ ਤਬ ਕਹੀ, ਧਨ ਲੇਵੋਂ ਅਬ ਨਹੀ,
ਜੋਊ ਬਾਕੀ ਸਭ ਰਹੀ, ਤਾ ਕੀ ਬਾਤ ਯੌ ਸੁਨੀਜੀਏ।
ਰਾਖੀਏ ਅਮਾਨ ਥਾਇ ਆਪਨੋ ਨਿਬਾਬ ਰਾਇ,
ਪੈਸੇ ਹੈਂ ਖੁਦਾਇ ਕੇ ਫਕੀਰਨ ਕੋ ਦੀਜੀਏ।੪੦।"

ਮਹਾਰਾਜ ਫਿਰ ਮਸਾਣਾਂ ਵਿਚ ਆ ਬੈਠੇ।

"ਤਬ ਜੈ ਰਾਮ ਦੁਕਾਨ ਕੀ ਸੌਜ ਸਮਾਰੀ ਆਨ।
ਸਭਹਿ ਸੁਲਖਣੀ ਢਿਗ ਦਈ, ਅਸ ਬਿਧਿ ਬਚਨ ਬਖਾਨ।੪੩।"

ਦੁਕਾਨ ਵਿਚ ਜੋ ਮਹਾਰਾਜ ਦਾ ਬਚਦਾ ਸੀ, ਜੈਰਾਮ ਨੇ ਸਭ ਸਮਾਨ ਸੁਲਖਣੀ ਜੀ ਨੂੰ ਲਿਆ ਦਿਤਾ।

# ਤੀਹਵਾਂ ਧਯਾਇ

## ਜਨਮ ਲਖਮੀ ਦਾਸ

ਖ਼ਬਰ ਸੁਣ ਕੇ ਮੂਲਾ ਆਇਆ। ਉਹਨੇ ਜਾ ਕੇ ਮਹਾਰਾਜ ਨੂੰ ਚੰਗੀ ਮੰਦੀ ਕਹੀ, ਪਰ ਗੁਰੂ ਜੀ ਨੇ ਅੱਗੋਂ ਕੋਈ ਉੱਤਰ ਨਾ ਦਿਤਾ। ਫਿਰ ਮੂਲਾ ਆਪਣੇ ਪੰਡਤ ਨੂੰ ਨਾਲ ਲੈ ਕੇ ਗਿਆ। ਪੰਡਤ ਨੇ ਸਮਝਾਇਆ,

"ਬਾਲ ਬੁਧਿ ਲੀਨ, ਕਚੀ ਬਾਤੈਂ ਸਭ ਕੀਨ ਤੁਮ,
ਮੋਦੀ ਕ੍ਰਿਤ ਛੋਰ ਦੀਨ, ਨੀਕੇ ਨ ਵਿਚਾਰਿਆ।
ਮਾਤ ਪਿਤਾ ਲਾਜ ਤਜ, ਦੇਹਿ ਅਸ ਬੇਖ ਸਜ,
ਭ੍ਰਿਸ਼ਟ ਮਸਾਨ ਥਾਨ ਭਏ ਹਿਤਕਾਰਯਾ।੧੫।"

ਉੱਤਰ ਵਿਚ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ,

"ਰਾਜਾ ਬਾਲਕੁ ਨਗਰੀ ਕਾਚੀ, ਦੁਸਟਾ ਨਾਲਿ ਪਿਆਰੋ।......।"

(ਬਸੰਤ ਹਿੰਡੋਲ, ਮ, ੧. ਪੰਨਾ ੧੧੭੧)

(ਅੱਗੇ ਇਸ ਸ਼ਬਦ ਦੇ ਅਰਥ ਹਨ।)

ਮੂਲੇ ਨੇ ਕਿਹਾ, ਜ ਤੂੰ ਫ਼ਕੀਰ ਹੋ ਜਾਣਾ ਸੀ, ਤਾਂ ਵਿਆਹ ਕਿਉਂ ਕਰਵਾਇਆ ਸੀ। ਮਗਰ ਪੰਡਤ ਇਹ ਸ਼ਬਦ ਸੁਣਕੇ ਗੁਰੂ ਜੀ ਦੇ ਚਰਨੀਂ ਢੱਠਾ।

Digitized by Panjab Digital Library | www.panjabdigilib.org

ਮਹਾਰਾਜ ਨੂੰ ਮਸਾਣਾਂ ਵਿਚ ਬੈਠਿਆਂ ਤਿੰਨ ਮਹੀਨੇ ਬੀਤ ਗਏ। ਇਸ ਸਮੇਂ ਲਖਮੀ ਦਾਸ ਦਾ ਜਨਮ ਹੋਇਆ। ਗੁਰੂ ਜੀ ਨੂੰ ਵੀ ਬਾਲਕ ਦੇ ਜਨਮ ਦੀ ਖ਼ਬਰ ਪੁਚਾਈ ਗਈ।

(ਗੁਰੂ ਜੀ ਨੇ ਇਕ ਨਵਾਂ ਨਾਅਰਾ ਦਿਤਾ : 'ਨਾ ਹਿੰਦੂ ਨਾ ਮੁਸਲਮਾਨ'।)

"ਜਗ ਮਹਿ ਹਿੰਦੂ ਤੁਰਕ ਨ ਕੋਊ।
ਝੂਠੇ ਨਾਮ ਧਰਾਵਹਿ ਦੋਊ।੫੩।"

ਕਾਜ਼ੀ ਬਹੁਤ ਸਾਰੇ ਆਦਮੀ ਲੈ ਕੇ ਬਹਿਸ ਕਰਨ ਆ ਗਿਆ। ਉਤਰ ਵਿਚ ਮਹਾਰਾਜ ਨੇ ਸਲੋਕ ਉਚਾਰੇ :

"ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ।...।"
"ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ। . ।"

(ਦੋਵੇਂ ਸਲੋਕ ਮਾਝ ਦੀ ਵਾਰ ਦੇ ਹਨ। ਪੰਨੇ ੧੪੦, ੧੪੧)

(ਤੀਸਰਾ ਸਲੋਕ ਹਿੰਦੂਆਂ ਬਾਰੇ)

"ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ।
ਨਾਰਦਿ ਕਹਿਆ, ਸਿ ਪੂਜ ਕਰਾਂਹੀ।
ਅੰਧੇ ਗੁੰਗੇ ਅੰਧ ਅੰਧਾਰੁ।
ਪਾਥਰ ਲੇ ਪੂਜਹਿ ਮੁਗਧ ਗਵਾਰ।
ਓਹਿ ਜਾ ਆਪਿ ਡੁਬੇ, ਤੁਮ ਕਹਾ ਤਾਰਣਹਾਰੁ।"

(ਬਿਹਾਗੜੇ ਦੀ ਵਾਰ, ਮ. ੧. ਪੰਨਾ ੫੫੬)

ਇਹ ਸਬਦ ਸੁਣ ਕੇ ਕਾਜ਼ੀ ਨਿਰੁੱਤਰ ਹੋ ਕੇ ਚਲਾ ਗਿਆ।

ਮਹਾਰਾਜ ਦੇ ਪਾਸ ਭਗੀਰਥ ਰਹਿੰਦਾ ਸੀ।

ਮਨਸੁਖ ਇਹ ਆਗਿਆ ਲੈਣ ਆਇਆ, ਕਿ ਉਹ ਵਪਾਰ ਵਾਸਤੇ ਸੰਗਲਾਦੀਪ (ਲੰਕਾ) ਜਾ ਰਿਹਾ ਹੈ। ਗੁਰੂ ਜੀ ਨੇ ਉਸ ਨੂੰ ਉਪਦੇਸ਼ ਦੇ ਕੇ ਤੋਰਿਆ। ਫਿਰ ਭਗੀਰਥ ਨੂੰ ਵੀ ਘਰ ਜਾਣ ਦਾ ਹੁਕਮ ਦੇ ਦਿਤਾ।

# ਇਕੱਤੀਵਾਂ ਧਯਾਇ

## ਮਸੀਤ ਵਿਚ

(ਕਵੀ ਜੀ ਨੇ ਪਿਛਲੇ ਕਾਂਡਾਂ ਵਿਚ ਵਾਰੀ ਵਾਰੀ ਦਸ ਗੁਰੂ ਸਾਹਿਬਾਨ ਨੂੰ ਨਮਸਕਾਰ ਕੀਤੀ ਹੈ। ਹੁਣ ਫਿਰ ਸਾਰਦਾ ਦੇਵੀ ਦੀ ਵਾਰੀ ਆ ਗਈ। ਕਵੀ ਜੀ ਜਿੰਨੇ ਗੁਰੂ ਸਾਹਿਬਾਨ ਦੇ ਸ਼ਰਧਾਲੂ ਹਨ, ਓਨੇ ਹੀ ਦੇਵੀ ਦਿਉਤਿਆਂ ਦੇ ਉਪਾਸ਼ਕ।)

"ਮਰਾਲ ਬਾਹਨੀ ਕ੍ਰਿਪਾਲ ਹਾਥ ਜੋਰ ਬੰਦਨਾ।

Digitized by Panjab Digital Library | www.panjabdigilib.org

ਕਹੋ ਕਥਾ ਵਿਚਾਰ ਚਾਰੁ ਤੀਨ ਤਾਪ ਕੰਦਨਾ।
ਧਯਾਨ ਧਾਰ ਬਾਰ ਬਾਰ ਸਾਰਦਾ ਸਰੂਪ ਕੋ।
ਸੁਜਾਸ ਕੇ ਪ੍ਰਸਾਦਿ ਪਾਇ ਸ੍ਰੈਮੁਖੀ ਅਨੂਪ ਕੋ ।੧।"

ਮੂਲੇ ਨੇ ਨਵਾਬ ਕੋਲ ਜਾ ਫ਼ਰਯਾਦ ਕੀਤੀ, ਕਿ ਨਾਨਕ ਨੂੰ ਤਾਂ ਕੋਈ ਭੂਤ ਚੰਬੜ ਗਿਆ ਹੈ, ਉਹ ਬਾਵਰਾ ਹੋ ਗਿਆ ਹੈ।

"ਭਯੋ ਹਿ ਭੂਰ ਬਾਵਰਾ, ਕਿ ਭੂਤਨਾ ਸੁ ਤਾਹਿ ਮੈ। ..੯।"

ਮੂਲੇ ਨੇ ਕਿਹਾ, ਇਸ ਲਈ ਉਹਦੇ ਵਧਦੇ ਸੱਤ ਸੌ ਸੱਠ ਰੁਪੈ ਉਸ ਦੀ ਪਤਨੀ ਨੂੰ ਦਿਤੇ ਜਾਣ।

ਨਵਾਬ ਨੇ ਯਾਰ ਖ਼ਾਂ ਨੂੰ ਗੁਰੂ ਜੀ ਪਾਸ ਭੇਜਿਆ, ਇਹ ਪਤਾ ਕਰਨ, ਕਿ ਮਹਾਰਾਜ ਨੂੰ ਠੀਕ ਕੋਈ ਭੂਤ ਚੰਬੜਿਆ ਹੋਇਆ ਹੈ ? ਇਕ ਮੁੱਲਾਂ ਭੂਤ ਕਢਣ ਵਾਸਤੇ ਗਿਆ। ਗੁਰੂ ਜੀ ਸਮਾਧੀ ਵਿਚ ਸਨ। ਮੁੱਲਾਂ ਨੇ ਮੰਤ੍ਰ ਪੜ੍ਹ ਕੇ ਗੁਰੂ ਜੀ ਦੇ ਨੱਕ ਵਿਚ ਧੂਣੀ ਦਿਤੀ। ਗੁਰੂ ਜੀ ਨੇ ਸਬਦ ਉਚਾਰਿਆ।

"ਧ੍ਰਿਗ ਤਿਨਾ ਕਾ ਜੀਵਿਆ, ਜਿ ਲਿਖਿ ਲਿਖਿ ਵੇਚਹਿ ਨਾਉ।...।"
(ਸਾਰੰਗ ਕੀ ਵਾਰ, ਮ. ੧. ਪੰਨਾ ੧੨੯੫)

"ਸੁਨਿ ਕਰ ਮਾਨਵ ਤਿਸ ਸਮੈ, ਪਰੀ ਰੌਰ ਤਿਹ ਥਾਇ।
ਕਹਤ ਪਰਸਪਰ ਭੂਤਨਾ ਬੋਲਯੋ ਹੈ ਦੁਖ ਪਾਇ ।੨੨।"

ਮੁੱਲਾਂ ਨੇ ਧਮਕੀ ਦਿਤੀ, 'ਦੱਸ, ਤੂੰ ਕੌਣ ਹੈਂ ? ਨਹੀਂ ਤਾਂ ਅੱਗ ਲਾ ਕੇ ਸਾੜ ਦਿਆਂਗਾ"।

ਗੁਰੂ ਜੀ ਨੇ ਸਬਦ ਉਚਾਰਿਆ,

"ਕੋਈ ਆਖੈ ਭੂਤਨਾ, ਕੋ ਕਹੈ ਬੇਤਾਲਾ ।...।"
(ਮਾਰੂ, ਮ. ੧, ਪੰਨਾ ੯੯੧)

ਫਿਰ ਸਬਦ ਦੀ ਥੋੜੀ ਜੇਹੀ ਵਿਆਖਿਆ ਹੈ।

ਪ੍ਰਭਾਵਤ ਹੋ ਕੇ ਮੁੱਲਾਂ ਗੁਰੂ ਜੀ ਦੇ ਚਰਨੀਂ ਪਿਆ। ਉਹਨੇ ਨਵਾਬ ਕੋਲ ਜਾ ਕੇ ਬੜੀ ਉਸਤਤ ਕੀਤੀ। ਨਵਾਬ ਨੇ ਜੈਰਾਮ ਨੂੰ ਬੁਲਾ ਕੇ ਗੁਰੂ ਜੀ ਦੇ ਵਧੇ ਧਨ ਬਾਰੇ ਸਲਾਹ ਪੁੱਛੀ । ਅੰਤ ਫ਼ੈਸਲਾ ਹੋਇਆ, ਕਿ ਗੁਰੂ ਜੀ ਨੂੰ ਬੁਲਾ ਕੇ ਪੁਛਿਆ ਜਾਵੇ।

ਨਵਾਬ ਦਾ ਆਦਮੀ ਸੱਦਣ ਗਿਆ, ਤਾਂ ਗੁਰੂ ਜੀ ਨੇ ਜਾਣ ਤੋਂ ਇਨਕਾਰ ਕਰ ਦਿਤਾ। ਨਵਾਬ ਨੇ ਗੁੱਸੇ ਨਾਲ ਕਿਹਾ, ਫਿਰ ਜਾਓ; ਨਾ ਆਵੇ, ਤਾਂ ਜ਼ਬਰਦਸਤੀ ਪਕੜ ਕੇ ਲੈ ਆਵੋ।

ਖ਼ੈਰ, ਗੁਰੂ ਜੀ ਆ ਗਏ। ਨਵਾਬ ਨੇ ਕਿਹਾ, ਤੁਸੀਂ ਮੇਰੇ ਬੁਲਾਏ ਕਿਉਂ ਨਾ ਆਏ।

Digitized by Panjab Digital Library | www.panjabdigilib.org

ਗੁਰੂ ਜੀ ਨੇ ਕਿਹਾ, ਜਦ ਤੇਰੇ ਚਾਕਰ ਸਾਂ, ਤੇਰੇ ਬੁਲਾਏ ਆ ਜਾਂਦੇ ਸਾਂ। ਹੁਣ ਖ਼ੁਦਾ ਦੇ ਚਾਕਰ ਹੋ ਗਏ ਹਾਂ, ਤੇ ਕੇਵਲ ਉਸ ਦਾ ਹੁਕਮ ਮੰਨਦੇ ਹਾਂ।

ਨਵਾਬ ਨੇ ਕਿਹਾ, ਜੇ ਆਪ ਇਕ ਖ਼ੁਦਾ ਨੂੰ ਮੰਨਦੇ ਹੋ, ਤਾਂ ਚਲੋ, ਸਾਡੇ ਨਾਲ ਮਸੀਤ ਵਿਚ ਨਮਾਜ਼ ਪੜ੍ਹੋ। ਹਜ਼ੂਰ ਨੇ ਕਿਹਾ, ਚਲੋ, ਅਸੀਂ ਤਿਆਰ ਹਾਂ।

ਇਹ ਖ਼ਬਰ ਸੁਣਕੇ ਸਾਰੇ ਨਗਰ ਵਿਚ ਰੌਲਾ ਪੈ ਗਿਆ। ਜੈਰਾਮ ਬਹੁਤ ਚਿੰਤਤ ਹੋਇਆ। ਇਕ ਬੀਬੀ ਨਾਨਕੀ ਅਡੋਲ ਰਹੀ। ਜੈਰਾਮ ਨੇ ਪੰਡਿਤ ਨਿੱਧਾ ਨੂੰ ਮਸੀਤ ਵਿਚ ਵੇਖਣ ਭੇਜਿਆ।

# ਬੱਤੀਵਾਂ ਧਯਾਇ

## ਮਸੀਤ ਵਿਚ ਉਪਦੇਸ਼

ਮਸੀਤ ਵਿਚ ਮੌਲਵੀ ਪਿੱਛੇ ਨਵਾਬ ਤੇ ਹੋਰ ਸਭ ਨੇ ਨਮਾਜ਼ ਪੜ੍ਹੀ। ਪਰ ਗੁਰੂ ਜੀ ਖਲੋ ਰਹੇ। ਨਵਾਬ ਨੇ ਗਿਲ੍ਹਾ ਕੀਤਾ ਤਾਂ ਹਜ਼ੂਰ ਨੇ ਕਿਹਾ, ਕਿ ਕੀਹਦੇ ਪਿਛੇ ਨਮਾਜ਼ ਪੜ੍ਹਦੇ। ਨਵਾਬ ਕੰਧਾਰ ਵਿਚ ਘੋੜੇ ਖ਼ਰੀਦਦਾ ਫਿਰਦਾ ਸੀ, ਤੇ ਕਾਜ਼ੀ ਦਾ ਮਨ ਘਰ ਵਿਚ ਸੀ, ਕਿ ਵਛੇਰਾ ਟੋਏ ਵਿਚ ਨਾ ਡਿਗ ਪਏ।

ਇਹ ਅਜ਼ਮਤ ਵੇਖ ਕੇ ਨਵਾਬ ਗੁਰੂ ਜੀ ਨੂੰ ਪੀਰ ਕਹਿਕੇ ਚਰਨੀਂ ਲੱਗਾ। ਨਵਾਬ ਨੇ ਰੁਪੈ ਬਾਰੇ ਗੁਰੂ ਜੀ ਦੀ ਰਾਏ ਪੁੱਛੀ, ਕਿ ਹੁਕਮ ਹੋਵੇ, ਤਾਂ ਅੱਧਾ ਸਿਰੀ ਚੰਦ ਨੂੰ ਦੇ ਦੇਈਏ, ਤੇ ਅੱਧਾ ਦਾਨ ਕਰ ਦੇਈਏ। ਗੁਰੂ ਜੀ ਨੇ ਆਗਿਆ ਦੇ ਦਿਤੀ।

ਫਿਰ ਮਹਾਰਾਜ ਭੈਣ ਨਾਨਕੀ ਨੂੰ ਆ ਕੇ ਮਿਲੇ।

# ਤੇਤੀਵਾਂ ਧਯਾਇ

## ਮੂਲਾ ਸੁਲੱਖਣੀ ਜੀ ਨੂੰ ਘਰ ਲੈ ਗਿਆ।

(ਗੁਰੂ ਜੀ ਦਾ ਪਹਿਰਾਵਾ।)

"ਸਿਰ ਪਰ ਨੁਕਤਹਿ ਜੁਗਲ ਗਜ, ਖਫਨੀ ਗਰ ਬਰ ਚੀਰ।
ਸੰਬਯਾਨਾ ਭਗਵੋ ਸਜੈ, ਧਰਯੋ ਸੁ ਬੇਖ ਸਰੀਰ।੬।"

(ਸਿਰ 'ਤੇ ਦੋ ਗਜ਼ ਦੀ ਦਸਤਾਰ, ਗਲ ਕਫ਼ਨੀ ਤੇ ਭਗਵੀ ਚਾਦਰ। ਸੰਤਾ ਫ਼ਕੀਰਾਂ ਵਾਲਾ ਭਸ।)

ਮੂਲਾ ਤੇ ਚੰਦੋਰਾਨੀ ਆ ਝਗੜਨ ਲੱਗੇ।

"ਇਵ ਜੇ ਹੋਨਾ ਹੁਤੋ ਫ਼ਕੀਰਾ।
ਕਰਹਿ ਬਯਾਹਿ ਕਿਉ ਡੋਬ ਅਧੀਰਾ।੧੧।

ਸਰਬ ਦਰਬ ਕਰ ਦੀਨ ਖੁਆਰੂ ।
ਅਬ ਭਾ ਸਾਧ ਅਵਾਸ[1] ਉਜਾਰੂ ।
ਹੁਤੋ ਬਿਤ[2] ਸਭ ਖੋਯੋ ਜੇਤਾ ।
ਸੋ ਅਬ ਸਿਰੀ ਚੰਦ ਕੋ ਦੇਤਾ । ੧੨।

(ਮੂਲੇ ਨੂੰ ਵਧੇਰੇ ਗ਼ਮ ਧਨ ਦਾ ਸੀ ।)

ਚੰਦੋ ਰਾਣੀ ਨੇ ਵੀ ਬਹੁਤ ਗਿਲ੍ਹਾ ਕੀਤਾ, ਤਾਂ ਗੁਰੂ ਜੀ ਨੇ ਸ਼ਬਦ ਉਚਾਰਿਆ,

"ਮਿਲਿ ਮਾਤ ਪਿਤਾ ਪਿੰਡੁ ਕਮਾਇਆ । ...।"

(ਮਾਰੂ, ਮ. ੧. ਪੰਨਾ ੯੮੯)

ਮੂਲੇ ਤੇ ਚੰਦੋਰਾਣੀ ਉਤੇ ਇਸਦਾ ਕੋਈ ਅਸਰ ਨਾ ਹੋਇਆ ।

ਨਵਾਬ ਨੇ ਗੁਰੂ ਜੀ ਦੀ ਅੱਧੀ ਰਕਮ ਜੈਰਾਮ ਰਾਹੀਂ ਸੁਲਖਣੀ ਨੂੰ ਭੇਜ ਦਿਤੀ । ਮੂਲਾ ਤੇ ਚੰਦੋ ਰਾਣੀ ਨੇ ਸੁਲੱਖਣੀ ਜੀ ਨੂੰ ਨਾਲ ਲੈ ਜਾਣ ਵਾਸਤੇ ਕਿਹਾ । ਨਾਨਕੀ ਜੀ ਨੇ ਬਹੁਤ ਕਿਹਾ, ਕਿ ਸਾਡੇ ਪਾਸ ਰਹਿਣ ਦਿਹੋ, ਨਹੀਂ ਤਾਂ ਤਲਵੰਡੀ ਭੇਜ ਦਿਹੋ । ਪਰ ਉਹ ਨਾ ਮੰਨੇ । ਅੰਤ ਸਿਰੀ ਚੰਦ ਬੀਬੀ ਨਾਨਕੀ ਪਾਸ ਰਿਹਾ, ਤੇ ਲਖਮੀ ਦਾਸ ਨੂੰ ਨਾਲ ਲੈ ਕੇ ਸੁਲੱਖਣੀ ਜੀ ਮਾਤਾ ਪਿਤਾ ਨਾਲ ਪੇਕੇ ਚਲੀ ਗਈ ।

# ਚੌਤੀਵਾਂ ਧਯਾਇ

## ਮਰਦਾਨੇ ਦੀ ਕਥਾ

ਤਲਵੰਡੀ ਖ਼ਬਰ ਪਹੁੰਚੀ, ਤਾਂ ਬਾਬਾ ਕਾਲੂ ਜੀ ਨੇ ਸਮਝਿਆ, ਕਿ ਘਾਟਾ ਪੈ ਜਾਣ ਕਾਰਨ ਨਾਨਕ ਫ਼ਕੀਰ ਬਣ ਗਿਆ ਹੈ । ਉਹਨੇ ਮਰਦਾਨੇ ਨੂੰ ਸੁਲਤਾਨ ਪੁਰ ਖ਼ਬਰ ਲੈਣ ਭੇਜਿਆ ।

ਮਰਦਾਨਾ ਬੀਬੀ ਨਾਨਕੀ ਜੀ ਪਾਸ ਜਾ ਪਹੁੰਚਾ । ਦੋਹਾਂ ਘਰਾਂ ਦੀ ਰਾਜ਼ੀ ਖ਼ੁਸ਼ੀ ਦੀ ਸੂਚਨਾ ਦੇ ਕੇ ਮਰਦਾਨਾ ਉਸ ਥਾਂ ਜਾ ਪਹੁੰਚਾ, ਜਿੱਥੇ ਮਹਾਰਾਜ ਬੈਠੇ ਸਨ । ਮਰਦਾਨੇ ਨੇ ਜਾ ਕੇ ਵੇਖਿਆ,

"ਸੋ ਭਗਵੇ ਧਰ ਚੀਰ ਸਰੀਰਾ ।
ਬੈਸੇ ਇਵ ਗੁਨ ਹੋਤ ਅਧੀਰਾ ।੩੧।"

(ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਣ ਵਾਸਤੇ ਗੁਰਦੇਵ ਨੇ ਸਾਧੂਆਂ ਵਾਲਾ ਭਗਵਾ ਵੇਸ ਧਾਰਨ ਕੀਤਾ ।)

ਵਾਰਤਾਲਾਪ ਪਿਛੋਂ ਗੁਰੂ ਜੀ ਨੇ ਕਿਹਾ, ਮਰਦਾਨਿਆਂ ! ਤੂੰ ਸਦਾ ਸਾਡੇ ਨਾਲ ਹੀ ਰਹੋ ।

---

1. ਘਰ । 2. ਧਨ ।

Digitized by Panjab Digital Library | www.panjabdigilib.org

"ਨਿਸ ਬਾਸਰ ਮਮ ਸੰਗ ਰਹੀਜੈ ।
ਆਨ ਜਾਨ ਕੋ ਨਾਮ ਨ ਲੀਜੈ ।੩੮।"

ਗੁਰਦੇਵ ਨੇ ਹੁਕਮ ਦਿਤਾ, ਕਿ ਭੈਣ ਨਾਨਕੀ ਕੋਲੋਂ ਪੈਸੇ ਲੈ ਕੇ ਨਗਰ ਵਿਚੋਂ ਰਬਾਬ ਲੈ ਆ ।

ਮਰਦਾਨਾ ਬੀਬੀ ਜੀ ਪਾਸ ਗਿਆ । ਬੀਬੀ ਜੀ ਨੇ ਯਾਦ ਕੀਤਾ ਮਰਦਾਨੇ ਰਾਹੀਂ, ਤਾਂ ਮਹਾਰਾਜ ਭੈਣ ਨੂੰ ਮਿਲਨ ਗਏ ।

# ਪੈਂਤੀਵਾਂ ਧਯਾਇ

## ਰਬਾਬ ਲਿਆਉਣਾ

ਭੈਣ ਘਰੋਂ ਪਰਸਾਦ ਛਕ ਕੇ ਗੁਰੂ ਜੀ ਫਿਰ ਅਪਨੀ ਥਾਂ ਜਾ ਬੈਠੇ । ਮਰਦਾਨਾ ਸਾਰੇ ਨਗਰ ਵਿਚ ਭਾਲ ਮੁੜਿਆ, ਪਰ ਰਬਾਬ ਕਿਤੋਂ ਨਾ ਮਿਲਿਆ । ਫਿਰ ਗੁਰੂ ਜੀ ਨੇ ਰਬਾਬੀ ਫਿਰੰਦਾ ਪਾਸੋਂ ਰਬਾਬ ਲੈਣ ਭੇਜਿਆ । ਮਰਦਾਨਾ ਨੌਂਵੇਂ ਦਿਨ ਵਾਪਸ ਮੁੜਿਆ । ਨਾਲ ਫਿਰੰਦਾ ਵੀ ਆਇਆ । ਉਸ ਨੇ ਰਬਾਬ ਭੇਟਾ ਕੀਤਾ । ਮਰਦਾਨਾ ਫਿਰੰਦੇ ਨੂੰ ਵਿਦਿਆ ਕਰਨ ਗਿਆ, ਤਾਂ ਉਹ ਲੋਪ ਹੋ ਗਿਆ ।

"ਬਿਦਾ ਕਰਨ ਗਵਨਯੋ ਮਰਦਾਨਾ, ਭਯੋ ਅਦ੍ਰਿਸ਼ ਸੋਊ ।...੩੮ ।"

ਮਰਦਾਨਾ ਇਸ ਕੌਤਕ ਤੇ ਬੜਾ ਹੈਰਾਨ ਹੋਇਆ । ਉਸ ਦੇ ਪੁਛਣ ਉਤੇ ਹਜ਼ੂਰ ਨੇ ਦੱਸਿਆ, 'ਇਹ ਗੰਧਰਬ ਸੀ ।'

"ਹੁਤੋ ਸੰਤ ਗੰਧਰਬਨ ਮਾਹੀਂ, ਜਿਹ ਹਰਿ ਕੀਰਤਿ ਪਯਾਰੀ ।.. ੪੧।"

(ਲਓ, ਫਿਰੰਦੇ ਰਬਾਬੀ ਨੂੰ ਗੰਧਰਬ ਦੀ ਪਦਵੀ ਮਿਲ ਗਈ ।)

ਮਰਦਾਨਾ ਪਹਿਲਾਂ ਰਬਾਬ ਵਜਾਉਣਾ ਬਿਲਕੁਲ ਨਹੀਂ ਸੀ ਜਾਣਦਾ । ਪਰ ਗੁਰੂ ਜੀ ਦੇ ਹੁਕਮ ਨਾਲ ਪਹਿਲੇ ਦਿਨ ਹੀ ਵਧੀਆ ਵਜਾਉਣ ਲੱਗ ਪਿਆ ।

# ਛੱਤੀਵਾਂ ਧਯਾਇ

## ਯਾਤਰਾ ਦੀ ਤਿਆਰੀ

ਮਹਾਰਾਜ ਦੀ ਸਮਾਧੀ ਲੱਗੀ ਦੋ ਦਿਨ ਨਾ ਖੁੱਲ੍ਹੀ । ਮਰਦਾਨਾ ਕੋਲ ਭੁੱਖਾ ਤਿਹਾਇਆ ਤੜਪ ਗਿਆ । ਸਮਾਧੀ ਖੁੱਲ੍ਹੀ, ਤਾਂ ਮਰਦਾਨੇ ਕਿਹਾ,

"ਕੈ ਮੁਝ ਛੁਧਾ ਨਸਾਹਿ, ਕੈ ਦੀਜੈ ਮੁਝ ਖਾਨ ਕੋ ।
ਤੌ ਹੋਵਹਿ ਨਿਰਬਾਹਿ, ਨਾ ਤਰੁ ਸੰਗਿ ਨ ਪੁੱਜਈ ।੧੦।"

Digitized by Panjab Digital Library | www.panjabdigilib.org

ਗੁਰੂ ਜੀ ਨੇ ਫੁਰਮਾਇਆ, ਫਿਰ ਇਹ ਰਬਾਬ ਭੈਣ ਨਾਨਕੀ ਦੇ ਘਰ ਰੱਖ ਜਾਹ, ਤੇ ਚਲਿਆ ਜਾਹ। ਮਰਦਾਨਾ ਬੀਬੀ ਜੀ ਦੇ ਘਰ ਗਿਆ। ਅੰਤ ਜੈਰਾਮ ਦੇ ਸਮਝਾਉਣ ਉਤੇ ਮਰਦਾਨਾ ਗੁਰੂ ਜੀ ਨਾਲ ਰਹਿਣਾ ਮੰਨ ਗਿਆ। ਜੈਰਾਮ ਨੇ ਖ਼ਰਚ ਵਾਸਤੇ ਵੀਹ ਰੁਪੈ ਤੇ ਨਵੇਂ ਬਸਤਰ ਦੇ ਕੇ ਮਰਦਾਨੇ ਨੂੰ ਤੋਰਿਆ।

ਮਰਦਾਨੇ ਨੇ ਸਾਰੀ ਵਾਰਤਾ ਗੁਰੂ ਜੀ ਨੂੰ ਜਾ ਦੱਸੀ, ਤੇ ਨਾਲ ਹੀ ਬੇਨਤੀ ਕੀਤੀ, ਕਿ ਬੇਬੇ ਜੀ ਯਾਦ ਕਰਦੇ ਹਨ।

ਮਹਾਰਾਜ ਨੇ ਕਿਹਾ, ਤੂੰ ਰੁਪੈ ਨਹੀਂ ਸਨ ਲੈਣੇ। ਇਹ ਮੋੜ ਆ।

ਗੁਰੂ ਜੀ ਮਰਦਾਨੇ ਸਮੇਤ ਬੀਬੀ ਜੀ ਦੇ ਘਰ ਗਏ। ਬੀਬੀ ਜੀ ਦੀ ਬੇਨਤੀ ਦੇ ਉੱਤਰ ਵਿਚ ਮਹਾਰਾਜ ਨੇ ਕਿਹਾ,

"ਜਬ ਨਿਜ ਮਨ ਮਹਿ ਮਿਲਨ ਲਾਲਸਾ, ਸਿਮਰਹੁ ਜਸਪਦ ਆਵੌਂ।
ਹੋਵੌਂ ਨਿਕਟਿ ਕਿਧੌਂ ਕਿਤ ਦੂਰਾ ਤਬ ਸੈਂ ਬਿਲਮ ਨ ਲਾਵੌਂ।......੩੯।"

ਅੰਤ, ਰੁਪੈ ਵਾਪਸ ਕਰਕੇ ਗੁਰੂ ਜੀ ਤੇ ਮਰਦਾਨਾ ਚਲੇ ਗਏ।

# ਸੈਂਤੀਵਾਂ ਧਯਾਇ

## ਸਰੋਤਿਆਂ ਦੇ ਭਰਮ ਨਿਵਾਰੇ

(ਇਸ ਕਾਂਡ ਵਿਚ ਕਵੀ ਜੀ ਨੇ ਹੰਦਾਲੀਆਂ ਦੀ ਲਿਖੀ ਜਨਮ-ਸਾਖੀ 'ਤੇ ਅਲੋਚਨਾ ਕੀਤੀ ਹੈ। ਕਵੀ ਜੀ ਜਿੰਨਾ ਪ੍ਰਸੰਗ ਲਿਖਦੇ ਸਨ, ਓਨੇ ਦੀ ਰੋਜ਼ ਸੰਗਤ ਵਿਚ ਕਥਾ ਕਰਿਆ ਕਰਦੇ ਸਨ। ਇਕ ਦਿਨ ਸਰੋਤਿਆਂ ਨੇ ਸਵਾਲ ਕੀਤਾ।)

"ਸ੍ਰੀ ਨਾਨਕ ਬਰ ਪਰਮ ਬਿਲਾਸਾ।
ਬਹੁ ਪੋਥੀ ਪਰ ਹੈ ਇਤਿਹਾਸਾ।
ਸੋ ਤੈ ਲਿਖਯੋ ਅਵਰ ਬਿਧਿ ਤਹਿਵਾ।
ਤੁਮ ਮੁਖ ਸੋ ਅਵਰਹਿ ਬਿਧਿ ਕਹਿਵਾ।੬।"

(ਇਸ ਸਵਾਲ ਦੇ ਉਤਰ ਵਿਚ ਕਵੀ ਜੀ ਹੰਦਾਲੀਆਂ ਦਾ ਜ਼ਿਕਰ ਕਰਦੇ ਹਨ। ਕਵੀ ਜੀ ਹੰਦਾਲ ਨੂੰ ਗੁਰੂ ਰਾਮਦਾਸ ਦਾ ਸਿੱਖ ਦਸਦੇ ਹਨ।)

"ਤਿਹ ਕੀ ਸੰਤਤਿ ਕੇ ਵਿਖੈ, ਇਕ ਸਾਕਤ ਭਾ ਨੀਚ।*

* (ਕਵੀ ਜੀ ਨੇ ਉਸ ਦਾ ਨਾਮ ਨਹੀਂ ਲਿਖਿਆ। ਇਸ ਬਾਰੇ 'ਮਹਾਨ ਕੋਸ਼' ਪੰਨਾ ੫੩੫ ਉਤੇ ਇਉਂ ਲਿਖਿਆ ਹੈ। ਹੰਦਾਲ ਗੁਰੂ ਅਮਰਦਾਸ ਜੀ ਦਾ ਸਿੱਖ ਸੀ। ਜਨਮ ੧੬੩੦ ਬਿ. ਤੇ ਦੇਹਾਂਤ ੧੭੦੫ ਬਿ. ਉਸ ਦਾ ਪੁੱਤਰ ਬਿਧੀਚੰਦ ਹੋਇਆ, ਜਿਸ ਨੇ ਜਨਮ ਸਾਖੀ ਲਿਖੀ, ਜੋ ਅੱਜ ਭਾਈ ਬਾਲੇ ਦੇ ਨਾਮ ਤੇ ਪ੍ਰਚਲਤ ਹੈ।)

Digitized by Panjab Digital Library | www.panjabdigilib.org

ਸ੍ਰੀ ਨਾਨਕ ਇਤਿਹਾਸ ਜੋ ਆਵਾ ਤਿਹ ਕਰ ਬੀਚ ।੨੧।"

"ਗੁਰੂ ਅੰਗਦ ਜੀ ਜੋ ਲਿਖਵਾਈ ।
ਵਹੁ ਨਹੀ ਲਿਖੀ ਰਹੀ ਇਕ ਥਾਈ ।......੨੨।
ਕਹ ਕੁਕਰਮ ਅਨ ਸੋਧ ਬਨਾਈ ।
ਆਪਨ ਵਡਿਨ ਕੀ ਕੀਰਤਿ ਪਾਈ ।......੨੩।
ਅਪਨਾ ਵੱਡਾ ਜਾਨ ਹਿੰਦਾਲੂ ।
ਤਿਹ ਕੀ ਕੀਰਤਿ ਲਿਖੀ ਬਿਸਾਲੂ ।
ਸ੍ਰੀ ਨਾਨਕ ਤੇ ਵਡੀ ਬਨਾਇ ।
ਮਹਿਮਾ ਲਿਖਤ ਭਯੋ ਬਹੁ ਭਾਇ ।੨੪।"

(ਗੁਰੂ ਅੰਗਦ ਦੇਵ ਜੀ ਦੀ ਲਿਖਵਾਈ ਜਨਮ ਸਾਖੀ ਬਾਰੇ ਕਵੀ ਲਿਖਦਾ ਹੈ ।)

"ਪੂਰਬ ਪੋਥੀ ਹੁਤੀ ਜੁ ਸੋਈ ।
ਦਈ ਬਿਆਸਾ ਬੀਚ ਡਬੋਈ ।੨੭।
ਪੰਨੇ ਛੇਦੇ ਦਏ ਬਹਾਈ ।
ਜੋ ਸ੍ਰੀ ਗੁਰੁ ਅੰਗਦ ਲਿਖਵਾਈ ।
ਤਿਹਕੋ ਤਾਤਪਰਜ ਸਭ ਚੀਨੇ ।
ਅਧਿਕ ਬਚਨ ਅਪਨੇ ਲਿਖ ਦੀਨੇ ।੨੮।"

(ਅੱਗੇ ਗੁਰੂ ਨਾਨਕ ਦੇਵ ਜੀ ਦੀ ਉਸਤਤ ਹੈ ।)

ਸਰੋਤਿਆਂ ਹੋਰ ਸਵਾਲ ਕੀਤਾ,

"ਅਸ ਬਿਧਿ ਸ੍ਰੋਤਨ ਬਚਨ ਉਚਾਰੇ ।
ਸੁਨਹੁ ਕਵੀ, ਇਵ ਗ੍ਰੰਥ ਮਝਾਰੇ ।
ਤੂੰ ਤਾਂ ਜਨਕ ਰਾਜਾ ਅਵਤਾਰਾ ।
ਇਹ ਬਿਧਿ ਲਿਖਯੋ ਵਾਕ ਸੁਖ ਕਾਰਾ ।੬੪।"

ਉੱਤਰ ਵਿਚ ਕਵੀ ਜੀ ਲਿਖਦੇ ਹਨ, ਮੈਂ ਭਾਈ ਗੁਰਦਾਸ ਜੀ ਤੇ ਭਾਈ ਮਨੀ ਸਿੰਘ ਜੀ ਦੀਆਂ ਲਿਖਤਾਂ ਅਨੁਸਾਰ ਲਿਖ ਰਿਹਾ ਹਾਂ ।

ਕਵੀ ਜੀ ਗੁਰੂ ਗ੍ਰੰਥ ਸਾਹਿਬ ਵਿਚੋਂ ਭੱਟ ਬਾਣੀ ਦਾ ਹਵਾਲਾ ਦੇਂਦੇ ਹਨ ।

"ਆਪਿ ਨਰਾਇਣੁ ਕਲਾਧਾਰਿ ਜਗ ਮਹਿ ਪਰਵਰਿਉ ।
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ।"

(ਸਵਈਏ ਮਹਲੇ ਤੀਜੇ ਕੇ, ਪੰਨਾ ੧੩੯੫)

ਕਵੀ ਜੀ ਦੂਸਰਾ ਪ੍ਰਮਾਣ ਦੇਂਦੇ ਹਨ,

"ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ।...।"

(ਸਵਈਏ ਮਹਲੇ ਪਹਿਲੇ ਕੇ, ਪੰਨਾ ੧੩੯੦)

Digitized by Panjab Digital Library | www.panjabdigilib.org

(ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭੱਟਾਂ ਦੀ ਬਾਣੀ ਗੁਰੂ ਬਾਣੀ ਦੇ ਸਿਧਾਂਤ ਨਾਲ ਮੇਲ ਨਹੀਂ ਖਾਂਦੀ। ਇਸ ਲਈ ਉਸ ਨੂੰ 'ਪ੍ਰਮਾਣ' ਵਜੋਂ ਨਹੀਂ ਮੰਨਿਆਂ ਜਾ ਸਕਦਾ। ਇਸ ਬਾਰੇ ਮੇਰੇ ਵਿਚਾਰ ਜਾਨਣਾ ਚਾਹੋ, ਤਾਂ ਵੇਖੋ ਮੇਰੀ ਰਚੀ ਪੁਸਤਕ 'ਮੇਰੇ ਇਤਿਹਾਸਕ ਲੈਕਚਰ'।)

ਭੱਟਾਂ ਦੀ ਲਿਖਤ 'ਤੇ ਜ਼ੋਰ ਦੇਂਦੇ ਕਵੀ ਜੀ ਲਿਖਦੇ ਹਨ।

"ਮੁਹੂਰ ਮੁਹੂ* ਸ੍ਰੀ ਗ੍ਰੰਥਹਿ ਕਹਾ।
ਸੋ ਤੁਮ ਸਾਚ ਕਿ ਝੂਠੋ ਲਹਾ।
ਗ੍ਰੰਥ ਕੋ ਸਾਚ ਵਾਕ ਜੋ ਮਾਨਹਿ।
ਨਾਨਕ ਹਰਿ ਅਵਤਾਰ ਪਛਾਨਹਿ।੭੩।"

(ਭਾਵ, ਕਵੀ ਜੀ ਗੁਰੂ ਨਾਨਕ ਦੇਵ ਜੀ ਨੂੰ ਈਸ਼ਵਰ ਦਾ ਅਵਤਾਰ ਮੰਨਦੇ ਹਨ। ਪਰ ਗੁਰ-ਮੁਖ ਵਾਕ ਬਾਣੀ ਵਿਚ ਕਿਤੇ ਵੀ ਗੁਰੂ ਜੀ ਨੂੰ ਈਸ਼ਵਰ ਦਾ ਅਵਤਾਰ ਨਹੀਂ ਮੰਨਿਆਂ।)

ਅੱਗੇ ਭਾਈ ਗੁਰਦਾਸ ਜੀ ਦਾ ਹਵਾਲਾ ਹੈ,

"ਨਿਰੰਕਾਰ ਨਾਨਕ ਦੇਉ ਨਿਰੰਕਾਰ ਅਕਾਰ ਬਣਾਇਆ।"

(ਅੱਗੇ ਕਵੀ ਜੀ ਉਪਮਾ ਵਜੋਂ ਗੁਰੂ ਜੀ ਨੂੰ ਰਾਜਾ ਜਨਕ ਦਾ ਅਵਤਾਰ ਮੰਨਦੇ ਹਨ, ਉਹ ਦੂਸਰੇ ਗ੍ਰੰਥਕਾਰਾਂ ਮਗਰ ਲੱਗ ਕੇ। ਜਨਕ ਨੂੰ ਹਿੰਦੂ ਗ੍ਰੰਥਾਂ ਅਨੁਸਾਰ ਰਾਜਾ ਇੰਦਰ ਦਾ ਅਵਤਾਰ ਮੰਨਿਆਂ ਹੈ।)

"ਔਰ ਲਿਖਯੋ ਬਹੁਤੇ ਇਸ ਬਾਨਾ।
ਪਢ ਕਰ ਗੁਨ ਲੇਵਹ ਮਤਿ ਮਾਨਾ।
ਬਹੁਰ ਜਨਕ ਰਾਜਾ ਅਵਤਾਰਾ।
ਐਸੇ ਲਿਖਯੋ ਗ੍ਰੰਥ ਮਝਾਰਾ।੭੫।
ਸੋ ਉਪਮਾ ਹੈ ਤਿਹ ਕੀ ਦਈ।
ਜੋਗ ਭੋਗ ਦੋਨੋ ਸਮ ਕਿਈ।
ਜਿਉ ਗ੍ਰਿਹਸਤਿ ਮਹਿ ਜਨਕ ਉਦਾਸੀ।
ਤਿਉ ਸ੍ਰੀ ਨਾਨਕ ਭੇ ਸੁਖਰਾਸੀ।੭੬।"

(ਏਥੇ ਨਾ ਤਾਂ ਗੁਰੂ ਜੀ ਨੂੰ ਜਨਕ ਦਾ ਅਵਤਾਰ ਮੰਨਿਆਂ ਹੈ, ਤੇ ਨਾ ਹੀ ਖੰਡਨ ਕੀਤਾ ਹੈ। ਕੇਵਲ ਉਪਮਾ ਵਜੋਂ ਮੰਨਿਆਂ ਹੈ, ਉਹ ਵੀ ਹੋਰਨਾਂ ਦੇ ਲਿਖੇ ਕਰਕੇ।)

ਜਨਕ ਬਾਰੇ।

"ਅਤਿ ਉਦਾਰ ਇਹ ਨ੍ਰਿਪਤ ਹੈ, ਭਯੋ ਇੰਦ੍ਰ ਅਵਤਾਰ।
ਐਸੇ ਉਪਮਾ ਉਰ ਲਖੋ, ਜਨਕਹਿ ਕੀ ਸੁਖਕਾਰ।੭੮।"

---

* ਵ੍ਹਾਰ-ਵਾਰ।

Digitized by Panjab Digital Library | www.panjabdigilib.org

# ਅਠੱਤੀਵਾਂ ਧਯਾਇ

## ਭਾਈ ਲਾਲੋ ਦਾ ਪ੍ਰਸੰਗ

ਮਰਦਾਨੇ ਨੂੰ ਨਾਲ ਲੈ ਕੇ ਗੁਰੂ ਜੀ ਸੁਲਤਾਨਪੁਰ ਤੋਂ ਚੱਲੇ, ਤੇ ਸਤਾਰਾਂ ਦਿਨਾਂ ਵਿਚ ਏਮਨਾਬਾਦ ਭਾਈ ਲਾਲੋ ਦੇ ਘਰ ਜਾ ਪਹੁੰਚੇ। ਲਾਲੋ ਗੁਰੂ ਜੀ ਦੇ ਚਰਨੀ ਲੱਗਾ। ਮਰਦਾਨੇ ਨੇ ਲਾਲੋ ਬਾਰੇ ਪੁੱਛਿਆ, ਤਾਂ ਗੁਰੂ ਜੀ ਨੇ ਫ਼ੁਰਮਾਇਆ,

"ਭਗਤਿ ਕਰਤ ਬੀਤੇ ਕੁਛ ਜਨਮਾ, ਅਬ ਭੀ ਸਫਲ ਅਨੂਪਾ।
ਨੌ ਬਿਧਿ ਭਗਤਿ* ਅਹੈ ਮਰਦਾਨਾ, ਜਾਮਹਿ ਏਕ ਹੋਈ।......੧੭।"

(ਅੱਗੇ ਨੌਂ ਪ੍ਰਕਾਰ ਦੀ ਭਗਤੀ ਦੱਸੀ ਹੈ।)

ਲਾਲੋ ਨੇ ਕਿਹਾ, ਮਹਾਰਾਜ ਚੌਂਕੇ ਵਿਚ ਚੱਲ ਕੇ ਭੋਜਨ ਛਕੋ। ਗੁਰੂ ਜੀ ਨੇ ਕਿਹਾ ਏਥੇ ਹੀ ਲੈ ਆਵੋ। ਤਾਂ ਲਾਲੋ ਕਹਿੰਦਾ ਹੈ,

"ਕਹਿ ਲਾਲੋ, ਤੁਮਰੇ ਗਲ ਜੰਞੂ, ਵਹਿਰ ਅਸਨ ਕਿਉਂ ਪਾਈ...੨੪।"

(ਤਾਂ ਕੀ ਗੁਰੂ ਮਹਾਰਾਜ ਦੇ ਗਲ ਉਸ ਵੇਲੇ ਜਨੇਊ ਸੀ? ਕਵੀ ਜੀ ਬਿਨਾਂ ਸੋਚੇ-ਸਮਝੇ ਹੀ, ਆਪਣੇ ਰੌਂ ਵਿਚ ਲਿਖ ਗਏ ਹਨ।)

ਤੇ ਭੋਜਨ ਸੀ ਬਾਜਰੇ ਦੀ ਰੋਟੀ ਤੇ ਸਰ੍ਹੋਂ ਦਾ ਸਾਗ।

"ਬਨੀ ਬਾਜਰੇ ਕੀ ਸੁਭ ਰੋਟੀ ਸਰਖਪ ਸਾਕ ਬਨਾਈ।੨੫।"

ਗੁਰੂ ਜੀ ਨੇ ਉਸ ਭੋਜਨ ਨੂੰ ਅੰਮ੍ਰਿਤ ਕਹਿਕੇ ਸਲਾਹਿਆ। ਲਾਲੋ ਚਰਨਾਂ 'ਤੇ ਢਹਿ ਪਿਆ।

"ਊਪਰ ਸੀਸ ਉਠਾਵਹਿ ਨਾ ਜਬ, ਸ੍ਰੀ ਗੁਰੁ ਹਾਥ ਧਰਾ ਸਿਰ ਤਾਂਹੀ।
ਛੂਵਤ ਹਾਥ ਕਪਾਟ ਖੁਲੇ ਤਿਹ ਲੋਕਨ ਕੀ ਸੁਧਿ ਭੀ ਮਨਮਾਹੀ।...੩੩।"

ਤਿੰਨ ਦਿਨਾਂ ਪਿਛੋਂ ਗੁਰੂ ਜੀ ਨੇ ਓਥੋਂ ਜਾਣਾ ਚਾਹਿਆ, ਪਰ ਲਾਲੋ ਨੇ ਪ੍ਰੇਮ ਕਰਕੇ ਇਕ ਮਹੀਨੇ ਵਾਸਤੇ ਅਟਕਾ ਲਿਆ।

(ਮੇਰੇ ਪਾਸ 'ਨਾਨਕ ਪ੍ਰਕਾਸ਼' ਦੀਆਂ ਦੋ ਕਾਪੀਆਂ ਹਨ: ਇਕ ਗੁਰਮੁਖੀ ਲਿੱਪੀ ਵਿਚ 'ਅਕਾਲ ਟ੍ਰੇਡਿੰਗ ਪ੍ਰੈਸ' ਤਰਨ ਤਾਰਨ ਦੀ ਛਪੀ, ਸੰਮਤ ਨਾਨਕ ਸ਼ਾਹੀ ੪੫੪ ਵਿਚ। ਦੂਸਰੀ ਦੇਵ ਨਾਗਰੀ ਲਿੱਪੀ ਵਿਚ 'ਭਾਸ਼ਾ ਵਿਭਾਗ' ਪੰਜਾਬ ਦੀ ਛਪੀ। ਦੋਹਾਂ ਵਿਚ ਇਕ ਪੁਰਾਣੀ ਰਚਨਾ ਛਪੀ ਹੈ ਥੋੜੇ ਜੇਹੇ ਫ਼ਰਕ ਨਾਲ। ਭਾਸ਼ਾ ਵਿਭਾਗ ਵਾਲੀ ਕਾਪੀ ਵਿਚ ਉਪਰ "ਸ੍ਰੀ ਮੁਖਵਾਕ" ਸ਼ਬਦ ਲਿਖਿਆ ਹੈ, ਪਰ ਗੁਰਮੁਖੀ ਵਾਲੀ ਕਾਪੀ ਵਿਚ ਨਹੀਂ। ਰਚਨਾ ਇਹ ਹੈ:)

"ਇਸ ਕਲੀਓ ਪੰਚ ਭੀਤੀਓ, ਕਿਉ ਕਰਿ ਰਖਾ ਪਤਿ।
ਜੇ ਬੋਲਾਂ ਤਾਂ ਆਖੀਐ, ਬੜ ਬੜ ਕਰੈ ਬਹੁਤ।

---

* ਨੌਂ ਪਰਕਾਰ ਦੀ ਭਗਤੀ। ਇਸ ਦਾ ਵੇਰਵਾ ਅਸੀਂ ਦੂਸਰੇ ਭਾਗ ਵਿਚ ਦੇ ਆਏ ਹਾਂ।

Digitized by Panjab Digital Library | www.panjabdigilib.org

ਚੁਪ ਕਰਾਂ ਤਾਂ ਆਖੀਐ, ਇਤ ਘਟਿ ਨਾਹੀ ਮਤਿ ।
ਜੇ ਬਹਿ ਰਹਾਂ ਤਾਂ ਆਖੀਐ, ਬੈਠਾ ਸਥਰ ਘਤ ।
ਉਠ ਜਾਈ ਤਾਂ ਆਖੀਐ, ਛਾਰੁ ਗਇਆ ਸਿਰ ਘਤਿ ।
ਜੇਕਰ ਨਿਵਾਂ ਤਾਂ ਆਖੀਐ, ਡਰਦਾ ਕਰੇ ਭਗਤ ।
ਕਾਈ ਗਲੀ ਨ ਮੇਵਨੀ, ਜਿਥੇ ਕਢਾਂ ਝਤਿ ।
ਇਥੇ ਉਥੈ ਨਾਨਕਾ, ਕਰਤਾ ਰਖੈ ਪਤਿ ।੧।"

(ਗੁਰਮੁਖੀ ਵਾਲੀ ਕਾਪੀ ਵਿਚ ਛੇ ਤੁਕਾਂ ਹਨ । ਪਹਿਲੀ ਤੇ ਛੇਵੀਂ ਹੈ ਨਹੀਂ । ਇਹ ਕਿਸੇ ਗੁਮਨਾਮ ਕਵੀ ਦੀ ਰਚਨਾ ਹੈ, ਗੁਰੂ ਗ੍ਰੰਥ ਸਾਹਿਬ ਵਿਚ ਹੈ ਨਹੀਂ । ਅਖ਼ੀਰ ਤੇ 'ਨਾਨਕ' ਸ਼ਬਦ ਵਰਤ ਕੇ ਭੁਲੇਖਾ ਪਾਇਆ ਗਿਆ ਹੈ ।)

ਗੁਰੂ ਜੀ ਇਕ ਮਹੀਨੇ ਵਾਸਤੇ ਭਾਈ ਲਾਲੋ ਦੇ ਘਰ ਰਹੇ ।

"ਦਿਜ, ਖੱਤ੍ਰੀ, ਤਜਿ ਬੈਸ ਤਹਾਂ ਕੇ ਸੂਦ੍ਰ ਹੁਤੋ ਤਿਖਾਨਾ ।......੫੧।"

ਇਸ ਸਮੇਂ ਮਰਦਾਨਾ ਗੁਰੂ ਜੀ ਦੀ ਆਗਿਆ ਨਾਲ ਤਲਵੰਡੀ ਚਲਾ ਗਿਆ ।

# ਉਨਤਾਲੀਵਾਂ ਧਯਾਇ

## ਏਮਨਾਬਾਦ ਵਿਚ ਬ੍ਰਹਮ ਭੋਜ

ਏਮਨਾਬਾਦ ਦੇ ਪਠਾਣ ਹਾਕਮ ਦਾ ਮੰਤਰੀ (ਦੀਵਾਨ) ਮਲਕ ਭਾਗੋ ਬੜਾ ਧਨੀ ਸੀ । ਉਸ ਨੇ 'ਬ੍ਰਹਮ ਭੋਜ' ਕੀਤਾ, ਜਿਸ ਵਿਚ ਸਭ ਨੂੰ ਸੱਦਾ ਦਿਤਾ ।

"ਕਰਨ ਸੁ ਜਸ ਅਪਨੇ ਨਰ ਮਾਹੀ ।
ਬ੍ਰਹਮ ਭੋਜ ਕੀਨੋ ਪੁਰ ਤਾਹੀ ।੪।"

ਸਾਰਾ ਨਗਰ ਬ੍ਰਹਮ ਭੋਜ ਵਿਚ ਭੋਜਨ ਪਾਉਣ ਗਿਆ, ਪਰ ਗੁਰੂ ਜੀ ਨਾ ਗਏ । ਇਕ ਪੰਡਤ ਨੇ ਭਾਗੋ ਪਾਸ ਚੁਗਲੀ ਕੀਤੀ, ਕਿ ਨਾਨਕ ਤਪਾ ਨਹੀਂ ਆਇਆ ।

"ਸੂਦਰ ਕੇ ਘਰ ਭੋਜਨ ਕਰਹੀ ।
ਆਵਾ ਇਹਾਂ ਨ ਉਰ ਮਹਿ ਡਰਹੀ ।੧੯।"

ਮਲਕ ਨੇ ਪੰਡਤ ਨੂੰ ਭੇਜਿਆ ਗੁਰੂ ਜੀ ਨੂੰ ਬੁਲਾਉਣ ਵਾਸਤੇ ।

"ਬੋਲੇ ਸ੍ਰੀ ਗੁਰੁ ਸਭ ਸੁਖ ਧਾਮਾ ।
ਮਲਕ ਸੰਗ ਕਿਯਾ ਹਮਰੋ ਕਾਮਾ ।੨੪।"

ਪੰਡਤ ਨੇ ਭਾਗੋ ਨੂੰ ਫਿਰ ਜਾ ਭੜਕਾਇਆ ।

"ਤਵ ਭੋਜਨ ਕੀ ਕਰ ਹੈ ਨਿੰਦਾ ।
ਖਾਵਹਿ ਘਰ ਸੂਦਰ ਜੋ ਮੰਦਾ ।੨੯।"

ਭਾਗੋ ਨੇ ਪੰਡਤ ਨਾਲ ਪੰਜ ਆਦਮੀ ਭੇਜੇ, ਕਿ ਜ਼ਬਰਦਸਤੀ ਲੈ ਆਵੇ ।

Digitized by Panjab Digital Library | www.panjabdigilib.org

ਗੁਰੂ ਜੀ ਉਹਨਾਂ ਨਾਲ ਚਲੇ ਗਏ। ਨਾਲ ਹੀ ਲਾਲੋ ਵੀ। ਵੇਖਣ ਵਾਲੇ ਬਹੁਤ ਲੋਕ ਇਕੱਠੇ ਹੋ ਗਏ। ਗੁਰੂ ਜੀ ਨੇ ਪੁਛਿਆ, ਕਿ ਸਾਨੂੰ ਕਿਉਂ ਬੁਲਾਇਆ ਹੈ।

"ਸੁਨਿ ਕਰ ਭਾਗੋ ਬਚਨ ਅਲਾਯੋ।
ਬ੍ਰਹਮ ਭੋਜ ਮਮ ਕਿਉਂ ਨਹਿ ਆਯੋ।......੩੮।......
ਸੁਨੀ ਹਮਹਿ ਤਵ ਖੱਤ੍ਰੀ ਜਾਤਾ।
ਸੂਦਰ ਸਦਨ ਅਸਨ ਨਿਤ ਖਾਤਾ।੪੧।"

ਗੁਰੂ ਜੀ ਨੇ ਖੱਬੇ ਹੱਥ ਵਿਚ ਮਲਕ ਦੇ ਮਾਹਲ ਪੂੜੇ ਫੜ ਲਏ, ਤੇ ਸੱਜੇ ਹੱਥ ਵਿਚ ਲਾਲੋ ਦੀ ਕੋਧਰੇ ਦੀ ਰੋਟੀ। ਦੋਹਾਂ ਨੂੰ ਦੱਬਿਆ,

"ਦਹੁ ਹਾਥਨ ਤੇ ਨਿਕਸੀ ਧਾਰਾ।
ਬਹੁ ਲੋਕਨ ਕੀ ਸਭਾ ਮਝਾਰਾ।
ਇਕ ਤੇ ਦੂਧ, ਰਕਤ ਇਕ ਨਿਸਰੀ।
ਗੰਗ ਸੁਰਸਤੀ ਕੀ ਤਹਿ ਪਸਰੀ।੪੯।"
"ਸ੍ਰੀ ਗੁਰੁ ਧਰਮ ਮੂਲ ਸੋਂ ਸਾਨੀ।
ਬੋਲੇ ਪਰਮ ਮਨੋਹਰ ਬਾਨੀ।
ਬਹੁਤ ਨਰਨ ਕੋ ਸ੍ਰੋਨਿਤ ਲੀਨਾ।
ਤਿਹ ਕੋ ਬ੍ਰਹਮ ਭੋਜ ਤੈ ਕੀਨਾ।੫੩।
ਇਹ ਕੇ ਅਚਵਤ ਪੁੰਨ ਪਲਾਈ।
ਕਲਿ ਮਲਿ ਸੋਧਨ ਕਿਯ ਇਕਠਾਈ।
ਸੁਨਹੁ ਮਲਕ, ਜਿਹ ਕੋ ਸੁਧਿ ਨਾਹੀ।
ਸੋ ਇਹ ਸ੍ਰੋਨਿਤ ਹਿਤ ਕਰ ਖਾਹੀ।੫੪।"

(ਅਸਲ ਵਿਚ ਇਨਸਾਨ ਚੰਗਾ ਅਖਵਾਉਣ ਦਾ ਚਾਹਵਾਨ ਹੈ, ਚੰਗਾ ਬਣਨ ਦਾ ਨਹੀਂ। ਕਵੀ ਜੀ ਨੇ ਇਕ ਦੋਹਾ ਬੜਾ ਸੁੰਦਰ ਕਿਹਾ ਹੈ।)

"ਮਹਿਮਾ[1] ਪਾਵਕ[2] ਸੀ ਨਿਰਖ, ਨਿਜ ਮਨ ਕਰ ਲਘੁਦਾਰ[3]।
ਜਰ ਬਰ ਕੈ ਜਢ[4] ਭਸਮ ਭਾ ਸਮਝਤ ਨਹੀਂ ਗਵਾਰ।੬੩।"

ਪਠਾਣ ਹਾਕਮ ਦਾ ਪੁੱਤਰ ਬੀਮਾਰ ਸੀ। ਮਲਕ ਭਾਗੋ ਨੇ ਗੁਰੂ ਜੀ ਤੋਂ ਬਦਲਾ ਲੈਣ ਵਾਸਤੇ ਹਾਕਮ ਨੂੰ ਜਾ ਕਿਹਾ, ਕਿ ਨਾਨਕ ਕਾਮਲ ਫ਼ਕੀਰ ਹੈ। ਉਹ ਚਾਹੇ, ਤਾਂ ਰੋਗੀ ਨੂੰ ਰਾਜ਼ੀ ਕਰ ਸਕਦਾ ਹੈ। ਹਾਕਮ ਨੇ ਗੁਰੂ ਜੀ ਨੂੰ ਬੁਲਾ ਕੇ ਧਮਕੀ ਦਿਤੀ, ਮੇਰੇ ਪੁੱਤਰ ਨੂੰ ਰਾਜ਼ੀ ਕਰ ਦਿਹੋ, ਨਹੀਂ ਤਾਂ,

"ਨਤ ਰਾਖੋਂ ਮੈ ਕੈਦ ਮਝਾਰਾ।
ਨਹਿ ਛੋਡੋਂ, ਨਹਿ ਦੇਉਂ ਅਹਾਰਾ।......੮੬।"

---

1. ਵਡਿਆਈ, ਤਾਰੀਫ਼। 2. ਅੱਗ। 3. ਲਕੜੀ। 4. ਮੂਰਖ।

Digitized by Panjab Digital Library | www.panjabdigilib.org

ਗੁਰੂ ਜੀ ਨੇ ਫ਼ੁਰਮਾਇਆ,

"ਜਿਸ ਕੋ ਹਤਨ ਚਹਿਤ ਹੋ ਰੋਗੂ।
ਸੋ ਤੋ ਪਹੁਚਤ ਭਾ ਯਮ ਲੋਗੂ।੮੭।"

ਹਾਕਮ ਨੇ ਘਰੋਂ ਪਤਾ ਮੰਗਾਇਆ, ਤਾਂ ਲੜਕਾ ਮਰ ਚੁਕਾ ਸੀ।

(ਪੁਰਾਣੇ ਸਿੱਖ ਇਤਿਹਾਸਕਾਰਾਂ ਨੇ ਵਧੇਰੇ ਕਰਾਮਾਤਾਂ ਦਾ ਹੀ ਆਸਰਾ ਲਿਆ ਹੈ। ਮਸਲੇ ਨੂੰ ਵਿਗਿਆਨਕ ਢੰਗ ਨਾਲ ਸੁਲਝਾਉਣ ਵੱਲ ਧਿਆਨ ਨਹੀਂ ਦਿਤਾ।)

# ਚਾਲੀਵਾਂ ਧਯਾਇ

## ਗੁਰੂ ਜੀ ਫਿਰ ਤਲਵੰਡੀ

ਬਾਲੇ ਨੇ ਜਾ ਕੇ ਬਾਬੇ ਕਾਲੂ ਨੂੰ ਸਾਰੀ ਕਥਾ ਸੁਣਾਈ। ਸਿਰੀ ਚੰਦ ਸੁਲਤਾਨਪੁਰ ਰਿਹਾ ਹੈ, ਤੇ ਸੁਲੱਖਣੀ ਜੀ ਪੇਕੇ ਚਲੇ ਗਏ ਹਨ।

ਏਮਨਾਬਾਦ ਤੋਂ ਮਰਦਾਨਾ ਤਲਵੰਡੀ ਆਇਆ। ਉਹਨੇ ਬਾਬੇ ਕਾਲੂ ਨੂੰ ਮਹਾਰਾਜ ਬਾਰੇ ਦੱਸਿਆ। ਕਾਲੂ ਬਹੁਤ ਨਾਰਾਜ਼ ਹੋਇਆ।

ਫਿਰ ਰਾਇ ਬੁਲਾਰ ਦਾ ਬੁਲਾਇਆ ਮਰਦਾਨਾ ਉਸ ਪਾਸ ਗਿਆ। ਸਾਰੀ ਕਥਾ ਸੁਣ ਕੇ ਰਾਏ ਨੇ ਬੇਨਤੀ ਕੀਤੀ, 'ਮਰਦਾਨਾ! ਮੈਨੂੰ ਇਕ ਵਾਰ ਮੇਰੇ ਪੀਰ ਦੇ ਦਰਸ਼ਨ ਕਰਾ ਦਿਹ।'

ਰਾਏ ਬੁਲਾਰ ਦੇ ਭੇਜੇ ਬਾਲਾ ਤੇ ਮਰਦਾਨਾ ਗੁਰੂ ਜੀ ਨੂੰ ਏਮਨਾਬਾਦੋਂ ਲੈਣ ਗਏ। ਰਾਇ ਦੀ ਬਿਰਧ ਅਵਸਥਾ ਨੂੰ ਧਿਆਨ ਵਿਚ ਰਖ ਕੇ ਮਹਾਰਾਜ ਤਿਆਰ ਹੋ ਪਏ। ਲਾਲੋ ਨਾਲ ਵਾਹਦਾ ਕੀਤਾ, ਕਿ ਪੰਝੀ ਦਿਨ ਤੇਰੇ ਪਾਸ ਰਹੇ ਹਾਂ, ਪੰਜ ਦਿਨ ਫਿਰ ਆਕੇ ਰਹਾਂਗੇ।

ਤਲਵੰਡੀ ਤੋਂ ਬਾਹਰ ਗੁਰੂ ਜੀ ਬਾਲੇ ਦੇ ਪਿਤਾ ਚੰਦਰ ਭਾਨ ਦੇ ਖੂਹ 'ਤੇ ਆ ਬੈਠੇ।

# ਇਕਤਾਲੀਵਾਂ ਧਯਾਇ

## ਰਾਏ ਬੁਲਾਰ ਨਾਲ ਮੇਲ

ਮਹਾਰਾਜ ਦੇ ਆਉਣ ਦੀ ਕਿਸੇ ਨੇ ਬਾਬੇ ਕਾਲੂ ਨੂੰ ਜਾ ਖ਼ਬਰ ਪੁਚਾਈ। ਸੁਣਦੇ ਸਾਰ ਪਿਤਾ ਕਾਲੂ, ਚਾਚਾ ਲਾਲੂ, ਮਾਤਾ ਤ੍ਰਿਪਤਾ ਤੇ ਹੋਰ ਲੋਕ ਵੀ ਚੰਦਰ ਭਾਨ ਦੇ ਖੂਹ 'ਤੇ ਜਾ ਪਹੁੰਚੇ। ਮਾਤਾ ਪਿਤਾ ਕੋਲ ਪਹੁੰਚੇ, ਤਾਂ ਮਹਾਰਾਜ ਨੇ ਉਠ ਕੇ ਦੋਹਾਂ ਦੇ ਚਰਨ ਪਰਸੇ।

Digitized by Panjab Digital Library | www.panjabdigilib.org

"ਸਭਨ ਪਦਨ ਪਰ ਬੰਦਨ ਕੀਨੀ ।
ਜਨਨੀ ਹਰਖ ਆਸਿਖਾ ਦੀਨੀ ।
ਗਰ ਸੋ ਲਾਇ ਨੀਰ ਦ੍ਰਿਗ ਜਾਈ ।
ਮਹਾ ਮੋਹ ਮਾਤਾ ਬਿਰਮਾਈ ।੭।"

ਗੁਰੂ ਜੀ ਦਾ ਭੇਸ :

"ਕਟਹਿ ਲਪੇਟਿਓ ਇਕ ਸੰਖ਼ਯਾਨਾ ।
ਦੂਜੇ ਤਨ ਪਰ ਮਯਾ ਨਿਧਾਨਾ ।
ਏਕ ਨਕਤ ਸਿਰ ਊਪਰ ਸੋਹੈ ।
ਮਿਨਤੀ ਜੁਗਲ ਗਜਨ ਕਾ ਜੋ ਹੈ ।੧੦।"

(ਇਕ ਚਾਦਰ ਤੇੜ, ਇਕ ਉਪਰ, ਤੇ ਸਿਰ ਉਤੇ ਦੋ ਗਜ਼ ਦਾ ਸਾਫ਼ਾ । ਬਸ ।)

ਬਾਬਾ ਕਾਲੂ ਜੀ ਨੇ ਕੁਛ ਕੌੜੇ ਸ਼ਬਦ ਕਹੇ, ਤਾਂ ਲਾਲੂ ਨੇ ਉਸ ਨੂੰ ਰੋਕ ਦਿਤਾ । ਫਿਰ ਉਹਨੇ ਮਹਾਰਾਜ ਨੂੰ ਬਹੁਤ ਸਮਝਾਇਆ, ਕਿ ਉਹ ਮਾਤਾ ਦੀਆਂ ਅੱਖਾਂ ਸਾਮ੍ਹਣੇ ਘਰ ਹੀ ਰਹਿਣ ।

(ਗੁਰਮੁਖੀ ਵਾਲੀ ਕਾਪੀ ਵਿਚ ਏਥੇ ਇਕ 'ਸਬਦ' ਦਿਤਾ ਹੈ, ਜੋ ਭਾਸ਼ਾ ਵਿਭਾਗ ਵਾਲੀ ਕਾਪੀ ਵਿਚ ਨਹੀਂ । ਆਖ਼ਰੀ ਤੁਕ ਵਿਚ ਸਬਦ 'ਨਾਨਕ' ਵੀ ਵਰਤਿਆ ਹੈ । ਪਰ ਉਹ ਗੁਰੂ ਗ੍ਰੰਥ ਸਾਹਿਬ ਵਿਚ ਹੈ ਨਹੀਂ । ਪੰਜਵੇਂ ਪਾਤਸ਼ਾਹ ਸਮੇਂ ਸਿਰ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਨਾ ਕਰ ਜਾਂਦੇ, ਤਾਂ ਗੁਰਬਾਣੀ ਵਿਚ ਬਹੁਤ ਮਿਲਾਵਟ ਹੋ ਜਾਣੀ ਸੀ । ਸਬਦ ਇਹ ਹੈ ।)

"ਖਿਮਾ ਹਮਾਰੀ ਮਾਤਾ ਕਹੀਐ, ਸੰਤੋਖ ਹਮਾਰਾ ਪਿਤਾ ।
ਸਤ ਹਮਾਰਾ ਚਾਚਾ ਕਹੀਐ, ਜਿਸ ਸੰਗ ਮਨੂਆ ਜਿਤਾ ।੧।
ਸੁਣ ਲਾਲੂ ! ਗੁਣ ਐਸਾ ।
ਸਗਲੇ ਲੋਕ ਬੰਧਨ ਕੇ ਬਾਂਧੇ, ਸੋ ਗੁਣ ਕਹੀਐ ਕੈਸਾ ।੧।
ਰਹਾਉ । ਭਾਉ ਭਾਈ ਸੰਗ ਹਮਾਰੇ, ਪ੍ਰੇਮ ਪੂਤ ਸੋ ਸਾਚਾ ।
ਧੀ ਹਮਾਰੇ ਧੀਰਜ ਬਣੀਐ, ਐਸੇ ਸੰਗ ਹਮ ਰਾਚਾ ।੨।
ਸਾਂਤ ਹਮਾਰੇ ਸੰਗ ਸਹੇਲੀ, ਮਤਿ ਹਮਾਰੈ ਚੇਲੀ ।
ਏਹ ਕੁਟੰਬ ਹਮਾਰਾ ਕਹੀਐ, ਸਾਸ ਸਾਸ ਸੰਗ ਖੇਲੀ ।੩।
ਏਕੰਕਾਰ ਹਮਾਰਾ ਖਾਵੰਦ, ਜਿਨ ਹਮ ਬਣਤ ਬਣਾਏ ।
ਉਸ ਕੋ ਤਯਾਗ ਅਵਰ ਕੌ ਲਾਗੇ, ਨਾਨਕ ਸੋ ਦੁਖ ਪਾਏ ।੪।"

(ਅੱਗੇ ਇਸ ਦੀ ਵਿਆਖਿਆ ਹੈ ।)

ਫਿਰ ਲਾਲੂ ਨੇ ਕਿਹਾ, ਸਾਡੇ ਵਾਸਤੇ ਨਹੀਂ, ਤਾਂ ਬਿਰਧ ਰਾਏ ਬੁਲਾਰ ਨੂੰ ਦਰਸ਼ਨ ਦਿਹੋ ।

Digitized by Panjab Digital Library | www.panjabdigilib.org

ਰਾਏ ਬੁਲਾਰ ਨੂੰ ਮਿਲਨ ਵਾਸਤੇ ਮਹਾਰਾਜ ਉਠ ਕੇ ਤੁਰ ਪਏ। ਮਹਾਰਾਜ ਰਾਇ ਦੇ ਘਰ ਪੁੱਜੇ, ਤਾਂ ਰਾਏ ਨੇ ਉਠ ਕੇ ਚਰਨ ਪਰਸੇ। ਗੁਰੂ ਜੀ ਨੇ ਬਜ਼ੁਰਗ ਜਾਣ ਕੇ ਰਾਇ ਨੂੰ ਨਮਸਕਾਰ ਕੀਤੀ। ਫਿਰ ਦੋਵੇਂ ਪ੍ਰੇਮ ਸਹਿਤ ਗਲ ਮਿਲੇ। ਆਸਣ 'ਤੇ ਬਿਠਾ ਕੇ ਰਾਇ ਨੇ ਗੁਰੂ ਜੀ ਦੇ ਚਰਨ ਧੋਤੇ। ਫਿਰ ਪੰਡਤ ਕੋਲੋਂ ਭੋਜਨ ਤਿਆਰ ਕਰਵਾ ਕੇ ਗੁਰੂ ਜੀ ਅੱਗੇ ਪਰੋਸਿਆ।

(ਏਥੇ ਵੀ ਇਕ 'ਸਬਦ' ਦਿਤਾ ਹੈ, ਪਰ ਇਹ ਵੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ। ਕਵਿਤਾ ਦੇ ਗੁਣ ਵੱਲੋਂ ਪਰਖੀਏ, ਤਾਂ ਇਹ ਕਵੀ ਸੰਤੋਖ ਸਿੰਘ ਜੀ ਦੀ ਰਚਨਾ ਵੀ ਨਹੀਂ ਜਾਪਦੀ। ਸਬਦ ਇਹ ਹੈ।)

"ਮਾਰੂ ਮਹਲਾ ੧।

"ਮਿਠਾ ਮਰਮ, ਸਲੂਣਾ ਸੰਜਮ, ਖਟਾ ਖਰਾ ਧਿਆਨ।
ਐਸਾ ਭੋਜਨ ਜੋ ਜਨ ਅਚਵੈ, ਸੋ ਮਾਣਸ ਪਰਧਾਨ ।੧।
ਰਾਇ ਜੀ, ਭੋਜਨ ਐਸਾ ਕਰੀਐ। ਔਰ ਸਕਲ ਪਰਹਰੀਐ ।੧। ਰਹਾਉ।
ਮੇਵਾ ਮਗਨ ਲਗਾ ਸਚੁ ਸੇਤੀ, ਜਿਸ ਖਾਧੇ ਤ੍ਰਿਪਤਾਵੈ।
ਸਤਿਗੁਰੁ ਬਿਰਖ ਫਲਿਆ ਸਚਿ ਡਾਲੀ, ਸੋ ਫਲ ਚੁਗ ਚੁਗ ਖਾਵੈ ।੨।
ਅੰਮ੍ਰਿਤ ਫਲ ਰਸਨਾ ਮਧ ਨੀਕਾ, ਸੋ ਪੀਵੈ ਜਿਸੁ ਦੇਵੈ।
ਸਫਲ ਦਰਸ ਅਕਾਲ ਮੂਰਤਿ ਹੈ, ਜਾਂ ਕੇ ਰਿਦੇ ਸਮੇਵੈ ।੩।
ਕਹੁ ਨਾਨਕ ਸੋ ਖਰਾ ਸੁਆਦੀ, ਏਕੰਕਾਰ ਰਸੁ ਲੀਆ।
ਅਵਰ ਸੁਆਦ ਸਭ ਫੀਕੇ ਲਾਗੇ, ਜਬ ਸਚੁ ਨਾਮੁ ਮੁਖ ਦੀਆ ।੪।"

ਮਹਾਰਾਜ ਨੇ ਪ੍ਰਸਾਦ ਛਕਿਆ। ਰਾਏ ਨੇ ਪਰਸੰਨ ਹੋ ਕੇ ਕਿਹਾ,

"ਸਫਲ ਮਨੋਰਥ ਕੀਨ ਹਮਾਰਾ।
ਮਨ ਜਾਨਯੋ, ਅਬ ਭਾ ਨਿਸਤਾਰਾ ।......੭੪।"

# ਬਤਾਲੀਵਾਂ ਧਯਾਇ

## ਪਿਤਾ ਕਾਲੂ ਨੂੰ ਉਪਦੇਸ਼

ਮਾਤਾ ਤ੍ਰਿਪਤਾ ਜੀ ਤੇ ਪਿਤਾ ਕਾਲੂ ਤੇ ਲਾਲੂ ਨੇ ਰਾਇ ਅੱਗੇ ਬਿਨੈ ਕੀਤੀ, ਕਿ ਕਿਵੇਂ ਉਹ ਨਾਨਕ ਨੂੰ ਏਥੇ ਰੱਖਣ ਵਾਸਤੇ ਮਨਾ ਲੈਣ।

ਰਾਇ ਨੇ ਬੇਨਤੀ ਕੀਤੀ, ਕਿ ਮੈਂ ਜ਼ਮੀਨ ਦੇ ਦੇਂਦਾ ਹਾਂ, ਉਸ ਦਾ ਲਗਾਨ ਵੀ ਨਹੀਂ ਲਵਾਂਗਾ, ਜੇ ਮਹਾਰਾਜ ਏਥੇ ਰਹਿ ਕੇ ਖੇਤੀ ਕਰਨ।

ਉੱਤਰ ਵਿਚ ਮਹਾਰਾਜ ਨੇ ਇਹ ਸਬਦ ਉਚਾਰਿਆ,

Digitized by Panjab Digital Library | www.panjabdigilib.org

"ਮਨੁ ਹਾਲੀ ਕਿਰਸਾਣੀ ਕਰਣੀ, ਸਰਮੁ ਪਾਣੀ ਤਨੁ ਖੇਤੁ ।... "

(ਸੋਰਠਿ, ਮ: ੧. ਪੰਨਾ ੫੯੫)

(ਅੱਗੇ ਇਸ ਸਬਦ ਦੀ ਵਿਆਖਿਆ ਹੈ ।)

ਗੁਰੂ ਜੀ ਰਾਤ ਘਰ ਗੁਜ਼ਾਰਦੇ, ਤੇ ਦਿਨੇ ਬਾਹਰ ਜੂਹ ਵਿਚ ਜਾ ਬੈਠਦੇ ।

# ਤਿਰਤਾਲੀਵਾਂ ਧਯਾਇ

## ਰਾਏ ਨੂੰ ਉਪਦੇਸ਼, ਤੁਲਸਾਂ ਦੀ ਕਥਾ

ਇਸ ਧਯਾਇ ਵਿਚ ਬਵੰਜਾ ਛੰਦ ਤਕ ਰਾਇ ਬੁਲਾਰ ਨੂੰ ਆਤਮਕ ਉਪਦੇਸ਼ ਦਿਤਾ ਹੈ । ਤੇ ਅੱਗੇ ਤੁਲਸਾਂ ਦਾਸੀ ਦੀ ਕਥਾ ਹੈ ।

ਗੁਰਦੇਵ ਘਰ ਵਿਚ ਬਿਰਾਜ ਰਹੇ ਸਨ । ਮਾਤਾ ਤ੍ਰਿਪਤਾ ਜੀ ਨੇ ਭੋਜਨ ਤਿਆਰ ਕੀਤਾ ਤੇ ਦਾਸੀ (ਤੁਲਸਾਂ) ਨੂੰ ਭੇਜਿਆ ਗੁਰੂ ਜੀ ਨੂੰ ਜਗਾਉਣ ਵਾਸਤੇ । ਹਜ਼ੂਰ ਸੁੱਤੇ ਪਏ ਸਨ, ਤੇ ਇਕ ਚਰਨ ਨੰਗਾ ਸੀ । ਪ੍ਰੇਮ ਵੱਸ ਦਾਸੀ ਹਜ਼ੂਰ ਦੇ ਚਰਨ ਚੱਟਣ ਲਗ ਪਈ ।

"ਪਰਮ ਪ੍ਰੇਮ ਜਾਗਯੋ ਮਨ ਮਾਹੀ ।
ਚਰਨਹਿ ਹਾਥ ਛੁਹਾਯੋ ਨਾਹੀ ।
ਰਸਨਾ ਸੰਗ ਸੁ ਚਾਟਨ ਲਾਗੀ ।
ਜਗ ਮੈ ਵਡ ਭਾਗਨਿ ਅਨੁਰਾਗੀ ।੫੮।
ਕੀਨ ਸਪਰਸਨ ਰਸਨਾ ਜਬ ਹੀ ।
ਤੀਨ ਲੋਕ ਕੀ ਸੁਧ ਭੀ ਤਬ ਹੀ ।......੫੯।"

ਦਾਸੀ ਨੇ ਵੇਖਿਆ, ਕਿ ਮਨਸੁਖ ਦਾ ਜਹਾਜ਼ ਸਮੁੰਦਰ ਵਿਚ ਡੋਲ ਰਿਹਾ ਸੀ । ਉਹਨੇ ਗੁਰੂ ਜੀ ਨੂੰ ਯਾਦ ਕੀਤਾ । ਗੁਰੂ ਜੀ ਨੇ ਉਸਦਾ ਜਹਾਜ਼ ਲੰਕਾ ਦੇ ਕਿਨਾਰੇ ਲਗਾ ਦਿਤਾ ।

ਦਾਸੀ ਨੇ ਆ ਕੇ ਮਾਤਾ ਜੀ ਨੂੰ ਕਿਹਾ,

"ਕਹਯੋ ਜਾਇ, ਮੈ ਕੀਯ ਨ ਜਗਾਵਨ ।
ਸੋ ਤੋ ਕਰਹਿ ਜਹਾਜ ਲੰਘਾਵਨਿ ।੬੪।"

ਮਾਤਾ ਜੀ ਨੇ ਆਪ ਜਾ ਕੇ ਗੁਰੂ ਜੀ ਨੂੰ ਜਗਾਇਆ । ਹਜ਼ੂਰ ਪ੍ਰਸਾਦ ਛਕਣ ਬੈਠੇ, ਤਾਂ ਮਾਤਾ ਜੀ ਨੇ ਕਿਹਾ, 'ਵੇਖੋ ਹੁਣ ਦਾਸੀ ਵੀ ਮੇਰੇ ਨਾਲ ਹਾਸੀ ਕਰਨ ਲਗ ਪਈ ਹੈ । ਕਹਿੰਦੀ ਹੈ, ਮੈਂ ਤਾਂ ਨਹੀਂ ਜਗਾਇਆ, ਕਿਉਂਕਿ ਗੁਰੂ ਜੀ ਕਿਸੇ ਦਾ ਜਹਾਜ਼ ਬੰਨੇ ਲਾ ਰਹੇ ਸਨ ।'

ਅੱਗੋਂ ਮਹਾਰਾਜ ਨੇ ਫ਼ੁਰਮਾਇਆ,

Digitized by Panjab Digital Library | www.panjabdigilib.org

"ਕਮਲੀ ਝਮਲੀ ਕੇ ਬਚ ਐਸੇ ।
ਇਸ ਕੇ ਕਹੇ ਨ ਜਾਨਹੁ ਕੈਸੇ ।੬੮।......
ਸੋ ਦਾਸੀ ਬਚ ਕਹਿਨੇ ਕਰਕੇ ।
ਭੀ ਕਮਲੀ ਸੁਧਿ ਗਈ ਬਿਸਰਕੈ ।੬੯।
ਜੀਵਤ ਰਹੀ ਜਗਤ ਮਹਿ ਜਾਵਦ ।
ਨਹਿ ਆਈ ਸੁਧਿ ਤਿਹ ਕੋ ਤਾਵਦ ।
ਜਬ ਹੀ ਤਯਾਗਯੋ ਭੂਤਕ ਦੇਹਾ ।
ਭਈ ਮੁਕਤਿ ਗਵਨੀ ਹਰਿ ਗ੍ਰੇਹਾ ।੭੦।"

# ਚੁਤਾਲੀਵਾਂ ਧਯਾਇ

## ਮਨਸੁਖ ਤੇ ਰਾਜਾ ਸ਼ਿਵਨਾਭ

ਲੰਕਾ ਦਾ ਰਾਜਾ ਸ਼ਿਵਨਾਭ ਇਕਾਦਸੀ ਵਰਤ ਰਖਦਾ ਤੇ ਸਾਲਗਰਾਮ ਦੀ ਪੂਜਾ ਕਰਿਆ ਕਰਦਾ । ਸਾਰੇ ਸ਼ਹਿਰ ਵਾਸਤੇ ਵੀ ਇਕਾਦਸੀ ਦਾ ਵਰਤ ਰੱਖਣ ਦਾ ਹੁਕਮ ਹੁੰਦਾ ।

ਮਨਸੁਖ ਕੋਲ ਗੁਰੂ ਜੀ ਦੇ ਕੁਛ ਸਬਦ ਲਿਖੇ ਹੋਏ ਸਨ । ਉਹ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਪਾਠ ਕਰਦਾ, ਤੇ ਫਿਰ ਪ੍ਰਸਾਦ ਕਰਕੇ ਸਭ ਨੂੰ ਵਰਤਾਉਂਦਾ । ਲੋਕਾਂ ਨੇ ਉਸਦੀ ਸ਼ਕਾਇਤ ਕੀਤੀ, ਤਾਂ ਰਾਜੇ ਨੇ ਬੁਲਾ ਲਿਆ । ਮਨਸੁਖ ਨੇ ਹਾਜ਼ਰ ਹੋ ਕੇ ਨਲਯੇਰ ਤੇ ਕੁਛ ਰੁਪੈ ਭੇਟਾ ਧਰੇ । ਰਾਜੇ ਨੇ ਕਿਹਾ, ਕਿ ਤੂੰ ਹਿੰਦੂ ਹੋ ਕੇ ਨਾ ਤਿਲਕ ਲਾਵੇਂ, ਨਾ ਸਾਲਗਰਾਮ ਪੂਜੇਂ, ਨਾ ਇਕਾਦਸੀ ਦਾ ਵਰਤ ਰੱਖੇਂ, ਕਾਰਨ ?

ਮਨਸੁਖ ਨੇ ਕਿਹਾ, ਜਿਸਨੂੰ ਪੂਰਾ ਗੁਰੂ ਮਿਲ ਪਵੇ, ਉਹਦਾ ਰਸਤਾ ਸੌਖਾ ਹੋ ਜਾਂਦਾ ਹੈ । (ਫਿਰ ਮਨਸੁਖ ਇਸ਼ਨਾਨ ਦਾ ਮਹਾਤਮ ਦਸਦਾ ਹੈ ।)

"ਪੁਨਿ ਮੱਜਨ[1] ਕੀ ਗਾਥਾ ਸੁਨਿਯੇ ।
ਨਿਸ ਕੇ ਨ੍ਹਾਨ ਅਧਿਕ ਫਲ ਜਨਿਯੇ ।
ਜਾਮ ਜਾਮਨੀ[2] ਨਾਵਨ ਕਰ ਹੀ ।
ਕੰਚਨ[3] ਭਾਰ ਦਾਨ ਫਰ ਫਰਹੀ ।੨੫।
ਚਤਰ ਘਟੀ ਨਿਸ ਤੇ ਜੋ ਨਾਵੇ ।
ਤਿਤਨੋ ਦਾਨ ਰਜਤ[4] ਫਲ ਪਾਵੈ ।
ਘਟੀ ਰੈਨ ਤੇ ਕਰਹਿ ਸਨਾਨਾ ।
ਫਲ ਹ੍ਵੈ ਖੀਰ[5] ਸਵਾ ਮਨ ਦਾਨਾ ।੨੬।

1. ਇਸ਼ਨਾਨ । 2. ਪਹਿਰ ਰਾਤ ਰਹਿੰਦੀ । 3. ਸੋਨਾ । 4. ਚਾਂਦੀ । 5. ਦੁੱਧ ।

Digitized by Panjab Digital Library | www.panjabdigilib.org

ਪ੍ਰਾਤਿਕਾਲ ਉਠ ਕਰ ਜੋ ਨਾਵੈ ।
ਮਨ ਜਲ ਦਾਨ ਕਰੈ ਫਲ ਪਾਵੈ ।
ਦਿਵਸ ਚਰੈ ਤੈ ਨਾਵਹਿ ਜੋਊ ।
ਤਾ ਕੋ ਹ੍ਹੈ ਨ ਪੁੰਨ ਫਲ ਕੋਊ ।੨੭।"

(ਵਾਹ, ਮੌਜ ਹੈ । ਪਹਿਰ ਰਾਤ ਰਹਿੰਦੀ ਇਸ਼ਨਾਨ ਕਰਨ ਵਾਲੇ ਨੂੰ ਇਕ ਭਾਰ ਸੋਨਾ ਦਾਨ ਦਾ ਫਲ । ਚਾਰ ਘੜੀ ਰਹਿੰਦੀ ਤੇ ਚਾਂਦੀ, ਤੇ ਇਕ ਘੜੀ ਰਾਤ ਰਹਿੰਦੀ 'ਤੇ ਦੁੱਧ ਦਾ ਫਲ । ਸੂਰਜ ਚੜ੍ਹਨ ਤੋਂ ਪਹਿਲਾਂ ਜਲ-ਦਾਨ ਦਾ ਫਲ, ਤੇ ਦਿਨ ਚੜ੍ਹੇ ਕੋਈ ਫਲ ਨਾ ।)

ਅੱਗੇ ਮਨਸੁਖ ਗੁਰੂ ਜੀ ਦੀ ਉਸਤਤ ਕਰਦਾ ਹੈ । ਰਾਜੇ ਨੇ ਪ੍ਰਭਾਵਤ ਹੋ ਕੇ ਪੁਛਿਆ,

"ਕੌਨ ਗੁਰੂ, ਤਵ ਨਾਮ ਅਲਾਵਹੁ ।
ਤਿਨ ਕੀ ਬਾਨੀ ਬਹੁਰ ਸੁਨਾਵਹੁ ।੪੨। ...

ਮਨਸੁਖ ਨੇ ਗੁਰੂ ਨਾਨਕ ਨਾਮ ਦੱਸਿਆ ਤੇ ਗੁਰਬਾਣੀ ਦੇ ਸਬਦ ਸੁਣਾਏ । ਰਾਜੇ ਨੇ ਸ਼ਰਧਾ ਨਾਲ ਕਿਹਾ,

"ਮੁਝ ਕੋ ਦਰਸਨ ਦੇਹੁ ਕਰਾਈ ।
ਕਰ ਉਪਕਾਰ ਦੀਨ ਕੀ ਨਯਾਈ ।੪੬।"

ਰਾਜੇ ਨੇ ਨਾਲ ਚੱਲਣ ਦੀ ਇੱਛਿਆ ਪਰਗਟ ਕੀਤੀ । ਮਨਸੁਖ ਨੇ ਕਿਹਾ, ਘਰੇ ਬੈਠੇ ਯਾਦ ਕਰੋ, ਗੁਰੂ ਜੀ ਆਪੇ ਆ ਦਰਸ਼ਨ ਦੇਣਗੇ ।

ਰਾਜਾ ਸੱਚੀ ਸ਼ਰਧਾ ਨਾਲ ਅਰਾਧਨਾ ਕਰਨ ਲੱਗਾ ।

ਮਨਸੁਖ ਵਾਪਸ ਮੁੜ ਪਿਆ ।

# ਪੰਜਤਾਲੀਵਾਂ ਧਯਾਇ

## ਗੁਰੂ ਜੀ ਤਲਵੰਡੀ ਤੋਂ ਤੁਰੇ

ਰਾਜੇ ਨੇ ਕੁਛ ਸੁੰਦਰ ਇਸਤਰੀਆਂ* ਨੂੰ ਹੁਕਮ ਦੇ ਰੱਖਿਆ, ਕਿ ਜੋ ਵੀ ਸਾਧ ਫ਼ਕੀਰ ਆਵੇ, ਉਸਦੀ ਪਰਖ ਕਰਕੇ ਮੈਨੂੰ ਪਤਾ ਦਿਤਾ ਜਾਵੇ । ਬਹੁਤ ਸਾਰੇ ਸੰਤ ਫ਼ਕੀਰ ਆਉਂਦੇ, ਪਰ ਉਹਨਾਂ ਇਸਤਰੀਆਂ ਦੇ ਮੋਹ ਜਾਲ ਵਿਚ ਫਸ ਕੇ ਧਰਮੋ ਡੋਲ ਜਾਂਦੇ ।

ਰਾਜਾ ਹਰ ਸਮੇਂ ਗੁਰੂ ਜੀ ਨੂੰ ਯਾਦ ਕਰਦਾ ਰਹਿੰਦਾ ।

---

*ਉਸ ਸਮੇ ਰਵਾਜ ਸੀ । ਹੁਕਮਰਾਨ-ਰਾਜੇ ਸੁੰਦਰ ਵਿਸ਼-ਸੁੰਦਰੀਆਂ ਨੌਕਰ ਰਖਦੇ, ਜੋ ਇਸ ਕਾਰਜ ਵਾਸਤੇ ਵਰਤੀਆਂ ਜਾਂਦੀਆਂ ।

Digitized by Panjab Digital Library | www.panjabdigilib.org

ਉਧਰ ਗੁਰੂ ਜੀ ਨੇ ਤਲਵੰਡੀ ਤੋਂ ਤੁਰਨ ਦੀ ਤਿਆਰੀ ਕਰ ਲਈ। ਰਾਏ ਦੇ ਬੁਲਾਉਣ ਉਤੇ ਉਸਨੂੰ ਦਰਸ਼ਨ ਦੇਣ ਗਏ। ਫਿਰ ਮਾਤਾ ਤ੍ਰਿਪਤਾ ਜੀ ਦੇ ਬੁਲਾਉਣ ਉਤੇ ਘਰ ਪ੍ਰਸਾਦਿ ਛਕਣ ਗਏ। ਰਾਤ ਘਰ ਬਿਸਰਾਮ ਕੀਤਾ। ਦਿਨੇ ਇਸ਼ਨਾਨ ਵਾਸਤੇ ਉਠੇ, ਤਾਂ ਸੁਭਾਵਕ ਕਿਹਾ, 'ਏਥੇ ਸਰੋਵਰ ਕੋਈ ਨਹੀਂ।'

ਰਾਏ ਬੁਲਾਰ ਨੇ ਸੁਣਿਆਂ, ਤਾਂ ਥੋੜੇ ਦਿਨਾਂ ਵਿਚ ਉਥੇ ਸਰੋਵਰ ਬਣਵਾ ਦਿਤਾ। ਗੁਰੂ ਜੀ ਨੇ ਉਸ ਵਿਚ ਇਸ਼ਨਾਨ ਕੀਤਾ। ਫਿਰ ਬਾਲੇ ਤੇ ਮਰਦਾਨੇ ਨੂੰ ਨਾਲ ਲੈ ਕੇ ਗੁਰੂ ਜੀ ਚਾਰ ਘੜੀ ਦੇ ਤੜਕੇ ਤਲਵੰਡੀ ਤੋਂ ਤੁਰ ਪਏ।

# ਛਿਤਾਲੀਵਾਂ ਧਯਾਇ

## ਕਾਵਰੂ ਦੇਸ

ਤਲਵੰਡੀ ਤੋਂ ਚੱਲ ਕੇ ਮਹਾਰਾਜ ਲਾਲੋ ਪਾਸ ਪੁੱਜੇ। ਉਥੇ ਪੰਜ ਦਿਨ ਗੁਜ਼ਾਰ ਕੇ ਅੱਗੇ ਚੱਲ ਪਏ। ਮਹਾਰਾਜ ਢਾਕੇ ਬੰਗਾਲੇ ਨੂੰ ਤੁਰ ਪਏ। ਰਸਤੇ ਵਿਚ ਤਿੰਨ ਦਿਨ ਖਾਣ ਨੂੰ ਕੁਛ ਨਾ ਮਿਲਿਆ। ਮਰਦਾਨਾ ਬਹੁਤ ਨਿਢਾਲ ਹੋ ਗਿਆ। ਮਹਾਰਾਜ ਨੇ ਕਿਹਾ, ਅੱਕ ਦੇ ਫਲ ਖਾ ਲੈ।

ਮਰਦਾਨੇ ਨੇ ਸੋਚਿਆ,

"ਹਸੀ ਕਰਤ ਮਮ ਸਾਥ, ਮਾਰਹੁ ਏਹ ਖਵਾਇਕੈ।

ਕੈਸੇ ਖਾਵੋਂ ਨਾਥ, ਅਰਕ ਫਲਨ ਮ੍ਰਿਤ ਕੋ ਕਰੈ ।੧੨।"

ਮਹਾਰਾਜ ਨੇ ਕਿਹਾ, 'ਰੱਜ ਕੇ ਖਾ ਲੈ, ਪਰ ਪੱਲੇ ਨਾ ਬੰਨ੍ਹੀਂ।'

ਮਰਦਾਨੇ ਨੇ ਰੱਜ ਕੇ ਖਾਧੇ, ਤੇ ਲਾਲਚ ਕਰਕੇ ਕੁਛ ਪੱਲੇ ਵੀ ਬੰਨ੍ਹ ਲਏ। ਉਹਨੇ ਅਗਲੇ ਦਿਨ ਫਿਰ ਓਹਾ ਖਾ ਲਏ, ਤਾਂ ਜ਼ਹਿਰ ਨਾਲ ਤੜਫਨ ਲੱਗ ਪਿਆ। ਗੁਰੂ ਜੀ ਨੇ ਕਿਹਾ, ਲਾਲਚ ਦਾ ਫਲ ਹੈ। ਗੁਰੂ ਜੀ ਨੇ ਅੱਕ ਤੋਂ ਇਕ ਹੋਰ ਫਲ ਤੋੜ ਕੇ ਦਿਤਾ, ਤੇ ਕਿਹਾ, 'ਆਹ ਖਾ ਲੈ, ਰਾਜ਼ੀ ਹੋ ਜਾਵੇਂਗਾ'। ਗੁਰੂ ਜੀ ਦਾ ਦਿਤਾ ਫਲ ਖਾਣ 'ਤੇ ਮਰਦਾਨਾ ਠੀਕ ਹੋ ਗਿਆ।

(ਕੇਵਲ ਕਲਪਨਾ। ਉਸ ਸਮੇਂ ਪਰਚਾਰ ਵਾਸਤੇ ਅਜੇਹੀਆਂ ਸਾਖੀਆਂ ਬਹੁਤ ਲਾਭਦਾਇਕ ਸਮਝੀਆਂ ਜਾਂਦੀਆਂ ਸਨ।)

ਚਲਦੇ ਚਲਦੇ ਮਹਾਰਾਜ ਕਾਵਰੂ ਦੇਸ (ਆਸਾਮ) ਜਾ ਪਹੁੰਚੇ। ਗੁਰੂ ਜੀ ਇਕ ਬਿਰਛ ਥੱਲੇ ਜਾ ਬੈਠੇ। ਮਰਦਾਨਾ ਨਗਰ ਵਿਚ ਕੁਛ ਛਕਣ ਦੀ ਲਾਲਸਾ ਨਾਲ ਚਲਾ ਗਿਆ। ਇਕ ਜਾਦੂ-ਗਰਨੀ ਨੇ ਗਲ ਵਿਚ ਤਵੀਤ ਪਾ ਕੇ ਮਰਦਾਨੇ ਨੂੰ ਭੇਡੂ ਬਣਾ ਕੇ ਬੰਨ੍ਹ ਲਿਆ। ਮਰਦਾਨਾ ਸੋਚਣ ਲਗਾ, ਕਿ ਗੁਰੂ ਜੀ ਦਾ ਹੁਕਮ ਨਾ ਮੰਨ ਕੇ ਮੈਂ

Digitized by Panjab Digital Library | www.panjabdigilib.org

ਕਿੱਥੇ ਫਸ ਗਿਆ ।

ਚਾਰ-ਕੁ ਘੜੀਆਂ ਉਡੀਕ ਕੇ ਗੁਰੂ ਜੀ ਮਰਦਾਨੇ ਨੂੰ ਛੁਡਾਉਣ ਵਾਸਤੇ ਤੁਰ ਪਏ । ਗੁਰੂ ਜੀ ਤੇ ਬਾਲਾ ਉਸ ਘਰ ਪੁੱਜੇ, ਤਾਂ ਇਕ ਇਸਤਰੀ ਬਾਲੇ ਗਲ ਧਾਗਾ ਬੰਨ੍ਹਣ ਵਾਸਤੇ ਦੌੜੀ, ਤਾਂ ਉਹ ਭੇਡ ਬਣ ਗਈ । ਦੂਸਰੀ ਗੁਰੂ ਜੀ ਵੱਲ ਆਈ, ਤਾਂ ਉਹ ਕੁੱਤੀ ਬਣ ਗਈ । ਤੀਸਰੀ ਡਰ ਕੇ ਨੱਸ ਗਈ ।

ਗੁਰੂ ਜੀ ਦਾ ਹੁਕਮ ਪਾ ਕੇ ਬਾਲੇ ਨੇ ਮਰਦਾਨੇ ਦੇ ਗੱਲੋਂ ਤਵੀਤ ਵਾਲਾ ਧਾਗਾ ਤੋੜ ਦਿਤਾ, ਤਾਂ ਉਹ ਇਨਸਾਨੀ ਸੂਰਤ ਧਾਰ ਕੇ ਗੁਰੂ ਜੀ ਦੇ ਚਰਨੀ ਆ ਢੱਠਾ ।

ਏਨੇ ਚਿਰ ਤਕ ਉਹਨਾਂ ਟੂਣੇਹਾਰੀਆਂ ਦੇ ਪਤੀ ਆ ਗਏ । ਉਹਨਾਂ ਨੂੰ ਅਸਲੀਅਤ ਦਾ ਪਤਾ ਲੱਗਾ, ਤਾਂ ਉਹ ਬਾਲੇ ਦੇ ਹੀ ਚਰਨੀ ਆ ਢੱਠੇ । ਬਾਲੇ ਨੇ ਗੁਰੂ ਜੀ ਵੱਲ ਇਸ਼ਾਰਾ ਕੀਤਾ, ਤਾਂ ਉਹਨਾਂ ਹਜ਼ੂਰ ਦੇ ਚਰਨ ਆ ਪਕੜੇ । ਗੁਰੂ ਜੀ ਨੇ ਸ਼ਰਤ ਰੱਖੀ, ਸਿੱਖੀ ਧਾਰਨ ਕਰੋ, ਤੇ ਧਰਮਸਾਲ ਬਣਾਓ, ਤਾਂ ਬਖ਼ਸ਼ੇ ਜਾਉਗੇ । ਉਹਨਾਂ ਪਰਵਾਨ ਕੀਤਾ, ਤਾਂ ਗੁਰੂ ਜੀ ਨੇ ਉਹਨਾਂ ਦੋਹਾਂ ਜਾਦੂਗਰਨੀਆਂ ਨੂੰ ਮਾਣਸ-ਰੂਪ ਬਖ਼ਸ਼ਿਆ ।

ਉਹਨਾਂ ਲੋਕਾਂ ਨੇ ਚਰਨ ਪਾਹੁਲ ਲਈ ਤੇ ਓਥੇ ਧਰਮਸਾਲ ਬਣਾਈ । ਮਹਾਰਾਜ ਓਥੇ ਪੰਜ ਦਿਨ ਗੁਜ਼ਾਰ ਕੇ ਅੱਗੇ ਤੁਰ ਪਏ ।

# ਸੰਤਾਲੀਵਾਂ ਧਯਾਇ

## ਗੁਰੂ ਜੀ ਸੰਗਲਾਦੀਪ ਗਏ

ਬਾਲਾ ਕਹਿੰਦਾ ਹੈ, ਅਸੀਂ ਤਿੰਨੇ ਸਮੁੰਦਰ ਕੰਢੇ ਜਾ ਪੁੱਜੇ । ਗੁਰੂ ਜੀ ਨੇ ਫ਼ੁਰਮਾਇਆ, ਮੂਲ ਮੰਤ੍ਰ (੧ਓ ਸਤਿਨਾਮ ...ਗੁਰ ਪ੍ਰਸਾਦਿ) ਦਾ ਪਾਠ ਕਰਦੇ ਸਾਡੇ ਮਗਰ ਚਲੇ ਆਉ । ਤਿੰਨੇ ਪਾਣੀ ਉਪਰ ਤੁਰੇ ਗਏ, ਪਰ ਪੈਰ ਵੀ ਨਾ ਭਿੱਜੇ । 'ਨਾਗਾ ਬੰਦਰ' ਰਾਹੀਂ, ਗੁਰੂ ਜੀ ਸੰਗਲਾਦੀਪ ਜਾ ਪੁੱਜੇ ।

ਗੁਰੂ ਜੀ ਇਕ ਸੁੱਕੇ ਬਾਗ਼ ਵਿਚ ਜਾ ਉੱਤਰੇ । ਹਜ਼ੂਰ ਦੇ ਚਰਨ ਪਾਉਂਦਿਆਂ ਬਾਗ਼ ਹਰਿਆ ਹੋ ਗਿਆ । ਇਹ ਖ਼ਬਰ ਰਾਜੇ ਤਕ ਪਹੁੰਚੀ, ਤਾਂ ਉਹਨੇ ਆਪਣੇ ਮੰਤਰੀ ਪਰਸਰਾਮ ਨੂੰ ਭੋਜਨ ਦੇ ਕੇ ਭੇਜਿਆ ।

(ਏਥੇ ਫਿਰ ਇਕ ਸਬਦ ਦਿਤਾ ਹੈ । ਉਪਰ 'ਮਾਰੂ ਮਹਲਾ ੧' ਲਿਖਿਆ ਹੈ, ਤੇ ਆਖ਼ਰੀ ਤੁਕ ਵਿਚ ਸਬਦ 'ਨਾਨਕ' ਵੀ ਆਇਆ ਹੈ । ਪਰ ਇਹ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ । ਪਤਾ ਨਹੀਂ, ਅਜੇਹੇ ਸਬਦ ਕਿੱਥੋਂ ਆ ਗਏ ਹਨ । ਸਬਦ ਇਹ ਹੈ :)

"ਮਾਰੂ ਮਹਲਾ ੧

"ਰਸ ਕਸ ਸੁਆਦ ਅਨੇਕ ਹੈ, ਬਿਖ ਫਲ ਮੀਠੇ ਚਾਖ ।

Digitized by Panjab Digital Library | www.panjabdigilib.org

ਕਿਰਪਾ ਕਰੇ ਜਿਸ ਆਪਣੀ, ਤਾ ਕਉ ਰਾਖੈ ਆਪ ।੧।"

ਫਿਰ ਮੰਤਰੀ ਕੁਛ ਵੇਸਵਾ ਨਾਲ ਲੈ ਗਿਆ । ਗੁਰੂ ਜੀ ਨੇ ਕਿਹਾ,

"ਇਹ ਬਿਖ ਭਰੀਆਂ ਗੰਦਲਾਂ, ਧਰੀਆਂ ਖੰਡ ਲਿਵਾੜ ।
ਸੁੰਦਰ ਰੂਪ ਅਪਾਰ ਹੈ, ਦੇਤੀ ਜਨਮ ਵਿਗਾੜ ।੨।"

ਫਿਰ ਮੰਤਰੀ ਸੁੰਦਰ ਬਸਤਰ ਤੇ ਜ਼ੇਵਰ ਆਦਿ ਲੈ ਕੇ ਹਾਜ਼ਰ ਹੋਇਆ । ਮਹਾਰਾਜ ਨੇਰ ਮਾਫ਼ੁਇਆ,

"ਕਾਇਆਂ ਕਪੜ ਕੂੜ ਹੈ, ਇਨ ਕੋ ਦੇਖ ਨ ਭੂਲ ।
ਸੁਇਨਾ ਰੁਪਾ ਮਾਲ ਧਨ, ਏਹੀ ਨਰਕ ਕਾ ਮੂਲ ।੩।"

ਫਿਰ ਬਹੁਤ ਸਾਰੇ ਸਾਥੀਆਂ ਨੂੰ ਨਾਲ ਲੈ ਕੇ ਰਾਜਾ ਆਪ ਗਿਆ । ਹਜ਼ੂਰ ਨੇ ਫ਼ੁਰਮਾਇਆ,

"ਸੁਨ ਰਾਜਾ ਸ਼ਿਵਨਾਭ ਤੂੰ, ਸੁਭ ਮਤਿ ਤੇਰੀ ਰਾਸ ।
ਨਾਨਕ ਪੜਦਾ ਦੂਰ ਕਰ, ਹੋਵੈ ਦਾਸਨਿ ਦਾਸ ।੪।"

(ਇਸ ਕਲਪਤ ਸਬਦ ਦੀ ਥਾਂ ਲੇਖਕ ਗੁਰਬਾਣੀ ਦਾ ਸਬਦ ਦੇ ਦੇਂਦਾ, ਤਾਂ ਚੰਗਾ ਸੀ ।)

ਰਾਜਾ ਦਰਸ਼ਨ ਕਰ ਕੇ ਚਲਾ ਗਿਆ । ਰਾਤ ਉਹਨੇ ਗੁਰੂ ਜੀ ਦੀ ਪ੍ਰੀਖਿਆ ਵਾਸਤੇ ਫਿਰ ਮੋਹਣੀਆਂ ਭੇਜੀਆਂ ।

(ਅਗਲੇ ਕੁਛ ਛੰਦਾਂ ਵਿਚ ਉਹਨਾਂ ਮੋਹਣੀਆਂ ਦੀ ਵਿਆਖਿਆ ਹੈ । ਵਰਨਣ ਬੜਾ ਵਾਸ਼ਨਾ ਭੜਕਾਊ ਹੈ । ਏਥੇ ਇਹ ਸੋਭਾ ਨਹੀਂ ਦੇਂਦਾ ।)

ਉਤਰ ਵਿਚ ਗੁਰੂ ਜੀ ਨੇ ਸਬਦ ਉਚਾਰਿਆ,

"ਮਨੁ ਮੋਤੀ ਜੇ ਗਹਣਾ ਹੋਵੈ, ਪਉਣੁ ਹੋਵੈ ਸੂਤ ਧਾਰੀ । .....।"

(ਆਸਾ, ਮ. ੧. ਪੰਨਾ ੩੫੯)

ਇਸ ਸਬਦ ਦੇ ਅਰਥ ਸਮਝਾ ਕੇ ਹਜ਼ੂਰ ਨੇ ਫਿਰ ਇਹ ਅਸਟਪਦੀ ਉਚਾਰੀ,

"ਜਗੁ ਕਊਆ ਨਾਮੁ ਨਹੀ ਚੀਤਿ ।.. ...।"

(ਬਸੰਤ, ਮ. ੧. ਪੰਨਾ ੧੧੮੭)

ਮੋਹਣੀਆਂ ਨੇ ਆ ਕੇ ਗੁਰੂ ਜੀ ਦੀ ਉਸਤਤ ਕੀਤੀ, ਤਾਂ ਰਾਜਾ ਜਾ ਕੇ ਚਰਨੀ ਢਠਾ । ਗੁਰੂ ਜੀ ਨੇ ਰਾਜੇ ਵੱਲ ਪਿੱਠ ਕਰ ਲਈ । ਰਾਜਾ ਢਾਈ ਪਹਿਰ ਓਵੇਂ ਖਲਾ ਰਿਹਾ । ਫਿਰ ਮਹਾਰਾਜ ਨੇ ਉਸ ਵੱਲ ਤਕਿਆ, ਤੇ ਸੁੱਖ ਪੁੱਛੀ, ਤੇ ਇਹ ਸਬਦ ਉਚਾਰਿਆ,

"ਜੋਗੀ ਜੁਗਤਿ ਨਾਮੁ ਨਿਰਮਾਇਲੁ, ਤਾ ਕੈ ਮੈਲੁ ਨ ਰਾਤੀ......।"

(ਮਾਰੂ, ਮ. ੧. ਪੰਨਾ ੯੯੨)

ਇਹ ਜਾਣ ਕੇ, ਕਿ ਆਪ ਗੁਰੂ ਨਾਨਕ ਦੇਵ ਜੀ ਹਨ, ਰਾਜਾ ਚਰਨੀ ਢਹਿ

Digitized by Panjab Digital Library | www.panjabdigilib.org

ਪਿਆ । ਉਸ ਨੇ ਮਹਾਰਾਜ ਨੂੰ ਨਾਲ ਚੱਲਣ ਵਾਸਤੇ ਬੇਨਤੀ ਕੀਤੀ । ਮਹਾਰਾਜ ਨੇ ਫ਼ੁਰਮਾਇਆ, ਪਹਿਲਾਂ ਧਰਮਸਾਲ ਬਣਵਾਉ, ਫਿਰ ਅਸੀਂ ਚੱਲਾਂਗੇ ।

# ਅਠਤਾਲੀਵਾਂ ਧਯਾਇ

## ਰਾਜਾ ਸ਼ਿਵਨਾਭ ਨੂੰ ਉਪਦੇਸ਼

ਸੁੰਦਰ ਧਰਮਸਾਲ ਤਿਆਰ ਕਰਵਾ ਕੇ ਰਾਜਾ ਗੁਰੂ ਜੀ ਨੂੰ ਲੈਣ ਗਿਆ, ਤਾਂ ਗੁਰੂ ਜੀ ਛਪਨ ਹੋ ਗਏ,

"ਪਰਖਨ ਭਾਉ ਭੂਪ ਗਤਿ ਦਾਨਾ ।
ਭਏ ਕਾਲ ਤਿਹ ਅੰਤਰ ਧਯਾਨਾ ।੫।"

ਗੁਰੂ ਜੀ ਨੂੰ ਭਾਲਦਾ ਭਾਲਦਾ ਰਾਜਾ ਮੂਰਛਤ ਹੋ ਕੇ ਡਿਗ ਪਿਆ, ਤਾਂ ਗੁਰੂ ਜੀ ਪਰਗਟ ਹੋਏ । ਪੱਖਾ ਝੱਲ ਕੇ ਰਾਜੇ ਨੂੰ ਹੋਸ਼ ਵਿਚ ਆਂਦਾ । ਸਾਮ੍ਹਣੇ ਗੁਰੂ ਜੀ ਨੂੰ ਵੇਖ ਕੇ ਰਾਜਾ ਚਰਨਾਂ ਤੇ ਢਹਿ ਪਿਆ ।

ਗੁਰੂ ਜੀ ਨੂੰ ਧਰਮਸਾਲ ਵਿਚ ਲੈ ਜਾ ਬਿਠਾਇਆ । ਰਾਣੀ ਚੰਦਕਲਾ ਸਮੇਤ ਰਾਜਾ ਚਰਨੀ ਆ ਲੱਗਾ । ਸਾਰੀ ਨਗਰੀ ਦੇ ਲੋਕਾਂ ਨੇ ਆ ਕੇ ਨਮਸਕਾਰ ਕੀਤੀ ।

ਰਾਜੇ ਦੀ ਬੇਨਤੀ ਸੁਣ ਕੇ ਗੁਰੂ ਜੀ ਨੇ ਉਪਦੇਸ਼ ਕੀਤਾ,

"ਮਨ ਕੋ ਰੋਕਨ ਨਿਰਮਲ ਕਰਨੋ ।
ਯਹੀ ਉਪਾਵ ਕਲੇਸਨ ਹਰਨੋ ।੨੨।"

ਅੱਗੇ ਵਿਸਥਾਰ ਨਾਲ ਦੱਸਿਆ ਹੈ,

"ਕਸ਼ਟ ਜਗ ਇਕ, ਭਗਤਿ ਜੋਗ ਸੁਨਿ ।
ਇਨ ਦੋਨੋ ਤੇ ਹ੍ਵੈ ਨਿਰਮਲ ਮਨ ।੨੫।
ਪ੍ਰਥਮ 'ਕਸ਼ਟ ਜੋਗ' ਜੋ ਬਖਾਨਾ ।
ਅਸ਼ਟ ਅੰਗ ਤਾਂ ਕੇ ਸੁਨ ਕਾਨਾ ।
ਯਮ ਅਰ ਨੇਮ* ਇਕੰਤੰ ਦੇਸੂ ।
ਆਸਨ, ਪ੍ਰਣਾਯਾਮ ਸੁਭੇਸੂ ।੨੬।
ਧਯਾਨ ਧਾਰਨਾ ਅਸਟ ਸਮਾਧਾ ।
ਪਾਇ ਪਰਮ ਪਦ ਇਨ ਕੋ ਸਾਧਾ ।
ਪ੍ਰਿਥਮੇ 'ਯਮ' ਜੋ ਦਸ ਪ੍ਰਕਾਰਾ ।
ਲਛਨ ਤਿਨ ਕੇ ਕਰੌਂ ਵਿਥਾਰਾ ੨੭।"

* ਯਮ=ਨਾ ਕਰਨ ਜੋਗ ਕਰਮ । ਨੇਮ=ਨਿਯਮ, ਕਰਨ ਜੋਗ ਕਰਮ ।

Digitized by Panjab Digital Library | www.panjabdigilib.org

(ਯਮ, ਨਾ ਕਰਨ ਯੋਗ ਕਰਮ, ਦਸ ਪ੍ਰਕਾਰ ਦੇ ਹਨ ।)

੧. ਅਹਿੰਸਾ, ਹਿੰਸਾ ਤੋਂ ਬਚਣਾ । ਹਿੰਸਾ ਤਿੰਨ ਪ੍ਰਕਾਰ ਦੀ ਹੈ । ਮਨ ਦੀ ਹਿੰਸਾ, ਮਨ ਵਿਚ ਕਿਸੇ ਦਾ ਬੁਰਾ ਚਿਤਵਣਾ । ਬਚਨ ਦੀ ਹਿੰਸਾ, ਕਿਸੇ ਨੂੰ ਦਿਲ ਦੁਖਾਊ ਬਚਨ ਕਹਿਣਾ । ਕਰਮ ਦੀ ਹਿੰਸਾ, ਕਿਸੇ ਨੂੰ ਹੱਥੀਂ ਦੁਖ ਦੇਣਾ, ਜਾਂ ਜਾਨ ਲੈਣੀ ।

੨. ਸੱਤਯ, ਝੂਠ ਦਾ ਤਿਆਗ ।

"ਦੁਤਿਯੇ ਸਚ ਉਚਰਨ ਨਿਰਬਹੈ ।
ਕਬਹੂੰ ਕੂਰ ਨ ਕਿਹ ਬਿਧਿ ਕਹੈ ।......੩੦।"

੩. ਅਸਤੇਯ, ਚੋਰੀ ਦਾ ਤਿਆਗ ।

"ਤੀਜੇ ਹੈ ਦ੍ਵੈ ਭਾਂਤਿ ਸਤੇਈ ।
ਇਕ ਤਨ ਕੀ, ਇਕ ਮਨ ਕੀ ਸੇਈ ।੩੦।
ਪਰ ਕੀ ਵਸਤ ਛਪਾਵਨ ਕਰਨੀ ।
ਏਹ ਸਤੇਈ* ਤਨ ਕੀ ਬਰਨੀ ।
ਕਰਹਿ ਪਾਪ ਪੁਨਿ ਰਾਖ ਦੁਰਾਏ() ।
ਇਹ ਮਨ ਕੀ ਚੋਰੀ ਕਹਿ ਲਾਏ ।੩੧।"

੪. ਬ੍ਰਹਮ ਚਰਯ ।

"ਚੌਥੇ ਬ੍ਰਹਮ ਚਰਜ ਸੁਖ ਸਾਰੂ ।
ਜੀਤਨ ਕਾਮ ਅਸ਼ਟ ਪਰਕਾਰੂ ।੩੨।
ਪ੍ਰਿਥਮੈ ਤਿਯ ਕੀ ਬਾਤੈਂ ਕਰਨੀ ।
ਦੂਜੈ ਸੁਨਿ ਸੁਨਿ ਮਨ ਮਹਿ ਧਰਨੀ ।
ਤੀਜੈ ਤੀਯ ਇਕਾਂਤ ਮਿਲ਼ ਬੈਸਨ ।
ਚੌਥੇ ਹੋਵਤ ਅੰਗ ਸਪਰਸ਼ਨ ।੩੩।
ਪੰਚਮ ਹਿਤ ਕਰ ਦੇਖੈ ਤਿਯ ਸੋਂ ।
ਛਠੇ ਅਲਿੰਗਨ ਕਰੈ ਹੀਯ ਸੋਂ ।
ਸਪਤ ਚਿਤਵਨੋ ਮਨ ਮਹਿ ਨਾਰੀ ।
ਅਸ਼ਟਮ ਭੋਗ ਕਰਨ ਬਿਧਿ ਸਾਰੀ ।੩੪।"

(ਇਹਨਾਂ ਅੱਠਾਂ ਕਰਮਾਂ ਤੋਂ ਬਚਣ ਦਾ ਨਾਮ ਬ੍ਰਹਮਚਰਯ ਹੈ ।)[]

੫. "ਪੰਚਮ ਯਮ ਹੈ ਧੀਰਜ ਕਰਨੀ ।
ਦੁਖ ਸੁਖ ਸਦਾ ਸਹੈ ਸਮ ਧਰਨੀO ।੩੫।

---

*ਚੋਰੀ । ()ਲੁਕਾਵੇ, ਛਿਪਾਵੇ ।

[](ਅੰਜੀਲ ਵਿਚ ਲਿਖਿਆ ਹੈ, ਜੋ ਕਿਸੇ ਪਰਾਈ ਇਸਤਰੀ ਨੂੰ ਮਾਨਣਾ ਚਾਹੁੰਦਾ ਹੈ, ਉਹ ਅਮਲੀ ਤੌਰ 'ਤੇ ਨਾ ਵੀ ਮਾਣ ਸਕੇ, ਤਾਂ ਫਿਰ ਵੀ ਗੁਨਾਹਗਾਰ ਹੈ ।)

O ਦੁਖ-ਸੁਖ ਧਰਤੀ ਵਾਂਗ ਬਰਦਾਸ਼ਤ ਕਰ ਸਕੇ ।

Digitized by Panjab Digital Library | www.panjabdigilib.org

੬. "ਖਸਟਮ ਯਮ ਹੈ ਖਿਮਾ ਸੁਹਾਈ ।
ਮਨ ਮਹ ਛੋਭ* ਨ ਕਬਹੂੰ ਉਠਾਈ ।੩੬।
ਭਲਾ ਕਿ ਬੁਰਾ ਬਖਾਨੇ ਕੋਇ ।
ਸਹਿਨ ਸੀਲ ਮਨ ਸਭ ਤੇ ਹੋਇ ।
੭. ਸਪਤਮ ਦੁਖੀ ਨ ਦੇਖੈ ਕਾਹੀ ।
ਦਯਾ ਕਰੈ ਸਭ ਸੇ ਨਿਰਬਾਹੀ ।੩੭।
੮. ਅਸ਼ਟਮ ਕੋਮਲ ਹਿਰਦਾ ਰਾਖੈ ।
ਸ਼ੁਭ ਉਪਦੇਸ਼ ਸਭਨ ਸੋ ਭਾਖੈ ।
੯. ਨੌਮੇ ਯਮ ਮਿਰਜਾਦਿ ਅਹਾਰਾ ।
ਭਲਾ ਬੁਰਾ ਲਖ ਕਰੈ ਵਿਚਾਰਾ ।੩੮।
ਖਾਵਨ ਕੋ ਆਹਾਰ ਹੈ ਜੇਤੋ ।
ਚੌਥੇ ਭਾਗ ਖਾਇ ਕਮ ਤੇਤੋ ।
੧੦. ਦਸਮੋ ਯਮ ਸੇ ਸੌਚ० ਲਖੀਜੈ ।
ਜਲਮਿਤ() ਕਾ ਇਸਨਾਨ ਕਰੀਜੈ ।੩੯।
ਰਾਗ** ਦ੍ਵੈਖ[] ਕੀ ਮਲ ਉਰ ਮਾਹੀ ।
ਤਜ ਕਰ, ਸੌਚ ਕਹਿਤ ਹੈ ਤਾਹੀ ।
ਯਮ ਦਸ ਇਸੇ ਪ੍ਰਕਾਰ ਅਲਾਏ ।
ਦਸ ਅਬ ਨੇਮ‡ ਸੁਨੋ ਮਨ ਲਾਏ ।੪੦।
੧. ਪ੍ਰਥਮੇ ਤਪ, ਸੋ ਤੀਨ ਪ੍ਰਕਾਰਾ ।
ਰਜ, ਤਮ, ਬਹੁਰ ਸਾਂਤ ਕੀ ਸਾਰਾ ।
ਛੁਧਾ, ਅਗਨਿ, ਜਲ ਸੋ ਤਨ ਤਾਵਾ ।
ਇਹ ਤਾਮਸੀ ਫਲ ਦਾ ਗਾਵਾ ।੪੧।
ਰਿਦੇ ਗਯਾਨ ਇਸ ਤੇ ਨਹਿ ਹੋਇ ।
ਦੇਤ ਫਲਨ ਜੇ ਕਰ ਹੈ ਕੋਇ ।......੪੨।"

(ਤਿੰਨ ਪ੍ਰਕਾਰ ਦਾ ਤਪ ਹੈ। ਭੁੱਖੇ ਰਹਿਣਾ, ਧੂਣੀ ਤਪਣੀ, ਜਾਂ ਜਲਧਾਰਾ ਕਰਨੀ, ਇਹ ਤਾਮਸੀ ਤਪ ਹੈ। ਅਮਲੀ ਤੌਰ 'ਤੇ ਆਪਣੇ ਆਪ ਨੂੰ ਕੁਕਰਮਾਂ ਤੋਂ ਰੋਕਣਾ, ਤੇ ਸੁਭ ਕਰਮ ਕਰਨੇ, ਇਹ ਰਾਜਸੀ ਤਪ ਹੈ। ਆਪਣੀ ਬਿਰਤੀ ਨੂੰ ਟਿਕਾ ਲੈਣਾ, ਇਹ ਸਾਂਤਕੀ ਤਪ ਹੈ।)

---

*ਗੁੱਸਾ। ०ਇਸ਼ਨਾਨ। ()ਜਲ-ਮ੍ਰਿਤ, ਅੰਸਾਫ਼ ਜਲ। **ਪ੍ਰੇਮ, []ਈਰਖਾ, ਦਵੈਤ। ‡ਨਿਯਮ।

Digitized by Panjab Digital Library | www.panjabdigilib.org

੨. ਦੂਸਰਾ ਨਿਯਮ ਸੰਤੋਖ ਹੈ। ਇਹ ਦੋ ਪ੍ਰਕਾਰ ਦਾ ਹੈ।

੧. "ਹਾਥ ਪਦਾਰਥ ਆਵਤ ਨਾਹੀ।
ਹੌ ਸੰਤੋਖੀ, ਅਸ ਮੁਖ ਪ੍ਰਾਹੀ।
ਤਿਸ ਤੇ ਰਿਦੈ ਹਰਖ ਨਹਿ ਹੋਇ।
ਨਿਜ ਕੀਰਤਿ ਕੋ ਚਾਹਤ ਸੋਇ।੪੪।......

੨. "ਵਸਤੁ ਨ ਪ੍ਰਾਪਤਿ ਤੌ ਹਰਖਾਈ।
ਜੇ ਪ੍ਰਾਪਤਿ ਹੈ, ਤੌ ਸੁਖ ਪਾਈ।੪੫।"

੩. ਆਸਤਕ ਬੁਧੀ, ਹਰ ਰੰਗ ਵਿਚ ਈਸ਼ਵਰ 'ਤੇ ਭਰੋਸਾ।

੪. ਦਾਨ ਦੇਣਾ :
"ਵਾਹਿਗੁਰੂ ਕੋ ਜਾਨ ਕੈ, ਸਭੈ ਪਦਾਰਥ ਦੇਇ।
ਤਨਕ ਨ ਅਪਨਾ ਮਾਨਈ, ਤਾਹਿ ਅਖੈ* ਫਲ ਲੇਇ।੪੯।"

੫. ਪੂਜਾ :
ਪੰਚਮ ਪੂਜਾ ਮਨ ਕਰ ਕਰਨੀ।
ਰਿਦੇ ਭਾਵਨੀ ਗੁਰੁ ਮਹਿ ਧਰਨੀ।......੫੧।"

੬. 'ਛਠਵ ਨੇਮ ਨਿਜ ਗੁਰੁ ਸਬਦ, ਤਾਂ ਕੇ ਜੇ ਅਨੁਸਾਰ।
ਤਿਨਹੀ ਕੋ ਪਢ ਹੈ ਸੁਨੈ, ਤਿਨ ਕੋ ਕਰਹਿ ਵਿਚਾਰ।੫੨।"

੭. "ਸਪਤਮ ਪਢੈ ਸੁਨੈ ਜਿਹ ਰੀਤੀ।
ਵਰਤੈ ਤਿਹ ਅਨੁਸਾਰ ਪ੍ਰੀਤੀ।੫੩।"

੮. "ਅਸ਼ਟਮ ਬ੍ਰਿਤੀ ਸਾਂਤ ਕੀ ਰਾਖੈ।
ਨਿਵ ਚਲਣਾ, ਮਧੁਰੀ ਮੁਖ ਭਾਖੈ।੫੪।"

੯. ਨਵਮੋ ਨੇਮ ਪਾਠ ਜੋ ਕਰਨਾ।
ਤਿਹ ਮਹਿ ਅਪਰ ਨ ਬਚਨ ਉਚਰਨਾ।

੧੦. "ਦਸਵੋਂ ਹੋਮ ਅਗਨਿ ਜੋ ਕਰਹੀ।
ਸੁਰ ਪ੍ਰਸੰਨ ਹਿਤ ਮਨਸਾ ਧਰ ਹੀ।੫੫।"

(ਅੱਗੇ ਕਵੀ ਜੀ ਆਪਣੀ ਰਾਇ ਦੇਂਦੇ ਹਨ।)

"ਸਿਖ ਛੁਧਾਤੁਰ† ਕੇ ਮੁਖ ਪਾਵਨ।
ਬ੍ਰਹਮ ਹੋਮ ਇਹ ਭਲੋ ਸੁਹਾਵਨ।
ਵਾਹਿਗੁਰੂ ਕੋ ਕਰਹਿ ਉਚਾਰਾ।
ਤਾ ਪਾਛੇ ਮੁਖ ਪਾਇ ਅਹਾਰਾ।੫੬।

---

*ਜੋ ਨਿਖੁੱਟੇ ਨਾ। ਸਦਾ ਥਿਰ ਰਹਿਣ ਵਾਲਾ। †ਭੁੱਖਾ। ਭੁੱਖੇ ਸਿੱਖ ਨੂੰ ਛਕਾਉਣਾ ਉੱਤਮ 'ਬ੍ਰਹਮ ਹੋਮ' ਹੈ।

Digitized by Panjab Digital Library | www.panjabdigilib.org

ਬਦਨ ਦੇਵਤਾ ਪਾਵਕ[1] ਕਹਿਯੇ ।
ਸਰਬ ਸੁਰਨ[2] ਕੀ ਜਿਹਵਾ ਲਹਿਯੇ ।
ਬ੍ਰਹਮ ਪ੍ਰਸੰਨ ਸੰਗ ਸੁਰ ਸਾਰੇ ।
ਤ੍ਰਿਪਤਿ ਹੋਤ ਹਰਿ ਨਾਮ ਉਚਾਰੇ ।੫੭।"

(ਇਹ ਕਵੀ ਜੀ ਦੀ ਸ਼ਰਧਾ ਹੈ, ਕਿ ਨਾਮ ਸਿਮਰਨ ਨਾਲ ਸਾਰੇ ਦੇਵਤੇ ਪ੍ਰਸੰਨ ਹੋ ਜਾਂਦੇ ਹਨ ।)

ਅੱਗੇ 'ਸਿਧ ਆਸਣ' 'ਪਦਮਾਸਨ' ਤੇ 'ਪ੍ਰਾਣਾਯਾਮ' ਦਾ ਸੰਖੇਪ ਜਿਹਾ ਵਰਨਣ ਹੈ ।

(ਭਾਈ ਸੰਤੋਖ ਸਿੰਘ ਜੀ ਪੁਰਾਤਨ ਧਾਰਮਿਕ ਗ੍ਰੰਥਾਂ ਦੇ ਮਹਾਨ ਵਿੱਦਵਾਨ ਸਨ । ਇਸ ਲਈ, ਜਿੱਥੇ ਵੀ ਕੋਈ ਅਜੇਹਾ ਸਮਾਂ ਮਿਲਿਆ ਹੈ, ਉਹਨਾਂ ਜ਼ਰੂਰ ਜ਼ਿਕਰ ਕੀਤਾ ਹੈ ।)

ਅੱਗੇ 'ਭਗਤਿ ਜੋਗ' ਦੇ ਅੱਠ ਅੰਗ ਦੱਸੇ ਹਨ ।

"ਪ੍ਰਥਮ ਨੇਮ ਮਨ ਰਾਖਨ ਨੀਵਾਂ ।
ਨਿਜ ਗੁਨ ਤੇ ਨਿਰਮਾਨ ਸਦੀਵਾਂ ।
ਦੂਜੋ ਨੇਮ ਜਾਇ ਸਤ ਸੰਗਤਿ ।
ਕਥਾ ਕੀਰਤਨਿ ਸੁਨਿ ਮਿਲ ਪੰਗਤਿ ।੮੧।......
ਤੀਜੋ ਦੇਸ ਇਕੰਤ ਬਖਾਨੈ ।
ਸਰਬ ਵਿਖੈ ਇਕ ਗੋਬਿੰਦ ਜਾਨੈ ।......੮੩।
ਚੌਥੇ ਆਸਨ ਸਮਝਹੁ ਚਿਤ ।
ਕਰਹਿ ਗੁਬਿੰਦ ਵਿਖੈ ਥਿਤਿ ਬ੍ਰਿਤਿ ।
ਪੰਚਮ ਪ੍ਰਾਣਾਯਾਮੰ ਚੀਨ ।
ਪੂਰਕ, ਕੁੰਭਕ, ਰੇਚਕ ਤੀਨ ।੮੪।... ...
ਖਸਟਮ ਧਯਾਨ ਅੰਗ ਸੁਨਿ ਜੈਸੇ ।
ਪਢਨ ਸੁਨਨ ਗੁਰੁ ਬਚ ਜਬ ਬੈਸੇ ।੮੭।
ਸਬਦ ਅਰਥ ਮਹਿ ਰਾਖਹਿ ਧਯਾਨਾ ।
ਫੁਰਨ ਨ ਦੇਯ ਸੰਕਲਪ ਆਨਾ ।
ਸਪਤਮ ਅਹੈ ਧਾਰਨਾ ਅੰਗਾ ।
ਤਿਹ ਸਰੂਪ ਸੁਨਿਯੇ ਰੁਚਿ ਸੰਗਾ ।੮੮।
ਮਨ ਸੰਕਲਪ ਵਿਖੈ ਜੇ ਜਾਵਹਿ ।
ਪੁਨਿ ਮਨ ਰੋਕ ਸਬਦ ਮਹਿ ਲਾਵਹਿ ।
ਜਬ ਮਨ ਟਿਕਯੋ ਘਟੀ ਦੋ ਚਾਰਾ ।

1. ਅਗਨਿ ਦੇਵਤਾ । 2. ਸੁਰ ਦਾ ਬਹੁ ਵਚਨ, ਦੇਵਤੇ।

Digitized by Panjab Digital Library | www.panjabdigilib.org

ਤਿਹਕੋ ਨਾਮ 'ਸਮਾਧਿ' ਉਚਾਰਾ ।੮੯।......

ਅਸ਼ਟ ਜਾਮ ਮਨ ਸਬਦ ਵਿਖੈ ਜਬ ।

ਪੂਰਨ ਹੋਤ ਸਮਾਧਿ ਭਲੇ ਤਬ ।੯੦।"

(ਅੰਤ ਵਿਚ ਕਵੀ ਜੀ ਫ਼ੈਸਲਾ ਦੇਂਦੇ ਹਨ ।)

"ਭਗਤਿ ਜੋਗ ਇਹ ਜਾਨਿਯੇ, ਕਲਿ ਮਹਿ ਪੰਥ ਸੁਖੇਨ ।

ਕਸ਼ਟ ਜੋਗ ਦੁਸ਼ਤਰ[1] ਅਹੇ, ਹੋਇ ਨ ਜੇ ਨੇ ਕੇ ਨ[2] ।੯੧।"

ਇਹ ਉਪਦੇਸ਼ ਸੁਣ ਕੇ ਰਾਜਾ ਚਰਨਾਂ 'ਤੇ ਢਹਿ ਪਿਆ ।

# ਉਣੰਜਵਾਂ ਧਯਾਇ

## ਗੁਰੂ ਜੀ ਤਿਰੀਆ ਰਾਜ ਵਿਚ

ਗੁਰੂ ਜੀ ਨੇ ਰਾਜੇ ਨੂੰ ਚਰਨ ਪਾਹੁਲ ਦੇ ਕੇ ਸਿੱਖ ਬਣਾਇਆ ।

ਗੁਰੂ ਜੀ ਨੇ ਓਥੇ 'ਪ੍ਰਾਣ ਸੰਗਲੀ' ਉਚਾਰੀ, ਜਿਸ ਦੇ ਇਕ ਸੌ ਤੇਰਾਂ ਧਯਾਇ ਸਨ । ਫਿਰ ਗੁਰੂ ਕਾ ਲੰਗਰ ਸ਼ੁਰੂ ਕੀਤਾ ।

"ਧਰਮਸਾਲ ਮਹਿ ਦੇਗ ਬਿਸਾਲਾ ।

ਕਰਵਾਵਹਿ ਸਤਿਗੁਰੂ ਕ੍ਰਿਪਾਲਾ ।

ਮਨ ਇਕੀਸ ਜਹਿ ਲੋਨ ਮਿਲਾਇ ।

ਇਤੋ ਅਹਾਰ ਹੋਇ, ਸਭ ਖਾਏ ।੧੦।"

ਰਾਜੇ ਨੂੰ 'ਮੰਜੀ' ਬਖ਼ਸ਼' ਕੇ ਗੁਰੂ ਜੀ ਓਥੋਂ ਤਿਆਰ ਹੋ ਪਏ । ਲੰਕਾ ਤੋਂ ਚੱਲ ਕੇ ਹਜ਼ੂਰ ਇਕ 'ਤ੍ਰਿਯਾ ਰਾਜ' ਵਿਚ ਜਾ ਪਹੁੰਚੇ । ਮਰਦਾਨਾ ਇਕ ਘਰੋਂ ਪਾਣੀ ਪੀਣ ਗਿਆ । ਉਸ ਇਸਤਰੀ ਨੇ ਮਰਦਾਨੇ ਦੇ ਗਲ ਵਿਚ ਧਾਗਾ ਬੰਨ੍ਹ ਕੇ ਉਸ ਨੂੰ ਭੇਡੂ ਬਣਾ ਕੇ ਬੰਨ੍ਹ ਲਿਆ ।

ਕੁਛ ਸਮਾਂ ਉਡੀਕ ਕੇ ਗੁਰੂ ਜੀ ਮਗਰ ਭਾਲਣ ਗਏ । ਇਕ ਘਰ ਅੱਗੇ ਜਾ ਕੇ ਵਾਜ ਦਿਤੀ, ਤਾਂ ਹਜ਼ੂਰ ਦੀ ਵਾਜ ਪਛਾਣ ਕੇ ਮਰਦਾਨੇ ਨੇ 'ਭਯਾਂ ਭਯਾਂ' ਕੀਤੀ ।

ਗੁਰੂ ਜੀ ਦੇ ਪੁਛਣ ਤੇ ਘਰ ਵਾਲੀ ਇਸਤਰੀ ਨੇ ਕਿਹਾ, ਅੰਦਰ ਆ ਕੇ ਵੇਖ ਲਵੋ, ਏਥੇ ਤੁਹਾਡਾ ਆਦਮੀ ਨਹੀਂ ।

(ਏਥੇ ਫਿਰ ਗੁਰੂ ਜੀ ਵੱਲੋਂ ਇਕ ਸਲੋਕ ਲਿਖਿਆ ਹੈ, ਜੋ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ । ਸਲੋਕ ਹੈ :)

---

1. ਕਠਨ, ਮੁਸ਼ਕਲ 2. ਹਰਇਕ ਤੋਂ ਨਹੀਂ ਹੋ ਸਕਦਾ ।

Digitized by Panjab Digital Library | www.panjabdigilib.org

"ਕਲਰ ਕੀ ਵਣਜਾਰੀਆਂ, ਝੂੰਗੇ ਮੁਸਕ ਮੰਗੇਨ।
ਅਮਲਾ ਬਾਝਹੁ ਨਾਨਕਾ ਕਿਉ ਕਰ ਕੰਤ ਮਲੇਨ।੧।"

ਗੁਰੂ ਜੀ ਦੇ ਮੁਖੋਂ ਇਹ ਸੁਣ ਕੇ ਉਸ ਇਸਤਰੀ ਦੇ ਸਿਰ 'ਤੇ ਘੜਾ ਜੁੜ ਗਿਆ। ਉਹ ਯਤਨ ਕਰਨ 'ਤੇ ਵੀ ਸਿਰੋਂ ਨਾ ਉਤਰੇ।

ਮਰਦਾਨੇ ਨੇ 'ਭਯਾਂ ਭਯਾਂ' ਕੀਤੀ। ਗੁਰੂ ਜੀ ਦੇ ਹੁਕਮ ਨਾਲ ਮਰਦਾਨੇ ਨੇ ਵਾਹਿਗੁਰੂ ਕਿਹਾ, ਤਾਂ ਉਹ ਧਾਗਾ ਟੁੱਟ ਗਿਆ, ਤੇ ਮਰਦਾਨਾ ਮਾਣਸ ਰੂਪ ਧਾਰ ਕੇ ਚਰਨੀ ਡਿੱਗਾ।

ਹੋਰ ਇਸਤਰੀਆਂ ਬਥੇਰੇ ਜਾਦੂ ਟੂਣੇ ਕਰ ਰਹੀਆਂ. ਪਰ ਉਸ ਦੇ ਸਿਰ ਤੋਂ ਘੜਾ ਨਾ ਉਤਰੇ। ਇਲਾਕੇ ਦੀ ਹੁਕਮਰਾਨ ਨੂਰ ਸ਼ਾਹ ਨੂੰ ਪਤਾ ਲੱਗਾ, ਤਾਂ ਉਹਨੇ ਬਹੁਤ ਸਾਰੀਆਂ ਜਾਦੂ-ਗਰਨੀਆਂ ਭੇਜੀਆਂ। ਉਹ ਸਾਰੀਆਂ ਤਾਣ ਲਾ ਥਕੀਆਂ, ਪਰ ਸਿਰ ਤੋਂ ਘੜਾ ਨਾ ਉਤਰਿਆ। ਅੰਤ ਹਾਰ ਕੇ ਸਾਥਣਾਂ ਸਮੇਤ ਨੂਰ ਸ਼ਾਹ ਗੁਰਦੇਵ ਦੇ ਚਰਨੀ ਆ ਡਿੱਗੀ। ਗੁਰੂ ਜੀ ਨੇ ਇਹ ਸਬਦ ਉਚਾਰਿਆ,

"ਮੰਞੁ ਕੁਚਜੀ ਅੰਮਾਵਣਿ ਡੋਸੜੇ,
ਹਉ ਕਿਉ ਸਹੁ ਰਾਵਣਿ ਜਾਉ ਜੀਉ।..... ।"

(ਸੂਹੀ ਮ. ੧. ਪੰਨਾ ੭੬੨)

ਨੂਰ ਸ਼ਾਹ ਨੇ ਗ਼ਲਤੀ ਮੰਨੀ ਤੇ ਕਿਹਾ, ਹੁਣ ਇਸ ਦੇ ਸਿਰ ਤੋਂ ਘੜਾ ਦੂਰ ਕਰ ਦਿਹੋ। ਗੁਰੂ ਜੀ ਨੇ ਕਿਹਾ, 'ਵਾਹਿਗੁਰੂ ਕਹਿ ਕੇ ਉਤਾਰ ਲਵੋ।'

ਉਹਨਾਂ ਵਾਹਿਗੁਰੂ ਕਹਿ ਕੇ ਘੜਾ ਉਤਾਰਿਆ, ਤਾਂ ਉਤਰ ਗਿਆ। ਨੂਰ ਸ਼ਾਹ ਨੇ ਹੀਰੇ ਮੋਤੀ ਭੇਟਾ ਧਰੇ। ਮਹਾਰਾਜ ਨੇ ਸਬਦ ਉਚਾਰਿਆ,

"ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ।......।"

(ਸਿਰੀ ਰਾਗ, ਮ. ੧. ਪੰਨਾ ੮੫)

ਸ਼ਰਧਾ ਨਾਲ ਨੂਰ ਸ਼ਾਹ ਚਰਨੀਂ ਢੱਠੀ। ਮਹਾਰਾਜ ਨੇ ਉਸ ਨੂੰ ਚਰਨ ਪਾਹੁਲ ਦਿਤੀ, ਤੇ ਓਥੇ ਧਰਮਸਾਲ ਕਾਇਮ ਕੀਤੀ।

# ਪੰਜਾਹਵਾਂ ਧਯਾਇ

## ਭਰਥਰੀ ਤੇ ਕੌਡਾ

ਚਲਦੇ ਚਲਦੇ ਮਹਾਰਾਜ ਭਰਥਰੀ ਦੇ ਆਸ਼ਰਮ ਦੇ ਬਾਹਰ ਆ ਬੈਠੇ। ਭਰਥਰੀ ਨੇ ਆ ਕੇ ਨਮਸਕਾਰ ਕੀਤੀ, ਤੇ ਕਿਹਾ, ਮੈਂ ਆਪ ਜੀ ਨੂੰ ਚਿਰਾਂ ਤੋਂ ਉਡੀਕ ਰਿਹਾ ਸਾਂ। ਮੈਨੂੰ ਨਾਰਦ ਮੁਨੀ ਜੀ ਨੇ ਦੱਸਿਆ ਸੀ, ਕਿ ਤੇਰੇ ਸਵਾਲਾਂ ਦਾ ਉਤਰ ਗੁਰੂ ਨਾਨਕ ਜੀ ਦੇਣਗੇ।

Digitized by Panjab Digital Library | www.panjabdigilib.org

ਭਰਥਰੀ ਨੇ ਸਵਾਲ ਕੀਤਾ,

"ਭਗਤਿ ਵਿਖੈ ਨਿਰਮਲ ਮਨ ਕੈਸੇ ।
ਹੋਵਤ ਹੈ, ਸੁ ਕਹੋ ਬਿਧਿ ਤੈਸੇ ।੨੨।
ਬਿਨਾ ਜੋਗ ਅਜਮੰਜਸ ਗਾਥਾ ।
ਥਿਰਤਾ ਹ੍ਵੈ ਪ੍ਰਾਪਤਿ ਮਨ ਸਾਥਾ ।......੨੩।"

ਦੂਸਰਾ ਸਵਾਲ :

"ਪੀ ਪਿਆਲਾ ਸਿਧ ਹ੍ਵੈ ਮਸਤਾਨੇ ।
ਰਹੈ ਅਨਾਹਤ ਧੁਨਿ ਗਲਤਾਨੇ ।
ਬਿਸੇ ਬਾਸਨਾ ਤੇ ਬੈਰਾਗੀ ।
ਨਿਸ ਬਾਸਰ ਏਕੋ ਲਿਵ ਲਾਗੀ ।੨੪।
ਭਗਤਿ ਵਿਖੈ ਕਾ ਕੇ ਬਲ ਸੰਗਾ ।
ਲਿਵ ਲਾਗਹਿ ਏਕਹਿ ਹਰਿ ਰੰਗਾ ।
ਕਿਸ ਪ੍ਰਕਾਰ ਦ੍ਰਿੜ ਕਰਹਿ ਵਿਰਾਗਾ ।
ਬਿਨੁ ਵਿਰਾਗ ਪ੍ਰੇਮ ਨ ਹਰਿ ਜਾਗਾ ।੨੫।"

ਉਤਰ ਵਿਚ ਗੁਰੂ ਜੀ ਨੇ ਸਬਦ ਉਚਾਰਿਆ,

"ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ, ਖਿੰਥਾ ਖਿਮਾ ਹਢਾਵਉ ।......।"

(ਆਸਾ, ਮ. ੧. ਪੰਨਾ ੩੫੯)

ਨਸ਼ੇ ਦੇ ਪਿਆਲੇ ਬਾਰੇ ਗੁਰੂ ਜੀ ਨੇ ਦੂਸਰਾ ਸਬਦ ਉਚਾਰਿਆ,

"ਗੁੜੁ ਕਰਿ ਗਿਆਨੁ, ਧਿਆਨੁ ਕਰਿ ਧਾਵੈ, ਕਰਿ ਕਰਣੀ ਕਸੁ ਪਾਇਐ । ..।"

(ਆਸਾ, ਮ. ੧. ਪੰਨਾ ੩੬੦)

ਭਰਥਰੀ ਦਾ ਸ਼ੰਕਾ ਨਵਿਰਤ ਹੋ ਗਿਆ, ਤੇ ਉਸਨੇ ਨਮਸਕਾਰ ਕੀਤੀ ।

ਗੁਰਦੇਵ ਬਾਲੇ ਤੇ ਮਰਦਾਨੇ ਸਮੇਤ ਓਥੋਂ ਤੁਰ ਪਏ । ਚਲਦੇ ਚਲਦੇ ਮਰਦਾਨਾ ਉਦਾਸ ਹੋ ਗਿਆ । ਉਹਨੇ ਵਾਪਸ ਘਰ ਜਾਣ ਲਈ ਆਗਿਆ ਮੰਗੀ । ਬਾਲਾ ਉਸਨੂੰ ਸਮਝਾ ਰਿਹਾ, ਪਰ ਮਰਦਾਨੇ ਨੇ ਜਿਦ ਨਾ ਛੱਡੀ ।

ਬਾਲਾ ਕਹਿੰਦਾ ਹੈ, ਮੈਂ ਤੇ ਗੁਰੂ ਜੀ ਓਥੇ ਜੰਗਲ ਵਿਚ ਹੀ ਠਹਿਰ ਗਏ । ਮਰਦਾਨਾ ਇਕੱਲਾ ਹੀ ਤੁਰ ਗਿਆ । ਰਾਹ ਵਿਚ ਉਸਨੂੰ ਕੌਡੇ ਰਾਕਸ਼ ਨੇ ਫੜ ਲਿਆ । ਫਿਰ ਮਰਦਾਨਾ ਲੱਗਾ ਗੁਰੂ ਜੀ ਨੂੰ ਯਾਦ ਕਰਨ ।

ਗੁਰੂ ਜੀ ਨੇ ਬਾਲੇ ਨੂੰ ਕਿਹਾ, ਮਰਦਾਨੇ ਨੂੰ ਤੇਲ ਵਿਚ ਤਲ ਕੇ ਕੌਡਾ ਰਾਕਸ਼ ਖਾਣ ਲੱਗਾ ਈ । ਚੱਲ, ਉਸਨੂੰ ਛੁਡਾਈਏ ।

ਗਿਆਰਾਂ ਕੋਹ ਦੀ ਵਿੱਥ ਸੀ । ਬਾਲੇ ਦਾ ਹੱਥ ਫੜ ਕੇ ਗੁਰੂ ਜੀ ਇਕ ਪਲ ਵਿਚ ਓਥੇ ਜਾ ਪਹੁੰਚੇ । ਮਰਦਾਨੇ ਨੂੰ ਗੁਰੂ ਜੀ ਨਜ਼ਰ ਆ ਰਹੇ ਸਨ, ਪਰ ਰਾਕਸ਼ ਨੂੰ ਨਹੀਂ ।

Digitized by Panjab Digital Library | www.panjabdigilib.org

"ਤਪਯੋ ਤੇਲ ਜਬ ਅਗਨਿ ਸਮਾਨਾ ।
ਖਲ ਨੈ ਗਹਿ ਲੀਨੋ ਮਰਦਾਨਾ ।
ਬਲ ਕੇ ਸੰਗ ਤੇਲ ਮਹਿ ਡਾਰਾ ।
ਘਿਘ ਕੈ ਸ੍ਰੀ ਗੁਰੁ ਨਾਮ ਉਚਾਰਾ ।੬੨।......
ਤੇਲ ਭਯੋ ਸੀਤਲ ਤਬਹਿ, ਦੇਹਿ ਪਰਸ ਕਰਿ ਸੋਇ ।
ਪਾਵਕ ਤੇਜ ਨ ਛੁਹਿ ਸਕਾ, ਜਿਉ ਹਿਮ ਰੁਤਿ ਕੋ ਤੋਇ ।੬੪।"

ਓਸੇ ਸਮੇਂ ਗੁਰੂ ਜੀ ਪਰਗਟ ਹੋ ਗਏ ।

"ਬਿਗਸੇ ਸ੍ਰੀ ਮੁਖ ਬਚਨ ਬਖਾਨਾ ।
ਕੌਡਾ, ਕਰ ਤੂੰ ਇਹ ਕੋ ਖਾਨਾ ।... ੬੬।"
"ਬਿਸਮਯੋ ਰਾਖਸ ਬਾਕ ਉਚਾਰਾ ।
ਤੁਮ ਕਿਉਂ ਜਾਨਤ ਨਾਮ ਹਮਾਰਾ ।... ੬੭।"

ਏਨੇ ਤਕ ਕੌਡੇ ਨੂੰ ਆਪਣੇ ਆਪ ਦਾ ਗਿਆਨ ਹੋ ਗਿਆ, ਤੇ ਗੁਰੂ ਜੀ ਦੇ ਦਰਸ਼ਨ ਕਰਕੇ ਸਰਾਪ ਦਾ ਅਸਰ ਦੂਰ ਹੋ ਗਿਆ । ਕੌਡਾ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ । ਉਸਨੇ ਬਹੁਤ ਸਾਰੇ ਸੁੰਦਰ ਫਲ ਭੇਟਾ ਧਰੇ । ਗੁਰੂ ਜੀ ਨੇ ਮਰਦਾਨੇ ਨੂੰ, ਫਿਰ ਮੈਨੂੰ ਤੇ ਫਿਰ ਰਾਕਸ਼ ਨੂੰ ਫਲ ਦਿਤੇ ।

"ਜਬ ਕੌਡੇ ਕਿਯ ਮੁਖ ਮੈ ਪਾਵਨ ।
ਤਤ ਖਿਨ ਕਰੀ ਦੇਹਿ ਪਲਟਾਵਨ ।......੮੦।"

ਫਿਰ ਕੌਡੇ ਨੇ ਆਪਣੀ ਕਥਾ ਸੁਣਾਈ । 'ਮੈਂ ਪਿਛਲੇ ਜਨਮ ਬ੍ਰਾਹਮਣ ਸਾਂ । ਵਿੱਦਿਆ ਪੜ੍ਹ ਕੇ ਮੇਰੇ ਮਨ ਹੰਕਾਰ ਹੋ ਗਿਆ । ਇਕ ਦਿਨ ਮੇਰਾ ਗੁਰੂ ਆਇਆ । ਮੈਂ ਉਹਦਾ ਆਦਰ-ਮਾਣ ਨਾ ਕੀਤਾ । ਉਹਨੇ ਸਰਾਪ ਦੇ ਦਿਤਾ, ਕਿ ਤੂੰ ਰਾਕਸ਼ ਬਣੇਗਾ । ਮੈਂ ਫਿਰ ਬੇਨਤੀ ਕੀਤੀ, ਕਿ ਇਹ ਸਰਾਪ ਮਿਟੇਗਾ ਕਦੋਂ ? ਤਾਂ ਮੇਰੇ ਗੁਰੂ ਨੇ ਮੈਨੂੰ ਆਹ 'ਮੁਕਰ' (ਸ਼ੀਸ਼ਾ) ਦਿਤਾ, ਤੇ ਕਿਹਾ, ਇਕ ਰੱਬੀ ਰੂਪ ਆਵੇਗਾ । ਇਸ ਸ਼ੀਸ਼ੇ ਵਿਚ ਵੇਖਣਾ, ਉਹ ਮਾਣਸ-ਰੂਪ ਨਜ਼ਰ ਆਵੇਗਾ । ਉਸਦੇ ਦਰਸ਼ਨ ਕਰਕੇ ਤੇਰਾ ਉਧਾਰ ਹੋਵੇਗਾ । ਇਸ ਤਰਾਂ ਕੌਡੇ ਦੀ ਕਲਿਆਣ ਹੋਈ ।

(ਕਵੀ ਜੀ ਨੇ ਪਹਿਲੀ ਤੇ ਦੂਸਰੀ ਉਦਾਸੀ ਦੀਆਂ ਸਾਖੀਆਂ ਮਿਲਾ ਦਿਤੀਆਂ ਹਨ । ਪਹਿਲੀ ਉਦਾਸੀ ਪੂਰਬ ਦੀ ਸੀ । ਜਿਸ ਵਿਚ ਗੰਗਾ, ਗਯਾ, ਆਸਾਮ, ਬੰਗਾਲ ਤੇ ਜਗਨ ਨਾਥ ਪੁਰੀ ਤਕ ਹਜ਼ੂਰ ਗਏ । ਵਾਪਸ ਆ ਕੇ ਮਹਾਰਾਜ ਨੇ 'ਕਰਤਾਰਪੁਰ' ਵਸਾਇਆ । ਦੂਸਰੀ ਉਦਾਸੀ ਦੱਖਣ ਦੀ ਸੀ । ਏਸ਼ੇ ਯਾਤਰਾ ਵਿਚ ਕੌਡੇ ਨਾਲ ਮੇਲ ਹੁੰਦਾ ਹੈ । ਇਸ ਉਦਾਸੀ ਵਿਚ ਮਰਦਾਨਾ ਮਹਾਰਾਜ ਦੇ ਨਾਲ ਨਹੀਂ ਸੀ । ਮਰਦਾਨੇ ਤੇ ਭਗੀਰਥ ਨੂੰ ਹਜ਼ੂਰ ਕਰਤਾਰਪੁਰ ਛੱਡ ਗਏ ਸਨ । ਹਜ਼ੂਰ ਦੇ ਸਾਥ ਸਨ ਦੋ ਜੱਟ ਸੇਵਕ 'ਸੈਦੋ' ਤੇ 'ਸੀਹੋ' । ਏਸੇ ਯਾਤਰਾ ਵਿਚ ਮਹਾਰਾਜ ਸੰਗਲਾਦੀਪ ਗਏ ਹਨ । ਪਰ ਮਰਦਾਨਾ

Digitized by Panjab Digital Library | www.panjabdigilib.org

ਵਿਚਾਰਾ ਲੇਖਕਾਂ ਤੇ ਕਵੀਆਂ ਦੇ ਮੂੰਹ ਚੜ੍ਹਿਆਂ ਹੋਇਆ ਸੀ। ਸੋ, ਕੌਡੇ ਦੇ ਹਵਾਲੇ ਵੀ ਮਰਦਾਨੇ ਨੂੰ ਹੀ ਕਰ ਦਿਤਾ। ਬਾਲਾ ਬੜਾ ਆਗਿਆਕਾਰ ਹੈ। ਉਹ ਆਪ ਕਿਸੇ ਮੁਸੀਬਤ ਵਿਚ ਨਹੀਂ ਫਸਦਾ।)

# ਇਕਵੰਜਵਾਂ ਧਯਾਇ

## ਸਾਲਸ ਰਾਏ

(ਕਵੀ ਜੀ ਗੁਰੂ ਮਹਾਰਾਜ ਦੀ ਅਰਾਧਨਾ ਬੜੀ ਸ਼ਰਧਾ ਨਾਲ ਕਰਦੇ ਹਨ। ਪਰ 'ਸਾਰਦਾ ਦੇਵੀ' ਨੂੰ ਵੀ ਨਹੀਂ ਭੁੱਲਦੇ। ਸੁਣੋ।)

"ਨਮੋ ਸਾਰਦਾ ਰੂਪ ਦੋਖੰ ਹਰੰਤੀ।
ਸਦਾ ਮੰਗਲਾ ਬੁਧਿ ਦੈਨੀ ਜਯੰਤੀ।
ਭਵਾ ਭੈ ਹਰਾ ਦਾਸ ਕੀ ਇਛ ਪੂਰਾ।
ਪ੍ਰਕਾਸ਼ੀ ਤੁਹੀ ਚੌਦਹੂੰ ਲੋਕ ਭੂਰਾ।੧।"

ਭਰਥਰੀ ਤੇ ਕੌਡੇ ਦੀ ਕਥਾ ਸੁਣ ਕੇ ਗੁਰੂ ਅੰਗਦ ਦੇਵ ਜੀ ਦੀ ਸਮਾਧੀ ਲੱਗ ਗਈ, ਜ ਸਤਾਈ ਪਹਿਰ ਕਾਇਮ ਰਹੀ। ਮਹਾਰਾਜ ਦੀ ਸਮਾਧੀ ਖੁੱਲ੍ਹੀ, ਇਸ਼ਨਾਨ ਪਾਨ ਕੀਤਾ, ਤਾਂ ਫਿਰ ਬਾਲੇ ਨੇ ਕਥਾ ਸ਼ੁਰੂ ਕੀਤੀ।

ਗੁਰੂ ਨਾਨਕ ਦੇਵ ਜੀ ਕਈ ਦਿਨ ਜੰਗਲ ਵਿਚ ਚਲਦੇ ਗਏ। ਮਰਦਾਨਾ ਭੁੱਖ ਨਾਲ ਨਿਢਾਲ ਹੋ ਗਿਆ। (ਪਰ ਵੇਖੋ, ਬਾਲੇ ਨੂੰ ਭੁੱਖ-ਤੇਹ ਨਹੀਂ ਜੇ ਲਗਦੀ।) ਗੁਰੂ ਜੀ ਨੇ ਕਿਹਾ, ਮਰਦਾਨਿਆਂ, ਤਿੰਨਾਂ ਕੋਹਾਂ ਤੇ ਸੁੰਦਰ ਨਗਰ ਨਜ਼ਰ ਆਉਂਦਾ ਹੈ। ਓਥੇ ਸਭ ਕੁਛ ਖਾਣ ਨੂੰ ਮਿਲ ਜ਼ਾਇਗਾ।

"ਸੁਨਿ ਬੋਲਯੋ, ਹੇ ਪ੍ਰਭ ਗੁਨ ਖਾਨੀ।
ਮਮ ਸਰੀਰ ਭਾ ਬਲ ਤੇ ਹਾਨੀ।੧੧।
ਮ੍ਰਿਤ ਹ੍ਵੈ ਪਰਯੋ ਰਹੈ ਕਿਹ ਥਾਨਾ।
ਸਭ ਬਿਧਿ ਮੈ ਨਿਰਨੈ ਕਰਿ ਜਾਨਾ।
ਕੀਨ ਖੁਦਾਇ ਅਬਹਿ ਮ੍ਰਿਤ ਮੋਰੀ।
ਜਗ ਜੀਵਨ ਤੇ ਟੂਟੀ ਡੋਰੀ।੧੨।"

ਮਰਦਾਨੇ ਨੇ ਹਉਕਾ ਭਰਿਆ, ਕਿ ਨਗਰ ਆ ਵੀ ਜਾਊ, ਤਾਂ ਮੇਰੇ ਕੋਲ ਕਿਹੜੇ ਪੈਸੇ ਨੇ।

ਗੁਰੂ ਜੀ ਨੇ ਪੈਰ ਨਾਲ ਰੇਤ ਫਰੋਲੀ, ਤਾਂ ਹੇਠੋਂ 'ਲਾਲ' ਨਿਕਲਿਆ। ਗੁਰੂ ਜੀ ਨੇ ਕਿਹਾ, 'ਮਰਦਾਨਿਆਂ! ਇਹ ਪੱਲੇ ਬੰਨ੍ਹ ਲੈ।'

'ਬਿਸ੍ਵੰਭਰ' ਸ਼ਹਿਰ ਆ ਗਿਆ। ਗੁਰੂ ਜੀ ਬਾਹਰ ਇਕ ਬਿਰਛ ਥੱਲੇ ਬੈਠ

Digitized by Panjab Digital Library | www.panjabdigilib.org

ਗਏ । ਮਰਦਾਨਾ ਸ਼ਹਿਰ ਵਿਚ ਲਾਲ ਵੇਚਣ ਗਿਆ। ਇਕ ਜੌਹਰੀ ਨੇ, ਤਿੰਨ ਪੈਸੇ ਮੁੱਲ ਪਾਇਆ। ਮਰਦਾਨਾ ਵਾਪਸ ਆ ਗਿਆ। ਗੁਰੂ ਜੀ ਨੇ ਫਿਰ ਸਾਲਸ ਰਾਇ ਪਾਸ ਭੇਜਿਆ ।

ਸਾਲਸ ਰਾਇ ਨੇ ਲਾਲ ਵੇਖ ਕੇ ਕਿਹਾ.

"ਸਹਸ ਰਜਤਪਣ ਲਿਖੇ ਹੈਂ, ਜੋ ਦੇਖੇ ਸੋ ਦੇਇ।
ਮੋਲ ਕਰੋ ਪਸਚਾਤ ਇਹ, ਪੂਰਬ ਸਤ ਤੁਮ ਲੇਯ ।੩੩।"

ਮਰਦਾਨਾ ਪੈਸੇ ਲੈ ਕੇ ਗੁਰੂ ਜੀ ਪਾਸ ਆ ਗਿਆ, ਤੇ ਕਿਹਾ 'ਇਹ ਉਸ ਨੇ ਦਰਸ਼ਨ ਭੇਟ ਦਿਤੇ ਹਨ। ਹੁਣ ਦੱਸੋ, ਕਿੰਨੇ ਦਾ ਵੇਚਾਂ।'

"ਸ੍ਰੀ ਗੁਰੂ ਕਹੇ, ਨ ਲਾਲ ਇਹ, ਲਖਹੁ ਨਾਮ ਕਰਤਾਰ।
ਚਾਹਉ ਰਾਖਉ ਪਾਸ ਨਿਜ, ਚਾਹਉ ਕਰਹੁ ਬਿਉਹਾਰ ।੪੧।"

ਮਰਦਾਨੇ ਕਿਹਾ, ਫਿਰ ਮੈਂ ਇਹ ਨਹੀਂ ਵੇਚਣਾ। ਗੁਰੂ ਜੀ ਨੇ ਕਿਹਾ, ਫਿਰ ਜੌਹਰੀ ਦੇ ਪੈਸੇ ਵਾਪਸ ਕਰ ਆ । ਨਾ ਜੌਹਰੀ ਪੈਸੇ ਵਾਪਸ ਲਵੇ, ਨਾ ਗੁਰੂ ਜੀ ਰੱਖਣ। ਮਰਦਾਨੇ ਨੂੰ ਸੱਤ ਵਾਰ ਜਾਣਾ ਪਿਆ। (ਭੁੱਖ ਦਾ ਮਾਰਿਆ ਗਰੀਬ ਥੱਕ ਗਿਆ ।)

ਸਾਲਸ ਰਾਇ ਭੋਜਨ ਪਦਾਰਥ ਲੈ ਕੇ ਆਪ ਮਹਾਰਾਜ ਦੀ ਸ਼ਰਨ ਆਇਆ।

(ਏਥੇ ਫਿਰ ਇਕ ਸਬਦ ਸਾਲਸ ਰਾਏ ਪ੍ਰਤਿ ਲਿਖਿਆ ਹੈ। ਪਰ ਇਹ ਵੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੈ। ਪਤਾ ਨਹੀਂ, ਕਵੀ ਜੀ ਨੇ ਇਹ ਕਿੱਥੋਂ ਲੀਤੇ ਹਨ। ਉਹਨਾਂ ਦੀ ਆਪਣੀ ਰਚਨਾ ਵੀ ਨਹੀਂ ਜਾਪਦੀ। ਸਬਦ ਹੈ :)

ਬਿਲਾਵਲ ਮਹਲਾ ੧

"ਲਾਲੋ ਲਾਲ ਉਪਾਇਆ, ਲਾਲੋ ਲਾਲ ਦਿਸੰਨਿ।
ਜਿਨਾ ਲਾਲੀ ਨੇਤ੍ਰ ਮਹਿ, ਦੂਜਾ ਨਾ ਜਾਣੰਨਿ ।੧।
ਸੁਣਿ ਸਾਲਿਸ ਤੂੰ ਜਵਾਹਰੀ, ਅਪਣਾ ਲਾਲ ਪਛਾਣ।
ਕੂੜੇ ਲਾਲ ਨ ਗੰਢ ਬੰਨਿ, ਲੀਜੈ ਭਲੇ ਸਿਞਾਣ ।੧। ਰਹਾਉ।
ਕੰਕਰ ਪਥਰ ਮੇਲਿ ਕੈ ਨਾਉ ਸਦਾਇਓ ਸਾਹੁ।
ਬਿਨ ਸਤਿਗੁਰੁ ਪੂਰੇ ਅੰਧ ਹੈ, ਮੂਲ ਨ ਬੂਝੇ ਰਾਹੁ ।੨।
ਮੇਰਾ ਮੇਰਾ ਕਰਿ ਸੰਚੀਐ, ਰਾਤੀ ਅਤੇ ਡੇਹ।
ਕਾਈ ਸਾਖ ਨ ਉਪਜੀਆ, ਕਲਰ ਵੁਠਾ ਮੇਹੁ ।੩।
ਸੁਣਿ ਸਾਲਸ ਏਹ ਬੇਨਤੀ, ਜਿ ਕਰਮ ਪਰਾਪਤਿ ਹੋਇ।
ਨਾਨਕ ਏਕ ਅਰਾਧੀਐ, ਦੂਖ ਨ ਲਾਗੈ ਕਇ ।੪।"

(ਕੁਛ ਛੰਦਾਂ ਵਿਚ ਉਪਦੇਸ਼ ਹੈ। ਫਿਰ ਹਜ਼ੂਰ ਨੇ ਇਹ ਸਬਦ ਉਚਾਰਿਆ,

"ਬਿਮਲ ਮਝਾਰਿ ਬਸਸਿ ਨਿਰਮਲ ਜਲ, ਪਦਮਨਿ ਜਾਵਲ ਰ ।......।"

(ਮਾਰੂ, ਮ. ੧. ਪੰਨਾ ੯੯੦)

Digitized by Panjab Digital Library | www.panjabdigilib.org

ਸਾਲਸ ਰਾਇ ਮੁਖ ਵਾਕ ਸੁਣ ਕੇ ਬਹੁਤ ਪ੍ਰਭਾਵਤ ਹੋਇਆ। ਉਸ ਨੇ ਬੇਨਤੀ ਕੀਤੀ, ਕਿ ਕਿਰਪਾ ਕਰਕੇ ਭੋਜਨ ਛਕੋ।

(ਏਥੇ ਫਿਰ ਇਕ ਸਬਦ ਹੈ। ਉਪਰ 'ਮਾਰੂ ਮਹਲਾ ੧' ਵੀ ਲਿਖਿਆ ਹੈ, ਤੇ ਅਖ਼ੀਰਲੀ ਤੁਕ ਵਿਚ 'ਨਾਨਕ' ਨਾਮ ਵੀ ਆਇਆ ਹੈ। ਪਰ ਇਹ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ। ਕੀ ਅਜੇਹੇ 'ਸਬਦ' ਦਰਜ ਕਰਨ ਵਾਲਾ ਇਹ ਸਿੱਧ ਕਰਨਾ ਚਾਹੁੰਦਾ ਹੈ, ਕਿ ਬੀੜ ਤਿਆਰ ਕਰਨ ਲਗਿਆਂ ਗੁਰੂ ਅਰਜਨ ਦੇਵ ਜੀ ਤੋਂ ਗੁਰੂ ਨਾਨਕ ਦੇਵ ਜੀ ਦੇ ਇਹ ਸਬਦ ਰਹਿ ਗਏ ਸਨ? ਜਾਂ ਪੰਜਵੇਂ ਪਾਤਸ਼ਾਹ ਨੂੰ ਇਹਨਾਂ ਦਾ ਗਿਆਨ ਨਹੀਂ ਸੀ? ਤੇ ਉਹ ਲੇਖਕ ਇਹ ਸਬਦ ਏਥੇ ਦੇ ਰਿਹਾ ਹੈ? ਪਰ ਕੋਈ ਸ਼ਰਧਾਵਾਨ ਸਿੱਖ ਇਸ ਗੱਲ 'ਤੇ ਭਰੋਸਾ ਕਿਵੇਂ ਕਰੇਗਾ? ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ, ਉਹ ਗੁਰੂ ਨਾਨਕ ਮਹਾਰਾਜ ਦੀ ਬਾਣੀ ਨਹੀਂ। ਸਭ ਤੋਂ ਪਹਿਲਾਂ ਗੁਰੂ ਬਾਣੀ ਵਿਚ ਮਿਲਾਵਟ ਕਰਨ ਦਾ ਯਤਨ ਮਿਹਰਵਾਨ ਨੇ ਕੀਤਾ। ਉਹ ਆਪਣੀ ਬਾਣੀ ਰਚਦਾ, ਤੇ ਅੰਤ ਵਿਚ ਨਾਮ 'ਨਾਨਕ' ਹੀ ਵਰਤਦਾ। ਪਰ ਉਹ 'ਨਾਨਕ ਦਾਸ' ਜਾਂ 'ਦਾਸ ਨਾਨਕ' ਆਮ ਲਿਖਦਾ। ਆਪਣੇ ਨਾਮ ਨਾਲ ਉਹ "ਨਾਨਕ ੭" ਵੀ ਵਰਤਦਾ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਿਛੋਂ ਪ੍ਰਿਥੀਏ ਨੇ ਉਹਨਾਂ ਨੂੰ ਪੰਜਵਾਂ ਗੁਰੂ ਮੰਨ ਲਿਆ, ਪਰ ਹਰਿਗੋਬਿੰਦ ਸਾਹਿਬ ਨੂੰ ਗੁਰੂ ਨਹੀਂ ਮੰਨਿਆਂ। ਇਸ ਲਈ ਪ੍ਰਿਥੀਆ ਆਪਣੇ ਆਪ ਨੂੰ ਛੇਵਾਂ ਗੁਰੂ ਤੇ ਮੇਹਰਵਾਨ ਸੱਤਵਾਂ ਗੁਰੂ ਮੰਨਦਾ ਸੀ। ਮਿਹਰਵਾਨ ਤੋਂ ਪਿਛੋਂ ਵੀ ਗੁਰੂ ਬਾਣੀ ਵਿਚ ਮਿਲਾਵਟ ਕਰਨ ਦੇ ਯਤਨ ਹੁੰਦੇ ਰਹੇ ਹਨ। ਬਜ਼ਾਰ ਵਿਚ ਕੁਛ ਗੁਟਕੇ ਮਿਲਦੇ ਹਨ, ਜਿੰਨ੍ਹਾਂ ਵਿਚ ਅਜੇਹੇ ਬਨਾਉਟੀ 'ਸਬਦ' ਮਿਲਦੇ ਹਨ। ਪੰਥ ਦੇ ਮੁਖੀਆਂ ਨੂੰ ਇਸ ਬਾਰ ਕੁਛ ਸੋਚਣਾ ਚਾਹੀਦਾ ਹੈ। ਹੇਠਾਂ, ਪਾਠਕਾਂ ਦੀ ਜਾਣਕਾਰੀ ਵਾਸਤੇ ਇਹ ਸਬਦ ਦੇ ਰਹੇ ਹਾਂ, ਤਾਂ ਕਿ ਉਹ ਭੁਲੇਖੇ ਤੋਂ ਬਚ ਜਾਣ। ਸਬਦ ਹੈ :

"ਮਾਰੂ ਮਹਲਾ ੧,

"ਪ੍ਰੀਤਿ ਪਕਵਾਨ ਸੁ ਭੋਜਨ ਕਹੀਅਹਿ, ਲੁਚੀ ਲੋਚਾ ਪੂਰੀ।  
ਮਿਠਿਆਈ ਮੁਖ ਹਰਿ ਹਰਿ ਬੋਲੇ, ਤਾ ਮਨੁ ਰਹੈ ਹਜੂਰੀ ।੧।  
ਸੁਣ ਸਾਲਸ ਤੂੰ ਭਾਈ ਮੇਰੇ।  
ਸਮਝ ਪਈ, ਤਾ ਹੋਇ ਨਿਬੇਰੇ ।੧। ਰਹਾਉ।  
ਮੇਵਾ ਮਿਲਣ ਤੁਮਾਰਾ ਕਹੀਐ, ਸਤਿ ਕੇ ਬਾਗੇ ਜੋੜੇ।  
ਖਾਵਣ ਖਾਇ ਅਘਾਵੈ ਸੋਈ, ਬਿਖ ਤੇ ਮਨੂਆ ਮੋੜੇ ।੨।  
ਉਤਮ ਜਨਮ ਸੁ ਸਾਕਤ ਕਹੀਐ. ਨੀਚ ਨਰਾਇਣ ਪਾਇਆ।  
ਲੋਭ ਲਹਿਰ ਤੇ ਛੂਟੇ ਤੇਈ ਜਿਨ ਸਾਧ ਸੰਗ ਗੁਣ ਗਾਇਆ ।੩।

Digitized by Panjab Digital Library | www.panjabdigilib.org

ਸੁਣਿ ਸਾਲਸ ਇਹ ਗੱਲਾ ਤੇਰਾਂ, ਆਪ ਨਰਾਇਣ ਮਾਨਾ ।
ਨਾਨਕ ਭਗਤਾ ਸੰਗ ਮਿਲਾਇਆ, ਊਚਾ ਪਦ ਠਹਿਰਾਨਾ ।੪।"

ਸਾਲਸ ਰਾਏ ਤੇ ਉਸਦੇ ਨੌਕਰ ਨੇ ਗੁਰੂ ਜੀ ਦੇ ਚਰਨ ਪਰਸੇ ਤੇ ਹਜ਼ੂਰ ਨੂੰ ਗੁਰੂ ਮੰਨਿਆਂ । ਸਾਲਸ ਰਾਏ ਨੇ ਬੇਨਤੀ ਕੀਤੀ,

"ਜਗ ਬੰਧਨ ਤੇ ਕਰਿ ਛੁਟਕਾਰਾ ।
ਪਤਤਹਿ ਪਾਵਨ ਨਾਮ ਤੁਮਾਰਾ ।...੭੮।"

ਗੁਰੂ ਜੀ ਨੇ ਹੁਕਮ ਦਿਤਾ, ਫਿਰ ਆਪਣੇ ਨੌਕਰ ਦੇ ਚਰਨੀ ਲੱਗੋ ।

"ਸੁਨਿ ਸਾਲਸ ਬੰਦੇ ਦ੍ਵੈ ਹਾਥਾ ।
ਤੂਰਨ ਧਰਯੋ ਦਾਸ ਪਦ ਮਾਥਾ ।......੮੦।"

ਗੁਰੂ ਜੀ ਨੇ ਪਰਸੰਨ ਹੋ ਕੇ ਸਾਲਸ ਨੂੰ ਸਿਰੋਪਾਉ ਬਖ਼ਸ਼ਿਆ ।

"ਹੁਤੋ ਸੀਸ ਗਜ ਡੇਢ ਕ ਚੀਰੋ ।
ਤਿਹ ਛਿਨ ਦੀਨੋ ਗੁਨੀ ਗਹੀਰੋ ।੮੫।"

ਗੁਰੂ ਜੀ ਨੇ ਸਾਲਸ ਰਾਏ ਨੂੰ 'ਮੰਜੀ' ਬਖ਼ਸ਼ੀ । ਨਾਲ ਹੀ ਮਹਾਰਾਜ ਨੇ ਫ਼ੁਰਮਾਇਆ, ਤੇਰੀ ਉਮਰ ਦੋ ਸਾਲ, ਸੱਤ ਮਹੀਨੇ ਬਾਕੀ ਹੈ । ਤੇਰੇ ਪਿਛੋਂ 'ਮੰਜੀ' ਦਾ ਮਾਲਕ ਤੇਰਾ ਇਹ ਨੌਕਰ ਹੋਵੇਗਾ । ਤੇਰੀ ਸੰਤਾਨ ਨਹੀਂ ।

# ਬਵੰਜਵਾਂ ਧਯਾਇ

## ਮੱਛ, ਕਲਿ ਤੇ ਨਾਰਦ

ਬਿਸ੍ਵੰਭਰ ਸ਼ਹਿਰ ਤੋਂ ਚਲਕੇ ਕਈ ਦਿਨਾਂ ਵਿਚ ਮਹਾਰਾਜ ਸਮੁਦਰ ਦੇ ਕਨਾਰੇ ਜਾ ਪਹੁੰਚੇ । ਅੱਗੇ ਇਕ ਮੱਛ ਵੇਖਿਆ, ਜੋ ਪੈਂਤੀ ਕੋਹ* ਲੰਮਾ ਸੀ । ਮਹਾਰਾਜ, ਮਰਦਾਨਾ ਤੇ ਬਾਲਾ ਉਸ ਮੱਛ ਉਤੇ ਤੁਰ ਪਏ । ਉਹਦੇ ਸਿਰ ਉਤੇ ਜਾ ਡੇਰਾ ਲਾਇਆ ।

"ਜਾਮਨਿ ਬਸੇ, ਭਈ ਪੁਨਿ ਭੋਰਾ ।
ਮੱਛ ਦੇਹ ਛੁਟਿ ਪਲਟੀ ਔਰਾ ।......੧੪।"

ਮੱਛ ਨੇ ਦੇਹ (ਮਾਣਸ ਦੇਹ) ਪਲਟ ਕੇ ਗੁਰੂ ਜੀ ਦੀ ਉਸਤਤ ਕੀਤੀ । ਫਿਰ ਗੁਰੂ ਜੀ ਦੇ ਪੁੱਛਣ ਉਤੇ ਮੱਛ ਨੇ ਦੱਸਿਆ,

"ਤ੍ਰੇਤੇ ਜੁਗ ਭਾ ਜਨਕ ਬਿਦੇਹੀ ।
ਤਿਹ ਸੇਵਕ ਹੌ ਸੇਵ ਕਰੇਹੀ ।......੧੮।"

---

*(ਅੱਜ ਤਾਂ ਮਨੁੱਖ ਨੇ ਸਮੁੰਦਰ ਛਾਣ ਮਾਰੇ ਹਨ, ਪਰ ਪੈਂਤੀ ਕੋਹ ਲੰਮਾ ਮੱਛ ਕਿਤੇ ਨਜ਼ਰ ਨਹੀਂ ਆਇਆ । ਅੱਤ ਕਥਨੀ ।)

Digitized by Panjab Digital Library | www.panjabdigilib.org

ਇਕ ਦਿਨ ਸੇਵਾ ਕਰਦਿਆਂ ਮੈਂ ਕੁਛ ਨਾਰਾਜ਼ ਹੋ ਗਿਆ। ਰਾਜਾ ਜਨਕ ਨੇ ਕਿਹਾ 'ਕੰਮ ਕਰਦਾ ਮੱਛੀ ਵਾਂਗ ਕਿਉਂ ਤੜਫਦਾ ਏਂ।'

"ਤਿਨ ਕੇ ਬਚਨ ਮੀਨ ਤਨ ਪਾਯੋ।
ਤੁਮਰੇ ਚਰਨ ਪਰਸ ਛੁਟਕਾਯੋ।੧੯।
ਅਸ ਕਹਿ ਦੇਵ ਸਦਨ ਕੋ ਗਯੋ।
ਜਨਕ ਸ੍ਰਾਪ ਤੇ ਛੂਟਤ ਭਯੋ।......੨੦।"

ਗੁਰੂ ਜੀ ਅੱਗੇ ਸਮੁੰਦਰ 'ਤੇ ਤੁਰੇ ਗਏ। ਗੁਰੂ ਜੀ ਨੇ ਫ਼ੁਰਮਾਇਆ, ਅੱਗੇ ਇਕ ਬਹੁਤ ਵੱਡੀ ਬਲੱਾ ਆ ਰਹੀ ਹੈ। ਮਰਦਾਨੇ ਕਿਹਾ, ਜੀ, ਪਿਛੇ ਮੁੜ ਚੱਲੀਏ। ਮਹਾਰਾਜ ਨੇ ਕਿਹਾ,

"ਯਾਤੇ ਆਗੇ ਹੀ ਚਲਹੁ, ਭਲੀ ਕਰੈ ਕਰਤਾਰ।
'ਕਲਿ' ਸਨਮੁਖ ਆਵਤ ਭਈ, ਜਾਹਿ ਬੇਖ ਬਿਕਰਾਰ* ।੨੮।"

(ਕਲਿ ਦਾ ਹੁਲੀਆ ਸੁਣੋ।)

"ਮੇਚਕ ਬਰਨ[1] ਅਰਨ ਚਖ[2] ਜਾਂ ਕੇ।
ਦੀਰਘ ਦਾਂਤ ਭਯਾਨਕ ਤਾਂ ਕੇ।
ਆਂਤ ਨਰਨ ਜਿਹ ਗ੍ਰੀਵਾ[3] ਡਾਰੀ।
ਕਰ ਮਹਿ ਰਕਤ ਕਪਾਲੀ[4] ਧਾਰੀ।੨੯।
ਲੋਹਤ[5] ਬਾਲ ਛੁਟੇ ਜਿਸ ਪੀਠਾ।
ਕੰਪਾਵਤ ਸੁਰ ਅਸੁਰਹਿ[6] ਡੀਠਾ।
ਬਦਨ[7] ਪਸਾਰੇ ਸਨਮੁਖ ਆਈ।
ਜਬਹਿ ਬਿਲੋਕੀ ਸ੍ਰੀ ਜਗ ਸਾਂਈ।੩੦।"

ਜਲ ਉਤੇ ਇਕ ਡੰਡਾ ਤਰਦਾ ਵੇਖਿਆ। ਗੁਰੂ ਜੀ ਨੇ ਉਹ ਡੰਡਾ ਫੜ ਕੇ ਕਲਿ ਦੇ ਮੂੰਹ ਵਿਚ ਤੁੰਨ ਦਿਤਾ। ਤਾਂ ਉਹ ਪੀੜ ਦੀ ਮਾਰੀ ਕੁਰਲਾ ਉਠੀ। ਏਨੇ ਤਕ ਨਾਰਦ ਆ ਗਿਆ।

"ਪੁਨਿ ਨਾਰਦ ਮੁਨਿ ਬੇਨ ਕਰ[8], ਪ੍ਰੇਮ ਭਗਤਿ ਮੈ ਲੀਨ।
ਗਾਵਤ ਗੁਨ ਕਰਤਾਰ ਕੇ, ਆਨੰਦ ਰਸ ਗੁਰੁ ਕੀਨ ।੩੩।

ਨਾਰਦ ਨੇ ਹੱਥ ਪੈਰ ਜੋੜ ਕੇ ਕਲਿ ਨੂੰ ਛੁਡਾ ਲਿਆ।

ਨਾਰਦ ਨੇ ਗੁਰੂ ਜੀ ਦੀ ਬਹੁਤ ਉਸਤਤ ਕੀਤੀ। ਫਿਰ ਉਹਨੇ ਕਲਿ ਨੂੰ ਵੀ ਲਿਆ ਕੇ ਗੁਰੂ ਜੀ ਦੀ ਚਰਨੀਂ ਪਾਇਆ। ਨਾਰਦ ਨੇ ਕਲਿ ਬਾਰੇ ਕਿਹਾ,

---

*ਬਿਕਰਾਲ, ਡਰਾਉਣਾ, ਭਿਆਨਕ।

1. ਕਾਲਾ ਰੰਗ। 2. ਲਾਲ ਅੱਖਾਂ। 3. ਗਲ ਵਿਚ। 4, ਖੱਪਰ। 5. ਭੂਰੇ ਵਾਲ਼। 6. ਦੇਵਤੇ ਤੇ ਦੈਂਤ। 7. ਮੂੰਹ। 8. ਹੱਥ ਵਿਚ ਵੀਣਾ ਲੈ ਕੇ।

Digitized by Panjab Digital Library | www.panjabdigilib.org

"ਬਹੁਤ ਦਿਵਸ ਕੀ ਛੁਧਾ ਸੰਤਾਈ ।
ਮਹਿਮਾ ਤੁਮਰੀ ਲਖਿ ਨ ਸਕਾਈ ।੪੭।"

ਗੁਰੂ ਜੀ ਨੇ ਪ੍ਰਸੰਨ ਹੋ ਕੇ ਕਿਹਾ,

"ਇਹ ਸਰੂਪ ਤੇ ਛਠਵੇ ਧਰਿ ਹੌ ।
ਤਬ ਯਾ ਕੋ ਤਨ ਤ੍ਰਿਪਤਿ ਸੁ ਕਰ ਹੌ ।੪੮।
ਬਹੁਰੋ ਦਸਮ ਧਰੋਂ ਅਵਤਾਰਾ ।
ਤਬ ਕਰਿ ਹੌਂ ਇਕ ਪੰਥ ਕਰਾਰਾ ।
ਬਹੁਤ ਹੋਇਗੋ ਜਬ ਸੰਗ੍ਰਾਮਾ ।
ਤਬ ਯਾ ਕੋ ਹ੍ਵੈ ਪੂਰਨ ਕਾਮਾ ।੪੯।"

ਇਸ ਤਰਾਂ ਕਲਿ ਤੇ ਨਾਰਦ ਦੋਹਾਂ ਨੂੰ ਪ੍ਰਸੰਨ ਕਰਕੇ ਤੋਰਿਆ ।

ਸਰੋਤਿਆਂ ਨੇ ਸਵਾਲ ਕੀਤਾ, ਕਿ ਪਹਿਲੇ ਜੁੱਗਾਂ ਵਿਚ ਨਾਮ ਸਿਮਰਨ ਦੇ ਨਾਲ ਉਪਾ (ਜੱਗ, ਹੋਮ ਆਦਿ) ਵੀ ਦੱਸੇ ਹਨ । ਕਲਿਜੁਗ ਵਿਚ ਕੇਵਲ 'ਨਾਮ' ਹੀ ਕਿਉਂ ?

ਬਾਲਾ ਪ੍ਰਮਾਣ ਦੇਂਦਾ ਹੈ । ਹਕੀਮ ਗ਼ਰੀਬ ਨੂੰ ਪੇਟ ਦੀ ਦਰਦ ਤੋਂ ਕੇਵਲ ਜਵਾਇਣ ਦੇ ਦੇਂਦਾ ਹੈ । ਪਰ ਅਮੀਰ ਨੂੰ ਇਕ ਪੁੜੀ ਦੇ ਕੇ ਕਹਿੰਦਾ ਹੈ, ਇਹ ਜਵਾਇਣ ਨਾਲ ਖਾ ਲਈਂ । ਦਵਾਈ ਤਾਂ ਜਵਾਇਣ ਹੀ ਹੈ, ਪਰ ਅਮੀਰ ਦੀ ਤਸੱਲੀ ਵਾਸਤੇ ਨਾਲ ਪੁੜੀ ਦੇ ਦਿਤੀ ਹੈ । ਸੋ ਕਲਿਆਣ ਵਾਸਤੇ ਦਵਾਈ ਤਾਂ 'ਨਾਮ' ਹੀ ਹੈ, ਪਰ ਕਰਮ ਕਾਂਡ ਉਸ ਪੁੜੀ ਵਾਂਗ ਹਨ ।

ਫਿਰ (ਪੁਰਾਣਾ ਦੇ ਆਧਾਰ 'ਤੇ) ਇਨਸਾਨ ਦੀ ਉਮਰ ਲਿਖੀ ਹੈ : ਸਤਜੁਗ ਵਿਚ ਉਮਰ ਇਕ ਲੱਖ ਬਰਸ । ਤ੍ਰੇਤੇ ਵਿਚ ਦਸ ਹਜ਼ਾਰ ਬਰਸ । ਦੁਆਪਰ ਵਿਚ ਇਕ ਹਜ਼ਾਰ ਬਰਸ । 'ਤੇ ਕਲਿਜੁਗ ਵਿਚ ਹੁਣ ਆਪਾਂ ਆਪਣੀ ਉਮਰ ਬਾਰ ਜਾਣਦੇ ਹੀ ਹਾਂ ।

# ਤਿਰਵੰਜਵਾਂ ਧਯਾਇ

## ਸੁਧਰ ਸੈਨ ਤੇ ਝੰਡਾ ਬਾਢੀ

ਸਮੁੰਦਰ ਵਿਚ 'ਬਿਸੀਹਰ' ਨਾਮ ਦਾ ਟਾਪੂ ਸੀ, ਜਿੱਥੇ ਰਾਜਾ ਸੁਧਰਸੈਨ ਰਾਜ ਕਰਦਾ ਸੀ । ਮਹਾਰਾਜ ਉਥੇ ਜਾ ਪਹੁੰਚੇ । ਮਰਦਾਨੇ ਨੂੰ ਭੁੱਖ ਲੱਗੀ । ਮਹਾਰਾਜ ਨੇ ਕਿਹਾ, ਝੰਡੇ ਬਾਢੀ (ਤਖਾਣ) ਦਾ ਘਰ ਪੁਛ ਕੇ ਚਲਾ ਜਾਹ ।

ਮਰਦਾਨਾ ਘਰ ਭਾਲ ਰਿਹਾ ਸੀ । ਇੰਦਰਸੈਨ ਨੇ ਉਸ ਨੂੰ ਝੰਡੇ ਦੇ ਘਰ ਪੁਚਾ ਦਿਤਾ । ਝੰਡੇ ਨੇ ਬੜਾ ਆਦਰ ਕੀਤਾ, ਤੇ ਪੁਛਿਆ, ਕਿ ਤੈਨੂੰ ਕਿਸ ਨੇ ਭੇਜਿਆ ਹੈ । ਮਰਦਾਨੇ ਨੇ ਮਹਾਰਾਜ ਦਾ ਨਾਮ ਦੱਸਿਆ । ਝੰਡੇ ਨੇ ਕਿਹਾ, ਮੈਂ ਉਹਨਾਂ ਨੂੰ ਨਹੀਂ ਜਾਣਦਾ, ਫਿਰ ਉਹ ਮੇਰਾ ਨਾਮ ਕਿਵੇਂ ਜਾਣਦੇ ਹਨ ।

Digitized by Panjab Digital Library | www.panjabdigilib.org

(ਏਥੇ ਕਵੀ ਜੀ ਫਿਰ ਗੁਰੂ ਜੀ ਦਾ ਭੇਸ ਭਗਵਾ ਲਿਖਦੇ ਹਨ।)

"ਭਗਵੇ ਚੀਰ ਸਰੀਰ ਬਿਰਾਜੈ।
ਜਿਨ ਕੇ ਦਰਸਨ ਕਲਿਮਲ ਭਾਜੈ।੨੦।"

ਇੰਦਰਸੈਨ ਭਣੇਵਾਂ ਸੀ ਰਾਜੇ ਸੁਧਰ ਸੈਨ ਦਾ। ਉਹ ਤੇ ਝੰਡਾ ਮਿਲ ਕੇ ਭਗਤੀ ਕਰਿਆ ਕਰਦੇ। ਝੰਡਾ ਭੋਜਨ ਲੈ ਕੇ ਮਰਦਾਨੇ ਦੇ ਨਾਲ ਗੁਰੂ ਜੀ ਪਾਸ ਜਾ ਪੁੱਜਾ। ਗੁਰੂ ਜੀ ਨੇ ਹੁਕਮ ਕੀਤਾ, ਕਿ ਇੰਦਰਸੈਨ ਨੂੰ ਵੀ ਬੁਲਾ ਲਿਆਓ। ਝੰਡਾ ਬੁਲਾ ਲਿਆਇਆ।

ਗੁਰਦੇਵ ਨੇ ਕਿਹਾ, ਉਪਦੇਸ਼ ਲੈਣਾ ਹੈ, ਤਾਂ ਧਨ, ਤਨ, ਮਨ ਸਾਨੂੰ ਅਰਪਨ ਕਰ ਦਿਹੋ। (ਇਸ ਬਾਰੇ ਸੁੰਦਰ ਉਪਦੇਸ਼ ਹੈ।) ਫਿਰ ਉਹਨਾਂ ਨੂੰ ਸਿੱਖ ਬਣਾਇਆ ਤੇ ਸਭ ਨੇ ਭੋਜਨ ਛਕਿਆ। (ਕਵੀ ਲਿਖਦਾ ਹੈ।)

"ਨੀਕੋ* ਸੰਤ ਹੋਇ ਜਿਹ ਥਾਂਈ।
ਤਿਹ ਠਾਂ ਪ੍ਰਭੁ ਜੀ ਭੋਜਨ ਖਾਈਂ।੭੧।
ਨਾਤੁਰ† ਪਨ ਅਹਾਰੀ ਰਹਈ।
ਜੋ ਕਿੰਕਰ ਕੇ ਕਲਮਲ ਦਹਹੀ।......੭੨।"

ਗੁਰੂ ਜੀ ਨੇ ਇੰਦਰਸੈਨ ਨੂੰ ਮੰਜੀ ਦੇਣੀ ਚਾਹੀ। ਪਰ ਉਸ ਨੇ ਕਿਹਾ, ਕਿ ਮੈਨੂੰ ਐਸੀ ਲਾਲਸਾ ਨਹੀਂ। ਫਿਰ ਮਹਾਰਾਜ ਨੇ ਝੰਡੇ ਨੂੰ 'ਮੰਜੀ' ਬਖ਼ਸ਼ੀ।

ਫਿਰ ਇੰਦਰ ਸੈਨ ਨੇ ਜਾ ਕੇ ਰਾਜੇ ਨੂੰ ਦੱਸਿਆ, ਤਾਂ ਰਾਜਾ ਵੀ ਆ ਕੇ ਚਰਨੀਂ ਲੱਗਾ। ਗੁਰੂ ਜੀ ਇਕ ਮਹੀਨਾ ਰਾਜਾ ਸੁਧਰਸੈਨ ਦੇ ਘਰ ਰਹੇ।

# ਚੁਰੰਜਵਾਂ ਧਯਾਇ

## ਮਧਰਬੈਨ ਤੇ ਰਾਕਸ਼ਾਂ ਦੀ ਕਥਾ

ਉਥੋਂ ਅੱਗੇ ਮਹਾਰਾਜ ਸਮੁੰਦਰ ਉਤੇ ਤੁਰੇ ਜਾ ਰਹੇ ਹਨ।

"ਚਲੇ ਜਾਂਹਿ ਸਾਗਰ ਪੈ ਐਸੇ।
ਬਿਨਾ ਪੰਕ* ਧਰਨੀ ਪਰ ਜੈਸੇ।......੩।"

ਸਮੁੰਦਰ ਵਿਚ ਅੱਗੇ ਇਕ ਟਾਪੂ ਆ ਗਿਆ। ਟਾਪੂ ਉਤੇ ਦੋ ਕੋਹ ਗਏ, ਤਾਂ ਇਕ ਨਗਰ ਆ ਗਿਆ। ਮਹਾਰਾਜ ਬਾਹਰ ਹੀ ਬੈਠ ਗਏ। ਗੁਰੂ ਜੀ ਨੇ ਦੱਸਿਆ, ਕਿ ਇਸ ਸ਼ਹਿਰ ਦਾ ਨਾਮ ਬ੍ਰਹਮਪੁਰ ਹੈ, ਤੇ ਏਥੇ ਇਕ ਬ੍ਰਹਿਮਣ ਰਾਜ ਕਰਦਾ ਹੈ, ਨਾਮ ਹੈ ਮਧਰਬੈਨ।

---

*ਚੰਗਾ। † ਨਹੀ ਤਾਂ।

*ਪੰਕ ਦਾ ਅਰਥ ਚਿਕੜ ਵੀ ਹੈ, ਤੇ ਪੰਖ ਵੀ। ਏਥੇ ਭਾਵ ਹੈ ਸੁੱਕੀ ਧਰਤੀ।

Digitized by Panjab Digital Library | www.panjabdigilib.org

ਏਨੇ ਤਕ ਸ਼ਕਾਰੀ ਆ ਕੇ ਕੋਲ ਦੀ ਲਘ ਗਏ । ਪਿਛੋ ਰਾਜਾ ਮਧਰਬੈਨ ਆ ਗਿਆ। ਬਾਲੇ ਤੋਂ ਇਹ ਸੁਣ ਕੇ, ਕਿ ਇਹ ਗੁਰੂ ਨਾਨਕ ਜੀ ਹਨ, ਮਧਰਬੈਨ ਚਰਨੀਂ ਢੱਠਾ। ਰਾਜੇ ਨੇ ਬੇਨਤੀ ਕੀਤੀ, ਕਿ ਸ਼ਹਿਰ ਵਿਚ ਕਿਸੇ ਮੰਦਰ ਅੰਦਰ ਚੱਲ ਬੈਠੋ, ਤੇ ਬਸਤਰ ਭੋਜਨ ਪਾ ਕੇ ਨਿਹਾਲ ਕਰੋ।

(ਏਥੇ ਫਿਰ ਮਹਾਰਾਜ ਦੇ ਮੂੰਹੋਂ ਇਕ ਸਬਦ ਅਖਵਾਇਆ ਹੈ, ਜੋ ਗੁਰੂ ਗ੍ਰੰਥ ਵਿਚ ਨਹੀਂ। ਵੇਖੋ :)

"ਬਿਲਾਵਲ ਮ: ੧.

"ਏਕ ਭੰਡਾਰਾ ਨਾਮ ਕਾ ਜਿਨ ਸਭ ਕਿਛੁ ਦੀਆ।
ਭੁਖ ਨੰਗ ਸਭ ਛੀਨ ਕੈ, ਅਪਨਾ ਕਰ ਲੀਆ।੧।
ਐਸਾ ਨਾਮ ਨ ਛੋਡੀਐ, ਸਦ ਸੰਗ ਹਮਾਰੇ।
ਲੇਖਾ ਕਦੇ ਨ ਪੁੱਛਈ, ਮਨਮੀਤ ਪਿਆਰੇ।੧। ਰਹਾਉ।
ਭੋਜਨ ਉਤਮ ਹਮ ਕੀਆ, ਸੰਤਨ ਪ੍ਰਸਾਦਿ।
ਜਲ ਸੀਤਲ ਸਤ ਕਾ ਪੀਆ, ਹਿਰਦੇ ਮਹਿ ਸਾਂਤਿ।੨।
ਬਸਤ੍ਰ ਬ੍ਰਹਮ ਪਛਾਨਿਆ, ਕਾਂਇਆ ਕੇ ਸੰਗ।
ਲਖ ਚੌਰਾਸੀ ਏਕ ਹੈ, ਹੂਏ ਨਿਰਭੰਗ।੩।
ਨਾਨਕ ਕਹੈ ਰਜਿੰਦ੍ਰ ਸੁਣ, ਸਭ ਝੂਠ ਪਸਾਰਾ।
ਦ੍ਰਿਸਟ ਮਾਨ ਸਭ ਬਿਨਸ ਜਾਇ, ਰਹੈ ਏਕੰਕਾਰਾ।੪।"

(ਚੰਗਾ ਹੁੰਦਾ, ਜੇ ਲੇਖਕ ਏਹੋ ਜੇਹੇ ਬਨਾਉਟੀ ਸਬਦਾਂ ਦੀ ਥਾਂ ਗੁਰਬਾਣੀ ਵਿਚੋਂ ਅਸਲੀ ਸਬਦ ਦੇ ਦੇਂਦਾ।)

ਮਧਰਬੈਨ ਮਹਾਰਾਜ ਦਾ ਸੇਵਕ ਬਣਿਆਂ। ਓਥੇ ਧਰਮਸਾਲ ਬਣਾ ਕੇ ਤੇ ਉਪਦੇਸ਼ ਕਰਕੇ ਗੁਰੂ ਜੀ ਤੁਰ ਪਏ। ਇਕ ਹੋਰ ਟਾਪੂ ਉਤੇ ਜਾ ਪੁੱਜੇ, ਜਿਥੇ 'ਦੇਵ ਗੰਧਾਰ' ਨਗਰ ਵਿਚ ਰਾਖ਼ਸ਼ ਰਹਿੰਦੇ ਸਨ।

ਮਰਦਾਨੇ ਕਿਹਾ; 'ਮਹਾਰਾਜ, ਏਥੇ ਤਾਂ ਪਰਬਤ ਹੀ ਪਰਬਤ ਹਨ, ਕੋਈ ਨਗਰ ਹੋਵੇ, ਤਾਂ ਮੈਂ ਭੋਜਨ ਪਾ ਆਵਾਂ।'

ਗੁਰੂ ਜੀ ਨੇ ਕਿਹਾ, 'ਨਗਰ ਹੈ, ਪਰ ਏਥੇ ਸਾਰੇ ਕੌਡੇ ਵਰਗੇ ਰਾਖ਼ਸ਼ ਹੀ ਰਹਿੰਦੇ ਹਨ। ਤੈਨੂੰ ਨਗਰ ਵਿਚ ਜ਼ਰੂਰ ਜਾਣਾ ਪਵੇਗਾ।'

ਮਰਦਾਨੇ ਨੇ ਡਰ ਨਾਲ ਕੰਬਦੇ ਕਿਹਾ,

"ਪੁਰ ਦਿਸ ਮੁਖ ਕਰ ਮੈ ਨ ਸਿਧਾਰਉ।
ਮਾਰਯੋ ਚਹੌ, ਆਪ ਤੁਮ ਮਾਰਉ।......੬੩।

ਏਨੇ ਚਿਰ ਤਕ ਸ਼ਕਾਰ ਖੇਡਦਾ ਖੇਡਦਾ ਰਾਖ਼ਸ਼ਾਂ ਦੀ ਫ਼ੌਜ ਸਮੇਤ ਰਾਖ਼ਸ਼ ਰਾਜਾ ਓਥੇ ਆ ਨਿਕਲਿਆ। ਮਰਦਾਨਾ ਡਰ ਨਾਲ ਮਰਨ-ਹਾਕਾ ਹੋ ਗਿਆ।

Digitized by Panjab Digital Library | www.panjabdigilib.org

ਰਾਕਸ਼ਾਂ ਦੇ ਰਾਜੇ ਨੇ ਗੁਰੂ ਜੀ ਨੂੰ ਵੇਖ ਕੇ ਸਾਥੀਆਂ ਨੂੰ ਕਿਹਾ, 'ਜਾਓ, ਇਹਨਾਂ ਨੂੰ ਪਕੜ ਲਿਆਉ।'

"ਚਿਰੰਕਾਲ ਮਹਿ ਭੁਲੋ ਸਿਕਾਰਾ।
ਮਾਨੁਖ ਆਮਿਖ* ਬਨਾ ਅਹਾਰਾ।੭੨।"

ਜਿਹੜੇ ਰਾਕਸ਼ ਗੁਰੂ ਜੀ ਨੂੰ ਫੜਨ ਆਏ,

"ਤਿਹ ਛਿਨ ਅੰਧ ਭਏ ਮਤਿ ਮੂਢੇ।
ਚਲਨ ਪੰਥ ਨਹਿ ਪਾਵਹਿ ਢੂੰਢੇ।੭੪।"

ਪਰ ਜਦ ਉਹ ਰਾਕਸ਼ ਪਿਛੇ ਪਰਤੇ, ਤਾਂ ਉਹਨਾਂ ਨੂੰ ਦਿੱਸਣ ਲੱਗ ਪਿਆ। ਰਾਜੇ ਨੇ ਸੱਤ ਵਾਰ ਰਾਕਸ਼ ਭੇਜੇ। ਉਹ ਗੁਰੂ ਜੀ ਵੱਲ ਆਉਣ, ਤਾਂ ਅੰਨ੍ਹੇ ਹੋ ਜਾਣ, ਪਰ ਪਿਛੇ ਮੁੜਨ, ਤਾਂ ਦਿਸਣ ਲੱਗ ਪਏ। ਅੰਤ ਮੰਤਰੀ ਸ਼ਰਧਾ ਨਾਲ ਆਇਆ, ਤੇ ਗੁਰੂ ਜੀ ਦੇ ਚਰਨੀਂ ਲੱਗਾ।

ਮੰਤਰੀ ਨੇ ਜਾ ਕੇ ਰਾਜੇ ਨੂੰ ਮਹਾਰਾਜ ਬਾਰੇ ਦੱਸਿਆ। ਪਰ ਰਾਜੇ ਨੇ ਹਉਮੈ ਨਾਲ ਕਿਹਾ,

"ਦੇਵਲੂਤ ਸੁਨ ਕਰ ਕਹੈ, ਮਾਨੁਖ ਭੋਜਨ ਮੋਰ।
ਗਹੌਂ ਨ ਤਿਨਕੀ ਸਰਨ ਹੌਂ, ਮਾਨੋ ਬਚਨ ਨ ਤੋਰ।੮੮।"

ਰਾਜਾ ਸਣੇ ਸੈਨਾ ਗੁਰੂ ਜੀ ਦੇ ਨੇੜੇ ਪੁੱਜਾ, ਤਾਂ ਸਾਰੇ ਅੰਨ੍ਹੇ ਹੋ ਗਏ। ਇਕ ਮੰਤ੍ਰੀ ਨੂੰ ਸਭ ਕੁਛ ਨਜ਼ਰ ਆ ਰਿਹਾ ਸੀ।

ਇਹ ਜ਼ਾਹਰੀ ਕਲਾ ਵੇਖ ਕੇ ਰਾਕਸ਼ਾਂ ਦਾ ਰਾਜਾ ਚਰਨੀਂ ਡਿਗਾ, ਤੇ ਗੁਰੂ ਜੀ ਨੂੰ ਸ਼ਹਿਰ ਵਿਚ ਲੈ ਗਿਆ। ਸਾਰੇ ਰਾਕਸ਼ ਚਰਨੀਂ ਢੱਠੇ।

(ਸਿੱਖੀ ਵਿਚ ਕਰਾਮਾਤ ਦੀ ਕੋਈ ਮਹਾਨਤਾ ਨਹੀਂ। ਪਰ ਏਥੇ ਸਾਰੀ ਸਾਖੀ ਹੀ ਕਰਾਮਾਤਾਂ ਦੇ ਸਹਾਰੇ ਉਸਾਰੀ ਜਾ ਰਹੀ ਹੈ।)

## ਪਚਵੰਜਵਾਂ ਧਯਾਇ

### ਬਨਮਾਣੂਆਂ ਤੇ ਰਾਕਸ਼ਾਂ ਦੀ ਕਥਾ

ਰਾਕਸ਼ਾਂ ਦੇ ਰਾਜੇ ਦੇਵਲੂਤ ਨੇ ਮਹਾਰਾਜ ਅੱਗੇ ਭੋਜਨ ਫਲ ਲਿਆ ਧਰੇ। ਮਹਾਰਾਜ ਨੇ ਕਿਹਾ, ਪਹਿਲਾਂ ਸਾਡਾ ਹੁਕਮ ਮੰਨੋਗੇ, ਤਾਂ ਭੋਜਨ ਛਕਾਂਗੇ। ਰਾਕਸ਼ਾਂ ਨੇ ਮੰਨ ਲਿਆ। ਹਜ਼ੂਰ ਨੇ ਕਿਹਾ, 'ਮਾਸ ਖਾਣਾ ਤਿਆਗੋ, ਜੀਵ-ਹੱਤਿਆ ਨਾ ਕਰੋ। ਤੇ ਨਾਮ ਜਪੋ। ਰਾਕਸ਼ਾਂ ਨੇ ਮੰਨ ਲਿਆ, ਤਾਂ ਮਹਾਰਾਜ ਨੇ ਭੋਜਨ ਛਕਿਆ। ਗੁਰੂ ਜੀ ਨੇ

*ਮਾਸ।

Digitized by Panjab Digital Library | www.panjabdigilib.org

ਆਪਣਾ ਸੀਤ ਪ੍ਰਸਾਦ ਰਾਜੇ ਤੇ ਮੰਤਰੀ ਨੂੰ ਦਿਤਾ । ਛਕ ਕੇ ਦੋਹਾਂ ਦੇ ਕਪਾਟ ਖੁਲ੍ਹ ਗਏ। ਗੁਰੂ ਜੀ ਨੇ ਹੁਕਮ ਕੀਤਾ, ਕਿ ਅੱਜ ਤੋਂ ਸੁਧਰਸੈਨ ਨੂੰ ਆਪਣਾ ਸਿਰਤਾਜ ਮੰਨੋ । ਸਭ ਨੇ ਪਰਵਾਨ ਕਰ ਲਿਆ ।

ਉਥੋਂ ਤੁਰ ਕੇ ਹਜ਼ੂਰ ਇਕ ਜੰਗਲ ਵਿਚ ਜਾ ਪਹੁੰਚੇ । ਅੱਗੇ ਬਨਮਾਨਸਾਂ ਦੀ ਡਾਰ ਵੇਖੀ । ਬਾਕੀ ਡਰ ਕੇ ਨੱਸ ਗਏ, ਪਰ ਇਕ ਖਲਾ ਰਿਹਾ । ਫਿਰ ਉਹਨਾਂ ਬਨ-ਮਾਨਸਾਂ ਨੇ ਫਲ ਲਿਆ ਕੇ ਮਹਾਰਾਜ ਅੱਗੇ ਧਰੇ । ਗੁਰੂ ਜੀ ਨੇ ਕਿਹਾ, 'ਮਰਦਾਨਿਆਂ ! ਖਾ ਲੈ ।'

ਹਜ਼ੂਰ ਫਿਰ ਅੱਗੇ ਤੁਰ ਪਏ । ਇਕ ਉਜਾੜ ਜੰਗਲ ਵਿਚ ਜਾ ਬੈਠੇ । ਮਰਦਾਨੇ ਨੂੰ ਭੁੱਖ ਨੇ ਬਹੁਤ ਸਤਾਇਆ । (ਪਰ ਬਾਲੇ ਨੂੰ ਕਦੇ ਭੁੱਖ ਨਹੀਂ ਲਗਦੀ । ਬੜਾ ਸਿਦਕੀ ਹੈ । ਇਸ ਤਰ੍ਹਾਂ ਲੇਖਕ ਨੇ ਉਸ ਨੂੰ ਕਲਪਤ ਪਾਤਰ ਬਣਾ ਦਿਤਾ ਹੈ ।) ਮਰਦਾਨੇ ਨੇ ਖਿਝ ਕੇ ਆਪਣੇ ਆਪ ਕਹਿਣਾ ਸ਼ੁਰੂ ਕਰ ਦਿਤਾ,

"ਜਹ ਅਹਾਰ ਆਵਤ ਕਰ ਮੇਰੇ ।
ਬਰਜਹਿ, ਤਹਿ ਨ ਜਾਨ ਦੇ ਨੇਰੇ ।੪੩।
ਮਨਹੁ ਬੈਰ ਕਰ ਮਾਰਤ ਮੋਹੀ ।
ਕਯੋ ਜੀਵਨ ਜਗ ਮਹਿ ਅਬ ਹੋਹੀ ।
ਕਹਾਂ ਖੁਦਾਇ ਮੁਝਹਿ ਮ੍ਰਿਤ ਦੀਨੀ ।
ਰਹੈ ਦੇਹਿ ਜਹਿ ਖਫਨ ਬਹੀਨੀ ।੪੪।
ਨਹੀ ਗੋਰ ਮੇਰੀ ਕਿਨ ਕਰਨੀ ।
ਯੌਂ ਹੀ ਪਰਯੋ ਰਹੋਂ ਗੋ ਧਰਨੀ ।
ਹੌ ਤੋ ਡੂਮ ਕਰਤ ਗੁਜਰਾਨਾ ।
ਮਾਂਗ ਮਾਂਗ ਅਪਨੇ ਜਜਮਾਨਾ ।੪੫।
ਬੈਠਯੋ ਸਦਨ ਸਬੈ ਸੁਖ ਪਾਵਤ ।
ਨਿਜ ਪਰਵਾਰ ਮਿਲਯੋ ਹਰਖਾਵਤ ।
ਉਜਰਯੋ ਹੁਤੋ ਆਪ ਇਹ ਘਰ ਤੇ ।
ਮੁਝੈ ਉਜਾਰਯੋ ਗੁਜਰ ਸੁ ਕਰਹੈ ।੪੬।"

(ਬਹੁਤ ਸੁੰਦਰ ਸ਼ਬਦ-ਚਿੱਤਰ ਤੇ ਵਿਆਖਿਆ ਹੈ ।)

ਮਰਦਾਨਾ ਬਿਨਾਂ ਆਗਿਆ ਹੀ ਜੰਗਲ ਵਿਚ ਜਾ ਕੇ ਫਲ ਖਾਣ ਲਗ ਪਿਆ । ਉਥੇ ਇਕ ਦੈਂਤ ਰਹਿੰਦਾ ਸੀ । (ਉਸਦਾ ਹੁਲੀਆ ਸੁਣੋ ।)

"ਹੁਤੋ ਦੈਤ ਇਹ ਤਹ ਭੈ ਕਾਰੀ ।
ਜਿਹ ਨੈ ਗਜ ਮ੍ਰਿਗ ਕੀਨ ਅਹਾਰੀ ।
ਦੋਇ ਸਹੰਸ ਕੋਸ ਲੌ ਸੋਊ ।
ਬਨ ਮੈ ਜੀਵ ਨ ਛਾਡਯੋ ਕੋਊ ।੫੦।

Digitized by Panjab Digital Library | www.panjabdigilib.org

ਗਿਰ[1] ਸਮਾਨ ਜਿਹ ਦੇਹ ਕਰਾਲਾ[2] ।
ਉਭੈ[3] ਕੋਸ ਲੌ ਬਾਹੁ ਬਿਸਾਲਾ[4] ।
ਸਿਰ ਪਰ ਸ੍ਰਿੰਗ[5] ਖਜੂਰ ਸਮਾਨਾ ।
ਗਿਰ ਕੰਦਰ[6] ਸੀ ਨਾਸ ਪ੍ਰਮਾਨਾ ।੫੧।
ਚਾਟਤ ਓਸਟ[7] ਛੁਧਾ ਮਹਾਨਾ ।
ਤਿਹ ਨੇ ਦੇਖਾ ਜਬ ਮਰਦਾਨਾ ।
ਤੂਰਨ[8] ਗਹਿ ਕਰ ਤਬ ਨਿਜ ਪਾਨਾ[9] ।
ਮੁਖ ਮਹਿ ਪਾਵਾ ਕੌਰ[10] ਸਮਾਨਾ । ੫੨ ।
ਭਯੋ ਤ੍ਰਾਸ ਮੁਖ ਬੋਲ ਨ ਆਯੋ ।
ਸ੍ਰੀ ਨਾਨਕ ਮਨ ਮਾਹਿ ਧਯਾਯੋ ।......੫੩।"

(ਔਖੀ ਵੇਲੇ ਮਰਦਾਨੇ ਨੂੰ ਗੁਰੂ ਯਾਦ ਆਇਆ ।)

ਦੈਤ ਨੇ ਮਰਦਾਨੇ ਨੂੰ ਸਾਬਤ ਹੀ ਅੰਦਰ ਲੰਘਾ ਲਿਆ । ਬਾਲੇ ਨੂੰ ਓਥੇ ਹੀ ਛੱਡ ਕੇ ਗੁਰੂ ਜੀ ਦੈਂਤ ਕੋਲ ਗਏ । ਦੈਂਤ ਨੇ,

"ਸ੍ਰੀ ਨਾਨਕ ਗਹਿ ਲੀਨੋ ਤਾ ਹੀ ।
ਕਰ ਉਚਾਇ ਪਾਇਸੁ ਮੁਖ ਮਾਹੀਂ ।
ਉਦਰ ਬਿਖੈ ਪਹੁਚੇ ਗੁਰ ਜਬ ਹੀ ।
ਮਿਲਤ ਭਯੋ ਮਰਦਾਨਾ ਤਬ ਹੀ ।੬੦।"

(ਹੁਣ ਅੱਗੇ ਸੁਣੋ । ਗੁਰੂ ਜੀ ਤੇ ਦੈਂਤ ਦੀ ਖੇਡ ।)

ਕਹੇ ਬਚਨ, ਤਿਹ ਧੀਰਜ ਦੀਨੀ । (ਮਰਦਾਨੇ ਨੂੰ)
ਪੁਨ ਨਿਜ ਦੇਹ ਬਧਾਵਨ ਕੀਨੀ ।
ਦ੍ਵੈ ਕੋਸਨ ਲੌ ਦੈਤ ਉਤੰਗਾ[11] ।
ਤਿਤਨੋ ਕਿਯੋ ਪ੍ਰਭੂ ਨਿਜ ਅੰਗਾ ।੬੧।
ਜਬ ਤਨ ਫਟਨ ਲਗੋ ਤਿਹ ਕੇਰੋ ।
ਇਕ ਜੋਜਨ[12] ਲੌ ਬਧਯੋ ਬਧੇਰੋ ।
ਸ੍ਰੀ ਗੁਰੁ ਬਹੁਤ ਬਧਾਵਾ ਤੇਤੋ ।
ਰਾਖਸ ਬਿਸਤਰਯੋ[13] ਤਨ ਜੇਤੋ ।੬੨।
ਭਯੋ ਕਸਟ ਜਬ ਰਾਖਸ ਤਾਂਈ ।
ਦ੍ਵੈ ਜੋਜਨ ਕੀ ਦੇਹ ਬਧਾਈ ।

1. ਪਹਾੜ । 2. ਬਿਕਰਾਲ, ਡਰਾਉਣੀ । 3. ਦੋ । 4. ਵੱਡੀਆਂ । 5. ਸਿੰਗ । 6. ਪਹਾੜ ਦੀ ਗੁਫਾ ਵਰਗੀਆਂ ਨਾਸਾਂ । 7. ਬੁੱਲ੍ਹ ਚਟਦਾ । 8. ਛੇਤੀ । 9. ਹੱਥ । 10 ਗਰਾਹੀ ਵਾਂਗ । 11. ਦੇਹ ਵਧਾਈ । 12. ਚਾਰ ਕੋਹ ਦੇ ਬਰਾਬਰ । 13. ਵਧਾਇਆ, ਵਿਸਤਾਰ ਕੀਤਾ ।

Digitized by Panjab Digital Library | www.panjabdigilib.org

ਸ੍ਰੀ ਗੁਰੂ ਤੇਤੋ ਤਨ ਬਿਸਤਾਰਾ[1] ।
ਅੰਤਰ ਭਯੋ ਤਾਂਹਿ ਦੁਖ ਭਾਰਾ ।੬੩।
ਨੌ ਜੋਜਨ ਲੌ ਦੈਤ ਬਧਾਵਾ ।
ਤੈਸੋ ਪ੍ਰਭੁ ਨਿਜ ਦੇਹ ਬਨਾਵਾ ।
ਭਏ ਸੁਮੇਰ ਸਮਾਨ ਸੁ ਭਾਰੀ ।
ਅਸੁਰ[2] ਤਬੈ ਨਿਰਬਲਤਾ ਧਾਰੀ ।੬੪।"

(ਇਸ ਦੌੜ ਵਿਚ ਦੈਂਤ ਹਾਰ ਗਿਆ ।) ਦੈਂਤ ਡਿੱਗ ਕੇ ਮਰ ਗਿਆ। ਗੁਰੂ ਜੀ ਸਣੇ ਮਰਦਾਨੇ ਬਾਹਰ ਆ ਗਏ । ਦੈਂਤ ਦੀ ਦੇਹ ਛੁਟ ਗਈ, ਤਾਂ ਉਹ ਸੁੰਦਰ ਰੂਪ ਧਾਰ ਕੇ ਚਰਨੀ ਲੱਗਾ ।

"ਰਾਕਸ ਸੁੰਦਰ ਦੇਹਿ ਧਰਾ, ਜਿਹ ਚਾਰ ਭੁਜਾ ਸ੍ਰੁਤ[3] ਕੁੰਡਲ ਪਾਏ । ..੬੯।"

ਰਾਕਸ਼ ਨੇ ਦੱਸਿਆ, ਕਿ ਮੈਂ ਰਾਜਾ ਜਨਕ ਦਾ ਰਸੋਈਆ ਸਾਂ । ਇਕ ਦਿਨ ਮੈਂ ਭੁੱਖ ਦੇ ਕਾਰਨ ਪਹਿਲਾਂ ਆਪ ਹੀ ਭੋਜਨ ਛਕ ਲਿਆ । ਰਸੋਈ ਜੂਠੀ ਹੋ ਗਈ । ਰਾਜਾ ਜਨਕ ਨੇ ਮੈਨੂੰ ਰਾਕਸ਼ ਹੋਣ ਦਾ ਸਰਾਪ ਦਿਤਾ, ਤੇ ਕਿਹਾ ਗੁਰੂ ਨਾਨਕ ਜੋ ਤੇਰੀ ਮੁਕਤੀ ਕਰਨਗੇ।

ਇਸ ਤਰਾਂ ਰਾਕਸ਼ ਦੇਹ ਤਿਆਗ ਕੇ, ਉਹ ਸੁਰਗ ਨੂੰ ਗਿਆ ।

(ਸਾਡੇ ਪੁਰਾਣੇ ਲੇਖਕਾਂ ਨੇ ਗੁਰੂ ਜੀ ਦੇ ਸੱਚੇ ਸੁੱਚੇ ਇਤਿਹਾਸ ਨੂੰ ਪੁਰਾਣਕ ਕਥਾਵਾਂ ਵਰਗਾ ਮਿਥਿਹਾਸ ਬਣਾ ਕੇ ਧਰ ਦਿਤਾ ਹੈ । ਅੱਜ ਦਾ ਗਿਆਨਵਾਨ ਪਾਠਕ ਅਜੇਹੀਆਂ ਸਾਖੀਆਂ ਉਤੇ ਕਿਵੇਂ ਯਕੀਨ ਕਰ ਸਕਦਾ ਹੈ ।)

# ਛਿਪੰਜਵਾਂ ਧਯਾਇ

## ਰਾਜਾ ਕਮਲ ਨੈਨ

ਕਈ ਦਿਨ ਬੀਆਬਾਨ ਵਿਚ ਚਲਦਿਆਂ ਇਕ ਸੁੰਦਰ ਨਗਰ ਆਇਆ । (ਸ਼ਹਿਰ ਦੀ ਸੁੰਦਰਤਾ ਦਾ ਵਰਨਣ ਹੈ ।) ਮਰਦਾਨਾ ਭੋਜਨ ਵਾਸਤੇ ਸ਼ਹਿਰ ਵਿਚ ਗਿਆ । ਮਰਦਾਨੇ ਦੇ ਪੁਛਣ 'ਤੇ ਕਿਸੇ ਨੇ ਦੱਸਿਆ, "ਸ਼ਹਿਰ ਦਾ ਨਾਮ 'ਸੂਰਨ ਪੁਰ' ਤੇ ਰਾਜੇ ਦਾ ਨਾਮ ਕਵਲਨੈਨ' । ਏਥੇ ਹਰ ਵਸਤੂ ਧਰਮ ਅਰਥ ਮਿਲਦੀ ਹੈ, ਮੁੱਲ ਕੋਈ ਨਹੀਂ ।"

ਦੱਸਣ ਵਾਲੇ ਦਾ ਨਾਮ ਧਰਮ ਸਿੰਘ ਸੀ । ਉਹਨੂੰ ਮਰਦਾਨੇ ਨੇ ਕਿਹਾ ਕਿ ਮੇਰੇ ਦੋ ਸਾਥੀ ਹੋਰ ਹਨ, ਪਰ ਉਹ ਖਾਂਦੇ ਪੀਂਦੇ ਨਹੀਂ ।

1. ਵਧਾਇਆ 2. ਦੈਂਤ । 3. ਕੰਨ ।

Digitized by Panjab Digital Library | www.panjabdigilib.org

"ਤਿਹ ਕੇ ਸੰਗੀ ਕਹੋਤ ਮਰਦਾਨਾ ।
ਸੰਗੀ ਦੋਇ, ਕਰੈ ਨਹਿ ਖਾਨਾ ।... ..੩੯।"

(ਲਉ, ਗੁਰੂ ਜੀ ਦੇ ਨਾਲ ਬਾਲਾ ਵੀ ਪੌਣਾਹਾਰੀ ਬਣ ਗਿਆ ਜੇ। ਅਤਿ ਕਥਨੀ ।)

ਮਰਦਾਨੇ ਨ ਇਕ ਦੁਕਾਨ ਤੋਂ ਰੱਜ ਕੇ ਖਾਧਾ, ਤੇ ਫਿਰ ਸ਼ਹਿਰ ਫਿਰ ਕੇ ਵੇਖਿਆ । ਗੁਰੂ ਜੀ ਪਾਸ ਆਕੇ ਮਰਦਾਨੇ ਨੇ ਪੁਛਿਆ, 'ਮਹਾਰਾਜ ! ਇਹ ਕੈਸਾ ਸ਼ਹਿਰ ਹੈ ।'

"ਸ੍ਰੀ ਨਾਨਕ ਕਹਿ, ਸੁਨ ਮਰਦਾਨੇ ।
ਇਹਾਂ ਨ ਕੋਊ ਝੂਠ ਬਖਾਨੇ ।
ਧਰਮ ਕਲਾ ਇਹ ਥਾਨ ਬਿਸਾਲਾ ।
ਸਰਬ ਦੇਸ ਤੇ ਪਾਪ ਨਿਕਾਲਾ ।੫੧।
ਸਤ ਸੰਤੋਖ ਰਖਹਿ ਉਰਧਾਰੀ ।
ਕਰਤ ਨਹੀਂ ਮੈਥਨ* ਨਰ ਨਾਰੀ ।
ਦ੍ਰਿਸ੍ਟਿ ਭੋਗ ਕੀ ਇਹ ਠਾਂ ਰੀਤੀ ।
ਪੁੰਨ ਬਿਖੈ ਸਬਹਨ ਕੀ ਪ੍ਰੀਤੀ ।੫੨।"

(ਹੁਣ ਤਾਂ ਦੁਨੀਆਂ 'ਤੇ ਕੋਈ ਐਸਾ ਥਾਂ ਨਹੀਂ, ਜੋ ਇਨਸਾਨ ਦੀ ਜਾਣਕਾਰੀ ਤੋਂ ਬਾਹਰ ਹੋਵੇ । ਫਿਰ ਉਹ 'ਦ੍ਰਸਿਟ ਭੋਗ' ਵਾਲਾ ਮੁਲਕ ਕਿਹੜਾ ਹੋਇਆ ? ਕੇਵਲ ਕਲਪਨਾ ।)

ਸੱਤ ਦਿਨ ਬੀਤ ਗਏ । ਮਰਦਾਨਾ ਰੋਜ਼ ਬਜ਼ਾਰ ਵਿਚ ਜਾ ਕੇ ਖਾ ਪੀ ਆਵੇ । ਗੁਰੂ ਜੀ ਤੇ ਬਾਲਾ ਓਵੇਂ ਨਿਰਾਹਾਰ ਹੀ ਬੈਠੇ ਰਹੇ । ਮਰਦਾਨੇ ਪਾਸੋਂ ਸੁਣ ਕੇ, ਇਕ ਦਿਨ ਧਰਮ ਸਿੰਘ ਮਹਾਰਾਜ ਵਾਸਤੇ ਭੋਜਨ ਲੈ ਕੇ ਆ ਚਰਨੀਂ ਲੱਗਾ । ਮਹਾਰਾਜ ਨੇ ਕਿਹਾ, ਅਸੀਂ ਏਥੋਂ ਭੋਜਨ ਨਹੀਂ ਕਰਨਾ, ਕਿਉਂਕਿ ਰਾਜੇ ਵਿਚ ਇਕ ਦੋਸ਼ ਹੈ ।

ਧਰਮ ਸਿੰਘ ਤੋਂ ਸਾਰੀ ਗੱਲ ਸੁਣ ਕੇ ਰਾਜਾ ਕਵਲ ਨੈਨ ਆਪ ਭੇਟਾ ਲੈ ਕੇ ਆਇਆ । ਮਹਾਰਾਜ ਨੇ ਕਿਹਾ, 'ਤੇਰੇ ਅੰਦਰ ਹਉਮੈਂ ਹੈ ।' ਰਾਜੇ ਨੇ ਨਮਰਤਾ ਨਾਲ ਕਿਹਾ, 'ਮਹਾਰਾਜ ! ਇਹ ਦੋਖ ਆਪ ਦੂਰ ਕਰ ਦਿਹੋ ।' ਗੁਰੂ ਜੀ ਨੇ ਕਿਹਾ, ਫਿਰ ਸੁਧਰਸੈਨ ਦੀ ਈਨ ਮੰਨ ਲੈ । ਰਾਜੇ ਨੇ ਇਹ ਸ਼ਰਤ ਪਰਵਾਨ ਕਰ ਲਈ ।

ਗੁਰੂ ਜੀ ਨੇ ਕਵਲਨੈਨ ਦੇ ਪਿਛਲੇ ਜਨਮ ਦੀ ਕਥਾ ਸੁਣਾਈ । ਕਵਲ ਨੈਨ ਰਾਜਾ ਜਨਕ ਦਾ ਸੇਵਕ ਸੀ । ਤੇ ਉਸਦਾ ਨਾਮ ਸਫਾਚੰਦ ਸੀ । ਸੇਵਾ 'ਤੇ ਪਰਸੰਨ ਹੋ ਕੇ ਰਾਜੇ ਜਨਕ ਨੇ ਵਰ ਦਿਤਾ ਸੀ, ਕਵਲ ਨੈਨ ਧਰਮੀ ਰਾਜਾ ਬਣੇਗਾ ।

ਕਵਲ ਨੈਨ ਨੇ ਗੁਰੂ ਜੀ ਦੇ ਚਰਨ ਪਰਸੇ, ਤੇ ਹਜ਼ੂਰ ਨੂੰ ਸ਼ਹਿਰ ਵਿਚ ਲੈ ਗਿਆ ।

ਰਾਜੇ ਤੇ ਪਰਜਾ ਨੂੰ ਉਪਦੇਸ਼ ਕਰਕੇ, ਤੇ ਓਥੇ ਧਰਮਸਾਲ ਕਾਇਮ ਕਰਕੇ ਮਹਾਰਾਜ ਅਗੇਰੇ ਤੁਰ ਪਏ ।

---

*ਭੋਗ, ਗ੍ਰਿਸਤ ।

Digitized by Panjab Digital Library | www.panjabdigilib.org

# ਸਤਵੰਜਵਾਂ ਧਯਾਇ

## ਮੱਕੇ ਦੀ ਯਾਤਰਾ

ਰਸਤੇ ਵਿਚ ਚਲਦਿਆਂ ਮਰਦਾਨੇ ਨੇ ਪੁਛਿਆ, 'ਮਹਾਰਾਜ, ਹੁਣ ਤਕ ਜੋ ਅਠਾਰਾਂ ਟਾਪੂ ਵੇਖੇ ਹਨ, ਉਹਨਾਂ ਦੇ ਰਾਜਿਆਂ ਦੇ ਨਾਮ ਦੱਸੋ।

ਮਹਾਰਾਜ ਨੇ ਫ਼ੁਰਮਾਇਆ, ਪਹਿਲਾਂ 'ਚਖ ਕੌਲ' (ਕਵਲ ਨੈਨ) ਵੱਡਾ ਸੀ। ਹੁਣ ਅਸਾਂ ਸੁਧਰ ਸੈਨ ਨੂੰ ਸਿਰਤਾਜ ਥਾਪ ਦਿਤਾ ਹੈ। ਸਾਰੇ ਰਾਜੇ ਹਨ : ਸੁਧਰ ਸੈਨ, ਕਵਲ ਨੈਨ, ਅਟਿਕਾ, ਸੁਖ ਸਾਗਰ, ਮਧਰ ਬੈਨ, ਸਾਗਰ ਸੈਨ, ਨੈਨ ਜੋਤਿ, ਸੁਖ ਚੈਨ, ਮਗਨ ਰਾਇ; ਅਸਰਾਪ, ਸੁਧ ਬਬੇਕ, ਤੁਰਤਰੰਗ, ਬਾਲ ਸਿੰਘ, ਸੰਭਾਲਿਕ, ਲਾਲ ਐਨ, ਰਾਏ ਐਨ। (ਇਹ ਤਾਂ ਸਭੋ ਸੋਲਾਂ ਬਣੇ। ਕਵਲ ਨੈਨ ਜਾਂ ਕੌਲ ਨੈਨ ਦੂਸਰੀ ਵਾਰ ਲਿਖ ਦਿਤਾ ਹੈ।)

ਗੁਰੂ ਜੀ ਨੇ ਕਿਹਾ, 'ਮਰਦਾਨਿਆਂ! ਹੁਣ ਤੈਨੂੰ ਸੁਮੇਰ ਪਰਬਤ ਵਿਖਾਉਂਦੇ ਹਾਂ।' ਮਰਦਾਨੇ ਕਿਹਾ, 'ਮਹਾਰਾਜ! ਪਹਿਲਾਂ ਮੈਨੂੰ ਮੱਕਾ ਮਦੀਨਾ ਵਿਖਾ ਲਿਆਉ। ਮੇਰੀ ਬੜੀ ਰੀਝ ਹੈ।' ਮਹਾਰਾਜ ਮੰਨ ਗਏ।

"ਭੱਖਰ ਸੱਖਰ ਹੈਂ ਜਿਹ ਜਾਗਾ।
ਆਏ ਤਹਾਂ, ਨਿਮਖ ਨਹਿ ਲਾਗਾ।੨੦।"

ਬਾਲਾ ਸੁਣਾ ਰਿਹਾ ਹੈ :

"ਨੀਲ ਬਸਤ੍ਰ ਲੇ ਪਹਿਰ ਸਰੀਰਾ।
ਕਾਂਖ[1] ਕਿਤਾਬਹਿ ਗੁਨੀ ਗਹੀਰਾ।
ਊਚੀ ਕੁਲਹਿ ਧਰੀ ਨਿਜ ਸੀਸੰ।
ਆਸਾ[2] ਹਾਥ ਬਿਖੇ ਜਗ ਦੀਸੰ।੨੧।
ਸੁਨਹੁ ਗੁਰੂ ਅੰਗਦ ਰਸ ਭੀਨੇ।
ਕੂਜਾ ਮੁਝਹਿ ਮੁਸੱਲਾ ਦੀਨੇ।
ਗਰ ਮਹਿ ਸੇਲੀ ਪਾਇ ਬਿਸਾਲਾ।
ਬਨੇ ਸੁ ਹਾਜੀ ਰੂਪ ਕ੍ਰਿਪਾਲਾ।੨੨।"

ਓਥੇ (ਸੱਖਰ, ਸਿੰਧ ਵਿਚ) ਮੁਲਤਾਨ ਆਦਿ ਦੇ ਹਾਜੀ ਵੀ ਇਕੱਠੇ ਹੋਏ ਸਨ। ਹਾਜੀਆਂ ਪੁਛਿਆ, ਆਪ ਹਿੰਦੂ ਹੋ, ਜਾਂ ਮੁਸਲਮਾਨ।

"ਹਾਜੀ ਬੇਖ, ਤਿਲਕ[3] ਹੈ ਮਾਥੇ।
ਯਾਤੇ ਬੂਝਤ ਹੈ ਤੁਝ ਸਾਥੇ।੨੬।
ਸ੍ਰੀ ਨਾਨਕ ਜੀ ਬੈਨ ਅਲਾਏ।

---

1. ਬਗਲ, ਕੱਛ ਵਿਚ। 2. ਸੋਟੀ। 3. (ਕੀ ਗੁਰੂ ਜੀ ਤਿਲਕ ਲਾਉਂਦੇ ਸਨ ?)

Digitized by Panjab Digital Library | www.panjabdigilib.org

ਬੇਗਮ ਪੂਰੇ ਦੇਸ ਤੇ ਆਏ।
ਹਿੰਦੂ ਮੁਸਲਮਾਨ ਜਗ ਮਾਹੂ।
ਮੈਂ ਹੋ ਦੋਨੋ ਕੇਰ ਗਵਾਹੂ।੨੭।"

ਮੁਲਤਾਨ ਦੇ ਪੀਰ ਬਹਾਵਦੀਨ ਨੇ ਪੁਛਿਆ, ਜੋ ਤੁਹਾਡੇ ਕੋਲ ਕਤਾਬ ਹੈ। ਇਸਦੇ ਅਰਥ ਦੱਸੋ।

ਮਹਾਰਾਜ ਨੇ ਫ਼ੁਰਮਾਇਆ, ਤਿੰਨ ਤਰ੍ਹਾਂ ਨਾਲ ਕਤਾਬ ਪੜ੍ਹੀਦੀ ਹੈ।

"ਉਸਤਖ਼ਾਨ, ਗੋਸ਼ਤ, ਮਗਜ਼ਹਿ ਪੁਨ।
ਇਨ ਕੇ ਲੱਛਨ ਉਚਰਤ ਹੌ, ਸੁਨ।੩੨।"

(ਉਸਤਖਾਨ=ਹੱਡੀ। ਗੋਸ਼ਤ=ਮਾਸ। ਮਗ਼ਜ਼=ਦਮਾਗ।)

"ਪਢ ਕਰ ਸਬ ਕੋ ਹੁੱਜਤ ਕਰਨੀ।
ਉਸਤਖਾਨ ਇਸ ਬਿਧਿ ਕੀ ਬਰਨੀ।
ਬੁਜਰਕ ਹੋ* ਬੈਠਨ ਪਠ ਕਰਕੈ।
ਖਿਜਮਤ ਕਰਵਾਵਨ ਹਿਤ ਧਰ ਕੈ।੩੨।
ਕਰ ਹੰਕਾਰ ਬਦੈ ਨਹਿ ਕਾਹੂੰ।
ਗੋਸ਼ਤ ਨਾਮ ਕਹਿਤ ਹੈ ਤਾਹੂੰ।
ਪਠ ਕਰ ਸਿਮਰਹਿ ਨਾਮ ਜਿ ਰੂਰਾ।o
ਸਬ ਮਹਿ ਜਾਨਹਿ ਅਲਹੁ ਜਰੂਰਾ।੩੪।
ਦ੍ਵੈਤ ਹੇਤੁ ਕੋ ਮੇਟਯੋ ਝਗਰਾ।
ਤਜਯੋ ਹੰਕਾਰ ਰਿਦੇ ਤੇ ਸਗਰਾ।
ਮਾਨਹਿ ਸੀਸ ਰਜਾਇ ਖੁਦਾਈ।
ਮਗਜ ਨਾਮ ਹੈ ਤਾਂਹਿ ਕਹਾਈ।੩੫।"

ਹਾਜੀਆਂ ਨੇ ਹੋਰ ਬਥੇਰੀਆਂ ਹੁੱਜਤਾਂ ਕੀਤੀਆਂ, ਤੇ ਕਿਹਾ, ਤੁਸੀਂ ਸਾਡੇ ਨਾਲ ਨਹੀਂ ਜਾ ਸਕਦੇ।

ਹ ਜੀ ਤੁਰ ਗਏ। ਮਰਦਾਨਾ ਉਦਾਸ ਹੋ ਗਿਆ। ਗੁਰੂ ਜੀ ਨੇ ਹੁਕਮ ਦਿਤਾ, 'ਹੱਛਾ, ਰਬਾਬ ਵਜਾ ਕੇ ਸਬਦ ਪੜ੍ਹ।'

"ਸਰਬ ਸਬਦ ਕੋ ਪਢ ਕਰ ਜਬ ਹੀ।
ਗ੍ਰੀਵ() ਨਿਵਾਇ ਨਮੋ ਕਿਯ ਤਬ ਹੀ।
ਸਿਰ ਊਚੋ ਕਰ ਨੈਨ ਪਸਾਰੇ।
ਦੇਖੇ ਮੱਕੇ ਕੇਰ ਮੁਨਾਰੇ।੫੪।"

(ਲਉ, ਮੱਕਾ ਆ ਗਿਆ। ਏਨੇ ਲੰਮੇ ਸਫ਼ਰ ਦੀ ਸਾਰੀ ਕਠਨ ਮਿਹਨਤ

* ਬਜ਼ੁਰਗ, ਬਜ਼ੁਰਗਾਂ ਵਾਂਗ ਬਹਿ ਕੇ। o ਉੱਤਮ। () ਧੌਣ, ਗਰਦਨ।

Digitized by Panjab Digital Library | www.panjabdigilib.org

ਮੁਸ਼ੱਕਤ ਕਰਾਮਾਤ ਥੱਲੇ ਢੱਕੀ ਗਈ।)

ਹਾਜੀਆਂ ਦੇ ਭੇਸ ਵਿਚ ਗੁਰੂ ਜੀ ਮੱਕੇ ਦੇ ਬੂਹੇ ਨੇੜੇ ਜਾ ਬੈਠੇ। ਹਜ਼ੂਰ ਨੇ ਸਬਦ ਉਚਾਰਿਆ,

"ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹਲਤਿ ਚਾਰਿ ਬਹਾਲੀ।...।"

(ਬਸੰਤ ਹਿੰਡੋਲ, ਮ. ੧., ਪੰਨਾ ੧੧੯੦)

ਅੱਗੇ ਇਸ ਸਬਦ ਦੀ ਵਿਆਖਿਆ ਹੈ।

## ਅਠਵੰਜਵਾਂ ਧਯਾਇ

### ਮੱਕਾ ਫੇਰਿਆ

ਮਰਦਾਨਾ ਮੱਕਾ ਵੇਖਣ ਗਿਆ। ਮਜੌਰਾਂ ਨੇ ਰੋਕ ਲਿਆ; ਕਿਹਾ ਅੱਖਾਂ ਬੰਨ੍ਹ ਕੇ ਅੱਗੇ ਜਾ ਸਕਦਾ ਹੈਂ। ਮਰਦਾਨਾ ਮੁੜ ਆਇਆ।

ਗੁਰੂ ਜੀ ਨੇ ਕਿਹਾ, ਹੁਣ ਜਾਹ ਤੈਨੂੰ ਕੋਈ ਨਹੀਂ ਵੇਖ ਸਕੇਗਾ।'

ਮਰਦਾਨਾ ਫਿਰ ਗਿਆ। ਮਜੌਰ ਉਸ ਨੂੰ ਵੇਖ ਨਾ ਸਕੇ। ਮਰਦਾਨਾ ਵੇਖ ਕੇ ਮੁੜ ਆਇਆ। ਮਰਦਾਨੇ ਦੱਸਿਆ, 'ਮਹਾਰਾਜ ! ਅੰਦਰ ਇਕ ਵੱਡਾ ਸਾਰਾ ਪੱਥਰ (ਸੰਗਿ-ਅਸਵਦ=ਕਾਲਾ ਪੱਥਰ) ਪਿਆ ਹੈ। ਤੁਰਕ ਕਹਿੰਦੇ ਹਨ, ਬੁੱਤ ਪ੍ਰਸਤੀ ਨਾ ਕਰੋ, ਪਰ ਆਪ ਸਾਰੇ ਜਾ ਕੇ ਉਸ ਨੂੰ ਸਿਰ ਨੁਆਉਂਦੇ ਹਨ। ਮਹਾਰਾਜ, ਇਸ ਦਾ ਅਰਥ ਸਮਝਾਉ।"

ਗੁਰੂ ਜੀ ਨੇ ਦੱਸਿਆ,

"ਉਮਾ ਅਰਧੰਗ ਜਾਂ ਕੀ ਪੂਰਬ ਪਿਨਾਕੀ ਲਿੰਗ,\
ਧਰਯੋ ਇਹ ਠੌਰ ਬਿਖੈ ਕਬੈ ਕੋ ਲਖੀਜਿਯੇ।......੮।"

(ਉਮਾ=ਪਾਰਬਤੀ, ਜਿਸ ਦੀ ਅਰਧੰਗੀ ਪਾਰਬਤੀ ਸੀ, ਜਿਸ ਦੇ ਹਥ ਵਿਚ ਪਿਨਾਕ=ਧਨਖ ਸੀ, ਉਸ ਸ਼ਿਵਜੀ ਦਾ ਲਿੰਗ ਕਿਸੇ ਏਥੇ ਲਿਆ ਧਰਿਆ ਸੀ।)

ਏਥੋਂ ਦਾ ਰਾਜਾ ਬੜਾ ਸਖ਼ਤ ਸੀ।

"ਮਹਾਂਦੇਵ ਕੋ ਲਿੰਗ ਤਿਨ, ਦੇਖਤ ਰਿਸ ਉਪਜਾਇ।\
ਨਿਜ ਸੇਵਕ ਕੋ ਇਵ ਕਹਯੋ, ਦੀਜੇ ਦੂਰ ਉਠਾਇ।੯।"

ਰਾਜੇ ਦੇ ਨੌਕਰ ਉਹ ਪੱਥਰ ਉਠਾਉਣ ਆਏ, ਤਾਂ ਉਸ ਵਿਚੋਂ ਅੱਗ ਭੜਕ ਉਠੀ, ਜਿਸ ਨੇ ਬਹੁਤ ਕੁਛ (ਨੱਗਰ ਆਦਿ) ਸਾੜ ਦਿਤਾ। (ਇਹ ਕਰਾਮਾਤ ਵੇਖ ਕੇ) ਹੁਕਮਰਾਨ ਪੱਥਰ ਸਾਮ੍ਹਣੇ ਆਣ ਝੁਕਿਆ। ਰਾਤ ਸੁਪਨੇ ਵਿਚ ਉਸ ਨੂੰ ਹੁਕਮ ਹੋਇਆ, ਕਿ ਏਥੇ ਮੇਰਾ ਮੰਦਰ ਬਨਾਉ, ਤੇ ਉਸ ਵਿਚ ਅੱਖਾਂ ਬੰਦ ਕਰਕੇ ਜਾਇਆ ਕਰੋ। ਰਾਜੇ ਨੇ ਉਸ ਥਾਂ ਤੇ ਇਹ ਮੰਦਰ ਬਣਵਾ ਦਿਤਾ।

Digitized by Panjab Digital Library | www.panjabdigilib.org

(ਕਵੀ ਜੀ ਇਹ ਸਾਬਤ ਕਰਨਾ ਚਾਹੁੰਦੇ ਹਨ, ਕਿ ਮੱਕਾ ਵੀ ਸ਼ਿਵਜੀ ਦਾ ਮੰਦਰ ਹੈ। ਇਤਿਹਾਸ ਤੋਂ ਅਗਿਆਨਤਾ।)

ਰਾਤ ਨੂੰ ਮਹਾਰਾਜ ਮੱਕੇ ਵੱਲ ਚਰਨ ਕਰ ਕੇ ਸੌਂ ਗਏ। ਤੜਕੇ ਜੀਵਨ ਝਾੜੂ ਦੇਣ ਆਇਆ। ਵੇਖ ਕੇ ਉਸ ਨੂੰ ਬਹੁਤ ਗੁੱਸਾ ਆਇਆ।

"ਲਾਤ ਪ੍ਰਹਾਰੀ ਪ੍ਰਭੂ ਕੋ, ਜੀਵਨ ਅਤਿ ਮਤਿ ਹੀਨ।
ਬਹੁ ਬੋਲਤ ਦਰਬਚਨ ਕੋ, ਔਰ ਨਰਨ ਸਮ ਚੀਨ।੧੬।"

ਗੁਰੂ ਜੀ ਨੇ ਅੱਗੋਂ ਬੜੀ ਨਰਮ ਸੁਰ ਵਿਚ ਕਿਹਾ,

"ਜਿਤ ਦਿਸ ਨਾਹੀ ਖੁਦਾਇ ਘਰ, ਤੈ ਜਾਨਯੋ ਮਨ ਮਾਹਿ।
ਕਰਹੁ ਮੁਲਾਨੇ ਤਿਤ ਦਿਸਾ, ਬਰਜਤ ਤੁਝ ਕੋ ਨਾਹਿ।੧੯।"

ਜੀਵਨ ਨੇ ਗੁੱਸੇ ਨਾਲ ਗੁਰੂ ਜੀ ਦੇ ਚਰਨ ਧੂਹ ਕੇ ਦੂਸਰੇ ਪਾਸੇ ਕਰ ਦਿਤੇ। ਮੱਕਾ ਵੀ ਕੇ ਫਿਰ ਓਸੇ ਪਾਸੇ ਹੋ ਗਿਆ। ਜੀਵਨ ਜਿਸ ਪਾਸੇ ਮਹਾਰਾਜ ਦੇ ਚਰਨ ਕਰੇ, ਮੱਕਾ ਓਸੇ ਪਾਸੇ ਹੋ ਜਾਇ। ਜੀਵਨ ਨੇ ਤੰਗ ਪੈ ਕੇ ਕਿਹਾ, 'ਤੂੰ ਉਠ ਕੇ ਨਮਾਜ਼ ਨਹੀਂ ਪੜ੍ਹਦਾ।"

ਗੁਰੂ ਜੀ ਉਠ ਬੈਠੇ, ਤੇ ਸਬਦ ਉਚਾਰਿਆ,

"ਪੰਜਿ ਨਿਵਾਜਾ ਵਖਤ ਪੰਜਿ, ਪੰਜਾ ਪੰਜੇ ਨਾਉ।.. ...।"

(ਮਾਝ, ਮ. ੧. ਪੰਨਾ ੧੪੧)

ਜੀਵਣ ਦੇ ਬੁਲਾਉਣ ਉਤੇ ਬਹੁਤ ਸਾਰੇ ਮੁਸਲਮਾਨ ਕੱਠੇ ਹੋ ਗਏ। ਉਹਨਾਂ ਕਿਹਾ, ਤੁਸਾਂ ਕਾਅਬੇ ਵੱਲ ਪੈਰ ਕਿਉਂ ਕੀਤੇ।

ਮਹਾਰਾਜ ਨੇ ਫਿਰ ਸਬਦ ਉਚਾਰਿਆ,

"ਮਿਹਰ ਮਸੀਤਿ ਸਿਦਕੁ ਮੁਸਲਾ, ਹਕੁ ਹਲਾਲੁ ਕੁਰਾਣੁ।......"

(ਮਾਝ, ਮ. ੧. ਪੰਨਾ ੧੪੦)

ਫਿਰ ਰੁਕਨਦੀਨ ਨੇ ਕਿਹਾ, ਕਿ ਤੁਸੀਂ ਖੁਦਾ ਦੇ ਪੈਗੰਬਰ ਨੂੰ ਕਿਉਂ ਨਹੀਂ ਮੰਨਦੇ।

ਮਹਾਰਾਜ ਨੇ ਕਿਹਾ, ਓਥੇ ਕਈ ਪੈਗੰਬਰ ਤੇ ਪੀਰ ਹਨ। ਰੱਬ ਵਾਲਿਆਂ ਨੂੰ ਉਹ ਨਹੀਂ ਰੋਕ ਸਕਦੇ।

ਮੁਲਾਣਿਆਂ ਪੁਛਿਆ, ਹਿੰਦੂ ਵੱਡਾ ਹੈ, ਜਾਂ ਮੁਸਲਮਾਨ।
ਅੱਗੋਂ ਗੁਰਦੇਵ ਨੇ ਉਤਰ ਦਿਤਾ,

"ਭਲੇ ਅਮਲ ਕੀਏ ਬਿਨਾ, ਜਾਹਿ ਨਰਕ ਕੋ ਦੋਇ।
ਦੇਹ ਰਹੈ ਈਹਾਂ ਪਰੀ, ਜਬ ਲੇਖਾ ਤਹਿ ਹੋਇ।੩੮।"

Digitized by Panjab Digital Library | www.panjabdigilib.org

# ਉਨਾਹਠਵਾਂ ਧਯਾਇ

ਗੁਰੂ ਜੀ ਸੁਲਤਾਨਪੁਰ

ਮੱਕੇ ਤੋਂ ਚੱਲ ਕੇ, ਬਾਰਾਂ ਦਿਨਾਂ ਵਿਚ ਮਹਾਰਾਜ ਮਦੀਨੇ ਪੁੱਜ ਗਏ। ਮੁਹੰਮਦ ਸਾਹਿਬ ਦੀ ਕਬਰ ਇਕ ਚਾਰ-ਦੀਵਾਰੀ ਵਿਚ ਹੈ। ਮਰਦਾਨੇ ਨਾਲ ਮਹਾਰਾਜ ਵੇਖਣ ਗਏ। ਮਜੌਰਾਂ ਰੋਕ ਦਿਤਾ, ਕਿ ਤੁਸੀਂ ਖੜਾਵਾਂ ਸਮੇਤ ਅੰਦਰ ਕਿਉਂ ਜਾ ਰਹੇ ਹੋ।

ਉਤਰ ਵਿਚ ਗੁਰੂ ਜੀ ਨੇ ਸਬਦ ਉਚਾਰਿਆ,

"ਮੁਕਾਮੁ ਕਰਿ ਘਰਿ ਬੈਸਣਾ, ਨਿਤ ਚਲਣੈ ਕੀ ਧੋਖ।..... ।"

(ਸਿਰੀ ਰਾਗ, ਮ. ੧. ਪੰਨਾ ੬੪)

(ਏਥੇ ਫਿਰ ਕਰਾਮਾਤ ਦੱਸੀ ਹੈ।)

"ਸਬਦ ਪਢਯੋ ਸ੍ਰੀ ਬਦਨ ਜਬ, ਨਿਵੀ ਗੋਰ ਪਦ ਓਰ।
ਨਮਸਕਾਰ ਕਰ ਪੁਨ ਹਟੀ, ਠਹਿਰਾਨੀ ਨਿਜ ਠੌਰ ।੧੩।

ਕਬਰ ਮਹਾਰਾਜ ਦੇ ਚਰਨਾਂ 'ਤੇ ਝੁਕੀ ਵੇਖ ਕੇ ਮਜੌਰ ਵੀ ਝੁਕ ਗਏ। ਗੁਰੂ ਜੀ ਨੇ ਉਹਨਾਂ ਨੂੰ ਬੰਦਗੀ ਕਰਨ ਦਾ ਉਪਦੇਸ਼ ਕੀਤਾ।

"ਸੁਨ ਕਰ ਸਬ ਹਰਖਾਇ ਕੈ, ਜਾਚੀ ਚਰਨ ਖਰਾਵ।
ਹਿਤ ਪੂਜਨ ਕੇ ਤਿਹ ਰਖੀ, ਹੁਤੀ ਗੋਰ ਜਿਹ ਥਾਵ ।੧੯।"

(ਮਗਰ ਭਾਈ ਗੁਰਦਾਸ ਜੀ ਮੱਕੇ ਵਿਚ ਖੜਾਂਵ ਨਸ਼ਾਨੀ ਵਜੋਂ ਰੱਖੀ ਮੰਨਦੇ ਹਨ। ਵੇਖੋ ਵਾਰ ੧/੩੪।

"ਧਰੀ ਨੀਸਾਣੀ ਕਉਸ ਦੀ, ਮਕੇ ਅੰਦਰਿ ਪੂਜ ਕਰਾਈ।")

ਹਜ਼ੂਰ ਮਦੀਨੇ ਤੋਂ ਫਿਰ ਵਾਪਸ ਮੱਕੇ ਆ ਬੈਠੇ। ਏਨੇ ਤਕ ਭੱਖਰ (ਸੱਖਰ) ਦੇ ਹਾਜੀ ਵੀ ਆ ਪੁੱਜੇ। ਉਹਨਾਂ ਪੁੱਛਿਆ, ਗੁਰੂ ਜੀ ਏਥੇ ਕਦੋਂ ਦੇ ਆਏ ਹਨ। ਮੱਕੇ ਵਾਲਿਆਂ ਦੱਸਿਆ, ਇਕ ਸਾਲ ਹੋ ਗਿਆ ਹੈ। ਸੱਖਰ ਵਾਲਿਆਂ ਕਿਹਾ, ਫਿਰ ਇਹ ਸਾਨੂੰ ਵੀ ਕਰਾਮਾਤ ਵਿਖਾਵੇ, ਏਥੇ ਪਾਣੀ ਦੇਵੇ। ਗੁਰੂ ਜੀ ਨੇ ਹੱਥ ਵਾਲੀ ਸੋਟੀ ਕਾਅਬੇ ਵੱਲ ਦੀ ਕੰਧ ਵਿਚ ਮਾਰੀ, ਤਾਂ ਉਥੋਂ ਪਾਣੀ ਦੀ ਧਾਰ ਫੁੱਟ ਨਿਕਲੀ।

(ਸੋਟੀ ਮਾਰਿਆਂ ਪਾਣੀ ਦੀ ਧਾਰ ਨਿਕਲ ਪਈ। ਓਹਾ ਚੰਦ ਦੇ ਟੁਕੜੇ ਹੋਣ ਵਾਲੀ ਕਰਾਮਾਤ। ਫਿਰ ਕਵੀ ਜੀ ਕਾਅਬੇ ਦੀ ਕਰਾਮਾਤ ਇਸ ਕਾਰਨ ਮੰਨਦੇ ਹਨ, ਕਿ ਉਹ ਸ਼ਿਵਲਿੰਗ ਮੰਦਰ ਹੈ।)

"ਸ੍ਰੀਗੁਰੁ ਬੋਲੇ ਕਲਾ ਨਿਧਿ, ਇਹ ਸ਼ਿਵਲਿੰਗ ਸਥਾਨ।
ਯਾ ਮਹਿ ਬਰਕਤ ਵਡੀ ਹੈ, ਚਹਤ ਜੁ ਦੇਤ ਸੁ ਦਾਨ ।੨੯।
ਆਨਹਿ ਆਬ ਫਰੇਸਤੇ, ਗੁਸਲ ਕਰਾਵਹਿ ਲਿੰਗ।
ਸੋਊ ਨਿਕਸਯੋ ਵਹਿਰ ਕੋ, ਉਜੂ ਕਿਯੋ ਜਿਹ ਸੰਗ ।੨੦।"

Digitized by Panjab Digital Library | www.panjabdigilib.org

(ਕੀ ਇਸ ਤਸ਼ਰੀਹ ਨੂੰ ਵਿੱਦਵਾਨ ਮੁਸਲਮਾਨ ਵੀ ਮੰਨ ਲੈਣਗੇ ?)

ਫਿਰ ਦੂਸਰੀ ਖੜਾਂਵ ਕਾਅਬੇ ਵਿਚ ਨਸ਼ਾਨੀ ਧਰੀ।

"ਦੂਸਰੀ ਕੌਸ ਲਈ ਧਰੀ ਕਾਬੇ ਮੈ, ਪੂਜਤ ਤਾਂਹਿ ਸਬੈ ਤੁਰਕਾਨਾ।...੩੫।"

ਸੰਧਿਆ ਵੇਲੇ ਗੁਰੂ ਜੀ ਨੇ ਕਿਹਾ, 'ਮਰਦਾਨਿਆਂ ਭੈਣ ਨਾਨਕੀ ਜੀ ਨੇ ਯਾਦ ਕੀਤਾ ਹੈ, ਚੱਲ, ਸੁਲਤਾਨਪੁਰ ਚੱਲੀਏ।'

ਬੱਸ, ਇਕ ਘੜੀ ਰਾਤ ਜਾਂਦੀ ਤਕ ਹਜ਼ੂਰ ਸੁਲਤਾਨਪੁਰ ਆ ਪਹੁੰਚੇ। (ਏਨੀ ਦੇਰ ਕਿਉਂ ? ਇਕ ਛਿਨ ਵਿਚ ਕਿਉਂ ਨਹੀਂ ?) ਉਹ ਰਾਤ ਮਹਾਰਾਜ ਬੇਬੇ ਨਾਨਕੀ ਦੇ ਘਰ ਰਹੇ। ਸਿਰੀ ਚੰਦ ਤੇ ਜੈਰਾਮ ਨੂੰ ਮਿਲੇ। ਤੇ ਦਿਨ ਚੜ੍ਹਦੇ ਨੂੰ ਹਜ਼ੂਰ ਫਿਰ ਮੱਕੇ ਆ ਪੁੱਜੇ।

(ਓਹਾ ਨਹਿਲੇ 'ਤੇ ਦਹਿਲਾ। ਸ਼ਬਿ ਮਿਅਰਾਜ ਵਾਲੀ ਕਹਾਣੀ। ਜਨਮਸਾਖੀਆਂ ਲਿਖਣ ਵਾਲਿਆਂ ਸੋਚਿਆ, ਜੇ ਮੁਹੰਮਦ ਸਾਹਿਬ ਇਕ ਰਾਤ ਵਿਚ ਸੱਤਵੇਂ ਅਸਮਾਨ 'ਤੇ ਖ਼ੁਦਾ ਦੇ ਦਰਸ਼ਨ ਕਰਕੇ ਵਾਪਸ ਆ ਸਕਦੇ ਹਨ, ਤਾਂ ਗੁਰੂ ਜੀ ਸੁਲਤਾਨ-ਪੁਰੋਂ ਹੋ ਕੇ ਵਾਪਸ ਮੱਕੇ ਨਹੀਂ ਜਾ ਸਕਦੇ ? ਏਸੇ ਤਰ੍ਹਾਂ ਅੰਧਵਿਸ਼ਵਾਸ ਸੱਚੇ ਇਤਿਹਾਸ ਨੂੰ ਮਿਥਹਾਸ ਬਣਾ ਦੇਂਦਾ ਹੈ।)

ਮੱਕੇ ਤੋਂ ਸਿਧੇ ਗੁਰੂ ਜੀ ਸੁਮੇਰ ਪਰਬਤ ਵੱਲ ਤੁਰ ਪਏ। ਰਸਤੇ ਵਿਚ ਸੋਨੇ ਦੀ ਧਰਤੀ ਆਈ, ਜਿੱਥੇ ਸੁੰਦਰ ਰਸ ਦੀ ਨਦੀ ਵਹਿ ਰਹੀ ਸੀ, ਪਰ ਆਦਮੀ ਕੋਈ ਨਹੀਂ ਸੀ। ਗੁਰੂ ਜੀ ਦੀ ਆਗਿਆ ਨਾਲ ਮਰਦਾਨੇ ਨੇ ਉਹ ਰਸ ਪੀ ਲਿਆ।' ਤਾਂ ਉਹ ਵੀ ਬਿਦੇਹੀ ਹੋ ਗਿਆ।

"ਲੇ ਕਰ ਆਇਸ ਸ੍ਰੀ ਗੁਰੂ ਕੀ ਤਬ, ਪੀਵਤ ਭਾ ਰਸ ਸੋ ਮਰਦਾਨਾ।
ਹੋਇ ਬਿਦੇਹਿ ਗਯੋ ਛਿਨ ਤਾਂ ਦਸਵੇਂ ਦਰ ਜਾਇ ਲਗਾ ਸੁਭ
ਧਯਾਨਾ।......੫੫।"

(ਲਉ, ਮਰਦਾਨੇ ਦਾ ਰੋਗ ਵੀ ਕੱਟਿਆ ਗਿਆ।)

"ਭੂਖ ਪਿਆਸ ਗਈ ਤਨ ਤੇ ਪੁਨ ਤਾਂ ਦਿਨ ਤੇ ਨਹਿ ਸੋ ਕਬ ਹੋਈ।...੬੦।"

## ਸੱਠਵਾਂ ਧਯਾਇ

### ਸੁਮੇਰ ਉਤੇ ਸਿੱਧਾਂ ਨਾਲ ਚਰਚਾ

ਭਰਥਰੀ ਨੇ ਗੋਰਖ ਨੂੰ ਗੁਰੂ ਨਾਨਕ ਬਾਰੇ ਦੱਸਿਆ, ਕਿ ਜੇ ਆਪ ਉਹਨਾਂ ਨੂੰ ਆਪਣੇ ਮੱਤ ਵਿਚ ਲੈ ਲਾਓ, ਤਾਂ ਬੜਾ ਜੱਸ ਹੋਵੇਗਾ।

ਗੁਰੂ ਜੀ ਸਿੱਧੇ ਹਿਮਾਲੀਆ ਪਰਬਤ 'ਤੇ ਆ ਪੁੱਜੇ। ਅੱਗੇ ਗੋਰਖ ਮਿਲ ਪਿਆ। ਉਹਨੇ ਕਿਹਾ, ਤੁਸੀਂ ਕੌਣ ਹੋ। ਕਿੱਥੋਂ ਆਏ ਹੋ। ਪੂਰਾ ਗੁਰੂ ਧਾਰਨ ਕਰੋ, ਤਾਂ

Digitized by Panjab Digital Library | www.panjabdigilib.org

ਅੱਗੇ ਜਾ ਸਕੋਗੇ।

ਅੱਗੋਂ ਗੁਰੂ ਜੀ ਨੇ ਕਿਹਾ,

"ਦੁਖ ਸੁਖ ਜਾਨ ਸਮ, ਆਏ ਇਹ ਥਾਨ ਚਲ,
ਗੁਰੂ ਏਕੰਕਾਰ ਜਾਂ ਕੇ ਨਹੀ ਹੈ ਸਮਾਨ ਕੋ।......੧੭।"

ਗੋਰਖ ਨੇ ਮਹਾਰਾਜ ਨੂੰ ਡਰਾਉਣ ਧਮਕਾਉਣ ਦਾ ਬੜਾ ਯਤਨ ਕੀਤਾ। ਜਿਸ ਸਿਲ ਉਤੇ ਮਹਾਰਾਜ ਬੈਠੇ ਸਨ, ਗੋਰਖ ਨੇ ਉਹ ਉਡਾਉਣ ਦਾ ਬੜਾ ਚਾਰਾ ਕੀਤਾ, ਪਰ ਸਿਲ ਆਪਣੇ ਥਾਂ ਤੋਂ ਹਿੱਲੀ ਤਕ ਨਾ।

ਗੋਰਖ ਨੇ ਸੋਚਿਆ, ਕਿ ਇਹ ਬਲੀ ਮੇਰਾ ਚੇਲਾ ਬਣ ਜਾਵੇ, ਤਾਂ ਮੇਰਾ ਪ੍ਰਤਾਪ ਬਹੁਤ ਵਧੇ। ਉਹਨੇ ਸਿੱਧ ਮੰਡਲੀ ਵਿਚ ਇਹ ਗੱਲ ਜਾ ਕਹੀ।

ਮਰਦਾਨੇ ਪੁੱਛਿਆ, 'ਮਹਾਰਾਜ! ਸੂਰਜ ਨਹੀਂ ਦਿਸਦਾ।'

"ਸਵਿਤਾ[1] ਨਹਿ ਦੀਸਤ ਹੈ ਕਰਨਾ ਨਿਧ, ਜੌ ਹਮ ਊਰਧ[2] ਓਰ ਨਿਹਾਰੈ।
ਗੁਰੁ ਭਾਖਤ ਨੀਚੇ ਕੋ ਡੀਠ ਕਰੋ, ਪਸਚਾਤ[3] ਦਿਸਾ ਹੂੰ ਕੀ ਓਰ ਪਧਾਰੈ।੨੫।"

ਫਿਰ ਮਰਦਾਨਾ ਪੁਛਦਾ ਹੈ, ਚੰਦ ਤੇ ਸੂਰਜ ਧਰਤੀ ਤੋਂ ਕਿੰਨੇ ਦੂਰ ਹਨ?

ਗੁਰੂ ਜੀ ਨੇ ਫ਼ੁਰਮਾਇਆ,

"ਜੋਜਨ ਲਾਖ ਲਖੋ ਉਰ ਮੈ ਧਰ ਊਚੇ ਇਤੋ ਰਵਿ ਕੋ ਰਥ ਜਾਈ।
ਹੈ ਤਿਤਨੋ ਤਿਸਤੇ ਸਸਿ* ਊਰਖ, ਤਾਰਨ ਕੀ ਮਿਰਜਾਦ ਨ ਕਾਈ।
ਉਚੇ ਅਧੋ ਤਿਨ ਕੇ ਪੁਰ ਹੈ ਸਬ ਕੇ ਸਿਰ ਊਪਰ ਧ੍ਰੂਅ ਸੁਹਾਈ।...੨੭।"

(ਸੂਰਜ ਦੀ ਦੂਰੀ ਚਾਰ ਲੱਖ ਕੋਹ ਦੱਸਣਾ, ਚੰਦ [*ਸਸਿ] ਨੂੰ ਸੂਰਜ ਨਾਲੋਂ ਵੀ ਉੱਚਾ ਦੱਸਣਾ ਵਿਗਿਆਨਕ ਭੁੱਲ ਹੈ।)

ਗੁਰੂ ਜੀ 'ਊਨਾ' ਨਾਮ ਦੇ ਪਹਾੜ 'ਤੇ ਜਾ ਬੈਠੇ।

ਓਧਰ ਗੋਰਖ ਨੇ ਸਿੱਧਾਂ ਨੂੰ ਵੰਗਾਰਿਆ, ਕਿ ਕਰਾਮਾਤ ਵਿਖਾ ਕੇ ਗੁਰੂ ਜੀ ਨੂੰ ਆਪਣੇ ਪੰਥ ਵਿਚ ਲਿਆਵੇ।

ਮਛਿੰਦਰ ਨੇ ਤੜ੍ਹ ਮਾਰੀ, ਕਿ ਮੈਂ ਗੁਰੂ ਜੀ ਨੂੰ ਜਿੱਤ ਕੇ ਲਿਆਉਂਦਾ ਹਾਂ।

ਮਛਿੰਦਰ ਨੇ ਆ ਕੇ ਮਹਾਰਾਜ ਨੂੰ ਧਮਕੀ ਭਰੀ ਸੁਰ ਵਿਚ ਕਿਹਾ, 'ਅੱਗੇ ਜਾਣਾ ਹੈ, ਤਾਂ ਸਾਡਾ ਜੋਗ ਧਾਰਨ ਕਰੋ, ਨਹੀਂ ਤਾਂ ਤੁਹਾਡੀ ਖ਼ੈਰ ਨਹੀਂ।'

ਗੁਰੂ ਜੀ ਨੇ ਕਿਹਾ, 'ਅਸੀਂ ਤੁਹਾਡਾ ਮੱਤ ਧਾਰਨ ਕਰਨ ਵਾਸਤੇ ਨਹੀਂ, ਸਗੋਂ ਤੁਹਾਨੂੰ ਉਪਦੇਸ਼ ਕਰਨ ਵਾਸਤੇ ਆਏ ਹਾਂ। ਜਿਥੋਂ ਤਕ ਸਾਡੀ ਇੱਛਿਆ ਹੋਵੇਗੀ ਅਸੀਂ ਜਾਵਾਂਗੇ।'

ਅੱਗੋਂ ਮਛਿੰਦਰ ਨੇ ਗੁੱਸੇ ਨਾਲ ਸਵਾਲ ਕੀਤਾ,

"ਐਸੇ ਸੁਨ ਬੈਨ, ਰਿਸ† ਕੀਨੀ, ਬਿਨ ਚੈਨ ਭਏ,

1. ਸੂਰਜ। 2. ਉੱਚਾ, ਉਪਰ। 3. ਪੱਛਮ। †ਕ੍ਰੋਧ, ਈਰਖਾ।

Digitized by Panjab Digital Library | www.panjabdigilib.org

ਆਰਨ[1] ਦੋ ਨੈਨ, ਮੁਖ ਬਚਨ ਬਖਾਨਿਯਾਂ।
ਕੇਤੇ ਦਿਨ ਰਾਤ ਸ੍ਵਾਸ, ਕੇਤੀ ਨਸਾ ਮੱਧ ਮਾਸ,
ਅੰਗੁਰੀ ਕੈ ਤਾਂਕ ਮੁਖ, ਕੈਸੇ ਸੰਧਿ ਜਾਨਿਯਾ।
ਕੋਠਰੀ ਕੈ, ਰੋਮ ਕੇਤੇ, ਪੱਲਵ[2] ਕੇ ਤਿਲੀ ਕਹੋ,
ਕਾਰਜਾ ਕੈ ਅੰਗੁਰੀ, ਬਤਾਇ ਪਹਿਚਾਨਿਯਾ।
ਦੇਹੀ ਕੋ ਬ੍ਰਿਤਾਂਤ ਕਹੋ, ਜੇ ਤੂੰ ਆਗੈ ਜਾਇ ਚਹੋ।
ਭੂਲ ਜੇ ਹੈ ਕਹੋ, ਨਹਿ ਕਰੋਂ ਤੋਰ ਹਾਨਿਯਾ।੪੩।"

ਅੱਗੋਂ ਗੁਰੂ ਜੀ ਨੇ ਉਤਰ ਦਿਤਾ,

"ਬਿੰਸਤ ਚਤਰ[3] ਹੈਂ ਹਜਾਰ ਦਿਨ ਰਾਤ ਸ੍ਵਾਸ,
ਨੌ ਸੈ ਨਸ[4], ਕੋਠਰੀ ਬਹੱਤ੍ਰ ਪ੍ਰਮਾਨਿਯੇ।
ਅੰਗੁਰੀ ਚਤੁਰ[5] ਮੁਖ ਤਾਕ, ਨੀਲ[6] ਕੋਟ[7] ਰੋਮ,
ਸੋਲਾਂ ਸੈ ਹੈ ਸੰਧਿ[8], ਤਿਲੀ ਪਲਵ ਬਾਰਾਂ ਜਾਨਿਯੇ।
ਆਂਗੁਰੀ ਕਰੇਜੋ[9] ਆਠ, ਐਸੋ ਦੇਹਿ ਠਾਟ[10] ਸਬ,
ਬੂਝਬੇ ਕੀ ਚਾਹਿ ਔਰ, ਮੋਹੂ ਸੋ ਬਖਾਨਿਯੇ।
ਰਾਜ ਦੰਤ, ਮ੍ਰਿਗ ਸਿੰਗ, ਡਰੈ ਨ ਡਰਾਏ ਤਾਂ ਕੇ,
ਕੇਹਰੀ[11] ਅਤੋਲ ਬਲ, ਹੋਇ ਕੈਸੇ ਹਾਨਿਯੇ।੪੪।"

(ਸਰੀਰ ਦੀ ਬਣਤਰ ਬਾਰੇ ਤਾਂ ਕੋਈ ਵਿੱਦਵਾਨ ਡਾਕਟਰ ਹੀ ਰਾਏ ਦੇ ਸਕਦਾ ਹੈ। ਪਰ ਇਹ ਮੰਨਣਾ ਪਵੇਗਾ, ਕਿ ਜਿਸ ਸਮੇਂ ਸ਼ਾਸਤਰ ਲਿਖੇ ਗਏ, ਉਦੋਂ ਭਾਰਤ ਵਿਚ ਸਰਜਰੀ ਦਾ ਗਿਆਨ ਕਾਫ਼ੀ ਸੀ।)

ਫਿਰ ਲੁਹਰੀਪਾ ਆ ਗਿਆ। ਉਹਨੇ ਸਵਾਲ ਕੀਤਾ,

"ਖਾਇ ਰਿਸ ਬੋਲਯੋ ਜੋਗਿ, ਓਜ[12] ਝਕਕੋਲਯੋ ਨਿਜ,
ਕੇਤੇ ਚਕ੍ਰ ਭੇਦੇ, ਕੇਤੀ ਪਾਂਖੁਰੀ ਹੈ ਤਾਂਹਿ ਕੀ।
ਦੇਹੀ ਕਿਤੀ ਪੌਨ ਤ੍ਰਿਪਤਾਵੇ ਧਾਰ ਕੌਨ, ਔਰ
ਪੰਜ ਤੱਤ ਕਹੋ, ਜੋ ਰਿਖੀਕ[13] ਪੰਚ ਜਾਹਿ ਕੀ।
ਗੁਨ ਔ ਸੁਭਾਇ ਸਭ ਤੱਤਨ ਕੇ ਕਹੋ ਅਬ,
ਪ੍ਰਥਕ ਪ੍ਰਕ੍ਰਿਤ ਬਿਧਿ ਸਬੈ ਦੇਹਿ ਮਾਂਹਿ ਕੀ।

---

1. ਲਾਲ। 2. ਪੱਤੇ। ਉਂਗਲੀਆਂ (ਏਥੇ ਅਰਥ ਉਂਗਲੀਆਂ) 3. ਚੌਵੀ ਹਜ਼ਾਰ। 4. ਨਾੜੀਆਂ। 5. ਚਾਰ। 6. ਨੀਲ (ਗਿਣਤੀ ਇਉਂ ਹੈ : ਇਕਾਈ, ਦਹਾਈ, ਸੈਂਕੜਾ, ਹਜ਼ਾਰ, ਲੱਖ, ਕਰੋੜ, ਅਰਬ, ਖਰਬ ਨੀਲ=ਇਕ ਨੀਲ ੧0000000000000। 7. ਕਰੋੜ। 8. ਜੋੜ। 9. ਕਲੇਜਾ। 10. ਬਣਤਰ, ਬਨਾਵਟ। 11. ਕੇਹਰ=ਸ਼ੇਰ। (ਹਾਥੀ ਦੇ ਦੰਦਾਂ ਤੇ ਮਿਰਗ ਦੇ ਸਿੰਙਾਂ ਤੋਂ ਸ਼ੇਰ ਨਹੀਂ ਡਰਦਾ।) 12. ਬਲ। 13. ਇੰਦਰੀਆਂ, ਨੇਤਰ ਆਦਿ।

Digitized by Panjab Digital Library | www.panjabdigilib.org

ਉਤ੍ਰ ਬਤਾਵੋ ਤਊ ਆਗੇ ਚਲ ਜਾਵੋ ਤੁਮ,
ਨਾ ਤੋ ਉਪਦੇਸ਼ ਲੀਜੈ, ਤਜੋ ਮਤਿ ਕਾਹਿ ਕੀ ।੪੮।'

ਗੁਰੂ ਜੀ ਨੇ ਉੱਤਰ ਦਿਤਾ,

"ਮੂਲ ਕੋ ਕਮਲ ਦਲ[1] ਚਾਰ ਹੈ ਅਮਲ[2] ਲਾਲ,
ਨਾਭਿ ਤਲੇ ਖਟ ਦਲ ਪੀਰੋ ਰੰਗ ਜਾਨਿਯੇ ।
ਨਾਭਿ ਮੈ ਦਸਮ ਦਲ ਨੀਲ ਰੰਗ ਸੋਹੈ ਜਾਂ ਕੋ,
ਰਿਦੇ ਦਲ ਦ੍ਵਾਦਸ ਕੇ ਸੇਤਿ ਪਹਿਚਾਨੀਯੇ ।
ਕੰਠ ਕੋ ਕਮਲ ਦਲ ਸੋਲਹੈ ਅਮਲ ਭੇਦ,
ਤ੍ਰਿਕੁਟੀ ਮੈ ਦੋਇ ਦਲ ਧਾਮ ਸੁਖਦਾਨਿਯੇ ।
ਭੇਦ[3] ਇਨ ਜਾਇ ਖਟ ਚੱਕ੍ਰ ਜੋ ਅਲਾਇ,
ਦਸ ਦ੍ਵਾਰ ਠਹਿਰਾਇ ਬਾਇ ਐਸੀ ਬਿਧਿ ਮਾਨਿਯੇ ।੪੯।
ਪੌਨ ਦਸ, ਸੁਨੋ ਨਾਮ, ਪ੍ਰਾਨ ਹੈ ਅਪਾਨ ਦੋਊ,
ਜਾਨਿਯੇ ਸਮਾਨ, ਉਦਿਆਨ ਹੈ ਬਿਆਨ ਸੋ ।
ਨਾਗ, ਔਰ ਕੂਰਮ, ਕ੍ਰਿਕਲ, ਦੇਵਦਤ ਲਖੋ,
ਦਸਵੀਂ ਧਨੰਜੈ ਨਾਮ ਕਰਤ ਬਖਾਨ ਸੋ ।
ਪ੍ਰਾਨ ਰਹੈ ਰਿਦੈ ਮਾਂਹਿ, ਗੁਦਾ ਮੈ ਅਪਾਨ ਜਾਨ,
ਨਾਭ ਮੈ ਸਮਾਨ, ਕੰਠ ਬਿਖੈ ਉਦਿਆਨ ਸੋ ।
ਬਯਾਪਕ ਬਯਾਨ ਤਨ ਨਾਗ ਉਦਗਾਰ[4] ਕਰੈ,
ਕੂਰਮ ਸੋ ਲੋਚਨ ਕੀ ਪਲਕ ਖੁਲ੍ਹਾਨ ਸੋ ।੫੦।
ਕ੍ਰਿਕਲ ਉਪਾਇ ਛੁਧਾ, ਦੇਵਦੱਤੁ ਜੰਭਣੇ[5] ਕੀ,
ਮ੍ਰਿਤਿ ਭੇ ਧਨੰਜੈ ਰਹੈ ਏਹੀ ਦਸ ਪ੍ਰਾਨ ਸੋ ।
ਨਿਝਰ ਚੁਆਇ ਧਾਰ ਤਾਂਹੀ ਤੇ ਅਘਾਇ ਰਹੈ,
ਕਹੋਂ ਅਬ ਪੰਚ ਤੱਤ, ਸੁਨਿਯੇ ਸੁਜਾਨ ਸੋ ।
ਖੰਨਿ[6], ਪੌਨਿ, ਬੰਨ੍ਹਿ[7], ਪਾਨੀ, ਛੋਨੀ[8], ਪੰਚ ਤੱਤ ਗੁਨ,
ਸਬਦ, ਸਪਰਸ, ਰੂਪ, ਰਸ, ਗੰਧ, ਮਾਨ ਸੋ ।
ਨਭ, ਕਾਨ, ਪੌਨ ਤੁਚਾ, ਪਾਵਕ ਕੀ ਨੈਨ ਜਾਨ,
ਜੀਹ ਪਾਨੀ ਘ੍ਰਾਨ ਛਿਤਿ[8] ਪੰਚ ਇੰਦ੍ਰੀ ਗਯਾਨ ਸੋ ।੫੧।
ਏਕ ਏਕ ਤੱਤ ਤਾਂਕੀ ਪੰਚ ਹੈ ਪ੍ਰਕ੍ਰਿਤਿ ਭਈ,
ਲੋਭ ਮੋਹ ਅਹੁੰ ਦੁਖ ਪ੍ਰੀਤ ਨਭ ਜਾਨਿਯੇ ।

---

1. ਕਮਲ ਫੁੱਲ । 2. ਮੈਲ ਤੋਂ ਰਹਿਤ, ਰੰਗ । 3. ਭੇਦ ਕੇ=ਵਿੰਨ੍ਹ ਕੇ । 4. ਡਕਾਰ ਆਉਣਾ । 5. ਉਬਾਸੀ । 6. ਅਗਨੀ । 7. ਆਕਾਸ । 8. ਪ੍ਰਿਥਵੀ ।

Digitized by Panjab Digital Library | www.panjabdigilib.org

ਬਲ ਕੋ ਕਰਨ ਅਰ ਧਾਵਨ ਪਸਾਰਨ,
ਸੰਕੋਚ, ਦੇਹਿ ਬਧੈ ਸੁ ਸਮੀਰ ਪਹਿਚਾਨਿਯੇ ।
ਨੀਂਦ ਔ ਜੰਕ੍ਰਾਤਿ ਭੂਖ ਪਯਾਸ ਹੋਇ ਆਲਕ ਸੋ,
ਅਗਨਿ ਕੇ ਤੱਤ ਕੀ ਪ੍ਰਕ੍ਰਿਤ ਇਹ ਪ੍ਰਮਾਨਿਯੇ ।
ਰਕਤ ਪਸੀਨਾ, ਪਿਤ, ਕਫ, ਬਿੰਦ, ਨੀਰ, ਹੂੰ ਕੀ,
ਚਾਮ, ਹਾਡ, ਮਾਸ, ਨਾੜੀ, ਰੋਮ, ਛਿਤਿ ਭਾਨਿਯੇ ।੫੨।
ਪੰਚ ਤੱਤ ਕੋ ਕੋਟ[1] ਮਹਿੰ ਪਚੀਸ ਹੈ ਪ੍ਰਕ੍ਰਿਤ ।
ਜੀਉ[2] ਬਸੇਰਾ ਤਹਿ ਕਿਯੋ, ਸੁਨ ਲੁਹਰੀਪਾ ਮਿਤ ।੫੩।"

(ਹੁਣ ੪੮ ਛੰਦ ਤੋਂ ੫੩ ਤਕ ਦੇ ਅਰਥ ਕਰਦੇ ਹਾਂ । ਸਭ ਸਰੀਰ ਦੀ ਵਿਆਖਿਆ ਹੈ ।)

ਲਹੁਰੀਪਾ ਸਰੀਰ ਨੂੰ ਹਲੂਣ ਕੇ ਗੁੱਸੇ ਨਾਲ ਬੋਲਿਆ । ਸਰੀਰ ਵਿਚ ਕਿੰਨੇ ਚੱਕਰ ਹਨ ? ਦੇਹੀ ਵਿਚ ਕਿੰਨੇ ਪ੍ਰਾਣ (ਪੌਣ) ਹਨ ? ਪੰਜ ਤੱਤ, ਉਹਨਾਂ ਦੇ ਵੱਖ ਵੱਖ ਗੁਣ ਤੇ ਸੁਭਾਉ ਕੀ ਹਨ ? ਤੱਤਾਂ ਦੀਆਂ ਪ੍ਰਕ੍ਰਿਤੀਆਂ ਕੀ ਕੀ ਹਨ ?

ਗੁਰੂ ਜੀ ਨੇ ਉੱਤਰ ਵਿਚ ਕਿਹਾ, ਜੋਗੀਆਂ ਦੇ ਮੱਤ ਅਨੁਸਾਰ ਸਰੀਰ ਵਿਚ ਛੇ ਚੱਕਰ ਹਨ ।[3] ੳ. ਮੂਲਾਧਾਰ ਗੁਦਾ ਮੰਡਲ ਦਾ ਚੱਕਰ ਹੈ, ਜਿਸ ਵਿਚ ਉੱਪਰ ਮੁੱਖ ਵਾਲਾ ਚਾਰ ਪੰਖੜੀ ਦਾ ਪੀਲੇ ਰੰਗ ਦਾ ਕਮਲ ਹੈ ।

ਅ. ਸ੍ਵਾਧਿਸ਼ਟਾਨ : ਲਿੰਗ ਦੇ ਮੂਲ ਵਿਚ ਹੈ, ਜਿਸ ਵਿਚ ਲਾਲ ਰੰਗ ਦਾ ਉਪਰ ਨੂੰ ਮੁੱਖ ਵਾਲਾ ਛੇ ਪੰਖੜੀ ਦਾ ਕਮਲ ਹੈ ।

ੲ. ਮਣਿਪੂਰਕ ਚਕ੍ਰ : ਨਾਭਿ (ਧੁੰਨੀ) ਦੇ ਮੂਲ ਵਿਚ ਹੈ, ਜੋ ਨੀਲੇ ਰੰਗ ਦਾ ਉਪਰ ਨੂੰ ਮੂੰਹ ਵਾਲਾ ਦਸ ਪੱਤੀਆਂ ਦਾ ਕਮਲ ਹੈ ।

ਸ. ਅਨਾਹਤ ਚਕ੍ਰ : ਬਾਰਾਂ ਪੱਤੀਆਂ ਵਾਲਾ ਸੋਨੇ ਰੰਗਾ ਕਮਲ ਹਿਰਦੇ ਵਿਚ ਹੈ ।

ਹ. ਵਿਸ਼ੁਧ ਚਕ੍ਰ : ਉਪਰ ਮੁਖ ਵਾਲਾ ਲਾਲ ਰੰਗ ਦਾ ਸੋਲਾਂ ਪੱਤੀਆਂ ਵਾਲਾ ਕਮਲ ਕੰਠ ਵਿਚ ਹੈ ।

ਕ. ਆਗਿਆ ਚਕ੍ਰ : ਭੌਹਾਂ ਦੇ ਵਿਚਕਾਰ (ਤ੍ਰਿਕੁਟੀ ਵਿਚ) ਦੋ ਪੰਖੜੀਆਂ ਵਾਲਾ ਉਪਰ ਮੁਖ ਵਾਲਾ ਸਫ਼ੈਦ ਕਮਲ ਹੈ ।

(ਇਸ ਤੋਂ ਉਪਰ 'ਦਸਮ ਦਵਾਰ' ਮੰਨਿਆ ਹੈ, ਹਜ਼ਾਰ ਪੰਖੜੀ ਵਾਲਾ ਸਫ਼ੈਦ ਕਮਲ, ਜਿਸਨੂੰ ਜੋਤਿ ਸਰੂਪ ਦਾ ਸਿੰਘਾਸਣ ਮੰਨਦੇ ਹਨ ।)

ਅੱਗੇ ਦਸ ਪ੍ਰਾਣ (ਪੌਣ, ਪਵਣ) ਮੰਨੇ ਹਨ । ੳ. ਪ੍ਰਾਨ, ਹਿਰਦੇ ਵਿਚ । ਅ. ਅਪਾਨ, ਗੁਦਾ ਵਿਚ । ੲ. ਸਮਾਨ, ਨਾਭੀ ਵਿਚ । ਸ. ਉਦਿਆਨ, ਕੰਠ ਵਿਚ

---

1. ਸਰੀਰ । 2. ਜੀਵ । 3. ਮਹਾਨ ਕੋਸ਼, ਪੰਨਾ ੨੭੩ ।

Digitized by Panjab Digital Library | www.panjabdigilib.org

ਹ. ਬਯਾਨ, ਸਾਰੇ ਸਰੀਰ ਵਿਚ। ਕ. ਨਾਗ, ਜਿਸਦੇ ਕਾਰਨ ਡਕਾਰ ਆਉਂਦਾ ਹੈ। ਖ. ਕੂਰਮ, ਨੇਤਰਾਂ ਨੂੰ ਖੋਲ੍ਹਣ ਵਾਲੀ। ਗ. ਕ੍ਰਿਕਲ, ਭੁੱਖ ਲਾਉਣ ਵਾਲੀ। ਘ. ਦੇਵਦਤ, ਉਬਾਸੀ ਲਿਆਉਣ ਵਾਲੀ। ਙ. ਧਨੰਜੈ, ਮਰਨ ਪਿੱਛੋਂ ਸਰੀਰ ਨੂੰ ਫੁਲਾਉਣ ਵਾਲੀ।

ਅੱਗੇ ਪੰਜ ਤੱਤ ਹਨ : ੳ. ਪ੍ਰਿਥਵੀ, ਅ. ਜਲ, ੲ. ਪੌਣ, ਸ. ਅਗਨਿ, ਹ. ਆਕਾਸ। ਅੱਗੇ ਇਹਨਾਂ ਤੱਤਾਂ ਦੇ ਵੱਖ ਵੱਖ ਪੰਜ ਪੰਜ ਗੁਣ ਹਨ। ਇਹਨਾਂ ਨੂੰ ਹੀ ਪੰਝੀ ਪ੍ਰਿਕ੍ਰਿਤੀਆਂ ਕਹਿੰਦੇ ਹਨ। ਗੁਣ ਇਹ ਹਨ : ਅਕਾਸ਼ ਦੇ : ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। ਪੌਣ ਦੇ : ਚੱਲਣਾ, ਦੌੜਨਾ, ਕੁੱਦਣਾ, ਫੈਲਣਾ, ਸੁੰਗੜਨਾ। ਅਗਨਿ ਦੇ : ਤੇਜ, ਭੁੱਖ, ਤਿਹ, ਨੀਂਦ, ਆਲਸ। ਜਲ ਦੇ : ਵੀਰਜ, ਲਹੂ, ਚਰਬੀ, ਪਸੀਨਾ ਤੇ ਲਾਲਾਂ। ਪ੍ਰਿਥਵੀ ਦੇ : ਰੋਮ, ਚਮੜੀ, ਨਾੜੀਆਂ, ਮਾਸ ਤੇ ਹੱਡੀਆਂ।

ਪ੍ਰਕ੍ਰਿਤੀਆਂ ਦੀ ਉਤਪਤੀ ਇਉਂ ਹੈ : ਹਰ ਤੱਤ ਵਿਚ ਅੱਧਾ ਹਿੱਸਾ ਆਪਣਾ ਹੈ ਤੇ ਬਾਕੀ ਅੱਧਾ ਚੌਹਾਂ ਤੱਤਾਂ ਦਾ ਅੱਠਵਾਂ ਅੱਠਵਾਂ ਭਾਗ। ਮਿਸਾਲ ਵਜੋਂ ਅਗਨਿ ਤੱਤ ਵਿਚ ਅੱਧਾ ਹਿੱਸਾ ਅਗਨੀ ਦਾ ਹੈ, ਤੇ ਬਾਕੀ ਦਾ ਅੱਧ ਬਾਕੀ ਚੌਹਾਂ ਤੱਤਾਂ ਦਾ ਅੱਠਵਾਂ ਅੱਠਵਾਂ ਭਾਗ। ਉਸਨੇ ਆਪਣਾ ਅੱਧ ਦੂਸਰਿਆਂ ਚੌਹਾਂ ਨੂੰ ਦਿਤਾ ਸੀ। ਸੋ ਦੂਸਰਿਆਂ ਤੋਂ ਲੈ ਕੇ ਆਪਣਾ ਆਪ ਪੂਰਾ ਕਰ ਲਿਆ।

ਅੱਗੇ ਇਹਨਾਂ ਤੱਤਾਂ ਦੇ ਆਧਾਰ 'ਤੇ ਵਿੱਦਵਾਨਾਂ ਨੇ ਸਰੀਰ ਦੀ ਵੰਡ ਇਉਂ ਕੀਤੀ ਹੈ। ਅਕਾਸ਼ ਦੇ ਪੰਜ ਭਾਗ : ਅੰਤਸ਼ਕਰਣ, ਮਨ, ਬੁਧਿ, ਹੰਕਾਰ, ਅੰਤਰ ਇੰਦਰੇ। ਪੌਣ ਦੇ ਪੰਚ ਪ੍ਰਾਣ : ਵਯਾਨ, ਸਮਾਨ, ਉਦਾਨ, ਅਪਾਨ। ਅੱਗ ਦੇ ਪੰਜ ਹਿੱਸੇ : ਅੱਖਾਂ, ਨੱਕ, ਕੰਨ, ਜੀਭ, ਖੱਲੜੀ, ਭਾਵ ਪੰਜ ਗਿਆਨ ਇੰਦਰੇ। ਜਲ ਦੇ ਪੰਜ ਭਾਗ : ਹੱਥ, ਪੈਰ, ਮੂੰਹ, ਗੁਦਾ, ਲਿੰਗ, ਭਾਵ ਪੰਜ ਕਰਮ ਇੰਦਰੇ। ਪ੍ਰਿਥਵੀ ਦੇ ਪੰਜ ਹਿੱਸੇ : ਸ਼ਬਦ, ਸਪਰਸ਼, ਰੂਪ; ਰਸ, ਗੰਧ।

ਬਾਲੇ ਪਾਸੋਂ ਇਹ ਕਥਾ ਸੁਣ ਕੇ ਗੁਰੂ ਅੰਗਦ ਦੇਵ ਜੀ ਦੀ ਸਮਾਧੀ ਲੱਗ ਗਈ (ਸਵਾਸ ਦਸਵੇਂ ਦੁਆਰ ਚਲੇ ਗਏ) ਜੋ ਸੱਤ ਦਿਨ ਕਾਇਮ ਰਹੀ।

# ਇਕਾਹਠਵਾਂ ਧਯਾਇ

## ਸਿੱਧਾਂ ਨਾਲ ਚਰਚਾ

ਭਾਈ ਬਾਲਾ ਸਾਖੀ ਸੁਣਾਉਂਦਾ ਸੀ, ਤੇ ਭਾਈ ਪੈੜਾ ਲਿਖੀ ਜਾਂਦਾ ਸੀ।

ਲੁਹਰੀਪਾ ਨੇ ਗੋਰਖ ਪਾਸ ਜਾ ਕੇ ਗੁਰੂ ਜੀ ਦੀ ਉਸਤਤ ਕੀਤੀ।

ਫਿਰ ਗੋਰਖ ਦੇ ਹੁਕਮ ਨਾਲ ਭੰਗਰ ਨਾਥ ਆ ਗਿਆ।

ਗੁਰੂ ਜੀ ਹੋਰ ਉੱਚੇ ਚਲੇ ਗਏ। ਮਰਦਾਨੇ ਪੁਛਿਆ, ਕਿ ਚੰਦ ਨਜ਼ਰ ਨਹੀਂ

Digitized by Panjab Digital Library | www.panjabdigilib.org

ਆਉਂਦਾ। ਗੁਰੂ ਜੀ ਨੇ ਕਿਹਾ, ਚੰਦ ਸਾਥੋਂ ਹੇਠਾਂ ਰਹਿ ਗਿਆ ਹੈ।

(ਅਵਗਿਆਨਕ ਖ਼ਿਆਲ।)

ਭੰਗਰ ਨਾਥ ਨੇ ਆ ਕੇ ਮਹਾਰਾਜ ਨੂੰ ਬੜਾ ਮੰਦਾ ਸ਼ਬਦ ਕਿਹਾ,

" 'ਮਾਈ ਮੂੰਡੇ' ਕਹਾ ਜਾਇ, ਤੋਹਿ ਗੰਮਤਾ ਨਾ ਜਾਨ ਕੋ।...੧੩।"

ਅੱਗੇ ਜਾਣਾ ਹੈ, ਤਾਂ ਗੋਰਖ ਨੂੰ ਗੁਰੂ ਧਾਰ ਲੈ।

ਗੁਰੂ ਜੀ ਨੇ ਉੱਤਰ ਦਿਤਾ,

"ਮਨਸਾ ਹੈ ਮਾਈ, ਤਾ ਕੋ ਮੂੰਡ ਹੈ ਮੁੰਡਾਈ, ਪੁਨ<br>
ਮਾਈ ਹੂੰ ਕੀ ਮਾਈ ਸੰਗ ਤਜਾ, ਨ ਸੰਭਾਰਿਯਾ।......<br>
ਗੋਰਖ ਬਿਲੋਕਯੋ ਤੇਰੇ, ਔਧ ਹੈ ਵਧਾਈ, ਬਾਦ<br>
ਬਾਦ* ਕੋ ਰਚਾਵੈ. ਨਹਿ ਮਾਨ ਕੋ ਨਿਵਾਰਿਯਾ।......੧੪।"

ਏਨੀ ਸੁਣ ਕੇ ਭੰਗਰ ਓਥੋਂ ਲੋਪ ਹੋ ਗਿਆ, ਤੇ ਗੋਰਖ ਕੋਲ ਜਾ ਪੁੱਜਾ।

ਗੁਰੂ ਜੀ ਊਨਾ ਪਹਾੜ ਦੇ ਸਿਖਰ 'ਤੇ ਜਾ ਬੈਠੇ। ਮਹਾਰਾਜ ਸੁਭਾਵਕ ਹੀ ਮੁਸਕਰਾ ਪਏ। ਮਰਦਾਨੇ ਨੇ ਕਾਰਨ ਪੁਛਿਆ, ਤਾਂ ਮਹਾਰਾਜ ਨੇ ਫ਼ੁਰਮਾਇਆ, ਇਕ ਜੋਗੀ ਹੋਰ ਆ ਰਿਹਾ ਹੈ।

"ਕਹੈ ਮਰਦਾਨਾ, ਯਾਕੋ ਮਾਰੋਂ ਚੱਡੇ ਗਾਟੇ ਕਰ,<br>
ਨੈਕ ਮੋਕੋ ਕੀਜੈ ਨਿਜ ਆਇਸ੦ ਆਸਾਵਨੋ।੧੭।"

(ਕਵੀ ਜੀ ਦੀ ਅਸਲੀ ਮਾਂ-ਬੋਲੀ ਆ ਗਈ ਹੈ, ਮਾਝੇ ਦੀ ਠੇਠ ਪੰਜਾਬੀ 'ਮਾਰੋਂ ਚੱਡੇ ਗਾਟੇ ਕਰ'।)

ਹੁਣ ਜੋਗੀ 'ਕਨੀਫ਼ਾ' ਆ ਗਿਆ। ਉਹਨੇ ਵੀ ਓਹੋ ਗੱਲ ਕਹੀ, ਕਿ ਜੋਗੀ ਬਣ ਜਾਵੇ। ਗੁਰੂ ਜੀ ਨੇ ਉੱਤਰ ਦਿਤਾ, ਅਸਾਂ ਗੁਰੂ-ਸਬਦ ਦੀ ਕਮਾਈ ਦਾ ਜੋਗ ਕਮਾਇਆ ਹੋਇਆ ਹੈ।

ਫਿਰ ਹਨੀਫ਼ਾ ਨੇ ਆ ਆਦੇਸ ਕੀਤਾ।

ਗੁਰੂ ਜੀ ਨੇ ਕਿਹਾ, 'ਆਓ ਹਨੀਫ਼ਾ! ਏਕੰਕਾਰ ਕੋ ਆਦੇਸ।'

ਹਨੀਫ਼ਾ ਨੇ ਹੈਰਾਨ ਹੋ ਕੇ ਕਿਹਾ, 'ਆਪ ਮੇਰਾ ਨਾਮ ਕਿਵੇਂ ਜਾਣਦੇ ਹੋ?'

ਗੁਰੂ ਜੀ ਨੇ ਕਿਹਾ, 'ਤੇਰੇ ਪਿਉ ਦਾ ਨਾਮ ਵੀ ਜਾਣਦੇ ਹਾਂ।'

"ਸ੍ਰੀ ਗੁਰੁ ਬੋਲੇ ਬਚਨ ਪੁਨ, ਸੁਨਹੁ ਆਪਨੀ ਬਾਤ।<br>
ਕੰਕ ਕਰਣ ਤਵ ਪਿਤਾ ਕੋ ਨਾਮ ਹੁਤੋ ਬਖਯਾਤ।੨੬।<br>
ਨਗਰ ਸੀਲਪੁਰ ਕੇ ਬਿਖੈ, ਕਰਤੇ ਰਾਜ ਬਿਸਾਲ।<br>
ਬਿਤੀ ਔਧ ਤਬ ਪਿਤਾ ਕੀ, ਪਰਯੋ ਕਾਲ ਕੇ ਜਾਲ।੨੭।"

ਮਹਾਰਾਜ ਨੇ ਕਿਹਾ, "ਤੂੰ ਸਤਾਰਾਂ ਸਾਲ ਦਾ ਸੈਂ। ਸ਼ਕਾਰ ਖੇਡ ਕੇ ਆਇਆ

---

* ਬਹਿਸ, ਚਰਚਾ, ਝਗੜਾ। ੦ ਆਗਿਆ, ਹੁਕਮ।

Digitized by Panjab Digital Library | www.panjabdigilib.org

ਮੈਂ। ਅੱਗੋਂ ਮਿਲ ਪਿਆ ਗੋਰਖ। ਉਹਨੇ ਪ੍ਰੇਰ ਕੇ ਤੈਨੂੰ ਜੋਗੀ ਬਣਾ ਲਿਆ।'

ਹਨੀਫ਼ੇ ਨੇ ਸਵਾਲ ਕੀਤਾ, ਕਿ ਕਿਸ ਜਗ੍ਹਾ ਮੈਨੂੰ ਚੇਲਾ ਬਣਾਇਆ ਸੀ ?

"ਬੋਲੇ ਹੈ ਕ੍ਰਿਪਾਲ, ਲੰਡੇ ਪੀਪਲ ਕੇ ਤਲੇ ਬੈਠ,
ਮੂੰਡ ਤੇਰੋ ਮੂੰਡ ਸੰਗ ਲੀਨੋ ਹੈ ਰਲਾਇਕੈ।... ੩੪।"

ਹਨੀਫ਼ਾ ਗੁਰੂ ਜੀ ਨੂੰ ਨਮਸਕਾਰ ਕਰਕੇ ਚਲਾ ਗਿਆ, ਤੇ ਜਾ ਕੇ ਗੋਰਖ ਪਾਸ ਗੁਰਦੇਵ ਦੀ ਬੜੀ ਉਸਤਤ ਕੀਤੀ।

ਫਿਰ ਇਕ ਹੋਰ ਜੋਗੀ ਆਇਆ। ਤੇ ਫਿਰ ਚਰਪਟ ਆ ਗਿਆ। ਚਰਪਟ ਦੇ ਸਵਾਲਾਂ ਦੇ ਉੱਤਰ ਵਿਚ ਮਹਾਰਾਜ ਨੇ ਫ਼ੁਰਮਾਇਆ,

"ਆਸਨ ਬੈਸਨ ਦੇਹ ਕੇ ਭੀਤਰ, ਨਾਮ ਸੁ ਭੋਜਨ ਜਾਨ ਹਮਾਰਾ।
ਚੀਰ ਖਿਮਾ ਤਨ ਮੈ ਪਹਿਰੇ ਸੁਠ*, ਸੇਜ ਡਸੀ ਦਸਵੇ ਬਰ ਦ੍ਵਾਰਾ।੪੧।"

ਫਿਰ ਭੰਗਰ ਆ ਗਿਆ। ਉਹਦੇ ਉਤਰ ਵਿਚ ਗੁਰੂ ਜੀ ਨੇ ਕਿਹਾ,

"ਭੌਂਦੂ, ਸੁਨੋ ਹਮ ਨਾਨਕ ਨਾਮ, ਲਗੀ ਲਿਵ ਤੇ ਉਰ ਬਾਰਿਕ ਪਾਰਾ।
ਕਾਜ ਜਹਾ, ਤਹ ਜਾਵਹਿਗੇ, ਨਗਰੀ ਸਿਵ ਦੇਸ ਪਛਾਨ ਹਮਾਰਾ।...੪੪।"

ਫਿਰ ਸੰਘਰ ਆ ਗਿਆ। ਉਸ ਦੇ ਉਤਰ ਵਿਚ ਹਜ਼ੂਰ ਨੇ ਕਿਹਾ,

"ਸਾਂਤਿ ਰੋਸ ਜੀਤ, ਤਜ ਤ੍ਰਿਗੁਨ, ਅਤੀਤ ਹੋਇ।
ਗੁਰੂਮੁਖ ਪਾਇ ਗਯਾਨ, ਕਾਮ ਕੋ ਗਵਾਈਯੇ।
ਨਾਮ ਲਿਵ ਕਾਲ ਟਰੈ, ਲੋਭ ਤੇ ਸੰਤੋਖ ਧਰੈ,
ਧਯਾਨ ਹਰਿ ਕਰੈ ਤੇ ਅਮਰ ਪਦ ਜਾਈਯੇ।
ਸੰਤਨ ਕੀ ਸੰਗਤ ਕੈ ਮਾਯਾ ਤੇ ਅਲੇਪ ਰਹੈ,
ਬਿਖੈ ਬਿਖ ਜਾਨ ਕੈ ਰਿਦੇ ਤੇ ਬਿਸਰਾਈਯੇ।
ਭਾਉ ਸੋ ਭਗਤਿ, ਇਹ ਉਤਮ ਜੁਗਤਿ ਵਡੀ,
ਮਾਨ ਮੋਹ ਤਯਾਗ ਕੈ ਨਿਰਾਲਮ ਰਹਾਈਐ।੫੧।"

ਫਿਰ ਸੰਭਾਲਿਕਾ ਆ ਧਮਕਿਆ। ਉਹਨੇ ਵੀ ਜੋਗ ਧਾਰਨ ਵਾਸਤੇ ਕਿਹਾ, ਗੁਰਦੇਵ ਨੇ ਉਤਰ ਦਿਤਾ,

"ਜਗ ਬਿਵਹਾਰ ਉਦਾਸ ਮੈ, ਸਦਾ ਨਾਮ ਲਿਵ ਏਕ।
ਸਰਬ ਕਾਰ ਪੂਰਨ ਕਰਤ; ਜਿਸ ਤੇ ਹੋਤ ਬਿਬੇਕ ।੫੪।"

---

* ਵਧੀਆ, ਉੱਤਮ।

Digitized by Panjab Digital Library | www.panjabdigilib.org

# ਬਾਹਠਵਾਂ ਧਯਾਇ

## ਸਿੱਧਾਂ ਨਾਲ ਚਰਚਾ

ਫਿਰ ਗੋਪੀ ਚੰਦ ਨੇ ਆ ਕੇ ਸਵਾਲ ਕੀਤੇ,

"ਕੌਨ ਧਯਾਨੀ, ਗਿਯਾਨੀ, ਕੌਨ ਇਸਨਾਨੀ, ਪੁਨ,
ਨਿਰਮਲ ਕੌਨ, ਮੋਹਿ ਤਪਾ ਜੀ, ਬਤਾਈਯੇ।
ਕੌਨ ਸੁ ਜੁਗਤਿ ਜਾ ਤੇ ਦੀਪਕ ਦਿਪਤ[1] ਹੋਤ
ਗੈਲ[2] ਕੌਨ ਚਲਤ ਸੁ ਠਾਕ[3] ਨਹੀ ਪਾਈਯੇ।
ਕੌਨ ਘਰ ਐਸੋ ਸੁਖ ਪਾਇ ਜਹਾਂ ਬੈਸੇ ਤਿਨ,
ਪਾਇ ਕੈ ਸਥਿਤ ਕੌ ਨ ਬਹੁਰ ਡੁਲਾਈਯੇ।
ਦੰਭ[4] ਕੌ ਨਿਕੰਦ[5] ਗੁਰ ਕਿੰਕਰ[6] ਮੁਕੰਦ[7] ਸੁਨ,
ਬੋਲੇ ਗੋਪੀ ਚੰਦ ਸੋ ਅਨੰਦ ਕੰਦ[8] ਦਾਈਯੇ।੨।
ਸੁਰਤਿ ਨ ਖੋਵੇ ਧਯਾਨੀ, ਗੁਰਮੁਖਿ ਗਯਾਨੀ ਹੋਵੈ,
ਨਿਰਮਲ ਸੋਈ, ਗੁਰ ਬਾਣੀ ਹੇਤ ਲਾਵਈ।
ਅਠ-ਸਠ ਤੀਰਥ ਸਨਾਨੀ ਤੁਮ ਜਾਨੋ ਸੋਊ।
ਸਰਧਾ ਸਮੇਤ ਗੁਰੂ ਦਰਸਨ ਪਾਵਈ।
ਸੀਧੋ ਜੇ ਕਮਲ ਹੋਤ, ਜਾਗੈ ਤਬ ਦੀਪ ਜੋਤਿ,
ਭਾਵੀ ਮਨ ਮਾਨੈ ਗੈਲ ਠਾਕ ਬਿਨ ਜਾਵਈ।
ਤ੍ਰਿਕੁਟੀ ਕੋ ਭੇਦ ਸੁਖ ਪਾਵਤ ਆਛੇਦ* ਨਿਤ
ਹੋਇ ਹੈ ਸਥਿਤ, ਨਹੀ ਬਹੁਰ ਡੁਲਾਵਈ।੩।"

ਫਿਰ ਈਸਰ ਨਾਥ ਆ ਗਿਆ। ਉਸ ਦੀ ਪ੍ਰੇਰਨਾ ਵੀ ਏਹਾ, ਕਿ ਗੋਰਖ ਦੇ ਚੇਲੇ ਬਣੋ। ਉਸ ਦਾ ਸਵਾਲ ਸੀ, ਕਿ ਆਪ ਕੌਣ ਹੋ, ਤੇ ਕਿੱਥੋਂ ਆਏ ਹੋ।

ਗੁਰੂ ਜੀ ਨੇ ਫ਼ੁਰਮਾਇਆ, ਪਹਿਲਾਂ ਗੋਰਖ ਕੋਲੋਂ ਪ੍ਰਸ਼ਨ ਕਰਨਾ ਸਿੱਖੋ। ਪੰਜ-ਤੱਤ ਦਾ ਸਰੀਰ ਹੈ, ਤੇ ਵਿਚ ਆਤਮਾ ਪੂਰਨ ਹੈ। ਆਉਣਾ ਜਾਣਾ ਕਿੱਥੋਂ ਹੋਇਆ।

ਫਿਰ ਗੁੱਸੇ ਭਰਿਆ 'ਲੰਗਰ' ਜੋਗੀ ਆ ਗਿਆ। ਉਸ ਨੇ ਕਿਹਾ,

"ਚਲੀਏ ਸੁਮੇਰ ਪਰ, ਲੀਜੈ ਉਪਦੇਸ ਵਡੋ,
ਸੀਸ ਮ੍ਰਿਤੁ ਜੌਨ ਡਰ ਦੀਜੈ ਨਿਜ ਟਾਰਕੈ।"

---

1. ਜਗੇ, ਰੌਸ਼ਨ ਹੋਵੇ। 2. ਮਾਰਗ, ਰਸਤਾ। 3. ਰੋਕ। 4. ਪਖੰਡ। 5. ਦੂਰ ਕਰਨ ਵਾਲਾ। 6. ਦਾਸ। 7. ਮੁਕਤੀ ਦਾਤਾ। 8. ਅਨੰਦ ਦੇਣ ਵਾਲਾ।

* ਅਖੰਡ।

Digitized by Panjab Digital Library | www.panjabdigilib.org

"ਬੋਲੇ ਦੀਨਾ ਨਾਥ ਸਿਧ ਲੰਗਰ ਕੇ ਸਾਥ ਤਬ,
ਕੌਨ ਸੀ ਵਸਤੁ ਮਰੈ, ਦੀਜੈ ਸੋ ਬਤਾਇ ਕੈ।
ਦੇਹਿ ਪੰਚ ਭੂਤ੦ ਕੀ ਹੈ, ਪੰਚੋ ਮੈ ਨ ਮਰੇ ਕੋਊ,
ਜੇ ਕੋ ਮਰ ਜਾਤ ਤਾ ਕੋ ਦੀਜਿਯੇ ਸੁਨਾਇਕੈ।
ਆਤਮਾ ਤੋ ਨਿਤ, ਕਬਿ ਹੋਤ ਨਹੀ ਮ੍ਰਿਤੁ ਤਾ ਕੀ
ਭਯੋ ਜੀਵ ਸੱਤਚਿਦਾਨੰਦ ਕੋ ਭੁਲਾਇਕੈ।
ਬਾਦ ਹੈ ਕਹਨ ਤੇਰੋ, ਭਯੋ ਮ੍ਰਿਤੁ ਕੌਨ ਹੇਰੋ,
ਉੱਤਰ ਨ ਆਇ, ਪੂਛ ਗੋਰਖ ਕੋ ਜਾਇ ਕੈ।੧੧।"

ਫਿਰ ਗੋਰਖ ਨੇ ਮੰਗਲ ਨਾਥ ਨੂੰ ਹੁਕਮ ਕੀਤਾ। ਮੰਗਲ ਨਾਥ ਨੇ ਕਿਹਾ, ਮੈਂ ਜਾਂਦਾ ਹਾਂ, ਪਰ ਨਾਨਕ ਤਪਾ ਸਾਥੋਂ ਬਲੀ ਹੈ। ਸਾਨੂੰ ਉਸ ਦੀ ਸ਼ਰਨ ਲੈਣੀ ਚਾਹੀਦੀ ਹੈ।

ਭਰਥਰੀ, ਗੋਪੀ ਨਾਥ, ਘੁਘੂ ਨਾਥ, ਮੰਗਲ ਨਾਥ ਆਦਿ ਸਭ ਸੋਚਾਂ ਵਿਚ ਪੈ ਗਏ।

ਮੰਗਲ ਨਾਥ ਨੇ ਆ ਕੇ ਬੜੇ ਸਤਕਾਰ ਨਾਲ ਮਹਾਰਾਜ ਨੂੰ ਨਮਸਕਾਰ ਕੀਤੀ। ਗੁਰੂ ਜੀ ਨੇ ਵੀ ਉਸ ਦਾ ਬੜਾ ਆਦਰ ਕੀਤਾ।

"ਸ੍ਰੀ ਗੁਰੁ ਭਾਖਤ, ਧੰਨ ਤੁਮੈ ਸਬ ਸਿੱਧਨ ਤੇ ਆਤਿ ਉਤਮ ਰੀਤੀ।...
ਮਾਨਸ ਦੇਹਿ ਕੋ ਲਾਭ ਯਹੀ, ਤਜ ਮਾਨ ਕਰੈ ਪਦ ਸੰਤਨ ਪ੍ਰੀਤੀ।੨੪।"

ਮੰਗਲ ਨਾਥ ਨੇ ਬੜੀ ਨਿਮਰਤਾ ਨਾਲ ਬੇਨਤੀ ਕੀਤੀ, ਕਿ ਆਪ ਸੁਮੇਰ 'ਤੇ ਚੱਲ ਕੇ ਸਿੱਧਾਂ ਨੂੰ ਦਰਸ਼ਨ ਦੇਵੋ। ਹਜ਼ੂਰ ਨੇ ਕਿਹਾ, ਤੁਸੀਂ ਚੱਲੋ, ਅਸੀਂ ਆਉਂਦੇ ਹਾਂ।

ਫਿਰ ਸ਼ੰਭੂ ਨਾਥ ਆ ਗਿਆ। ਉਹ ਬੜਾ ਹੰਕਾਰੀ ਸੀ। ਉਹਨੇ ਬੜੀ ਹੈਂਕੜ ਨਾਲ ਕਿਹਾ, 'ਬਾਲੇ! ਆਦੇਸ।'

ਗੁਰੂ ਜੀ ਨੇ ਉੱਤਰ ਦਿਤਾ, 'ਆਓ ਸ਼ੰਭੂ ਨਾਥ! ਪ੍ਰਭੂ ਕੋ ਆਦੇਸ।'

ਸ਼ੰਭੂ ਨਾਥ ਨੇ ਬੜੀਆਂ ਦਲੀਲਾਂ ਦਿਤੀਆਂ, ਗੋਰਖ ਦਾ ਚੇਲਾ ਬਣਨ ਵਾਸਤੇ। ਗੁਰੂ ਜੀ ਨੇ ਕਿਹਾ, 'ਭੇਖ ਸਭ ਪਾਖੰਡ ਹਨ, ਮੁਕਤੀ ਨਾਮ ਸਿਮਰਨ ਵਿਚ ਹੈ।'

ਸ਼ੰਭੂ ਨਾਥ ਦੇ ਵਾਪਸ ਜਾਣ 'ਤੇ ਸਿੱਧ ਸਲਾਹੀਂ ਕਰਦੇ ਹਨ।

ਕਵੀ ਜੀ ਨੇ ਮੰਗਲ ਨਾਥ ਦੇ ਮੂੰਹੋਂ ਅਖਵਾਇਆ ਹੈ,

"ਸਭ ਆਗਮ* ਸਬ ਮਤਿ ਜਿਤੇ, ਭਾਖਤ ਸਬਹਿ ਪੁਰਾਨ।
ਸਾਚ ਸਮਾਨ ਨ ਪੁੰਨ ਕੋ, ਪਾਪ ਨ ਝੂਠ ਸਮਾਨ।੪੪।"

ਮੰਗਲ ਨਾਥ ਦੇ ਮੂੰਹੋਂ ਗੁਰੂ ਜੀ ਦੀ ਉਸਤਤ ਸੁਣ ਕੇ ਸ਼ੰਭੂ ਨਾਥ ਨੇ ਗੁੱਸੇ

੦ ਤੱਤ। * ਸ਼ਾਸਤਰ। ਵੇਦਾਂ ਤੇ ਸ਼ਾਸਤਰਾਂ—ਦੋਹਾਂ ਵਾਸਤੇ ਵੀ ਵਰਤਿਆ ਜਾਂਦਾ ਹੈ।

Digitized by Panjab Digital Library | www.panjabdigilib.org

ਨਾਲ ਕਿਹਾ,

"ਸ਼ੰਭੂ ਨਾਥ ਕ੍ਰੁਧ ਕਰ, ਗੋਰਖ ਸੋ ਕਹੈ ਇਹ,
ਹੈ ਗੋ ਪਖ ਰਾਖਤ ਸੁ ਨਾਨਕ ਕੇ ਰਾਹਿ ਕੋ।
ਜਾਨਯੋ ਜੇ ਵਡੇਰੋ, ਅਬ ਚੇਲੋ ਜਾਇ ਹੋਵੈ ਤਾ ਕੋ
ਸਿੱਧ ਬੇਖ ਤਜੇ, ਈਹਾਂ ਬਰਜਤ ਨਾਹਿ ਕੋ।......੪੫।"

ਇਸ ਤਰ੍ਹਾਂ ਸਿੱਧ ਆਪਸ ਵਿਚ ਝਗੜਨ ਲਗ ਪਏ।

# ਤਰੇਹਠਵਾਂ ਧਯਾਇ

## ਸਿੱਧਾਂ ਨਾਲ ਚਰਚਾ

ਗੋਰਖ ਦਾ ਭੇਜਿਆ ਭਰਥਰੀ ਗੁਰੂ ਜੀ ਨੂੰ ਸਤਕਾਰ ਨਾਲ ਬੁਲਾਉਣ ਆਇਆ। ਗੁਰੂ ਜੀ ਸੁਮੇਰ 'ਤੇ ਜਾ ਪਹੁੰਚੇ। ਗੋਰਖ ਨੇ ਗੁਰੂ ਜੀ ਨੂੰ ਆਦਰ ਨਾਲ ਬਿਠਾਇਆ, ਤੇ ਭਰਥਰੀ ਨੂੰ 'ਪਿਆਲਾ' ਲਿਆਉਣ ਦਾ ਹੁਕਮ ਕੀਤਾ।

ਪਿਆਲਾ ਆ ਗਿਆ। ਗੁਰੂ ਜੀ ਨੇ ਪੁਛਿਆ, ਇਹ ਪਿਆਲਾ ਕੇਹਾ ਹੈ। ਝੰਗਰ ਨੇ ਕਿਹਾ, ਇਹ ਸਿੱਧਾਂ ਦਾ ਪਿਆਲਾ (ਸ਼ਰਾਬ) ਹੈ। ਇਸ ਦੇ ਪੀਤੇ ਲਿਵ ਲੱਗ ਜਾਂਦੀ ਹੈ।

(ਏਥੇ ਫਿਰ ਇਕ ਮਨਘੜਤ ਸਬਦ ਦਿਤਾ ਹੈ। ਉਪਰ ਆਸਾ ਮਹਲਾ ੧, ਲਿਖਿਆ ਹੈ, ਤੇ ਅਖ਼ੀਰਲੀ ਸਤਰ ਵਿਚ ਨਾਮ 'ਨਾਨਕ' ਵੀ ਹੈ, ਪਰ ਇਹ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ। ਸਬਦ ਵੇਖੋ।)

"ਆਸਾ ਮਸਲਾ ੧"

"ਗਆਨ ਧਿਆਨ ਕੀ ਲਾਹਣ ਮਾਂਡੀ, ਕਰਨੀ ਕੀ ਕਸ ਪਾਈ।
ਭਾਉ ਭਾਠੀ ਮੈ ਪ੍ਰੇਮ ਸਮਾਣਾ ਬ੍ਰਹਮ ਕੀ ਅਗਨਿ ਜਲਾਈ।੧।
ਸਿਧੋ ਹਮ ਮਦ ਕੇ ਮਾਤੇ ਨਾਹੀ।
ਜੋ ਮਤਵਾਲੇ ਮਦ ਕੇ ਮਾਤੇ ਕਿਨ ਮਤਵਾਲਿਓਂ ਮਾਹੀ।੧। ਰਹਾਉ।
ਸੁਰਤਿ ਨਲੀ ਭਾਉ ਬਾਸਨ ਕੀਨਾ ਅੰਤਰ ਧਾਰ ਚੁਆਈ।
ਦਇਆ ਸੁਰਾਹੀ ਸਹਿਜ ਪਿਆਲਾ ਗੁਰਮਤਿ ਪੀਵੋ ਭਾਈ।੨।
ਗੁਰਮਤਿ ਨਾਮ ਫ਼ਿਰੇ ਮਤਿਵਾਲਾ ਏਕ ਰੰਗ ਮਹਿ ਖੇਲੈ।
ਜਹ ਦੇਖਾ ਤਹ ਏਕ ਸਰੂਪੀ ਮਾਰਗ ਪਾਇਆ ਚੇਲੈ।੩।
ਨਿਬਹੀ ਖੇਪ ਹਮਾਰੀ ਸਿਧੋ, ਠਠ ਪਹਿਰ ਲਿਵਲਾਗੀ।
ਨਾਨਕ ਦਾਸ ਤਹਾਂ ਮਤਵਾਲਾ ਜਹ ਏਕੰਕਾਰ ਬੈਰਾਗੀ।੪।"

ਫਿਰ ਸਿੱਧਾਂ ਨੇ ਸਵਾਲ ਕੀਤਾ,

Digitized by Panjab Digital Library | www.panjabdigilib.org

"ਧਨ ਜੋਬਨ ਕੀ ਕਰੇ ਨ ਆਸਾ ।
ਪਰ ਤ੍ਰਿਯ ਅੰਗ ਨ ਲਾਵੈ ਪਾਸਾ ।
ਨਾਦ ਬਿੰਦ ਘਟ ਭੀਤਰ ਧਰੈ
ਤਿਸ ਕੀ ਸੇਵਾ ਪਰਬਤ ਕਰੈ ।
ਬੋਲੈ ਪਰਬਤ ਸਤ ਸਰੂਪ ।
ਪਰਮ ਤਤ ਮਹਿ ਰੇਖ ਨ ਰੂਪ ।੧।"

(ਇਹ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ । ਪਰ ਆਖ਼ਰੀ ਤੁਕ ਬਾਣੀ ਨਾਲ ਮਿਲਦੀ ਹੈ । ਇਸ ਤੋਂ ਪਾਠਕ ਨੂੰ ਭੁਲੇਖਾ ਲੱਗ ਸਕਦਾ ਹੈ ।)

ਉਤਰ ਵਿਚ ਗੁਰੂ ਜੀ ਨੇ ਸਲੋਕ ਉਚਾਰੇ,

"ਸੋ ਗਿਰਹੀ, ਜੋ ਨਿਗ੍ਰਹੁ ਕਰੈ । . ...।"

(ਰਾਮਕਲੀ, ਵਾਰ, ਮ. ੧, ਪੰਨਾ ੯੫੨)

"ਸੋ ਪਾਖੰਡੀ, ਜਿ ਕਾਇਆ ਪਖਾਲੇ ।......।"

(ਰਾਮਕਲੀ, ਮ. ੧. ਪੰਨਾ ੯੫੨)

"ਸੋ ਅਉਧੂਤੀ ਜੋ ਧੂਪੈ ਆਪੁ ।......।"

(ਰਾਮਕਲੀ, ਮ. ੧. ਪੰਨਾ ੯੫੨)

"ਸੋ ਉਦਾਸੀ, ਜਿ ਪਾਲੇ ਉਦਾਸੁ ।......।"

(ਰਾਮਕਲੀ, ਮ. ੧. ਪੰਨਾ ੯੫੨)

"ਸੋ ਬੈਰਾਗੀ. ਜਿ ਉਲਟੇ ਬ੍ਰਹਮੁ ।......।"

(ਰਾਮਕਲੀ, ਮ. ੧. ਪੰਨਾ ੯੫੩)

ਫਿਰ ਮਹਾਰਾਜ ਨੇ ਇਹ ਸਲੋਕ ਉਚਾਰਿਆ,

"ਕਿਉ ਮਰੈ ਮੰਦਾ, ਕਿਉ ਜੀਵੈ ਜੁਗਤਿ । .....।"
ਕਾਹੇ ਭੀਖਿਆ ਮੰਗਣ ਜਾਇ ।"

(ਰਾਮਕਲੀ, ਮ. ੧. ਪੰਨਾ ੯੫੩)

(ਇਹ ਸਲੋਕ ਏਥੇ ਪੂਰਾ ਹੋ ਜਾਂਦਾ ਹੈ । ਪਰ ਲੇਖਕ ਨੇ—ਜਾਂ ਉਤਾਰਾ ਕਰਨ ਵਾਲੇ ਨੇ—ਬਾਕੀ ਸਲੋਕਾਂ ਵਾਲੀਆਂ ਦੋ ਪੰਗਤੀਆਂ ਏਥੇ ਵੀ ਨਾਲ ਲਾ ਦਿਤੀਆਂ ਹਨ : 'ਬੋਲੈ ਨਾਨਕ ਸਤ ਸਰੂਪ । ਪਰਮ ਤਤ ਮਹਿ ਰੇਖ ਨ ਰੂਪ ।)

ਪ੍ਰਸ਼ਨ-ਉੱਤਰ ਵਿਚ ਸਿੱਧ ਹਾਰ ਗਏ, ਤਾਂ ਫਿਰ ਸਿੱਧੀਆਂ (ਕਰਾਮਾਤਾਂ) ਵਿਖਾਉਣ 'ਤੇ ਉੱਤਰ ਆਏ । ਕੋਈ ਮ੍ਰਿਗਾਨੀ ਉਡਾਵੇ, ਕੋਈ ਬਿਰਾਗਨ, ਕੋਈ ਡੰਡ । ਗੁਰੂ ਜੀ ਓਵੇਂ ਸ਼ਾਂਤ ਬੈਠੇ ਰਹੇ । ਅੰਤ ਸਿੱਧਾਂ ਨੇ ਸ਼ਰਤ ਰੱਖੀ,

"ਕੈ ਤੋ ਚੇਲੋ ਹੁੱਯੇ, ਨਾ ਤੋ ਸਕਤਿ ਦਿਖੱਯੇ,
ਅਬ ਦੋ ਮੈ ਏਕ ਕੱਯੇ, ਨਿਜ ਪ੍ਰਾਨ ਕੋ ਬਚਾਈਯੇ ।੨੭।"

ਗੁਰੂ ਜੀ ਨੇ ਮੁਸਕਰਾ ਕੇ ਆਪਣੀ ਖੜਾਉਂ ਨੂੰ ਹੁਕਮ ਦਿਤਾ,

Digitized by Panjab Digital Library | www.panjabdigilib.org

"ਸੁਨੇ ਜਬ ਬੈਨ, ਮੁਸਕਾਨੇ ਗਤਿ ਦੈਨ,
ਸਬ ਸਕਤਿ ਕੇ ਐਨ ਬੋਲੇ ਸਹਜ ਸੁਭਾਇਕੈ ।
ਕੌਸ ਤੂੰ ਹਮਾਰੀ, ਅਬ ਹੋਈਯੇ ਅਕਾਸ ਚਾਰੀ,
ਆਨ ਤੂੰ ਉਤਾਰੀ ਨਿਜ ਬਲ ਦਿਖਰਾਇ ਕੇ ।
ਸੁਨੇ ਜਬ ਵਾਕ, ਤਾਤਕਾਲ ਅਸਮਾਨ ਗਈ,
ਸਿੱਧਨ ਕੀ ਸ਼ਕਤਾ ਜੋ ਦਈ ਬਿਚਲਾਇ ਕੇ ।
ਜੈਸੇ ਹੈ ਬਟੇਰਾ, ਤਿਹ ਪਾਛੇ ਬਾਜ ਛੋਰਾ,
ਤੈਸੇ ਤਰ ਸਭ ਕਰੇ, ਰਹੀ ਊਪਰ ਸੁਹਾਇ ਕੈ ।੨੮।

ਜਿੰਨੀਆਂ ਚੀਜ਼ਾਂ ਸਿੱਧਾਂ ਨੇ ਸ਼ਕਤੀ ਨਾਲ ਉਡਾਈਆਂ ਸਨ, ਕੌਸ (ਖੜਾਉਂ) ਨੇ ਮਾਰ ਮਾਰ ਕੇ ਥੱਲੇ ਲਾਹ ਦਿਤੀਆਂ ।

"ਤੈਸੇ ਕੌਸ ਧਾਇ ਬਿਚਲਾਇ ਕੈ ਸਕਤਿ ਸਬ,
ਮਾਰ ਮਾਰ ਡਾਰੈ ਕੋਊ ਧੀਰ ਨ ਧਰਾਤ ਹੈ ।੨੯।"

ਜਿਸ ਸਿੱਧ ਨੇ ਜਿਹੜੀ ਚੀਜ਼ ਉਡਾਈ ਸੀ, ਖੜਾਉਂ ਤੋਂ ਮਾਰ ਖਾ ਕੇ ਹਰ ਵਸਤੂ ਮਾਲਕ ਦੇ ਸਾਮ੍ਹਮਣੇ ਆ ਡਿੱਗੀ ।

(ਸਿੱਧੀ ਉਪਰ ਸਿੱਧੀ । ਕਰਾਮਾਤ ਦੇ ਸਾਮ੍ਹਣੇ ਵੱਡੀ ਕਰਾਮਾਤ । ਇਹ ਕਾਵਿਕ ਕਲਪਨਾ ਹੈ, ਕਵਿਤਾ ਨੂੰ ਰੌਚਕ ਤੇ ਨਾਟਕੀ ਬਨਾਉਣ ਵਾਸਤੇ । ਯਥਾਰਥ ਨਹੀਂ । ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਤਾਂ ਮਹਾਰਾਜ ਫ਼ੁਰਮਾਉਂਦੇ ਹਨ :

"ਬਾਝੋ ਸਚੇ ਨਾਮ ਦੇ ਹੋਰ ਕਰਾਮਾਤਿ ਅਸਾਂ ਤੇ ਨਾਹੀ ।"

(ਵਾਰ ੧-੪੩)

ਏਸੇ ਵਾਰ ਦੀ ਇਕਤੱਵੀਂ ਪੌੜੀ ਵਿਚ ਲਿਖਦੇ ਹਨ :

"ਸਬਦਿ ਜਿਤੀ ਸਿਧਿ ਮੰਡਲੀ ਕੀਤੋਸੁ ਅਪਣਾ ਪੰਥੁ ਨਿਰਾਲਾ ।"

ਹਾਰ ਕੇ ਵੀ ਸਿੱਧਾਂ ਨੇ ਹਾਰ ਨਾ ਮੰਨੀ । ਫਿਰ ਗੋਰਖ ਨੇ ਜ਼ਰਾ ਨਰਮ ਸੁਰ ਵਿਚ ਕਿਹਾ,

"ਜੋਗ ਬਿਨਾ ਮਨ ਸੁੱਧ ਨ ਹੋਵਤੁ, ਆਰਸੀ ਜਯੋਂ ਨਹਿ ਛਾਰ ਮਿਲਾਈ ।
ਸਾਧਨ ਕੀਨੇ ਹੈ ਕੌਨ ਸੋ ਜੋਗ ਭਲੀ ਬਿਧਿ ਸੋ ਮੁਝ ਦੇਹੁ ਬਤਾਈ ।੩੨।"

"ਸ੍ਰੀ ਗੁਰੂ ਕਹਤ ਪ੍ਰਾਣਾਯਾਮ ਕੇ ਕਰਮ ਤੀਨ,
ਪੂਰਕ ਹੈ ਕੁੰਭਕ ਔ ਰੇਚਕ ਬਖਾਨਿਯੇ ।
ਸੁਨ ਕੇ ਭਗਤਿ ਭਾਉ ਪੂਰਕ ਕੋ ਕੀਨੋ ਨੀਕੇ
ਨਾਮ ਲਿਵਲਾਈ ਨੀਤ ਕੁੰਭਕ ਪ੍ਰਮਾਨਿਯੇ ।
ਤਜੇ ਹੈ ਬਿਕਾਰ ਮਨ ਰੇਚਕ ਬਿਚਾਰ ਲੀਜੈ,
ਕਲੀ ਕਾਲ ਬਿਖੈ ਐਸੋ ਜੋਗ ਗਤਿ ਦਾਨਿਯੇ ।

Digitized by Panjab Digital Library | www.panjabdigilib.org

ਖਿੰਥੜਾ ਸੁਨਤ ਹਰਖਾਇ ਲਪਟਾਇ ਪਗੋ,
ਤੂੰ ਹੈ ਕਰਤਾਰ ਅਵਤਾਰ ਦੰਭ ਹਾਨਿਯੇ ।੩੩।"

(ਚਿੱਤ ਬ੍ਰਿਤੀਆਂ ਨੂੰ ਰੋਕਣ, ਵੱਸ ਵਿਚ ਕਰਨ ਦਾ ਨਾਮ 'ਯੋਗ' ਹੈ। ਰਿਸ਼ੀਆਂ ਨੇ ਯੋਗ ਦੇ ਅੱਠ ਅੰਗ ਮੰਨੇ ਹਨ। 'ਪ੍ਰਾਣਾਯਮ' ਉਹਨਾਂ ਵਿਚੋਂ ਇਕ ਹੈ। ਸਵਾਸਾਂ ਦੀ ਗਤੀ ਨੂੰ ਠਹਿਰਾਉਣ ਦਾ ਨਾਮ ਹੀ 'ਪ੍ਰਾਣਾਯਾਮ' ਹੈ। ਉਪਰ ਤਿੰਨ ਸ਼ਬਦ ਆਏ ਹਨ : ਪੂਰਕ, ਕੁੰਭਕ, ਰੇਚਕ। ਪੂਰਕ=ਸਵਾਸ ਨੂੰ ਅੰਦਰ ਖਿਚਣਾ। ਕੁੰਭਕ=ਸਵਾਸ ਨੂੰ ਅੰਦਰ ਰੋਕਣਾ। ਰੇਚਕ=ਸਵਾਸ ਨੂੰ ਬਾਹਰ ਕਢਣਾ। ਪ੍ਰਾਣਾਯਾਮ : ਪਹਿਲਾਂ 'ਇੜਾ' ਨਾੜੀ ਦੇ ਰਸਤੇ ਸਵਾਸ ਨੂੰ ਅੰਦਰ ਖਿਚਣਾ ਤੇ ਨਾਲ ਬਾਰਾਂ ਵਾਰ ਓਅੰ ਦਾ ਜਾਪ ਕਰਨਾ। ਫਿਰ ਸੋਲਾਂ ਵਾਰ ਜਾਪ ਕਰਨ ਤਕ ਸਵਾਸ ਨੂੰ ਅੰਦਰ ਰੋਕਣਾ। ਫਿਰ ਸਹਿਜ ਸਹਿਜ ਸਵਾਸ ਨੂੰ ਬਾਹਰ ਕਢਣਾ, ਤੇ ਨਾਲ ਨਾਲ ਦਸ ਵਾਰ ਓਅੰ ਦਾ ਜਾਪ ਕਰਨਾ। ਗੁਰੂ ਜੀ ਫ਼ੁਰਮਾਉਂਦੇ ਹਨ ਭਗਤੀ ਭਾਉ ਨਾਲ ਪ੍ਰਭੂ ਦਾ ਨਾਮ ਸੁਣਨਾ 'ਪੂਰਕ' ਕਰਮ ਹੈ। ਨਾਮ ਵਿਚ ਲਿਵ ਜੋੜਨਾ 'ਕੁੰਭਕ' ਹੈ। ਵਿਕਾਰਾਂ ਦਾ ਤਿਆਗ ਹੀ 'ਰੇਚਕ' ਹੈ। ਕਲਿਜੁਗ ਵਿਚ ਇਹ ਯੋਗ ਪਰਵਾਨ ਹੈ।)

ਖਿੰਥੜ ਜੋਗੀ ਸੁਣ ਕੇ ਗੁਰੂ ਜੀ ਦੇ ਚਰਨਾਂ ਨਾਲ ਲਿਪਟ ਗਿਆ। ਫਿਰ 'ਊਰਮ' ਤੇ 'ਧੂਰਮ' ਜੋਗੀ ਬੋਲ ਉਠੇ,

"ਊਰਮ ਬਹੁਰ ਆਯੋ, ਧੂਰਮ ਹੈ ਸੰਗ ਜਾ ਕੇ,
ਬੂਝੇ ਮਨ ਬਾਸ ਕਹਾਂ, ਪੌਨ ਰਹੈ ਥਾਨ ਕੋ।
ਕੌਨ ਹੈ ਨਰੇਸ, ਕੌਨ ਸਚਿਵ ਬਤਾਇ ਮੋਹਿ,
ਕੈਸੇ ਪਰੈ ਬੰਧ, ਕੈਸੈ ਕੰਧ ਨਹਿ ਹਾਨ ਕੋ।
ਕੋ ਹੈ ਗੁਰੂ, ਚੇਲੋ ਕੌਨ, ਸੁਖਦਾਈ ਭੌਨ ਕੌਨ,
ਮਾਇਆ ਮੋਹਿ ਟੂਟੈ ਕੈਸੇ, ਕਰੀਏ ਬਖਾਨ ਕੋ।
ਲੇਹੁ ਸੀਖ ਗੋਰਖ ਕੀ, ਮਾਨੀਏ ਬਚਨ ਮਮ,
ਪਾਈਐ ਪਰਮ ਪਦ, ਜਾ ਕੇ ਨ ਸਮਾਨ ਕੋ।੩੪।"

ਗੁਰੂ ਜੀ ਨੇ ਉੱਤਰ ਦਿਤਾ,

"ਰਿਦੈ ਮਨ ਬਾਸ ਜਾਨ, ਨਾਭ ਬਿਖੈ ਪੌਨ* ਥਾਨ,
ਮਨ ਹੈ ਨਰੇਸ਼, ਪ੍ਰਾਨ ਸਚਿਵ ਬਖਾਨਿਯੇ।
ਬਿਖੈ ਕੇ ਬਿਕਾਰ ਰਚ ਬੰਧਨ ਪਰਤ ਜੀਉ,
ਦਸੈ ਦਰ ਪੌਨ ਰਹੈ ਕੰਧ ਨਹਿ ਹਾਨਿਯੇ।
ਗੁਰੂ ਹੈ ਸਬਦ ਧੁਨਿ, ਚੇਲੋ ਹੈ ਸੁਰਤਿ ਤਿਹ,
ਧਾਮ ਸੁਖਦਾਈ ਤੁਰੀ† ਪਦਵੀ ਪ੍ਰਮਾਨਿਯੇ।

---

*ਇਸ ਦੀ ਵਿਆਖਿਆ ਸੱਠਵੇਂ ਧਯਾਇ ਵਿਚ ਵਿਸਥਾਰ ਪੂਰਬਕ ਆ ਚੁਕੀ ਹੈ।
†ਤੁਰੀਆਵਸਥਾ, ਚੌਥਾ ਪਦ।

Digitized by Panjab Digital Library | www.panjabdigilib.org

ਗਿਆਨ ਹੋਇ ਆਵੈ ਮਾਯਾ ਮੋਹਿ ਟੂਟ ਜਾਵੈ ਤਬ,
ਦੇਵੌਂ ਸੀਖ ਸਿੱਧਨ ਸਬਨ ਪਹਿਚਾਨਿਯੇ ।੩੫।"

ਗੋਰਖ ਨੇ ਸੋਚਿਆ, ਹੁਣ ਤਪਾ ਜੀ ਨੂੰ ਹੋਰ ਚਮਤਕਾਰ ਵਿਖਾਈਏ ।

ਗੋਰਖ ਨੇ ਗੁਰੂ ਜੀ ਨੂੰ ਖੱਪਰ ਦੇ ਕੇ ਤਾਲ ਤੋਂ ਪਾਣੀ ਲੈਣ ਭੇਜਿਆ । ਗੁਰੂ ਜੀ ਨੇ ਜਾ ਕੇ ਵੇਖਿਆ, ਤਾਲ ਵਿਚ ਪਾਣੀ ਦੀ ਥਾਂ ਹੀਰੇ, ਮੋਤੀ, ਲਾਲ, ਜਵਾਹਰ ਭਰੇ ਪਏ ਹਨ । ਗੋਰਖ ਦਾ ਛਲ ਸਮਝ ਕੇ ਗੁਰੂ ਜੀ ਨੇ ਖ਼ਾਲੀ ਖੱਪਰ ਵਾਪਸ ਲਿਆ ਧਰਿਆ ।

## ਚੌਹਠਵਾਂ ਧਯਾਇ

ਸਿੱਧਾਂ ਨਾਲ ਚਰਚਾ

ਗੋਰਖ ਨੇ ਫਿਰ ਬੜੀ ਨਮਰਤਾ ਨਾਲ ਕਿਹਾ, 'ਸਾਡਾ ਜੋਗੀ ਮਤ ਧਾਰਨ ਕਰ ਲਵੋ, ਤੇ ਸਾਰੇ ਸਿੱਧਾਂ ਵਿਚ ਸ੍ਰੋਮਣੀ ਬਣ ਜਾਵੋ ।'

ਗੁਰੂ ਜੀ ਨੇ ਉਤਰ ਦਿਤਾ, ਮੈਂ ਜੋ ਬਣਨਾ ਸੀ, ਪਹਿਲਾਂ ਹੀ ਬਣਿਆਂ ਹੋਇਆ ਹਾਂ । ਸਬਦ ਉਚਾਰਿਆ,

"ਮੁੰਦਾ ਸੰਤੋਖੁ, ਸਰਮੁ ਪਤੁ ਝੋਲੀ, ਧਿਆਨ ਕੀ ਕਰਹਿ ਬਿਭੂਤਿ :......
ਆਸਣੁ ਲੋਇ ਲੋਇ ਭੰਡਾਰ । . ...।"

(ਜਪੁ ਸਾਹਿਬ)

ਫਿਰ ਗੋਰਖ ਨੇ ਕਿਹਾ, 'ਤੁਸੀਂ ਏਥੇ ਕਿਸ ਵਾਸਤੇ ਆਏ ਹੋ ? ਜੋ ਵੀ ਮਨੋਰਥ ਹੋਵੇ, ਮੈਂ ਪੂਰਾ ਕਰ ਦੇਂਦਾ ਹਾਂ ।'

"ਸ੍ਰੀ ਗੁਰੁ ਕਹੈ, ਮਨੋਰਥ ਮੇਰੇ ।
ਸਤਿਗੁਰੁ ਪੂਰੇ ਹੈਂ ਇਕ ਬੇਰੇ ।੧੩।
ਦੀਖਿਆ ਲੀਜੇ, ਜੋ ਤੁਮ ਚਾਹੀ ।
ਪੂਰੋਂ ਮੈਂ, ਚਿਤਵੋਂ ਮਨ ਮਾਹੀ ।
ਜੋ ਮਾਂਗਹੁ ਹਮ ਢਿਗ ਕਰਤਾਰਾ ।
ਤੁਝਹਿ ਦਿਵਾਵਹਿ ਕਰਹੁ ਉਚਾਰਾ ।੧੪।"

ਜੋਗੀ ਪ੍ਰਾਨ ਨਾਥ ਸ਼ਰਧਾ ਨਾਲ ਗੁਰੂ ਜੀ ਦੇ ਚਰਨੀ ਢਠਾ । ਮਹਾਰਾਜ ਨੇ ਵੀ ਆਦਰ ਕੀਤਾ । ਫਿਰ ਮਰਦਾਨੇ ਦੇ ਪੁਛਣ ਉਤੇ ਗੁਰੂ ਜੀ ਨੇ ਸ੍ਰੋਮਣੀ ਨੌਂ ਨਾਥਾਂ ਦੇ ਨਾਮ ਦੱਸੇ ।

੧. ਗੋਰਖ ਨਾਥ, ੨. ਪ੍ਰਾਣ ਨਾਥ, ੩. ਗੋਪੀ ਚੰਦ, ੪. ਸੁਰਤਿ ਨਾਥ, ੫ ਮਛਿੰਦਰ ਨਾਥ, ੬. ਮੰਗਲ ਨਾਥ, ੭. ਚਰਪਟ ਨਾਥ, ੮. ਚੰਬਾ ਨਾਥ, ੯. ਘੁਘੂ ਨਾਥ ।

Digitized by Panjab Digital Library | www.panjabdigilib.org

('ਕਥਾ ਉਪਦੇਸ਼ ਸਾਗਰ' ਦੇ ਕਰਤਾ ਨੇ ਨੌਂ ਨਾਥ ਇਹ ਲਿਖੇ ਹਨ : ੧. ਗੋਰਖ ਨਾਥ, ੨. ਮਛਿੰਦਰ ਨਾਥ, ੩. ਉਦੇ ਨਾਥ, ੪. ਸੰਤੋਖ ਨਾਥ, ੫. ਕੰਥੜ ਨਾਥ, ੬. ਸਤਿ ਨਾਥ, ੭. ਅਚੰਭ ਨਾਥ, ੮. ਚੌਰੰਗੀ ਨਾਥ, ੯. ਤੇ ਸਭ ਤੋਂ ਆਦਿ ਨਾਥ 'ਮਹਾਂ ਦੇਵ' ਨੂੰ ਮੰਨਿਆਂ ਹੈ। ਭਾਈ ਕਾਹਨ ਸਿੰਘ ਨਾਭਾ ਨੇ ਵੀ ਏਹੀ ਨਾਮ ਮੰਨੇ ਹਨ। ਵੇਖੋ 'ਮਹਾਨ ਕੋਸ਼, ਪੰਨਾ ੫੧੪)[1]

ਮਰਦਾਨੇ ਦੇ ਪੁੱਛਣ 'ਤੇ ਹਜ਼ੂਰ ਨੇ ਫੁਰਮਾਇਆ,

"ਅਬ ਜੋ ਜਤੀ, ਸੁਨਹੁ ਦੇ ਕਾਨਾ।
ਲਛਮਣ, ਗੋਰਖ, ਅਰ ਹਨੁਮਾਨਾ।
ਭੀਸ਼ਮ, ਭੈਰਉ, ਦੱਤ, ਪਛਾਨੋ।
ਚੌਰਾਸੀ ਸਬ ਸਿੱਧ[2] ਬਖਾਨੋ।੪੦।"

ਮਰਦਾਨੇ ਨੇ ਕਿਹਾ, 'ਜੀ, ਅਨੇਕਾਂ ਪੁਰਸ਼ ਹਨ, ਜਿਨ੍ਹਾਂ ਇਸਤਰੀ-ਸੰਗ ਨਹੀਂ ਕੀਤਾ, ਫਿਰ ਕੇਵਲ ਛੇ ਜਤੀ ਹੀ ਕਿਉਂ ਹੋਏ। ਹਜ਼ੂਰ ਨੇ ਜਵਾਬ ਦਿਤਾ,

"ਅਸ਼ਟ ਬਿਧਿਨ ਕੋ ਭੋਗ ਹੈ, ਤਿਨ ਤੇ ਜੋ ਵਿਪਰੀਤਿ।
ਪੂਰਨ ਜਤੀ ਸੁ ਜਾਨਿਯੇ, ਲੀਨ ਕਾਮ ਤਿਹ ਜੀਤ।੫੪।"*

ਫਿਰ ਸਿੱਖਾਂ ਪਾਸੋਂ ਗੁਰੂ ਜੀ ਅੱਗੈ ਤੁਰ ਪਏ।

## ਪੈਂਹਠਵਾਂ ਧਯਾਇ

### ਕਾਗ ਭਸੁੰਡ ਤੇ ਦੱਤਾ ਤ੍ਰੇਯ ਨੂੰ ਮਿਲੇ

ਬਹੁਤ ਸਾਰੇ ਪੰਛੀਆਂ ਵਿਚ ਬੈਠਾ 'ਕਾਕ ਭਸੁੰਡ'o ਕਥਾ ਕਰ ਰਿਹਾ ਸੀ। ਮਹਾਰਾਜ ਵੀ ਪਾਸ ਜਾ ਬੈਠੇ।

ਮਰਦਾਨੇ ਨੇ ਸ਼ਬਦ ਗਾਇਆ। ਕਾਕ ਭਸੁੰਡ ਨੇ ਪੁਛਿਆ, ਇਹ ਕਿਸ ਦਾ ਸਬਦ ਹੈ। ਮਰਦਾਨੇ ਦੱਸਿਆ, ਗੁਰੂ ਨਾਨਕ ਦੇਵ ਜੀ ਦਾ। ਇਹ ਜਾਣ ਕੇ ਕਾਕ ਭਸੁੰਡ ਗੁਰੂ ਜੀ ਦੇ ਚਰਨੀ ਲੱਗਾ।

ਪੰਜ ਪ੍ਰਕਾਰ ਦਾ ਸਰੋਤਾ ਮੰਨਿਆ ਹੈ। ਇਕ ਰਾਗ ਨੂੰ ਸਮਝਦਾ ਹੈ। ਇਕ

---

1. ਇਸ ਬਾਰੇ ਡਾ. ਜਯਭਗਵਾਨ ਗੋਯਲ ਨੇ ਕੁਛ ਨਹੀਂ ਲਿਖਿਆ, ਕਿ ਅਸਲੀ ਨੌਂ ਨਾਥ ਕੌਣ ਹਨ। 2. ਚੌਰਾਸੀ ਸਿੱਧਾਂ ਦੇ ਨਾਮ ਵਾਸਤੇ ਵੇਖੋ, 'ਸਿੱਖ ਇਤਿਹਾਸ ਦੇ ਸੋਮੇ' ਦੂਜਾ ਭਾਗ, ਪੰਨਾ ੪੧।

* ਬ੍ਰਹਮਚਰਯ ਦੇ ਅੱਠ ਅੰਗ, ਵੇਖੋ ਏਸੇ ਗ੍ਰੰਥ ਦਾ ਧਯਾਇ ੪੮।

o ਭੁਸੁੰਡ ਨਾਮ ਦਾ ਇਕ ਬ੍ਰਹਮਣ, ਲੋਮਸ ਰਿਖੀ ਦੇ ਸਰਾਪ ਨਾਲ ਕਾਉ ਬਣ ਗਿਆ, ਤੇ ਚਿਰਜੀਵੀ ਹੋ ਗਿਆ। ਉਹ ਹੋਰ ਰਿਖੀਆਂ ਨੂੰ ਕਥਾ ਸੁਣਾਉਂਦਾ ਹੈ।

Digitized by Panjab Digital Library | www.panjabdigilib.org

ਮਿਠੀ ਸੁਰ (ਆਵਾਜ਼) ਨੂੰ ਪਸੰਦ ਕਰਦਾ ਹੈ, ਕੋਈ ਤਾਲ ਤੇ ਖੁੱਸ਼ ਹੈ, ਤੇ ਕੋਈ ਸਾਜ਼ਾਂ ਤੇ। ਅਸਲੀ ਸਰੋਤਾ ਉਹ ਹੈ, ਜੋ ਅਰਥ ਸਮਝ ਕੇ ਮਨ ਵਿਚ ਵਸਾਉਂਦਾ ਹੈ।

ਮਰਦਾਨੇ ਨੇ ਕਾਕ ਭਸੁੰਡ ਦੀ ਉਮਰ ਪੁੱਛੀ। ਕਾਕ ਭਸੁੰਡ ਨੇ ਕਿਹਾ, ਉਮਰ ਦਾ ਅੰਦਾਜ਼ਾ ਨਹੀਂ। ਹਜ਼ਾਰਾਂ ਜੁੱਗ ਬੀਤ ਗਏ ਹਨ। ਬਾਲੇ ਨੇ ਇਸ ਜਨਮ (ਕਾਂ ਦੀ ਜੂਨ) ਦਾ ਕਾਰਨ ਪੁਛਿਆ। ਕਾਕ ਭਸੁੰਡ ਆਪਣੀ ਕਥਾ ਸੁਣਾਉਂਦਾ ਹੈ। 'ਮੈਂ ਸੂਦਰ ਸਾਂ ਤੇ ਸ਼ਿਵਾਂ ਦਾ ਪੁਜਾਰੀ। ਮੈਂ ਅਯੁਧਿਆ ਵਿਚ ਰਹਿੰਦਾ ਸਾਂ। ਓਥੇ ਕਾਲ ਪੈ ਗਿਆ। ਮੈਂ ਉਜੈਨ ਚਲਾ ਗਿਆ। ਓਥੇ ਇਕ ਪੰਡਤ ਨੂੰ ਮੈਂ ਗੁਰੂ ਬਣਾ ਲਿਆ। ਉਹ ਵਿਸ਼ਨੂੰ ਦੀ ਭਗਤੀ ਕਰੇ। ਮੈਂ ਉਸ ਤੋਂ ਸੜਾਂ। ਇਕ ਦਿਨ ਮੈਂ ਸ਼ਿਵਾਂ ਦੇ ਮੰਦਰ ਵਿਚ ਬੈਠਾ ਸਾਂ। ਮੇਰਾ ਗੁਰੂ ਆ ਗਿਆ। ਮੈਂ ਉਠ ਕੇ ਉਸ ਦਾ ਆਦਰ ਨਾ ਕੀਤਾ। ਉਸ ਨੇ ਸਰਾਪ ਦੇ ਦਿਤਾ।

"ਕਰੈ ਬਿਸਨ ਸੋ ਦ੍ਰੋਹਿ ਤੂੰ, ਗੁਰੂ ਨਿਰਾਦਰ ਕੀਨ।
ਯਾਂ ਤੇ ਯਮ ਡੰਡਾ ਸਹੋ, ਹੋਵਹੁ ਕਸ਼ਟ ਅਧੀਨ।੪੦।"

ਕਾਕ ਭਸੁੰਡ ਕਹਿੰਦਾ ਹੈ, ਮੈਂ ਚੌਰਾਸੀ ਜੂਨ ਵਿਚੋਂ ਸਾਰੀਆਂ ਜੂਨਾਂ ਭੋਗੀਆਂ ਹਨ। ਫਿਰ ਮੈਂ ਬ੍ਰਹਮਣ ਦਾ ਜਨਮ ਪਾਇਆ। ਲੋਮਸ‡ ਰਿਖੀ ਪਾਸ ਮੈਂ ਉਪਦੇਸ਼ ਸੁਣਿਆਂ ਕਰਦਾ, ਪਰ ਮੈਂ ਮਨ ਵਿਚ ਨਾ ਵਸਾਉਂਦਾ। ਤੰਗ ਪੈ ਕੇ ਲੋਮਸ ਨੇ ਸਰਾਪ ਦੇ ਦਿਤਾ, ਕਿ ਤੂੰ ਤਾਂ ਸਭ ਨਾਲੋਂ ਨੀਚ ਪੰਛੀ ਹੈ। ਮੈਂ ਹੱਥ ਜੋੜ ਕੇ ਕਿਹਾ, ਰਿਖੀ ਜੀ! ਤੁਹਾਡਾ ਸਰਾਪ ਪੂਰਾ ਹੋਵੇ। ਇਕ ਵਰ ਵੀ ਦਿਹੋ, ਕਿ ਮੈਨੂੰ ਹਰ ਤਰ੍ਹਾਂ ਦਾ ਗਿਆਨ ਜ਼ਰੂਰ ਰਹੇ। ਲੋਮਸ ਨੇ ਖ਼ੁਸ਼ ਹੋ ਕੇ ਇਹ ਵਰ ਦੇ ਦਿਤਾ। ਲੋਮਸ ਨੇ ਇਕ ਹੋਰ ਵਰ ਦਿਤਾ, ਕਿ ਤੇਰੀ ਮੌਤ ਤੇਰੀ ਇੱਛਿਆ ਅਨੁਸਾਰ ਹੋਵੇਗੀ।

ਓਥੋਂ ਚੱਲ ਕੇ ਗੁਰਦੇਵ ਦੱਤਾਤ੍ਰੇਯ* ਪਾਸ ਜਾ ਪੁੱਜੇ। ਕੁਛ ਚਿਰ ਬਚਨ ਬਿਲਾਸ ਕਰਕੇ ਮਹਾਰਾਜ ਅੱਗੇ ਤੁਰ ਪਏ।

---

‡ (ਮਹਾਂ ਭਾਰਤ ਦੇ ਕਥਨ ਅਨੁਸਾਰ ਲੋਮਸ ਰਿਖੀ 'ਅਮਰ' ਹੈ। ਉਸਦੇ ਗਲ ਵਿਚ ਪ੍ਰੀਸ਼ਤ ਨੇ ਮਰਿਆ ਹੋਇਆ ਸੱਪ ਪਾ ਦਿਤਾ ਸੀ। ਲੋਮਸ ਦੇ ਚੇਲੇ ਸ਼੍ਰਿੰਗੀ ਰਿਖੀ ਨੇ ਪ੍ਰੀਸ਼ਤ ਨੂੰ ਸੱਪ ਡੰਗਣ ਦਾ ਸਰਾਪ ਦਿਤਾ ਸੀ।)

* (ਅਨਸੂਯਾ ਦੇ ਪੇਟੋਂ ਅਤ੍ਰਿ ਰਿਖੀ ਦਾ ਪੁੱਤਰ। ਦੱਤਾ ਤ੍ਰੇਯ ਦੀ ਗਿਣਤੀ ਚੌਵੀ ਅਵਤਾਰਾਂ ਵਿਚ ਹੈ। ਇਸਨੇ ਗੁਣਾਂ ਅਨੁਸਾਰ ਚੌਵੀ ਗੁਰੂ ਧਾਰੇ। ਮਾਰਕੰਡੇਯ ਪੁਰਾਣ ਵਿਚ ਲਿਖਿਆ ਹੈ, ਕਿ ਅਨਸੂਯਾ ਦੇ ਵਰ ਮੰਗਣ ਕਰਕੇ ਉਸਦੇ ਪੇਟੋਂ ਵਿਸ਼ਨੂ ਦੱਤਾਤ੍ਰੇਯ ਦੇ ਰੂਪ ਵਿਚ ਜੰਮਿਆਂ।)

Digitized by Panjab Digital Library | www.panjabdigilib.org

# ਛਿਆਹਠਵਾਂ ਧਯਾਇ

## ਪ੍ਰਹਿਲਾਦ ਭਗਤ ਨਾਲ ਮਿਲਾਪ

ਗੁਰੂ ਜੀ ਉਸ ਥਾਂ ਜਾ ਪਹੁੰਚੇ, ਜਿੱਥੇ ਪ੍ਰਹਿਲਾਦ ਭਗਤ ਬੈਠਾ ਤਪ ਕਰ ਰਿਹਾ ਸੀ। ਦੋਹਾਂ ਨੇ ਇਕ ਦੂਸਰੇ ਨੂੰ ਪ੍ਰਣਾਮ ਕੀਤਾ। ਪ੍ਰਹਿਲਾਦ ਭਗਤ ਨੇ ਕਿਹਾ, ਜਿਵੇਂ ਮੇਰੇ ਸਮੇਂ ਨਰ ਸਿੰਘ ਅਵਤਾਰ ਆਇਆ ਸੀ, ਏਸੇ ਤਰ੍ਹਾਂ ਹੁਣ ਆਪ ਅਵਤਾਰ ਆਏ ਹੋ।

ਭਾਈ ਬਾਲੇ ਦੇ ਕਹਿਣ ਉਤੇ ਪ੍ਰਹਿਲਾਦ ਭਗਤ ਆਪਣੀ ਕਥਾ ਸੁਣਾਉਂਦਾ ਹੈ। 'ਮੇਰੇ ਪਿਤਾ ਦਾ ਭਰਾ ਧਰਤੀ ਨੂੰ ਖੁਹ ਕੇ ਰਸਾਤਲ (ਪਾਤਾਲ) ਲੈ ਗਿਆ। (ਈਸ਼ਵਰ ਨੇ) ਵਿਰਾਹ (ਬਿਰਾਹੂ, ਸੂਰ) ਅਵਤਾਰ ਧਾਰ ਕੇ ਉਸ ਨੂੰ ਮਾਰਿਆ ਤੇ ਪ੍ਰਿਥਵੀ ਨੂੰ ਫਿਰ ਲਿਆ ਕੇ ਉਸਦੇ ਅਸਥਾਨ ਤੇ ਟਿਕਾਇਆ। ਗੁੱਸੇ ਵਿਚ ਮੇਰੇ ਪਿਤਾ ਨੇ ਵਿਸ਼ਨੂੰ ਤੋਂ ਵੈਰ ਲੈਣ ਦੀ ਧਾਰ ਲਈ। ਉਸ ਨੇ ਦੈਂਤਾਂ ਨੂੰ ਹੁਕਮ ਦਿਤਾ, ਕਿ ਕਿਤੇ ਵੀ ਕੋਈ ਬ੍ਰਹਿਮਣ ਜਾਂ ਵਿਸ਼ਨੂੰ ਦਾ ਉਪਾਸ਼ਕ ਮਿਲੇ, ਸਭ ਨੂੰ ਖ਼ਤਮ ਕਰ ਦਿਹੋ। ਦੈਂਤਾਂ ਨੇ ਸਭ ਮਾਰ ਭਜਾਏ ਤੇ ਮੰਦਰ ਢਾਹ ਦਿਤੇ। ਫਿਰ ਹਿਰਨਕਸਪ (ਹਰਨਾਕਸ਼) ਨੇ ਵਰ ਪ੍ਰਾਪਤ ਕਰਨ ਵਾਸਤੇ ਮੰਦਰ ਵਿਚ ਪੈਰ ਦੇ ਇਕ ਅੰਗੂਠੇ ਉਤੇ ਖੜੇ ਹੋ ਕੇ ਕਠਨ ਤਪ ਕੀਤਾ। ਦੇਵਤੇ ਕੰਬ ਉਠੇ। ਬ੍ਰਹਮਾ ਹਰਨਾਕਸ਼ ਪਾਸ ਗਿਆ, ਜਿੱਥੇ ਉਹ ਤਪ ਕਰ ਰਿਹਾ ਸੀ। ਹਰਨਾਕਸ਼ ਸੁੱਕ ਕੇ ਤੀਲੇ ਵਰਗਾ ਹੋ ਗਿਆ ਸੀ। ਬ੍ਰਹਮਾ ਨੇ ਪੁਕਾਰਿਆ, ਕਿ ਤੇਰੇ ਵਰਗਾ ਤਪ ਅੱਜ ਤਕ ਕਿਸੇ ਨਹੀਂ ਕੀਤਾ, ਵਰ ਮੰਗੋ। ਹਰਨਾਕਸ਼ ਨੇ ਵਰ ਮੰਗੇ, ਕਿ ਨਾ ਮੈਂ ਧਰਤੀ ਤੇ ਮਰਾਂ, ਨਾ ਆਕਾਸ਼ ਵਿਚ, ਨਾ ਅੰਦਰ ਮਰਾਂ, ਨਾ ਬਾਹਰ, ਨਾ ਦਿਨੇ ਮਰਾਂ, ਨਾ ਰਾਤ। ਨ ਹੀ ਕਿਸੇ ਸ਼ਸਤਰ ਨਾਲ ਮਰਾਂ। ਬ੍ਰਹਮਾ ਵਰ ਦੇ ਕੇ ਅਲੋਪ ਹੋ ਗਿਆ। ਵਿਸ਼ਨੂੰ ਦਾ ਵਿਰੋਧ ਕਰਨ ਵਾਸਤੇ ਹਰਨਾਕਸ਼ ਨੇ ਤਿੰਨੇ ਲੋਕ ਜਿੱਤ ਲਏ। ਏਥੋਂ ਤਕ, ਕਿ ਉਹਨੇ ਸੁਰਗ ਲੋਕ ਤੇ ਵੀ ਕਬਜ਼ਾ ਕਰ ਲਿਆ। ਉਹ ਸਭ ਦੇਵਤਿਆਂ ਨੂੰ ਦੁੱਖ ਦੇਣ ਲੱਗਾ। ਸਭ ਦੇਵਤੇ ਮਿਲ ਕੇ ਪਰਮੇਸ਼ਰ (ਕਮਲਾਪਤੀ ਵਿਸ਼ਨੂੰ) ਪਾਸ ਫ਼ਰਯਾਦੀ ਹੋਏ। ਈਸ਼ਵਰ ਨੇ ਕਿਹਾ, ਮੈਂ ਹਰਨਾਕਸ਼ ਦੇ ਘਰ ਭਗਤ ਪੁੱਤਰ ਪੈਦਾ ਕਰਾਂਗਾ। ਇਹ ਉਸਦਾ ਵਿਰੋਧ ਕਰੇਗਾ, ਤਾਂ ਫਿਰ ਮੈਂ ਇਸ ਦਾ ਨਾਸ ਕਰਨ ਵਾਸਤੇ ਪਰਗਟ ਹੋਵਾਂਗਾ।

# ਸਤਾਹਠਵਾਂ ਧਯਾਇ

## ਪ੍ਰਹਿਲਾਦ ਦੀ ਕਥਾ

ਪ੍ਰਹਿਲਾਦ ਨੇ ਕਿਹਾ, ਅਸੀਂ ਚਾਰ ਭਾਈ ਜਨਮੇਂ। ਪ੍ਰਹਿਲਾਦ ਬਚਪਨ ਤੋਂ

Digitized by Panjab Digital Library | www.panjabdigilib.org

ਹੀ ਭਗਤੀ ਵਿਚ ਲੱਗਾ ਹੋਇਆ ਸੀ। ਉਸ ਉਤੇ ਨਾਰਦ ਦੀ ਕਿਰਪਾ ਸੀ।

ਸੁਕ੍ਰ ਦੇ ਪੁੱਤਰ ਸੰਡੇ ਤੇ ਮਰਕੇ ਦੈਂਤਾਂ ਦੇ ਲੜਕਿਆਂ ਨੂੰ ਪੜ੍ਹਾਇਆ ਕਰਦੇ ਸਨ। ਇਕ ਦਿਨ ਹਰਨਾਕਸ਼ ਨੇ ਪ੍ਰਹਿਲਾਦ ਨੂੰ ਪੁਛਿਆ, ਕਿ ਤੂੰ ਕੀ ਪੜ੍ਹਦਾ ਹੈਂ। ਪ੍ਰਹਿਲਾਦ ਨੇ ਕਿਹਾ, ਹਰੀ ਦੀ ਭਗਤੀ ਕਰਦਾ ਹਾਂ। ਵਿਸ਼ਨੂੰ ਦਾ ਨਾਮ ਸੁਣ ਕੇ ਹਰਨਾਕਸ਼ ਸੜ ਬਲ ਗਿਆ। (ਏਥੇ ਬੜੀਆਂ ਸੁੰਦਰ ਸਤਰਾਂ ਹਨ।)

"ਜੋ ਨਿਜ ਸੁਤ, ਪਰ ਹਿਤ ਕੋ ਚਾਹੀ।
ਸੋ ਰਿਪ† ਸਮ ਲਖਿਯੇ ਮਨ ਮਾਹੀ।੪੮।
ਜੋ ਪਰ ਸੁਤ ਅਪਨੋ ਹਿਤਕਾਰੀ।
ਪੁੱਤ੍ਰ ਸਮਾਨ ਦਿਜੇ ਸੁਖ ਭਾਰੀ।
ਇਸ ਪ੍ਰਕਾਰ ਸਮਝਹੁ ਮਨ ਮਾਹੀ।
ਮਾਰਹੁ ਬੇਗ ਪੁੱਤ੍ਰ ਮਮ ਨਾਹੀ।੪੯।"

ਹਰਨਾਕਸ਼ ਨੇ ਪ੍ਰਹਿਲਾਦ ਨੂੰ ਮਾਰਨ ਦਾ ਹੁਕਮ ਦਿਤਾ। ਦੈਂਤਾਂ ਨੇ ਹਰ ਕਿਸਮ ਦੇ ਸ਼ਸਤਰ ਚਲਾਏ। ਪਰ ਪ੍ਰਹਿਲਾਦ ਦਾ ਵਾਲ ਵੀ ਵਿੰਗਾ ਨਾ ਹੋਇਆ। ਫਿਰ ਬਾਲਕ ਨੂੰ ਹਾਥੀ ਅੱਗੇ ਸੁੱਟਿਆ, ਪਹਾੜ ਤੋਂ ਡੇਗਿਆ, ਅੱਗ ਵਿਚ ਸੁੱਟਿਆ, ਪਾਣੀ ਵਿਚ ਡੋਬਿਆ, ਪਰ ਪ੍ਰਹਿਲਾਦ ਦਾ ਕੁਛ ਨਾ ਵਿਗੜਿਆ। ਫਿਰ ਸੰਡੇ ਮਰਕੇ ਨੂੰ ਹੁਕਮ ਹੋਇਆ, ਕਿ ਇਸਨੂੰ ਘਰ ਵਿਚ ਬੰਦ ਰੱਖ ਕੇ ਸਮਝਾਵਹੁ।

## ਅਠਾਹਠਵਾਂ ਧਯਾਇ

### ਪ੍ਰਹਿਲਾਦ ਦੀ ਕਥਾ

ਪ੍ਰਹਿਲਾਦ ਨੇ ਓਥੇ ਬਾਕੀ ਬਾਲਕਾਂ ਨੂੰ ਵੀ ਰਾਮ ਨਾਮ ਸਿਮਰਨ ਵਿਚ ਲਾ ਦਿਤਾ। ਸੰਡੇ ਮਰਕੇ ਨੇ ਹਰਨਾਕਸ਼ ਪਾਸ ਸ਼ਕਾਇਤ ਜਾ ਕੀਤੀ। ਹਰਨਾਕਸ਼ ਨੇ ਪ੍ਰਹਿਲਾਦ ਨੂੰ ਝਿੜਕਿਆ। ਪ੍ਰਹਿਲਾਦ ਪਿਤਾ ਨੂੰ ਵੀ ਉਪਦੇਸ਼ ਦੇਂਦਾ ਹੈ, ਕਿ ਮਨ ਨੂੰ ਪ੍ਰਭੂ ਦੇ ਸਿਮਰਨ ਨਾਲ ਜੋੜੋ।

## ਉਨੱਤਰਵਾਂ ਧਯਾਇ

### ਨਰ ਸਿੰਘ ਅਵਤਾਰ

ਹਿਰਨਕਸ਼ਪ (ਹਰਨਾਕਸ਼) ਨੇ ਕ੍ਰੋਧ ਨਾਲ ਕਿਹਾ,

"ਰੇ ਸਠ* ਬਾਲਕ, ਮੋ ਬਿਨ ਈਸਾ।
ਕਹੌ ਕਹਾ, ਨਤ॰ ਕਾਟੋ ਸੀਸਾ।੩।"

† ਵੈਰੀ। * ਸਠ, ਮੂਰਖ, ਬਦਮਾਸ਼। ॰ ਨਹੀਂ ਤਾਂ।

Digitized by Panjab Digital Library | www.panjabdigilib.org

(ਹੇ ਮੂਰਖ ਬਾਲਕ ! ਦੱਸ, ਮੇਰੇ ਬਿਨਾਂ ਹੋਰ ਈਸ਼ਵਰ ਕਿੱਥੇ ਹੈ ।)

ਹਰਨਾਕਸ਼ ਤਲਵਾਰ ਨਾਲ ਪ੍ਰਹਿਲਾਦ ਨੂੰ ਮਾਰਨ ਲੱਗਾ, ਤਾਂ ਥੰਮ੍ਹ ਵਿਚੋਂ ਨਰ ਸਿੰਘ† ਅਵਤਾਰ ਪਰਗਟ ਹੋ ਗਿਆ । ਉਹਨੇ ਹਰਨਾਕਸ਼ ਦਾ ਪੇਟ ਪਾੜ ਕੇ ਮਾਰ ਦਿਤਾ ।

"ਤੂਰਨ ਨਖ ਸੋ ਉਦਰ ਬਿਦਾਰਾ,
ਮਹਾਂ ਬਲੀ ਇਕ ਛਿਨ ਮਹਿ ਮਾਰਾ ।
ਨਹਿ ਅੰਤਰ, ਨਹਿ ਬਾਹਰ ਕੀਨਾ ।
ਦਯੋਸ, ਨ ਨਿਸਾ, ਜਬਹਿ ਹਨ ਦੀਨਾ ।੨੫।"

ਸਿਰਫ਼ ਹਰਨਾਕਸ਼ ਨੂੰ ਹੀ ਨਹੀਂ, ਨਰ ਸਿੰਘ ਨੇ ਹੋਰ ਬਹੁਤ ਸਾਰੇ ਦੈਂਤ ਮਾਰ ਦਿਤੇ । ਦੈਂਤਾਂ ਦੀ ਸਫ਼ਾਈ ਹੋ ਗਈ, ਤਾਂ ਵਿਸ਼ਨੂੰ ਆਪਣੇ ਸਿੰਘਾਸਣ 'ਤੇ ਜਾ ਬੈਠਾ ।

ਪ੍ਰਹਿਲਾਦ ਨੇ ਨਰ ਸਿੰਘ ਪਾਸ ਬੇਨਤੀ ਕੀਤੀ ਕਿ ਮੇਰੇ ਪਿਤਾ ਨੂੰ ਵੀ ਬਖ਼ਸ਼ ਦਿਹੋ । ਪ੍ਰਭੂ ਨੇ ਕਿਹਾ, ਤੇਰੀਆਂ ਇੱਕੀ ਕੁਲਾਂ ਤਾਰੀਆਂ ।

(ਪੁਰਾਣਾਂ ਵਿਚ ਸੱਤ ਚਿਰਜੀਵੀ ਮੰਨੇ ਹਨ, ਜੋ ਪ੍ਰਲੈ ਤਕ ਨਹੀਂ ਮਰਦੇ । ਉਹ ਹਨ : ਮਾਰਕੰਡੇਯ, ਅਸ਼ਵਥਾਮਾ, ਬਲਿ, ਹਨੂਮਾਨ, ਵਿਭੀਸ਼ਣ, ਕ੍ਰਿਪਾਚਾਰਯ, ਪਰਸਰਾਮ । ਕਈ ਗ੍ਰੰਥਕਾਰਾਂ ਨੇ ਵਿਆਸ ਨੂੰ ਅੱਠਵਾਂ ਚਿਰਜੀਵੀ ਮੰਨਿਆਂ ਹੈ । ਪਰ ਪ੍ਰਹਿਲਾਦ ਨੂੰ 'ਚਿਰਜੀਵੀ' ਨਹੀਂ ਮੰਨਿਆਂ ਜਾਂਦਾ । ਫਿਰ ਪ੍ਰਹਿਲਾਦ ਦਾ ਮੇਲ ਗੁਰੂ ਮਹਾਰਾਜ ਨਾਲ ਕਿਵੇਂ ਹੋਇਆ । ਕਿਉਂਕਿ ਪ੍ਰਹਿਲਾਦ ਸਤਿਜੁਗ ਵਿਚ ਹੋਇਆ ਹੈ । ਕਵੀ ਜੀ, ਤੇ ਜਨਮ ਸਾਖੀਆਂ ਦੇ ਲੇਖਕਾਂ ਨੇ ਕੇਵਲ ਪ੍ਰਹਿਲਾਦ ਦੀ ਕਥਾ ਸੁਨਾਉਣ ਵਾਸਤੇ ਹੀ ਇਹ ਸਾਖੀ ਲਿਖ ਦਿਤੀ ਹੈ । ਇਹ ਇਤਿਹਾਸ ਨਹੀਂ ।)

# ਸੱਤਰਵਾਂ ਧਯਾਇ

## ਵਿਰਾਹ ਅਵਤਾਰ

ਮਰਦਾਨੇ ਦੇ ਪੁੱਛਣ ਉਤੇ ਗੁਰੂ ਜੀ ਨੇ 'ਵਿਰਾਹ' (ਸੂਰ) ਅਵਤਾਰ ਦੀ ਕਥਾ ਸੁਣਾਈ । ਦੱਖ (ਦਖਸ਼) ਦੀ ਪੁੱਤਰੀ ਦਿੱਤੀ, ਕੱਸਪ (ਕਸ਼ਪ) ਦੀ ਪਤਨੀ ਸੀ । ਇਕ ਸਮੇਂ ਕੱਸਪ ਨੇ ਜੱਗ ਕੀਤਾ । ਉਸ ਦੀ ਪਤਨੀ ਦਿੱਤੀ ਨੇ ਉਸ ਨੂੰ ਮਜਬੂਰ ਕਰ ਕੇ ਸੰਧਿਆ ਸਮੇਂ ਸੰਗ ਕੀਤਾ । ਫਿਰ ਉਹ ਪਛਤਾਈ, ਕਿ ਇਹ ਸਮਾਂ ਪੂਜਾ ਦਾ ਸੀ ।

† ਬ੍ਰਹਿਮਣੀ ਮੱਤ ਅਨੁਸਾਰ ਦਸ ਅਵਤਾਰ ਮੰਨੇ ਹਨ : ਮੱਛ, ਕੱਛ, ਵਿਰਾਹ, ਨਰ ਸਿੰਘ, ਵਾਮਨ, (ਇਹ ਸਤਯੁਗ ਦੇ ਅਵਤਾਰ ਹਨ ।) ਪਰਸਰਾਮ ਤੇ ਰਾਮਚੰਦਰ ਤ੍ਰੇਤੇ ਦੇ । ਕ੍ਰਿਸ਼ਨ ਦੁਆਪਰ ਦਾ । ਬੁੱਧ ਕਲਿਜੁਗ ਦਾ । ਦਸਵਾਂ 'ਕਲਕੀ ਅਵਤਾਰ' ਅਜੇ ਹੋਣਾ ਹੈ ।

Digitized by Panjab Digital Library | www.panjabdigilib.org

ਕੱਸਪ ਨੇ ਕਿਹਾ, ਤੇਰੇ ਘਰ ਦੋ ਪੁੱਤਰ ਹਣਗੇ । ਉਹ ਲੋਕਾਂ ਨੂੰ ਬਹੁਤ ਦੁੱਖ ਦੇਣਗੇ। ਵਿਸ਼ਨੂੰ ਜੀ ਅਵਤਾਰ ਧਾਰ ਕੇ ਉਹਨਾਂ ਦਾ ਨਾਸ ਕਰਨਗੇ। ਪਰ ਤੇਰਾ ਪੋਤਰਾ ਭਗਤ ਹੋਵੇਗਾ।

ਦਿੱਤੀ ਦੇ ਘਰ ਦੋ ਬਲੀ ਦੈਂਤ ਜਨਮੇ। ਹਿਰੰਨਾਛ (ਹਿਰਨਯਾਕ) ਨੇ ਸਾਰੀ ਦੁਨੀਆਂ ਜਿੱਤ ਲਈ। ਫਿਰ ਉਹਨੇ ਸਮੁੰਦਰ ਦੇ ਥੱਲੇ ਵਰਣ ਦੇਵਤੇ (ਜਲ ਦੇ ਦੇਵਤੇ) ਨੂੰ ਜਾ ਵੰਗਾਰਿਆ । ਉਹਨੇ ਲੜਨ ਤੋਂ ਇਨਕਾਰ ਕਰ ਦਿਤਾ। ਦੈਂਤ ਧਰਤੀ ਨੂੰ ਹੀ ਪਾਤਾਲ ਵਿਚ (ਪਾਣੀ ਦੇ ਥੱਲੇ) ਲੈ ਗਿਆ।

ਨਾਭ ਕਮਲ ਤੋਂ ਬ੍ਰਹਮਾ ਪੈਦਾ ਹੋਇਆ । ਬ੍ਰਹਮਾ ਦੀਆਂ ਨਾਸਾਂ ਚੋਂ 'ਵਿਰਾਹ' ਪੈਦਾ ਹੋਇਆ। ਪਹਿਲਾਂ ਉਹ ਸਿਰਫ਼ ਅੰਗੂਠੇ ਜਿੰਨਾ ਜੰਮਿਆਂ। ਫਿਰ ਬਹੁਤ ਵੱਡੇ ਆਕਾਰ ਦਾ ਹੋ ਗਿਆ। ਉਸ ਨੇ ਹਿਰਨਯਾਕ ਨਾਲ ਯੁੱਧ ਕੀਤਾ। (ਪੁਰਾਣਾਂ ਵਿਚ ਲਿਖਿਆ ਹੈ, ਹਿਰਨਯਾਕ ਦੈਂਤ ਨਾਲ ਵਿਰਾਹ ਦਾ ਯੁੱਧ ਇਕ ਹਜ਼ਾਰ ਬਰਸ ਹੁੰਦਾ ਰਿਹਾ। ਫਿਰ ਤਾਂ ਉਹ ਦੈਂਤ ਵੀ ਬਲੀ ਹੋਇਆ, ਜੋ ਵਿਸ਼ਨੂੰ ਦੇ ਅਵਤਾਰ 'ਵਿਰਾਹ' ਨਾਲ ਹਜ਼ਾਰ ਸਾਲ ਲੜਦਾ ਰਿਹਾ।) ਹਿਰਨਯਾਕ ਨੂੰ ਮਾਰ ਕੇ ਵਿਰਾਹ ਨੇ ਧਰਤੀ ਪਾਣੀ ਦੇ ਉਪਰ ਲਿਆ ਧਰੀ।

(ਕਵੀ ਜੀ ਨੇ ਵਿਰਾਹ ਅਵਤਾਰ ਦੀ ਕਥਾ ਗੁਰੂ ਜੀ ਦੇ ਮੁੱਖ ਤੋਂ ਸੁਣਾ ਦਿਤੀ ਹੈ। ਏਸੇ ਤਰ੍ਹਾਂ ਪ੍ਰਹਿਲਾਦ ਭਗਤ ਦੀ ਵੀ ਕਥਾ ਹੀ ਸੁਣਾ ਦੇਂਦੇ, ਤਾਂ ਠੀਕ ਸੀ। ਪ੍ਰਹਿਲਾਦ ਦਾ ਗੁਰੂ ਜੀ ਨਾਲ ਮਿਲਾਪ ਹੋਣਾ ਅਨਹੋਣੀ ਗੱਲ ਹੈ, ਸਚਾਈ ਤੋਂ ਦੂਰ ਹੈ।)

# ਇਕੱਤਰਵਾਂ ਧਯਾਇ

## ਧ੍ਰੂਵ ਭਗਤ ਦੀ ਕਥਾ

ਮਹਾਰਾਜ ਫਿਰ ਉਪਰ ਚੱਲ ਪਏ। ਤਾਰੇ ਵੀ ਥੱਲੇ ਰਹਿ ਗਏ। ਧਰੂਹ ਦੀ ਕਥਾ। ਸ਼ਭੂ ਮੁਨਿ ਇਕ ਰਾਜਾ ਸੀ। ਉਸ ਦੇ ਅੱਗੇ ਦੋ ਪੁੱਤਰ ਹੋਏ : 'ਪ੍ਰਿਯ ਬ੍ਰਤ' ਤੇ 'ਉਤਾਨ ਪਾਦ' । ਪਹਿਲੇ ਦੇ ਰੱਥ ਦੇ ਪਹੀਆਂ ਨਾਲ ਸਮੁੰਦਰ ਬਣ ਗਿਆ। ਉਤਾਨ ਪਾਦ ਦੇ ਘਰ ਦੋ ਰਾਣੀਆਂ ਸਨ । ਇਕ ਰਾਣੀ ਨਾਲ ਰਾਜੇ ਦਾ ਬਹੁਤ ਪਿਆਰ ਸੀ। ਦੂਸਰੀ ਦੇ ਘਰ ਧ੍ਰੂਹ ਪੈਦਾ ਹੋਇਆ। ਪੰਜ ਸਾਲ ਦਾ ਧ੍ਰੂਹ ਆ ਕੇ ਪਿਤਾ ਦੀ ਗੋਦ ਵਿਚ ਬੈਠ ਗਿਆ। ਮਤੇਈ ਨੇ ਬਾਂਹੋਂ ਫੜ ਕੇ ਧ੍ਰੂਹ ਨੂੰ ਉਠਾ ਦਿਤਾ, ਤੇ ਨਾਲ ਕਿਹਾ, ਜੇ ਇਸ ਗੋਦ ਵਿਚ ਬਹਿਣਾ ਸੀ, ਤਾਂ ਮੇਰੇ ਘਰ ਜੰਮਣਾ ਸੀ। ਧ੍ਰੂਹ ਆਪਣੀ ਮਾਤਾ ਕੋਲ ਜਾ

Digitized by Panjab Digital Library | www.panjabdigilib.org

ਰੋਇਆ। ਮਾਂ ਦੇ ਉਪਦੇਸ਼ ਕਾਰਨ ਧ੍ਰੂਹ ਤਪ ਕਰਨ ਵਾਸਤੇ ਜੰਗਲ ਵੱਲ ਤੁਰ ਪਿਆ। ਰਸਤੇ ਵਿਚ ਨਾਰਦ ਮਿਲ ਪਿਆ। ਉਸ ਨੇ ਪਹਿਲਾਂ ਤਾਂ ਧ੍ਰੂਹ ਨੂੰ ਜਾਣੋਂ ਰੋਕਿਆ। ਫਿਰ ਬਾਲਕ ਦਾ ਦ੍ਰਿੜ੍ਹ ਇਰਾਦਾ ਵੇਖ ਕੇ ਅਸ਼ੀਰਵਾਦ ਦਿਤੀ। ਨਾਰਦ ਨੇ ਕਿਹਾ, ਜਮਨਾ ਕਿਨਾਰੇ 'ਮਧੂ ਬਨ' ਵਿਚ ਜਾਉ। ਨਾਰਦ ਨੇ ਕਿਹਾ, ਤੈਨੂੰ ਗੁਪਤ ਮੰਤਰ ਦਸਦਾ ਹਾਂ। ਸੱਤ ਦਿਨ ਜਾਪ ਕਰਨ ਨਾਲ ਸਭ ਕੁਛ ਮਿਲ ਜਾਇਗਾ। ਤੇ ਮੰਤਰ ਦੱਸਿਆ "ਓਮ ਵਾਸਦੇਵ ਭਗਵਤ :"।

ਫਿਰ ਨਾਰਦ ਰਾਜੇ ਪਾਸ ਆ ਗਿਆ। ਰਾਜਾ ਪੁੱਤਰ ਵਿਜੋਗ ਵਿਚ ਤੜਪ ਰਿਹਾ ਸੀ। ਨਾਰਦ ਨੇ ਉਸ ਨੂੰ ਵੀ ਧੀਰਜ ਦਿਤਾ।

ਧ੍ਰੂਹ ਨੇ ਕਠਨ ਤਪ ਅਰੰਭਿਆ। ਪਹਿਲਾਂ ਫਲ, ਫਿਰ ਪੱਤੇ ਤੇ ਅੰਤ ਪੰਜਵੇਂ ਮਹੀਨੇ ਪੌਣਹਾਰੀ ਹੋ ਗਿਆ। ਭਗਵਾਨ ਪਰਗਟ ਹੋਇਆ ਤੇ ਧ੍ਰੂਹ ਨੂੰ ਸਭ ਤੋਂ ਉਚਾ ਅਸਥਾਨ ਬਖ਼ਸ਼ ਕੇ ਲੋਪ ਹੋ ਗਿਆ।

## ਬਹੱਤਰਵਾਂ ਧਯਾਇ

### ਧ੍ਰੂਹ ਨਾਲ ਮਿਲਾਪ

ਤਪ ਪੂਰਾ ਹੋ ਜਾਣ 'ਤੇ ਪ੍ਰਭੂ ਦੇ ਹੁਕਮ ਨਾਲ ਧ੍ਰੂਹ ਘਰ ਪਰਤਿਆ। ਰਾਜੇ ਤੇ ਦੋਹਾਂ ਰਾਣੀਆਂ ਨੇ ਧ੍ਰੂਹ ਨੂੰ ਗਲ ਲਾਇਆ।

ਧ੍ਰੂਹ ਨੂੰ ਰਾਜ ਦੇ ਕੇ ਰਾਜਾ ਉਤਾਨਪਾਦ ਜੰਗਲ ਵਿਚ ਤਪ ਕਰਨ ਤੁਰ ਗਿਆ।

ਰਾਜਾ 'ਸਿਸਮਾਰ' ਦੀ ਕੰਨਿਆਂ 'ਭ੍ਰਮੀ' ਧ੍ਰੂਹ ਨੇ ਵਿਆਹੀ। ਉਸ ਵਿਚੋਂ 'ਵਤਸਰ' ਤੇ 'ਕਲਪੰ' ਦੋ ਪੁੱਤਰ ਹੋਏ।

ਧ੍ਰੂਹ ਦਾ ਭਰਾ 'ਉਤਮ' ਸ਼ਕਾਰ ਖੇਦਣ ਗਿਆ ਜੱਛਨ (ਯਖ਼ਸ਼) ਨਾਲ ਲੜਾਈ ਵਿਚ ਮਾਰਿਆ ਗਿਆ। ਉਤਮ ਦੀ ਮਾਤਾ ਉਸ ਨੂੰ ਖੋਜਨ ਗਈ, ਤੇ ਜੰਗਲ ਦੀ ਅੱਗ (ਦਾਵਾ ਅਨਲ) ਵਿਚ ਸੜ ਮਰੀ।

ਭਰਾ ਦੀ ਮੌਤ ਸੁਣ ਕੇ ਧ੍ਰੂਹ ਨੇ ਉੱਤਰ ਵੱਲ ਚੜ੍ਹਾਈ ਕਰ ਦਿਤੀ। ਅਲਕਾ-

Digitized by Panjab Digital Library | www.panjabdigilib.org

ਪੁਰੀ ਪਾਸ ਪੁੱਜਾ, ਤਾਂ ਧ੍ਰੂਹ ਦੇ ਸੰਖ ਦੀ ਵਾਜ ਸੁਣ ਕੇ ਜੱਛ ਵੀ ਸ਼ਾਮ੍ਹਣੇ ਆ ਗਏ। (ਭਿਆਨਕ ਯੁੱਧ ਦਾ ਵਰਨਣ ਹੈ।) ਬਹੁਤ ਸਾਰੇ ਜੱਛ ਮਾਰੇ ਗਏ। ਧ੍ਰੂਹ ਦੇ ਦਾਦਾ ਨੇ ਆ ਕੇ ਧ੍ਰੂਹ ਨੂੰ ਸ਼ਾਂਤ ਕੀਤਾ।

ਧ੍ਰੂਹ ਨੇ ਛੱਤੀ ਸੈ ਸਾਲ ਰਾਜ ਕੀਤਾ। ਫਿਰ ਉਹ ਪੁੱਤਰ ਨੂੰ ਰਾਜ ਦੇ ਕੇ ਸੁਰਸਰੀ (ਗੰਗਾ ਨਦੀ) ਕਨਾਰੇ ਤਪ ਕਰਨ ਜਾ ਬੈਠਾ। ਪ੍ਰਭੂ ਦਾ ਭੇਜਿਆ 'ਵਿਮਾਣ' ਆਇਆ। ਉਸ 'ਤੇ ਚੜ੍ਹ ਕੇ ਧ੍ਰੂਹ ਸਭ ਤੋਂ ਉੱਚੇ ਅਸਥਾਨ 'ਤੇ ਜਾ ਪਹੁੰਚਿਆ।

ਮਰਦਾਨੇ ਨੇ ਕਿਹਾ, 'ਮਹਾਰਾਜ ! ਸਾਨੂੰ ਵੀ ਉਹ ਅਸਥਾਨ ਵਿਖਾਓ।'

ਬਾਲੇ ਤੇ ਮਰਦਾਨੇ ਨੂੰ ਨਾਲ ਲੈ ਕੇ ਮਹਾਰਾਜ ਧ੍ਰੂਹ ਕੋਲ ਜਾ ਪਹੁੰਚੇ। ਗੁਰੂ ਮਹਾਰਾਜ ਬਾਰੇ ਜਾਣ ਕੇ ਧ੍ਰੂਹ ਨੇ ਨਮਸਕਾਰ ਕੀਤੀ।

(ਕਵੀ ਸੰਤੋਖ ਸਿੰਘ ਜੀ ਹਿੰਦੂ ਮਤ ਦੇ ਗ੍ਰੰਥਾਂ ਦੇ ਜਾਣਕਾਰ ਸਨ। ਮਹਾਰਾਜ ਦੀ ਉਸਤਤ ਕਰਨ ਹਿਤ ਉਹਨਾਂ ਅਜੇਹੀਆਂ ਕਈ ਪੁਰਾਣਕ ਕਥਾਵਾਂ, ਗੁਰੂ ਜੀ ਨਾਲ ਜੋੜ ਦਿਤੀਆਂ ਹਨ। ਨਾਲੇ ਉਸ ਸਮੇਂ ਕੁਛ ਰਿਵਾਜ ਹੀ ਅਜੇਹੀਆਂ ਲਿਖਤਾਂ ਦਾ ਸੀ। ਪਰ ਉਸ ਸਮੇਂ ਦੇ ਲੇਖਕਾਂ ਨੇ ਇਹ ਨਾ ਸੋਚਿਆ, ਕਿ ਮਹਾਰਾਜ ਦੀ ਵਡਿਆਈ ਕਰਨ ਦੇ ਬਹਾਨੇ ਅਸੀਂ ਇਤਿਹਾਸ ਨੂੰ ਮਿਥਿਹਾਸ ਬਣਾ ਰਹੇ ਹਾਂ।)

# ਤਿਹੱਤਰਵਾਂ ਧਯਾਇ

## ਸੱਚ ਖੰਡ, ਅਕਾਲ ਪੁਰਖ ਨਾਲ ਮਿਲਾਪ

ਬਾਲਾ ਕਹਿ ਰਿਹਾ ਹੈ, ਕਿ ਸਾਨੂੰ ਧ੍ਰੂਹ ਲੋਕ ਛੱਡ ਕੇ ਮਹਾਰਾਜ ਆਪ ਸੱਚ ਖੰਡ ਜਾ ਪਹੁੰਚੇ।

(ਅੱਗੇ ਸੱਚਖੰਡ ਦਾ ਸ਼ਬਦ-ਚਿੱਤਰ ਹੈ। ਸੁਰਗ, ਬਹਿਸ਼ਤ, ਸੁਰਲੋਕ, ਸਿਰਫ਼ ਸ਼ਬਦੀ-ਭੁਲਾਵਾ ਹੈ। ਜੋ ਇਨਸਾਨ ਏਥੇ ਸੁੰਦਰ ਤੇ ਦਰਸ਼ਨੀ ਬਨਾਉਣਾ ਲੋਚਦਾ ਹੈ, ਓਹਾ ਸਭ ਕੁਛ ਉਹਨੇ ਬਹਿਸ਼ਤਾਂ ਵਿਚ ਕਲਪ ਛੱਡਿਆ।)

ਸਾਰੇ ਭਗਤਾਂ ਨੇ ਗੁਰੂ ਜੀ ਦਾ ਸਵਾਗਤ ਕੀਤਾ।

ਅੱਗੇ ਸੱਚਖੰਡ, ਪ੍ਰਭੂ ਦਰਬਾਰ ਦਾ ਚਿੱਤਰ ਬਾਦਸ਼ਾਹਾਂ ਦੇ ਸ਼ਾਹਾਂ ਵਰਗਾ ਦਿਖਾਇਆ ਹੈ। ਫਿਰ ਕਿਸੇ ਮਹਾਨ ਮਹਾਰਾਜੇ ਦੇ ਕਲਪਤ ਤਖ਼ਤ ਉਤੇ ਬਿਠਾਇਆ

Digitized by Panjab Digital Library | www.panjabdigilib.org

ਹੈ "ਸਦਾ ਸਚਿ-ਦਾ-ਨੰਦ ਕ੍ਰਿਪਾਲਾ ।"

(ਜੋ ਕੁਛ ਮਨੁੱਖ ਨੇ ਸੰਸਾਰ ਵਿਚ ਉੱਤਮ ਵੇਖਿਆ ਹੈ, ਓਹੋ ਜੇਹਾ ਈਸ਼ਵਰ ਨੂੰ ਕਲਪ ਲਿਆ ਹੈ। ਈਸ਼ਵਰ ਦੀ ਤਾਰੀਫ਼ ਕਰਦਿਆਂ ਕਵੀ ਜੀ ਇਕ ਗੱਲ ਏਥੇ ਵੇਦਿਕ ਧਰਮ ਨਾਲੋਂ ਅਨੋਖੀ ਕਹਿ ਗਏ ਹਨ। ਵੇਖੋ।)

"ਏਕ ਰੋਮ ਮਹਿ ਬਿਸ਼ਨੁ ਅਨੇਕਾ ।
ਬਿਧਿ ਸ਼ਿਵ ਬਹੁ ਕੋ ਕਰਹਿ ਬਿਬੇਕਾ ।੩੯।"

(ਬ੍ਰਹਿਮਣੀ ਮੱਤ ਅਨੁਸਾਰ ਵਿਸ਼ਨੂੰ ਸਭ ਤੋਂ ਵੱਡਾ ਹੈ। ਭਾਵ, ਵਿਸ਼ਨੂੰ ਹੀ ਈਸ਼ਵਰ ਹੈ। ਪਰ ਏਥੇ ਕਵੀ ਜੀ ਲਿਖਦੇ ਹਨ, ਕਿ ਪ੍ਰਭੂ ਦੇ ਇਕ ਰੋਮ ਵਿਚ ਅਨੇਕਾਂ ਵਿਸ਼ਨੂੰ ਹਨ। ਭਾਵ, ਵਿਸ਼ਨੂੰ ਸਭ ਤੋਂ ਉਪਰ ਨਹੀਂ।)

ਗੁਰੂ ਜੀ ਨੇ ਨਿਰੰਕਾਰ ਦੇ ਜਾ ਦਰਸ਼ਨ ਕੀਤੇ। ਉਪਦੇਸ਼ ਸੁਣਿਆਂ। ਉਸਤਤ ਕੀਤੀ।

ਕਰਤਾ ਪੁਰਖ ਨੇ ਕਿਹਾ,

"ਉਚਰਹੁ ਮਹਿਮਾ ਨਾਮ ਮਨੋਗਾ ।*
ਜੋ ਮਤ ਮੰਦਨ ਤਾਰਨ ਜੋਗਾ ।੫੦।
ਸੁਨ ਬੋਲੇ ਸ੍ਰੀ ਨਾਨਕ ਬਾਨੀ ।
ਆਸਾ ਰਾਗ ਬਿਖੈ ਗੜਦਾਨੀ ।੫੧।"

ਗੁਰਦੇਵ ਨੇ ਸਬਦ ਉਚਾਰਿਆ,

"ਰਾਗੁ ਆਸਾ ਮਹਲਾ ੧, ਘਰ ੧, ਸੋਦਰੁ ।

"ਸੋ ਦਰੁ ਤੇਰਾ ਕੇਹਾ, ਸੋ ਘਰੁ ਕੇਹਾ, ਜਿਤੁ ਬਹਿ ਸਰਬ ਸਮਾਲੇ ।......"।

(ਸ. ਗੁਰਬਚਨ ਸਿੰਘ ਨੇ 'ਅਕਾਲ ਟ੍ਰੇਡਿੰਗ ਪ੍ਰੈਸ, ਤਰਨ ਤਾਰਨ ਵਿਚ ਜੋ 'ਨਾਨਕ ਪ੍ਰਕਾਸ਼' ਛਾਪਿਆ ਹੈ—੧੯੨੩ ਈ. ਵਿਚ—ਉਸ ਵਿਚ ਉਪਰ ਤਾਂ 'ਰਾਗ ਆਸਾ' ਹੀ ਲਿਖਿਆ ਹੈ. ਪਰ ਹੇਠਾਂ 'ਜਪੁ' ਸਾਹਿਬ ਦੀ ਸਤਾਈਵੀਂ ਪਉੜੀ ਦੇ ਦਿਤੀ ਹੈ। ਦੋਹਾਂ ਵਿਚ ਥੋੜਾ ਥੋੜਾ ਫ਼ਰਕ ਹੈ।)

ਇਹ ਉਪਮਾ ਸੁਣ ਕੇ ਅਕਾਲਪੁਰਖ ਨੇ ਹੁਕਮ ਦਿਤਾ, ਕਿ ਸੰਸਾਰ ਵਿਚ ਜਾ ਕੇ ਉਹ ਕਾਰਜ ਕਰੋ, ਜਿਸ ਵਾਸਤੇ ਤੁਹਾਨੂੰ ਭੇਜਿਆ ਹੈ।

ਇਹ ਬਚਨ ਸੁਣ ਕੇ ਗੁਰਦੇਵ ਨੇ ਅਕਾਲ ਪੁਰਖ ਨੂੰ ਨਮਸਕਾਰ ਕੀਤੀ।

(ਹਰ ਧਰਮ ਨੂੰ ਮੰਨਣ ਵਾਲਾ ਆਪਣੇ ਗੁਰੂ, ਅਵਤਾਰ, ਪੈਗੰਬਰ ਦਾ ਰਿਸ਼ਤਾ ਰੱਬ ਨਾਲ ਜੋੜਦਾ ਹੈ। ਇਸਦੇ ਕਈ ਕਾਰਨ ਹਨ। ਸਭ ਤੋਂ ਪਹਿਲਾਂ ਸ਼ਰਧਾਲੂ ਦੀ ਸ਼ਰਧਾ। ਆਪਣੇ ਪੂਜਯ ਦੀ ਵਡਿਆਈ। ਤੇ ਹੋਰ ਲੋਕਾਂ ਉਤੇ ਅਸਰ ਪਾਉਣ ਦਾ ਯਤਨ। ਭਗਵਾਨ ਕ੍ਰਿਸ਼ਨ ਨੇ ਤਾਂ ਆਪਣੇ ਆਪ ਨੂੰ ਹੀ ਰੱਬ ਦੱਸਿਆ। ਗੀਤਾ ਵਿਚ

---

* ਮਨ 'ਤੇ ਅਸਰ ਕਰਨ ਵਾਲਾ, ਮਨੋਹਰ, ਸੁੰਦਰ।

Digitized by Panjab Digital Library | www.panjabdigilib.org

ਏਸੇ ਗੱਲ 'ਤੇ ਜ਼ੋਰ ਦਿਤਾ ਗਿਆ ਹੈ। ਅੰਜੀਲ ਵਿਚ ਹਜ਼ਰਤ ਈਸਾ ਨੂੰ ਰੱਬ ਦਾ ਪੁੱਤਰ ਦੱਸਿਆ। ਦੂਸਰਿਆਂ ਤੋਂ ਉਚੇਰਾ ਸਿੱਧ ਕਰਨ ਵਾਸਤੇ। ਮੁਹੰਮਦ ਸਾਹਿਬ ਨੇ ਆਪਣੇ ਆਪ ਨੂੰ ਖ਼ੁਦਾ ਦਾ ਰਸੂਲ ਕਿਹਾ। ਉਪਾਸ਼ਕਾਂ ਨੇ 'ਸ਼ਬਿ ਮੇਅਰਾਜ' ਦੀ ਕਹਾਣੀ ਵਿਚ ਸੱਤਵੇਂ ਅਸਮਾਨ 'ਤੇ ਵਸਦੇ ਖ਼ੁਦਾ ਨਾਲ ਮੁਹੰਮਦ ਸਾਹਿਬ ਦੀ ਮੁਲਾਕਾਤ ਜਾ ਕਰਾਈ। ਓਸੇ ਤਰ੍ਹਾਂ ਗੁਰੂ ਨਾਨਕ ਮਹਾਰਾਜ ਦੇ ਉਪਾਸ਼ਕਾਂ ਨੇ ਹਜ਼ੂਰ ਨੂੰ ਧ੍ਰੂ ਤੋਂ ਵੀ ਉਪਰ ਸੱਚਖੰਡ ਵਿਚ ਨਿਰੰਕਾਰ ਦੇ ਸਾਮ੍ਹਣੇ ਜਾ ਪੇਸ਼ ਕੀਤਾ। ਪਰ ਸਵਾਲ ਹੈ, ਕਿ ਕੀ ਗੁਰੂ ਨਾਨਕ ਮਹਾਰਾਜ ਦਾ 'ਅਕਾਲ' ਵੀ ਇਸ ਧਰਤੀ ਤੋਂ ਦੂਰ ਕਿਸੇ ਹੋਰ ਅਸਥਾਨ ਵਿਚ ਵਸਦਾ ਹੈ? ਬਾਣੀ ਵਿਚ ਤਾਂ ਮਹਾਰਾਜ ਫ਼ੁਰਮਾਉਂਦੇ ਹਨ :

"ਘਟ ਘਟ ਅੰਤਰਿ ਬ੍ਰਹਮੁ ਲੁਕਾਇਆ, ਘਟਿ ਘਟਿ ਜੋਤਿ ਸਬਾਈ।"

ਸੋਰਠਿ, ਮ: ੧, ਪੰਨਾ ੫੯੭।

"ਘਟਿ ਘਟਿ ਰਵਿ ਰਹਿਆ, ਅਲਖ ਅਪਾਰੇ ਰਾਮ।"

ਬਿਲਾਵਲ ਮ. ੧. ਪੰਨਾ ੮੪੩।

"ਘਟਿ ਘਟਿ ਜੋਤਿ ਨਿਰੰਤਰੀ, ਬੂਝੈ ਗੁਰਮਤਿ ਸਾਰੁ।"

ਸਿਰੀ ਰਾਗ, ਮ. ੧, ਪੰਨਾ ੨੦।

ਗੁਰੂ ਨਾਨਕ ਦੇਵ ਜੀ ਨੇ ਨਿਰੰਕਾਰ ਬਾਰੇ ਇਕ ਨਵਾਂ ਵਿਚਾਰ ਦਿਤਾ ਹੈ, ਕਿ ਉਹ ਕਿਸੇ ਵੱਖਰੇ ਅਸਥਾਨ ਤੇ ਨਹੀਂ ਵੱਸਦਾ, ਸਗੋਂ ਹਰ ਥਾਂ ਤੇ ਹਰ ਜੀਵ ਵਿਚ ਹੈ। ਕਵੀ ਜਾਂ ਲੇਖਕ ਵਾਰਤਾ ਨੂੰ ਰੌਚਕ ਬਨਾਉਣ ਵਾਸਤੇ, ਤੇ ਆਪਣੀ ਉਚੇਰੀ ਸ਼ਰਧਾ ਪਰਗਟ ਕਰਨ ਵਾਸਤੇ ਬਹੁਤ ਕੁਛ ਲਿਖ ਦੇਂਦੇ ਹਨ। ਪਰ ਗਿਆਨਵਾਨ ਪੁਰਸ਼ ਕੇਵਲ ਗੁਰਬਾਣੀ ਉਤੇ ਹੀ ਵਿਸ਼ਵਾਸ ਕਰੇਗਾ।)

ਪੂਰਬ ਅਰਧ ਸੰਪੂਰਣ

Digitized by Panjab Digital Library | www.panjabdigilib.org

ੴ ਸਤਿਗੁਰ ਪ੍ਰਸਾਦਿ

# ਅਥ ਸ੍ਰੀ ਨਾਨਕ ਪ੍ਰਕਾਸ਼ ਗ੍ਰੰਥ ਉਤਰਾਰਧ ਲਿਖਯਤੇ

## ਪਹਿਲਾ ਧਯਾਇ

### ਰਿਖੀਆਂ ਨਾਲ ਮਿਲਾਪ

ਬਾਲਾ ਕਹਿੰਦਾ ਹੈ, ਗੁਰੂ ਜੀ ਫਿਰ ਵਾਪਸ ਸਾਡੇ ਕੋਲ ਧ੍ਰੂਹ ਲੋਕ ਵਿਚ ਆ ਗਏ। ਧ੍ਰੂਹ ਨੇ ਪੁਛਿਆ, ਕਿ ਸੱਚਖੰਡ ਕੇਹੋ ਜੇਹਾ ਹੈ, ਜਿੱਥੇ ਅਜੇ ਤਕ ਹੋਰ ਕੋਈ ਨਹੀਂ ਜਾ ਸਕਿਆ। ਪਰ ਆਪ ਸਣ-ਦੇਹ ਗਏ ਹੋ।

ਧ੍ਰੂਹ ਧਰਤੀ ਤੋਂ ਉਨਤਾਲੀ ਲੱਖ ਜੋਜਨ ਉੱਚਾ ਹੈ।

ਵਾਪਸੀ ਸਮੇਂ ਮਹਾਰਾਜ 'ਸੀਲਾਗਿਰ' 'ਤੇ ਆਏ, ਜਿੱਥੇ ਕੋਈ ਜੀਵਜੰਤ ਨਹੀਂ ਸੀ। ਫਿਰ ਇਕ ਹੋਰ ਸੁੰਦਰ ਪਰਬਤ ਉਤੇ ਆਏ, ਜਿੱਥੇ ਬਹੁਤ ਫਲ ਸਨ। ਸਭ ਨੇ ਛਕੇ। ਰਿਖੀ ਸੀਲ ਸੈਨ ਦਾ ਚੇਲਾ ਕਲਯਾਨ ਰਿਖੀ ਆਇਆ। ਜਦ ਉਸਨੂੰ ਪਤਾ ਲੱਗਾ, ਕਿ ਗੁਰੂ ਨਾਨਕ ਦੇਵ ਜੀ ਹਨ, ਤਾਂ ਉਸਨੇ ਬਹੁਤ ਸਤਕਾਰ ਕੀਤਾ। ਕਲਯਾਨ ਨੇ ਜਾ ਕੇ ਆਸ਼ਰਮ ਵਿਚ ਦੱਸਿਆ, ਤਾਂ ਸਾਰੇ ਰਿਖੀ ਗੁਰੂ ਮਹਾਰਾਜ ਨੂੰ ਨਮਸਕਾਰ ਕਰਨੇ ਆਏ।

ਓਥੋਂ ਵਿਦਿਆ ਹੋ ਕੇ ਮਹਾਰਾਜ ਇਕ ਸੁੰਦਰ ਸਰੋਵਰ ਕਨਾਰੇ ਆ ਬੈਠੇ। ਓਥੇ ਸਿਫਫ਼ ਇਕ ਰਿਖੀ ਮਿਲਿਆ।

ਓਥੋਂ ਗੁਰਦੇਵ ਅੱਗੇ ਤੁਰ ਪਏ।

## ਦੂਜਾ ਧਯਾਇ

### ਖੰਡਾਂ ਵਿਖੇ ਉਪਦੇਸ਼

ਹਜ਼ੂਰ ਉਲਕਾ ਪਰਬਤ 'ਤੇ ਆ ਪਹੁੰਚੇ। ਮਰਦਾਨੇ ਨੇ ਨੌਂ ਖੰਡ ਵੇਖਣ ਦੀ ਚਾਹ ਪਰਗਟ ਕੀਤੀ।

ਪਹਿਲਾਂ 'ਇਲਾਬ੍ਰਤ ਖੰਡ' ਵਿਚ ਆ ਪਹੁੰਚੇ। ਮਰਦਾਨੇ ਸਬਦ ਗਾਇਆ, ਤਾਂ



Digitized by Panjab Digital Library | www.panjabdigilib.org

ਬਹੁਤ ਸਾਰੇ ਸ਼ੇਰ ਆ ਇਕੱਠੇ ਹੋਏ। ਗੁਰੂ ਜੀ ਦੇ ਪੁਛਣ 'ਤੇ ਸ਼ੇਰਾਂ ਨੇ ਦੱਸਿਆ, ਕਿ ਸੋ ਜੋਜਨ ਤਕ ਅਸਾਂ ਸਾਰੇ ਜੀਵ ਮਾਰ ਖਾਧੇ ਹਨ। ਹੁਣ ਸਾਡੇ ਵਿਚੋਂ ਜਿਹੜਾ ਹੁੰਗਲਾ ਜਾਏ, ਉਹਨੂੰ ਮਾਰ ਕੇ ਬਾਕੀ ਖਾ ਜਾਂਦੇ ਹਾਂ। ਸਾਡਾ ਕਲਿਆਣ ਕਰੋ। ਗੁਰੂ ਜੀ ਨੇ ਕਿਹਾ, ਸਾਡੇ ਸਿੱਖ ਬਣੋ, ਤੁਹਾਡੀ ਜੂਨ ਕੱਟੀ ਜਾਇਗੀ ਤੇ ਮਾਣਸ ਦੇਹੀ ਮਿਲੇਗੀ।

ਗੁਰੂ ਜੀ ਅੱਗੇ ਇਕ ਨੱਗਰ ਪਾਸ ਆ ਬੈਠੇ। ਉਹਨਾਂ ਪੁਛਿਆ, ਤੁਸੀਂ ਸ਼ੇਰਾਂ ਵਿਚਦੀ ਕਿਵੇਂ ਆ ਗਏ। ਸਾਨੂੰ ਉਹਨਾਂ ਬਹੁਤ ਦੁਖੀ ਕੀਤਾ ਹੈ। ਮਹਾਰਾਜ ਨੇ ਕਿਹਾ, ਅਸੀਂ ਉਹਨਾਂ ਨੂੰ ਸਿੱਖ ਬਣਾ ਆਏ ਹਾਂ। ਲੋਕ ਸਾਰੇ ਬੜੇ ਖੁਸ਼ ਹੋਏ, ਤੇ ਚਰਨ ਪਾਹੁਲ ਲੈ ਕੇ ਸਿੱਖ ਬਣੇ।

ਫਿਰ ਗੁਰੂ ਜੀ "ਹਿਰਨ ਖੰਡ" ਜਾ ਬੈਠੇ। ਓਥੋਂ ਦੇ ਲੋਕ ਗੋਰਖ ਨੂੰ ਮੰਨਦੇ ਸਨ, ਤੇ ਪ੍ਰਾਣਾਯਾਮ ਕਰਦੇ ਸਨ। ਉਹਨਾਂ ਨੂੰ ਉਪਦੇਸ਼ ਦੇ ਕੇ ਮਹਾਰਾਜ "ਕਿੰਪੁਰਖ ਖੰਡ" ਜਾ ਪਹੁੰਚੇ। ਓਥੇ ਧਰਮਚੰਦ ਰਾਜ ਕਰਦਾ ਸੀ। ਉਹ ਸਾਧੂ ਸੰਤਾਂ ਦਾ ਉਪਾਸ਼ਕ ਸੀ। ਉਹਨੇ ਆ ਕੇ ਨਮਸਕਾਰ ਕੀਤੀ, ਤੇ ਸੇਵਾ ਪੁਛੀ। ਮਹਾਰਾਜ ਨੇ ਬਾਲੇ ਨੂੰ ਸ਼ੇਰ ਬਣਾ ਲਿਆ*। ਗੁਰੂ ਜੀ ਨੇ ਕਿਹਾ, ਪਹਿਲਾਂ ਸਾਡੇ ਸ਼ੇਰ ਨੂੰ ਭੋਜਨ ਦਿਹੋ। ਪਰ ਇਹ ਸਿਰਫ਼ ਰਾਜ-ਪੁੱਤਰ ਦਾ ਮਾਸ ਖਾਂਦਾ ਹੈ। ਰਾਜੇ ਨੇ ਘਰੋਂ ਪੁੱਤਰ ਬੁਲਾ ਕੇ ਹਾਜ਼ਰ ਕਰ ਦਿਤਾ। ਗੁਰਦੇਵ ਉਹਦੇ ਸਿਦਕ ਤੇ ਬੜੇ ਪਰਸੰਨ ਹੋਏ।

ਕੁਛ ਦਿਨ ਓਥੇ ਗੁਜ਼ਾਰ ਕੇ ਮਹਾਰਾਜ "ਹਰਿਵਰਖ ਖੰਡ" ਆ ਪੁੱਜੇ। ਓਥੋਂ ਦੇ ਰਾਜੇ ਨੇ ਆ ਕੇ ਔਲਾਦ ਵਾਸਤੇ ਬੇਨਤੀ ਕੀਤੀ। ਗੁਰੂ ਜੀ ਨੇ ਉਸਨੂੰ ਦੋ ਲੌਂਗ ਤੇ ਇਕ ਇਲਾਚੀ ਦਿਤੀ, ਕਿ ਆਪਣੀ ਰਾਣੀ ਨੂੰ ਦੇ ਦਿਹੋ।

ਓਥੋਂ ਵਿਦਿਆ ਹੋ ਕੇ ਗੁਰਦੇਵ "ਕੁਰ ਖੰਡ" ਆ ਪਹੁੰਚੇ। ਓਥੋਂ ਦੇ ਲੋਕਾਂ ਦਾ ਰਵਾਜ ਸੀ, ਕਿ ਪੁੱਤਰ ਜੰਮਣਾ, ਤਾਂ ਉਹਨਾਂ ਰੋਣਾ-ਪਿੱਟਣਾ, ਤੇ ਜਦ ਕਿਸੇ ਨੇ ਮਰਨਾ, ਤਾਂ ਉਹਨਾਂ ਖੁਸ਼ੀ ਮਨਾਉਣੀ। ਗੁਰੂ ਜੀ ਨੇ ਉਹਨਾਂ ਨੂੰ ਸਮਝਾਇਆ, ਕਿ ਜੰਮਣਾ ਮਰਨਾ ਸਭ ਈਸ਼ਵਰ ਦਾ ਹੁਕਮ ਹੈ। ਫਿਰ ਇਸ ਵਿਚ ਖੁਸ਼ੀ ਜਾਂ ਗ਼ਮੀ ਦਾ ਕੀ ਸਵਾਲ। ਉਹਨਾਂ ਨੂੰ ਸਿੱਧੇ ਮਾਰਗ ਪਾ ਕੇ ਮਹਾਰਾਜ ਅੱਗੇ ਚੱਲ ਪਏ।

# ਤੀਜਾ ਧਯਾਇ

## ਕੇਤ ਮਾਲ ਖੰਡ ਤੋਂ ਭਾਰਤ ਖੰਡ ਵਿਚ

ਫਿਰ ਮਹਾਰਾਜ "ਕੇਤਮਾਲ ਖੰਡ" ਵਿਚ ਆ ਪਹੁੰਚੇ। ਓਥੇ ਸਭ ਲੋਕ 'ਚੰਡੀ' ਦੇ

*(ਕਥਾ ਬਾਲਾ ਸੁਣਾ ਰਿਹਾ ਹੈ ਨਾਂ! ਮਰਦਾਨੇ ਨੂੰ ਤਾਂ ਭੇਡੂ ਬਣਾਉਂਦਾ ਹੈ, ਤੇ ਆਪ ਏਥੇ ਸ਼ੇਰ ਬਣ ਗਿਆ ਹੈ।)

Digitized by Panjab Digital Library | www.panjabdigilib.org

ਉਪਾਸ਼ਕ ਸਨ। ਉਹ ਕਾਲਕਾ ਭਵਨ ਵਿਚ ਪਸ਼ੂਆਂ ਦੀ ਬਲੀ ਦੇਂਦੇ। ਓਥੋਂ ਦਾ ਰਾਜਾ ਬਹੁਤ ਸਾਰੇ ਲੋਕਾਂ ਨਾਲ ਆਇਆ। ਉਹਨੇ ਕਿਹਾ, ਆਹ ਪਰਦੇਸੀ ਬੈਠੇ ਨੇ। ਇਹਨਾਂ ਵਿਚੋਂ ਇਕ ਦੀ ਬਲੀ ਦੇ ਦਿਹੋ। ਉਹਨਾਂ ਬਾਲੇ ਨੂੰ ਫੜ ਲਿਆ। ਉਹ ਬਾਲੇ ਨੂੰ ਲੈ ਕੇ ਮੰਦਰ ਵਿਚ ਜਾ ਪਹੁੰਚੇ। ਗੁਰੂ ਜੀ ਤੇ ਮਰਦਾਨਾ ਵੀ ਨਾਲ ਗਏ। ਰਾਜੇ ਦੇ ਹੁਕਮ ਨਾਲ ਬਾਲੇ ਨੂੰ ਮਾਰਨ ਵਾਸਤੇ ਇਕ ਆਦਮੀ ਨੇ ਤਲਵਾਰ ਧੂਹ ਲਈ।

"ਤਿਹ ਛਿਨ ਕ੍ਰੋਧ ਕਾਲਕਾ ਕੜਕੀ।
ਭੀਰ ਭੂਰ* ਮੇਲੇ ਕੀ ਭੜਕੀ।
ਪ੍ਰਗਟੀ ਚੰਡ ਪ੍ਰਚੰਡ ਭਯਾਨਾ।
ਤਿਹ ਨਰ ਕਰ ਤੇ ਛੀਨ ਕ੍ਰਿਪਾਨਾ।੧੮।
ਹੁਤੋ ਨਰੇਸ ਠਾਢਿ ਜਿਹ ਠਾਈ।
ਜਾਇ ਤਾਹ ਕੇ ਕੰਠ ਲਗਾਈ।
ਤਤ ਛਿਨ ਧਰ ਤੇ ਸਿਰ ਗਿਰ ਪਰਿਆ।
ਜਨ ਸਾਖਾ ਤੇ ਫਲ ਕਿਨ ਹਰਿਆ।੧੯।"

ਗੁਰੂ ਜੀ ਨੇ ਚੰਡਕਾ ਨੂੰ ਪੁਛਿਆ, ਰਾਜਾ ਤਾਂ ਤੇਰਾ ਸੇਵਕ ਸੀ। ਫਿਰ ਤੂੰ ਉਸਨੂੰ ਕਿਉਂ ਮਾਰਿਆ। ਦੇਵੀ ਨੇ ਕਿਹਾ, ਮੈਂ ਪਹਿਲਾਂ ਪਰਮੇਸ਼ਰ ਦੇ ਪਿਆਰਿਆਂ ਦੀ ਰੱਖਿਆ ਕਰਦੀ ਹਾਂ।

ਰਾਜੇ ਦਾ ਪੁੱਤਰ ਮਹਾਰਾਜ ਦੇ ਚਰਨੀਂ ਆ ਢਠਾ। ਮਹਾਰਾਜ ਨੇ ਉਸਨੂੰ ਉਪਦੇਸ਼ ਦੇ ਕੇ 'ਧਰਮ ਜਸ' ਨਾਮ ਰਖ ਕੇ ਸਿੰਘਾਸਣ 'ਤੇ ਬਿਠਾਇਆ। ਓਥੇ ਹਜ਼ੂਰ ਨੇ ਧਰਮਸ਼ਾਲਾ ਰਚੀ।

ਅੱਗੇ ਮਹਾਰਾਜ "ਰੰਮਕ ਖੰਡ" ਆ ਪਹੁੰਚੇ। ਓਥੇ ਸਤਿਨਾਮ ਦਾ ਉਪਦੇਸ਼ ਦੇ ਕੇ ਹਜ਼ੂਰ "ਭਦ੍ਰ ਖੰਡ" ਆ ਪਹੁੰਚੇ। ਓਥੋਂ ਦੇ ਰਾਜੇ ਕੌਲਨਾਭ ਨੇ ਨਮਸਕਾਰ ਕਰਕੇ ਪੁਛਿਆ ਜੋ ਚਾਰ ਆਸ਼ਰਮ० ਮੰਨੇ ਹਨ, ਉਹਨਾਂ ਵਿਚੋਂ ਸਰੇਸ਼ਟ ਕਿਹੜਾ ਆਸ਼ਰਮ ਹੈ। ਹਜ਼ੂਰ ਨੇ ਫ਼ੁਰਮਾਇਆ,

"ਸੁਨ ਕਰ ਬੋਲੇ ਬਚਨ ਕ੍ਰਿਪਾਲਾ।
ਸਭ ਤੇ ਜਾਨਹੁ ਗ੍ਰਿਹਸਤ() ਬਿਸਾਲਾ।
ਉਤਪਤ ਕਰਨ ਹਾਰ ਸਭ ਹੀ ਕੋ।
ਬਹੁਰੋ ਪਾਲਨ ਕਰ ਹੈ ਨੀਕੋ।੪੫।"

ਓਥੋਂ ਚੱਲੇ, ਤਾਂ ਮਹਾਰਾਜ ਨੇ ਕਿਹਾ, ਅੱਠ ਖੰਡ ਤੁਸਾਂ ਵੇਖ ਲਏ ਹਨ, ਹੁਣ ਨੌਵਾਂ ਭਾਰਤ ਖੰਡ ਹੈ, ਓਥੇ ਚਲਦੇ ਹਾਂ।

---

*ਭੀਰ=ਭੀੜ। ਭੂਰ=ਬਹੁਤ। ०ਬ੍ਰਹਮਚਰਯ, ਗ੍ਰਹਿਸਤ, ਬਾਨਪ੍ਰਸਤ, ਸੰਨਿਆਸ।
()ਭਾਈ ਗੁਰਦਾਸ ਜੀ : 'ਸਕਲ ਧਰਮ ਮੈਂ ਗ੍ਰਹਿਸਤ ਪ੍ਰਧਾਨ ਹੈ।'

Digitized by Panjab Digital Library | www.panjabdigilib.org

(ਪੁਰਾਤਨ ਗ੍ਰੰਥਾਂ ਵਿਚ ਨੌਂ ਖੰਡਾਂ ਦੇ ਨਾਂਵਾਂ ਦੇ ਉਚਾਰਣ ਵਿਚ ਥੋੜਾ ਥੋੜਾ ਫ਼ਰਕ ਹੈ। ਇਕ ਥਾਂ ਨਾਮ ਇਹ ਹਨ : ਭਾਰਤ, ਇਲਾਵ੍ਰਿਤ, ਕਿੰਪੁਰਸ਼, ਭਦ੍ਰ, ਕੇਤੁਮਾਲ, ਹਰਿ, ਹਿਰਣਯ, ਰਮਯ, ਕੁਸ਼।)

ਮਹਾਰਾਜ ਅੱਗੇ ਜੰਮੂਪੁਰ ਆ ਬੈਠੇ। ਜਾਮਵੰਤ (ਹਨੂਮਾਨ) ਤੋਂ ਨਾਮ ਜੰਮੂ ਪਿਆ। ਗੁਰੂ ਜੀ ਦਾ ਆਉਣਾ ਸੁਣ ਕੇ, ਸਮੇਤ ਰਾਜੇ, ਬਹੁਤ ਸਾਰੇ ਲੋਕ ਆ ਕੇ ਚਰਨੀ ਲੱਗੇ। ਉਹਨਾਂ ਨੂੰ ਚਰਨੀ ਲਾ ਕੇ ਮਹਾਰਾਜ ਅੱਗੇ ਤੁਰ ਪਏ। ਹਜ਼ੂਰ ਇਕ ਵਣਜਾਰਿਆਂ ਦੇ ਨੱਗਰ ਵਿਚ ਆ ਟਿਕੇ। ਓਥੋਂ ਦੇ ਸਰਦਾਰ ਦੇ ਘਰ ਪੁੱਤਰ ਹੋਇਆ। ਬੜੀਆਂ ਖ਼ੁਸ਼ੀਆਂ ਤੇ ਵਧਾਈਆਂ। ਮਰਦਾਨੇ ਕਿਹਾ, 'ਮਹਾਰਾਜ, ਖ਼ੁਸ਼ੀ ਵਿਚ ਇਹ ਏਨੇ ਮਸਤ ਨੇ, ਕਿ ਆਪ ਜੀ ਦਾ ਵੀ ਸਤਕਾਰ ਨਹੀਂ ਕੀਤਾ।' ਮਹਾਰਾਜ ਨੇ ਕਿਹਾ, ਇਹ ਬਾਲਕ ਕਰਜ਼ ਵਸੂਲ ਕਰਨ ਆਇਆ ਹੈ। ਸਵੇਰੇ ਗੁਜ਼ਰ ਜਾਇਗਾ।' ਹਜ਼ੂਰ ਨੇ ਸਬਦ ਗਾਂਵਿਆ,

"ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ,
ਹੁਕਮਿ ਪਇਆ ਗਰਭਾਸਿ।......"

(ਸਿਰੀ ਰਾਗ, ਮ. ੧. ਪੰਨਾ ੭੪)

ਸਵੇਰ ਹੋਣ ਸਮੇਂ ਬਾਲਕ ਮਰ ਗਿਆ। ਘਰ ਵਿਚ ਰੋਣਾ-ਪਿੱਟਣਾ ਪੈ ਗਿਆ।

(ਏਥੇ ਗੁਰੂ ਜੀ ਦੇ ਮੁੱਖ ਤੋਂ ਇਕ ਸਲੋਕ ਕਹਾਇਆ ਹੈ, ਪਰ ਉਹ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੈ। ਸਲੋਕ ਹੈ :)

"ਜਿਤ ਮੁਹਿ ਮਿਲੈ ਮੁਮਾਰਖੀ, ਲਖ ਲਖ ਮਿਲਨ ਅਸੀਸ।
ਸੋ ਮੁਖ ਰੋਂਦੇ ਡਿਠ ਮੈ ਮਿਲ ਮਿਲ ਪਿਟਨ ਸੀਸ।੧।"

# ਚੌਥਾ ਧਿਆਇ

## ਦੁਨੀਚੰਦ ਦੇ ਪਿਤਾ ਦਾ ਉਧਾਰ

ਗੁਰੂ ਜੀ ਲਾਹੌਰ ਆ ਪੁੱਜੇ। ਅੱਗੇ ਦੁਨੀਚੰਦ ਆਪਣੇ ਪਿਤਾ ਦਾ ਸਰਾਧ ਕਰ ਰਿਹਾ ਸੀ। ਉਹ ਗੁਰੂ ਜੀ ਨੂੰ ਸਰਧਾ ਨਾਲ ਘਰ ਲੈ ਗਿਆ। ਗੁਰੂ ਜੀ ਨੇ ਕਿਹਾ, ਜਿਸ ਦੀ ਖ਼ਾਤਰ ਤੂੰ ਐਨੇ ਪੰਡਤਾਂ ਨੂੰ ਭੋਜਨ ਛਕਾਇਆ ਹੈ, ਉਹ ਤਾਂ ਭੇੜੀਏ ਦੇ ਰੂਪ ਵਿਚ ਤਿੰਨਾ ਦਿਨਾਂ ਦਾ ਭੁੱਖਾ ਬੈਠਾ ਹੈ, ਐਥੋਂ ਪੰਜ ਕੋਹ ਦੂਰ, ਜੰਗਲ ਵਿਚ। ਗੁਰੂ ਜੀ ਦੀ ਆਗਿਆ ਨਾਲ ਦੁਨੀਚੰਦ ਪ੍ਰਸਾਦ ਲੈ ਕੇ ਦੱਸੇ ਥਾਂ ਗਿਆ।

"ਦੁਨੀਚੰਦ ਕੋ ਤਿਨ ਜੁ ਨਿਹਾਰਾ।
ਤਤ ਛਿਨ ਮਾਨੁਖ ਤਨ ਕੋ ਧਾਰਾ।......੧੭।"

ਦੁਨੀਚੰਦ ਨੇ ਪੁਛਿਆ, ਆਪ ਤਾਂ ਬੜੇ ਧਰਮਾਤਮਾ ਸੀ, ਫਿਰ ਇਹ ਜੂਨ ਕਿਉਂ ਪ੍ਰਾਪਤ ਹੋਈ। ਉਸਦੇ ਪਿਤਾ ਨੇ ਉਤਰ ਦਿਤਾ, ਕਿ ਅੰਤ ਸਮੇਂ ਮੇਰੀ ਸੁਰਤ ਮਾਸ ਖਾਣ

Digitized by Panjab Digital Library | www.panjabdigilib.org

ਵਿਚ ਚਲੀ ਗਈ ਸੀ, ਜਿਸਦਾ ਫਲ ਇਹ ਬਘਿਆੜ ਦੀ ਜੂਨ ਮਿਲੀ। ਉਸਨੇ ਅੱਗੇ ਕਿਹਾ, ਕਿ ਤੇਰੇ ਘਰ ਇਕ ਪੂਰਨ ਪੁਰਖ (ਗੁਰੂ ਨਾਨਕ) ਆਇਆ ਹੈ। ਤੂੰ ਉਹਨਾਂ ਦੇ ਦਰਸ਼ਨ ਕੀਤੇ ਹਨ, ਮੈਂ ਤੇਰਾ ਦਰਸ਼ਨ ਕਰਕੇ ਤਰ ਗਿਆ ਹਾਂ। ਓਸੇ ਵੇਲੇ ਉਹ ਦੇਹ ਤਿਆਗ ਕੇ ਸੁਰਗ ਨੂੰ ਚਲਾ ਗਿਆ।

ਦੁਨੀਚੰਦ ਆ ਕੇ ਗੁਰੂ ਜੀ ਦੇ ਚਰਨੀ ਢੱਠਾ, ਤੇ ਬੇਨਤੀ ਕੀਤੀ, ਕਿ ਕੋਈ ਸੇਵਾ ਬਖ਼ਸ਼ੋ। ਗੁਰੂ ਜੀ ਨੇ ਫ਼ੁਰਮਾਇਆ,

"ਹਮਰੀ ਸੂਈ ਰਖਹੁ ਸੰਭਾਰੀ।
ਲੇਵਹਿਗੇ ਪਰਲੋਕ ਅਗਾਰੀ।......੨੭।"

ਦੁਨੀਚੰਦ ਉਹ ਸੂਈ ਘਰ ਲੈ ਗਿਆ। ਉਹਨੇ ਸਾਰੀ ਗੱਲ ਪਤਨੀ ਨੂੰ ਜਾ ਕਹੀ।

"ਸੁਨ ਤਿਹ ਤੀਯ ਕਹੇ ਬਚ ਐਸੇ।
ਆਗੇ ਲੇ ਜਾਵਹਿਗੇ ਕੈਸੇ।
ਨਿਤ ਸੰਗੀ ਜੋ ਦੇਹਿ ਖਿਚਾਰੀ।
ਸੋ ਭੀ ਜਾਇ ਨ ਸਕੈ ਅਗਾਰੀ।੩੦।"

(ਫਿਰ ਤਾਂ ਦੁਨੀਚੰਦ ਨਾਲੋਂ ਉਹਦੀ ਪਤਨੀ ਹੀ ਗਿਆਨਵਾਨ ਹੋਈ।)

ਦੁਨੀ ਚੰਦ ਨੇ ਵਾਪਸ ਆ ਕੇ ਸੂਈ ਵਾਪਸ ਕਰਦਿਆਂ ਕਿਹਾ, ਮਹਾਰਾਜ! ਇਹ ਨਾਲ ਨਹੀਂ ਜਾ ਸਕੇਗੀ। ਹਜ਼ੂਰ ਨੇ ਫ਼ੁਰਮਾਇਆ,

"ਸਪਤ ਲਾਖ ਤੈਂ ਸੰਚਿਯੋ ਦਰਬਾ।
ਸੋ ਕੈਸੇ ਲੇ ਜਾਵਹਿ ਸਰਬਾ॥੩੨॥

ਦੁਨੀ ਚੰਦ ਨੇ ਬੇਨਤੀ ਕੀਤੀ, ਫਿਰ ਕੋਈ ਰਸਤਾ ਦੱਸੋ।

"ਗੁਰੂ ਭਨੇ[1] ਸੁਨੀਏ ਦੇ ਚੀਤਾ।
ਇਸ ਪ੍ਰਾਨੀ ਕੇ ਤੀਨੋ ਮੀਤਾ।
ਦਰਬ[2], ਪ੍ਰਵਾਰ, ਕਰਮ, ਲਖ ਲੀਜੈ।
ਜਸ ਸੰਗੀ, ਤਸ ਦਸ਼ਾ ਸੁਨੀਜੈ।੩੬।
ਜਬ ਲੌ ਪ੍ਰਾਨ ਰਹੈ ਤਨ ਮਾਂਹੀ।
ਤਬ ਲੌ ਧਨ ਮਿਤ, ਬਹੁਰੋ ਨਾਹੀ।
ਲੇਤ ਸੰਭਾਰ ਅਪਰ ਹੀ ਯਾ ਕੋ।
ਕਲਮਲ[3] ਅਨਿਕ ਕਿਯੇ ਹਿਤ ਜਾ ਕੋ।੩੧।
ਤਨ ਕੇ ਦਾਹ ਤੀਕ ਪਰਵਾਰਾ।
ਪੁਨ ਤਿਨ ਤੋਰਹਿ ਆਇ ਅਗਾਰਾ।....੩੮।
ਤੀਜੇ ਕਰਮ ਮੀਤ ਇਸ ਕੇਰੇ।
ਸੇ ਨਿਤ ਸੰਗੀ ਜਾਹਿ ਅਗੇਰੇ।...੩੯।"

1. ਕਿਹਾ। 2. ਧਨ। 3. ਪਾਪ।

Digitized by Panjab Digital Library | www.panjabdigilib.org

ਦੁਨੀ ਚੰਦ ਇਤਨਾ ਪ੍ਰਭਾਵਤ ਹੋਇਆ, ਕਿ ਉਸ ਨੇ ਵਾਧੂ ਧਨ ਸੰਤਾਂ ਭਗਤਾਂ ਤੇ ਲੋੜਵੰਦਾਂ ਵਿਚ ਵੰਡ ਦਿਤਾ ਤੇ ਆਪ ਭਲੇ ਕਰਮਾਂ ਵਿਚ ਲੱਗ ਗਿਆ।

ਫਿਰ ਗੁਰੂ ਜੀ ਨੇ ਫ਼ੁਰਮਾਇਆ, ਮਰਦਾਨਿਆਂ, ਭੈਣ ਨਾਨਕੀ ਜੀ ਨੇ ਯਾਦ ਕੀਤਾ ਹੈ, ਚੱਲ, ਚੱਲੀਏ। ਤੇ ਇਕ ਛਿਨ ਵਿਚ ਮਹਾਰਾਜ ਭੈਣ ਦੇ ਘਰ ਜਾ ਪਹੁੰਚੇ। ਭੈਣ ਜੀ, ਜੈਰਾਮ ਜੀ ਤੇ ਸ੍ਰੀ ਚੰਦ ਜੀ ਸਾਰੇ ਪਿਆਰ ਨਾਲ ਮਿਲੇ। ਰਾਤ ਓਥੇ ਗੁਜ਼ਾਰ ਕੇ ਅਗਲੇ ਦਿਨ ਮਹਾਰਾਜ ਤਲਵੰਡੀ ਜਾ ਪਹੁੰਚੇ। ਹਜ਼ੂਰ ਨਗਰ ਤੋਂ ਦੋ ਕੋਹ ਬਾਹਰ ਇਕ ਖੂਹ 'ਤੇ ਬੈਠ ਗਏ।

ਮਰਦਾਨੇ ਨੇ ਬੇਨਤੀ ਕੀਤੀ, ਕਿ ਮੈਂ ਘਰ ਜਾ ਕੇ ਪਰਵਾਰ ਨੂੰ ਮਿਲ ਆਵਾਂ। ਆਗਿਆ ਦੇਂਦਿਆਂ ਗੁਰੂ ਜੀ ਨੇ ਫ਼ੁਰਮਾਇਆ,

"ਕਾਲੂ ਕੇ ਸਮੀਪ ਜੇ ਜਾਵਹੁ।
ਹਮਰੀ ਸੁਧਿ ਨਹਿ ਤਿਨਹਿ ਸੁਨਾਵਹੁ।......੫੯।"

(ਪਰ ਕਿਉਂ ? ਮਾਤਾ ਪਿਤਾ ਨੂੰ ਕਿਉਂ ਪਤਾ ਨਹੀਂ ਦੇਣਾ ?)

ਮਰਦਾਨੇ ਕਿਹਾ,

'ਬਹੁਤ ਬਰਖ ਘਰ ਵਹਿਰ ਬਿਤਾਏ।
ਛੂਛਾ* ਅਬਿ ਕਿਆ ਦੇਵੋਂ ਜਾਏ।੬੦।
ਗੁਰ ਕਹਿ, ਰੋੜਨ ਮੁਸ਼ਟਉ ਚਾਵਹੁ।
ਬਾਂਧ ਚੀਰ, ਸੰਦੇਹ ਮਿਟਾਵਹੁ।......੬੧।"

ਘਰ ਪਹੁੰਚ ਕੇ ਮਰਦਾਨਾ ਪਰਵਾਰ ਨੂੰ ਮਿਲਿਆ।

"ਗੰਢ ਚੀਰ[] ਕੀ ਖੋਲੀ ਜਬ ਹੀ।
ਕੰਚਨ ਸਰਬ ਬਿਲੋਕਿਯੋ ਤਬ ਹੀ।......੬੩।'

(ਲਉ, ਰੋੜ ਸੋਨੇ ਵਿਚ ਬਦਲ ਗਏ। ਕਰਾਮਾਤ।)

# ਪੰਜਵਾਂ ਧਿਆਇ

## ਮਾਤਾ ਪਿਤਾ ਨਾਲ ਮਿਲਾਪ

ਦੋ ਕੁ ਘੜੀਆਂ ਪਰਵਾਰ ਵਿਚ ਬਿਤਾ ਕੇ ਮਰਦਾਨਾ ਬਾਬੇ ਕਾਲੂ ਕੇ ਘਰ ਜਾ ਪਹੁੰਚਿਆ। ਬਾਬਾ ਕਾਲੂ ਤੇ ਮਾਤਾ ਤ੍ਰਿਪਤਾ ਜੀ ਮਰਦਾਨੇ ਪਾਸੋਂ ਮਹਾਰਾਜ ਬਾਰੇ ਪੁਛਣ ਲੱਗੇ। ਮਾਤਾ ਨੇ ਬਹੁਤ ਬੈਰਾਗ ਕੀਤਾ।

ਮਰਦਾਨਾ ਚੁੱਪ ਕਰਕੇ ਗੁਰੂ ਜੀ ਵੱਲ ਤੁਰ ਪਿਆ। ਮਾਤਾ ਤ੍ਰਿਪਤਾ ਜੀ ਵੀ

---

* ਖ਼ਾਲੀ।   [] ਕੱਪੜਾ।

Digitized by Panjab Digital Library | www.panjabdigilib.org

ਸਮਝ ਕੇ ਉਸਦੇ ਮਗਰ ਤੁਰ ਪਏ ।

"ਮਾਤ ਬਿਲੋਕ ਦੂਰ ਤੇ ਤੂਰਨ ਉਠ ਸੁਖਦਾਇ ॥
ਚਰਨ-ਬੰਦਨਾ ਸੀਸ ਧਰ ਕੀਨੀ ਆਗੈ ਆਇ ? ੧੯।"

ਮਾਤਾ ਜੀ ਨੇ ਹਜ਼ੂਰ ਨੂੰ ਗਲ ਨਾਲ ਲਾ ਕੇ ਬਹੁਤ ਪਿਆਰ ਕੀਤਾ ।

ਬਾਬੇ ਕਾਲੂ ਨੂੰ ਪਤਾ ਲੱਗ, ਤਾਂ ਉਹ ਵੀ ਘੋੜੇ 'ਤੇ ਚੜ੍ਹ ਕੇ ਓਥੇ ਜਾ ਪਹੁੰਚੇ । ਮਹਾਰਾਜ ਨੇ ਉਠ ਕੇ ਪਿਤਾ ਦੇ ਚਰਨ ਪਰਸੇ ।

ਮਾਤਾ ਪਿਤਾ ਦੇ ਬਚਨ ਸੁਣ ਕੇ ਗੁਰੂ ਜੀ ਨੇ ਸ਼ਬਦ ਉਚਾਰਿਆ,

"ਅਮਲੀ ਅਮਲੁ ਨ ਅੰਬੜੈ, ਮਛੀ ਨੀਰੁ ਨ ਹੋਇ ।......"

(ਵਡਹੰਸ, ਮ. ੧, ਪੰਨਾ ੫੫੭)

ਮਾਤਾ ਜੀ ਨੇ ਮਹਾਰਾਜ ਅੱਗੇ ਭੋਜਨ ਧਰਿਆ । ਅੱਗੋਂ ਗੁਰਦੇਵ ਨੇ ਕਿਹਾ,

"ਏਕ ਵਾਰ ਅਸ ਭੋਜਨ ਕੀਨਾ ।
ਬਹੁਰ ਨ ਛੁਧਾ ਦੇਹ ਮਹਿ ਚੀਨਾ ।੩੩।"

ਪਿਤਾ ਕਾਲੂ ਦੇ ਪੁਛਣ 'ਤੇ, ਕਿ ਕਿਹੜਾ ਭੋਜਨ ਛਕਿਆ ਹੈ । ਗੁਰੂ ਜੀ ਨੇ ਸ਼ਬਦ ਉਚਾਰਿਆ,

"ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ।......।"

(ਸਿਰੀ ਰਾਗ, ਮ: ੧, ਪੰਨਾ ੧੬)

(ਏਥੇ ਫਿਰ ਕਵੀ ਜੀ ਭਗਵੇ ਬਸਤਰ ਦੱਸਦੇ ਹਨ ।)

"ਭਗਵੇ ਸੋਹਤ ਨਹਿ ਤੁਝ ਤਾਂਈ ।"

(ਏਥੇ ਇਸ ਸ਼ਬਦ ਦੀ ਵਿਆਖਿਆ ਹੈ । ਮਾਤਾ ਜਾਂ ਪਿਤਾ ਸਵਾਲ ਕਰਦੇ ਹਨ, ਤੇ ਗੁਰੂ ਜੀ ਸ਼ਬਦ ਰਾਹੀਂ ਉਸ ਦਾ ਉੱਤਰ ਦੇਂਦੇ ਹਨ । ਕਵੀ ਲਿਖਦਾ ਹੈ, ਕਿ ਗੁਰੂ ਜੀ ਬਾਰਾਂ ਸਾਲ ਪਿਛੋਂ ਆਏ ਸਨ ।)

ਮਾਤਾ ਜੀ ਨੇ ਇਹ ਵੀ ਕਿਹਾ,

"ਨਿਜ ਇਸਤ੍ਰੀ ਕਉ ਜੇ ਦੁਖ ਮਾਨਉ ।
ਔਰ ਬਿਆਹਿ ਕਰ ਦੇਹਿ ਬਖਾਨਉ ।......੫੧।
ਸ੍ਰੀ ਨਾਨਕ ਸੁਨਿ ਬੈਨ ਉਚਾਰੇ ।
ਜੋ ਸੰਜੋਗ ਲਿਖਾ ਕਰਤਾਰੇ ।
ਸੋਈ ਭਲਾ, ਨ ਚਾਹੋਂ ਔਰੀ ।
ਜਹ ਰਾਖਹਿ, ਰਹਿਹੋਂ ਤਿਹ ਠੌਰੀ ।੫੨।"

ਕਾਲੂ ਨੇ ਕਿਹਾ, ਹੁਣ ਸਾਡੀ ਪਿਛਲੀ ਉਮਰ ਹੈ, ਛੱਡ ਕੇ ਨਾ ਜਾਓ ।

ਗੁਰੂ ਜੀ ਨੇ ਸ਼ਬਦ ਉਚਾਰਿਆ,

"ਪਿਛਹੁ ਰਾਤੀ ਸਦੜਾ, ਨਾਮੁ ਖਸਮ ਕਾ ਲੇਹਿ ।......।"

(ਮਾਰੂ, ਮ. ੧, ਪੰਨਾ ੯੮੯)

Digitized by Panjab Digital Library | www.panjabdigilib.org

ਅੰਤ ਮਾਤਾ ਦੀ ਆਗਿਆ ਮੰਨ ਕੇ ਗੁਰੂ ਜੀ ਕੁਛ ਦਿਨਾਂ ਵਾਸਤੇ ਘਰ ਚਲੇ ਗਏ। ਸਭ ਲੋਕ ਦਰਸ਼ਨਾਂ ਵਾਸਤੇ ਆਉਂਦੇ।

# ਛੇਵਾਂ ਧਯਾਇ

ਮਾਤਾ ਪਿਤਾ ਪਰਲੋਕ ਸਿਧਾਰੇ

(ਏਥੇ ਕਵੀ ਜੀ ਫਿਰ 'ਦੇਵੀ' ਨੂੰ ਨਮਸਕਾਰ ਕਰਦੇ ਹਨ।)

"ਸਿੰਘ ਬਾਹਨੀ* ਮਾਤ ਜਗ, ਅਸ੍ਰੂਭੁਜੀ ਖਲ ਕਾਲ।
ਨਮਸਕਾਰ ਤਿਹ ਚਰਨ ਕੋ, ਉਚਰੋਂ ਕਥਾ ਰਸਾਲ।੧।"

ਗੁਰੂ ਜੀ ਦਾ ਉਪਦੇਸ਼ ਸੁਣ ਕੇ ਪਿਤਾ ਕਾਲੂ ਜੀ ਵੀ ਭਗਤੀ ਕਰਨ ਲੱਗੇ। ਵੱਡਿਆਂ ਦੇ ਸਰਾਧ ਦਾ ਦਿਨ ਆਇਆ, ਤਾਂ ਕਾਲੂ ਜੀ ਨੇ ਬ੍ਰਹਿਮਣਾਂ ਨੂੰ ਭੋਜਨ ਕੀਤਾ।

ਗੁਰੂ ਜੀ ਨੇ ਕਿਹਾ, ਪਿਤਾ ਜੀ! ਤੁਹਾਡੇ ਪਿਤਰ ਤਾਂ ਬੈਕੁੰਠ ਵਾਸੀ ਹਨ। ਉਹਨਾਂ ਬਦਲੇ ਸਰਾਧ ਕਰਨ ਦੀ ਕੀ ਲੋੜ। ਕਾਲੂ ਜੀ ਨੇ ਨੇਤਰ ਬੰਦ ਕਰਕੇ ਵੇਖਿਆ।

"ਜਹ ਬੈਕੁੰਠ ਭਗਤ ਬਡ ਬਾਸਾ।
ਕੰਚਨ ਮਨਿ ਮਯ ਰੁਚਿਰ ਅਵਾਸਾ।੦
ਤਹਾ ਪਿਤਰ ਦੇਖੇ ਸਬ ਜਾਈ।
ਇਸ ਕੋ ਦੇਖ ਉਠੇ ਸਮੁਦਾਈ।੪੬।"

ਪਿਤਰਾਂ ਨੇ ਕਿਹਾ, 'ਹੇ ਕਾਲੂ! ਤੇਰੇ ਘਰ ਨਿਰੰਕਾਰ ਪਰਗਟਿਆ ਹੈ। ਉੱਸੇ ਦਿਨ ਤੋਂ ਅਸੀਂ ਬੈਕੁੰਠ ਆ ਵੱਸੇ ਹਾਂ।'

ਉਸ ਦਿਨ ਤੋਂ ਪਿਤਾ ਕਾਲੂ ਜੀ ਦਾ ਭਰਮ ਦੂਰ ਹੋ ਗਿਆ, ਤੇ ਉਹ ਸਿਮਰਨ ਵਿਚ ਲੱਗ ਗਏ।

ਅਉਧ ਪੂਰੀ ਹੋ ਗਈ। ਪਿਤਾ ਕਾਲੂ ਜੀ ਸੱਚਖੰਡ ਜਾ ਵੱਸੇ। ਮਹਾਰਾਜ ਨੇ ਪਿਤਾ ਦਾ ਹੱਥੀਂ ਦਾਹ ਸੰਸਕਾਰ ਕੀਤਾ।

ਕੁਛ ਦਿਨਾਂ ਪਿੱਛੋਂ ਮਾਤਾ ਤ੍ਰਿਪਤਾ ਜੀ ਵੀ ਸੁਰਗਵਾਸ ਹੋ ਗਏ।

ਕਾਲੂ ਜੀ ਦਾ ਜਮ੍ਹਾ ਕੀਤਾ ਧਨ ਲੋੜਵੰਦਾਂ ਨੂੰ ਵੰਡ ਕੇ ਗੁਰੂ ਜੀ ਫਿਰ ਘਰੋਂ ਤੁਰ ਪਏ।

---

* ਸ਼ੇਰ ਦੀ ਅਸਵਾਰੀ ਕਰਨ ਵਾਲੀ।

੦ ਸੋਨੇ ਤੇ ਮਣੀਆਂ ਨਾਲ ਸਜਾਇਆ ਸੁੰਦਰ ਮੰਦਰ।

Digitized by Panjab Digital Library | www.panjabdigilib.org

# ਸੱਤਵਾਂ ਧਯਾਇ

## ਕੁਰਖੇਤਰ ਵਿਖੇ ਪੰਡਤਾਂ ਨਾਲ ਚਰਚਾ

ਸੂਰਜ ਗ੍ਰਹਿਣ ਦੇ ਪੁਰਬ ਸਮੇਂ ਗੁਰੂ ਜੀ ਕੁਰਖੇਤਰ ਜਾ ਪਹੁੰਚੇ। ਇਕ ਪਾਸੇ ਬੈਠ ਮਰਦਾਨੇ ਨੇ ਕੀਰਤਨ ਸ਼ੁਰੂ ਕਰ ਦਿਤਾ। ਇਕ ਰਾਣੀ ਆਪਣੇ ਪੁੱਤਰ ਸਮੇਤ ਸ਼ਰਨ ਆਈ। ਰਾਜ ਕੁਮਾਰ ਨੇ ਮਾਰਿਆ ਹਰਨ ਭੇਟਾ ਧਰਿਆ।

"ਤਿਹ ਭੂਪਤ ਸੁਤ ਮ੍ਰਿਗ ਕੋ ਮਾਰੀ।
ਧਰੀ ਭੇਟ ਤਿਨ ਗੁਰੂ ਅਗਾਰੀ।੯।"

ਰਾਜ ਕੁਮਾਰ ਨੇ ਬੇਨਤੀ ਕੀਤੀ, ਕਿ ਵੈਰੀ ਨੇ ਮੇਰਾ ਰਾਜ ਖੁਹ ਲਿਆ ਹੈ। ਸਾਡੇ ਉਤੇ ਕਿਰਪਾ ਕਰੋ।

ਗੁਰੂ ਜੀ ਨੇ ਕਿਹਾ, ਹਰਨ ਦਾ ਮਾਸ ਬਰਤਨ ਵਿਚ ਪਾ ਕੇ ਰਿੰਨ੍ਹਣਾ ਧਰੋ। ਰਾਜ ਕੁਮਾਰ ਨੇ ਮਾਸ ਧਰ ਦਿਤਾ। ਪੰਡਤਾਂ ਨੂੰ ਪਤਾ ਲੱਗਾ, ਤਾਂ ਉਹ ਡੰਡੇ ਫੜ ਕੇ ਆ ਝਗੜਨ ਲੱਗੇ।

ਗੁਰੂ ਜੀ ਨੇ ਕਿਹਾ, ਭੁੱਖ ਦੂਰ ਕਰਨ ਵਾਸਤੇ ਕੁਛ ਉਪਰਾਲਾ ਕੀਤਾ ਹੈ।

ਕੋਲੋਂ ਇਕ ਪੰਡਤ ਨੇ ਕਿਹਾ, ਕਿ ਇਹਨਾਂ ਮਾਸ ਧਰਿਆ ਹੈ।

ਮਹਾਰਾਜ ਨੇ ਫ਼ੁਰਮਾਇਆ, ਕਿ ਜੇ ਤੁਸਾਂ ਚਰਚਾ ਕਰਨੀ ਹੈ, ਤਾਂ ਸਾਰੇ ਰਲ ਕੇ ਆ ਜਾਓ।

ਬਹੁਤ ਸਾਰੇ ਪੰਡਤ ਆ ਇਕੱਠੇ ਹੋਏ। ਪੰਡਤ 'ਨਾਨੂੰ' ਦਿਗ ਵਿਜੈ* ਪ੍ਰਾਪਤ ਕਰਕੇ ਆਇਆ ਸੀ। ਉਸ ਨੇ 'ਭਵਿਖਤ ਪੁਰਾਣ' ਵਿਚ ਪੜ੍ਹਿਆ ਸੀ, ਕਿ ਕਲਿਜੁਗ ਵਿਚ ਗੁਰੂ ਨਾਨਕ ਪਰਗਟ ਹੋਵੇਗਾ। ਸੋ ਨਾਨੂੰ ਨੇ ਆਪਣਾ ਨਾਮ 'ਨਾਨਕ ਚੰਦ' ਧਰ ਲਿਆ।

"ਅਪਨ ਆਪ ਕੋ ਸੋ ਲਖ ਪਾਵਾ,
ਨਾਮ ਸੁ ਨਾਨਕ ਚੰਦ ਧਰਾਵਾ।......੨੬।"

ਚਰਚਾ ਕਰਨ ਵਾਸਤੇ ਨਾਨੂੰ ਵੀ ਆ ਗਿਆ।

ਗੁਰੂ ਮਹਾਰਾਜ ਨੇ ਸਵਾਲ ਕੀਤਾ,

"ਸ੍ਰੀ ਨਾਨਕ ਤਬ ਬੈਨ ਉਚਾਰੇ।
ਕੋ ਆਮਿਖ੦ ਹੈ ਮਤੈ ਤੁਮਾਰੇ।੨੮।
ਬ੍ਰਹਿਮਣ ਕੋ ਇਹ ਧਰਮ ਅਲਾਵੈ।
ਬੇਦ ਪੜੈ ਅਰ ਯੱਗ ਕਰਾਵੈ।
ਛੱਤ੍ਰੀ ਧਰਮ ਜੁਧ ਹਿਤ ਧਰਨਾ।
ਆਮਿਖ ਸੰਗ ਜਗਯ ਕੋ ਕਰਨਾ।੨੯।"

---

* ਦਿਗ ਵਿਜੈ=ਸ਼ਾਸਤਰ ਅਰਥ ਵਿਚ ਸੰਸਾਰ ਨੂੰ ਜਿਤ ਲੈਣਾ। ੦ ਮਾਸ।

Digitized by Panjab Digital Library | www.panjabdigilib.org

ਕੁਛ ਪ੍ਰਸ਼ਨ-ਉੱਤਰ ਪਿਛੋਂ ਗੁਰੂ ਜੀ ਨੇ ਇਹ ਸਬਦ ਉਚਾਰਿਆ,

"ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ।......।"

(ਮਲਾਰ, ਮ. ੧. ਪੰਨਾ ੧੨੮੯)

ਫਿਰ ਪੰਡਤ ਨਾਨੂੰ ਨੇ ਸਵਾਲ ਕੀਤਾ, ਕਿ ਤੁਸਾਂ ਪੂਰਬ ਵਾਲੇ ਦਿਨ ਮਾਸ ਕਿਉਂ ਧਰਿਆ ਹੈ । ਹਜ਼ੂਰ ਨੇ ਉੱਤਰ ਵਿਚ ਸਬਦ ਉਚਾਰਿਆ,

"ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ ।......।"

(ਮਲਾਰ, ਮ. ੧. ਪੰਨਾ ੧੨੮੯)

(ਅੱਗੇ ਇਸ ਸਬਦ ਦੀ ਵਿਆਖਿਆ ਹੈ ।)

ਨਾਨੂੰ ਨੇ ਪੁਛਿਆ, ਤੁਹਾਡਾ ਨਾਮ ਕੀ ਹੈ ।

"ਕਹੈ ਗੁਰੂ, ਹਮ ਨਾਨਕ ਨਾਮੂ ।
ਸੇਵਕ ਨਿਰੰਕਾਰ ਸੁਖ ਧਾਮੂ ।੬੭।
ਸੁਨ ਕਰ ਨਾਨੂੰ ਸੂਨ ਮਝਾਰਾ ।
ਨਿਜ ਸੰਗਨ ਸੋਂ ਬਚਨ ਉਚਾਰਾ ।
ਲਿਖਯੋ ਭਵਿਖਤ ਮਹਿ ਇਤਿਹਾਸੂ ।
ਸ੍ਰੀ ਨਾਨਕ ਅਵਤਾਰ ਪ੍ਰਗਾਸੂ ।੬੮।"

ਸਾਰੇ ਪੰਡਤਾਂ ਨੇ ਹਜ਼ੂਰ ਨੂੰ ਨਮਸਕਾਰ ਕੀਤੀ, ਤੇ ਅੰਤ ਵਿਚ ਕਿਹਾ ਕਿ ਪੁਰਬ ਸਮੇਂ ਮਾਸ ਖਾਣਾ ਠੀਕ ਨਹੀਂ ।

"ਸੁਨ ਕਰ ਬੋਲੇ ਗੁਨੀ ਗਹੀਰਾ ।
ਹਮ ਤੋ ਧਰਿਯੋ ਦੇਗ ਮਹਿ ਖੀਰਾ ।........੭੪।"

(ਲਉ, ਕਹਿਣ ਮਾਤਰ ਨਾਲ ਹੀ ਮਾਸ ਤੋਂ ਖੀਰ ਬਣ ਗਈ ।) ਗੁਰੂ ਜੀ ਦੀ ਆਗਿਆ ਨਾਲ ਰਾਜ ਕੁਮਾਰ ਨੇ ਪੰਡਤਾਂ ਨੂੰ ਵਰਤਾਈ । ਅਤੁੱਟ ਭੰਡਾਰਾ ਵਰਤਿਆ । ਨਾਨੂੰ ਨੇ ਕਿਹਾ, ਅਸਲ ਨਾਨਕ ਏਹਾ ਹਨ । ਮੈਂ ਅੱਜ ਤੋਂ 'ਨਾਨੂੰ' ਅਖਵਾਵਾਂਗਾ ।

(ਸ਼ਾਸਤਰਾਂ ਅਨੁਸਾਰ ਸੂਰਜ ਗ੍ਰਹਿਣ ਸਮੇਂ ਰਸੋਈ ਬਨਾਉਣਾ, ਜਾਂ ਖਾਣਾ ਵਿਵਰਜਤ ਹੈ । ਅੱਗ ਬਾਲਣਾ ਹੀ ਕੁਕਰਮ ਹੈ । ਸਾਖੀ ਲਿਖਣ ਵਾਲਿਆਂ ਉਪਰਲੇ ਸ਼ਬਦਾਂ ਦਾ ਆਸਰਾ ਲੈ ਕੇ ਪਹਿਲਾਂ ਮਾਸ ਰਿੰਨ੍ਹਣਾ ਧਰਿਆ ਤੇ ਫਿਰ ਕਰਾਮਾਤ ਵਿਖਾਉਣ ਬਦਲੇ ਉਸ ਨੂੰ 'ਖੀਰ' ਬਣਾ ਦਿਤਾ ।)

ਬਹੁਤ ਸਾਰੇ ਸ਼ਰਧਾਲੂਆਂ ਨੇ ਚਰਨ ਪਾਹੁਲ ਲੀਤੀ ਤੇ ਸਿੱਖ ਬਣੇ ।

ਰਾਜਕੁਮਾਰ ਨੂੰ ਮਹਾਰਾਜ ਨੇ ਵਰ ਦਿਤਾ, ਕਿ ਜਾ ਕੇ ਯੁਧ ਕਰੋ ਤੇ ਆਪਣਾ ਰਾਜ ਸੰਭਾਲੋ ।

ਗੁਰੂ ਦੇ ਭਰੋਸੇ ਰਾਜ ਕੁਮਾਰ ਨੇ ਸੈਨਾ ਇਕੱਠੀ ਕਰ ਕੇ ਵੈਰੀ 'ਤੇ ਹਮਲਾ ਕੀਤਾ, ਤੇ ਫ਼ਤਹਿ ਪਰਾਪਤ ਕੀਤੀ । (ਰਾਜਧਾਨੀ ਪਟਨਾ ਲਿਖਿਆ ਹੈ ।)

Digitized by Panjab Digital Library | www.panjabdigilib.org

# ਅੱਠਵਾਂ ਧਯਾਇ

## ਗੰਗਾ 'ਤੇ ਉਪਦੇਸ਼

ਹਰਿਦੁਆਰ ਮੇਲੇ 'ਤੇ ਬੇਅੰਤ ਲੋਕ ਇਕੱਠੇ ਹੋਏ । ਗੁਰੂ ਜੀ ਵੀ ਜਾ ਪਹੁੰਚੇ । ਲੋਕ ਇਸ਼ਨਾਨ ਕਰਦੇ ਤੇ ਸੂਰਜ ਨੂੰ ਪਾਣੀ ਦੇਂਦੇ ।

ਮਹਾਰਾਜ ਗੰਗਾ ਵਿਚ ਖਲੋ ਕੇ ਲਹਿੰਦੇ ਨੂੰ ਪਾਣੀ ਦੇਣ ਲੱਗ ਪਏ । (ਬੁੱਕਾਂ ਨਾਲ ਛੱਟਣ ਲਗ ਪਏ ।) ਲੋਕ ਇਕੱਠੇ ਹੋ ਗਏ । ਉਹਨਾਂ ਪੁੱਛਿਆ, ਤੁਸੀਂ ਲਹਿੰਦੇ ਵੱਲ ਕਿਸ ਨੂੰ ਪਾਣੀ ਦੇਂਦੇ ਹੋ । ਗੁਰੂ ਜੀ ਨੇ ਪੁੱਛਿਆ, ਤੁਸੀਂ ਚੜ੍ਹਦੇ ਵੱਲ ਕਿਸ ਨੂੰ ਪਾਣੀ ਦੇਂਦੇ ਹੋ । ਲੋਕਾਂ ਨੇ ਕਿਹਾ, ਅਸੀਂ ਆਪਣੇ ਪਿਤਰਾਂ ਨੂੰ ਪਾਣੀ ਦੇਂਦੇ ਹਾਂ, ਜੋ ਏਥੋਂ ਹਜ਼ਾਰਾਂ ਜੋਜਨ ਦੂਰ ਹਨ ।

ਮਹਾਰਾਜ ਨੇ ਫ਼ੁਰਮਾਇਆ, ਅਸੀਂ ਪਿਛੇ (ਤਲਵੰਡੀ) ਖੇਤੀ ਬੀਜ ਆਏ ਹਾਂ, ਉਸਨੂੰ ਪਾਣੀ ਦੇ ਰਹੇ ਹਾਂ । ਲੋਕਾਂ ਹੱਸ ਕੇ ਕਿਹਾ, ਏਨੀ ਦੂਰ ਇਹ ਪਾਣੀ ਕਿਵੇਂ ਪਹੁੰਚੇਗਾ । ਗੁਰਦੇਵ ਨੇ ਉਤਰ ਦਿਤਾ, ਜੇ ਸਾਡਾ ਪਾਣੀ ਖੇਤੀ ਤਕ ਨਹੀਂ ਪਹੁੰਚ ਸਕਦਾ, ਤਾਂ ਤੁਹਾਡਾ ਪਿਤਰਾਂ ਤਕ ਕਿਵੇਂ ਪਹੁੰਚੇਗਾ । ਇਹ ਸਭ ਵਿਖਾਵਾ ਹੈ ।

ਕੁਛ ਲੋਕ ਗੰਗਾ ਕਨਾਰੇ ਬੈਠੇ ਮਾਲਾ ਫੇਰ ਰਹੇ ਸਨ । ਮਹਾਰਾਜ ਨੇ ਕਿਹਾ, ਇਹਨਾਂ ਦੇ ਮਨ ਨਹੀਂ ਟਿਕੇ । ਇਸ ਵਾਸਤੇ ਇਹ ਪੂਜਾ ਨਹੀਂ, ਪਖੰਡ ਹੈ । ਪੁੱਛਣ 'ਤੇ ਗੁਰੂ ਜੀ ਸਭ ਦੇ ਮਨਾਂ ਦੀ ਕਹਿ ਸੁਣਾਈ । ਸਭ ਚਰਨੀ ਆ ਢੱਠੇ ।

ਫਿਰ ਪੰਡਤਾਂ ਨੇ ਬੇਨਤੀ ਕੀਤੀ, ਕਿ ਸਾਡੇ ਨਾਲ ਭੋਜਨ ਛਕੋ । ਮਹਾਰਾਜ ਚਲੇ ਗਏ । ਖੱਤਰੀ, ਬ੍ਰਹਿਮਣ ਕੱਪੜੇ ਉਤਾਰ ਕੇ ਤੇ ਉਦਾਲੇ ਕਾਰਾਂ ਕਢ ਕੇ ਬੈਠ ਗਏ ।

"ਪਟ ਉਤਾਰ ਖਤ੍ਰੀ ਦਿਜਨ, ਚੌਕੇ ਬੈਠੇ ਜਾਇ ।
ਪਦ ਪਖਾਰ ਕਾਰੀ ਕਰੀ, ਗੁਰ ਅੰਤਰ ਬੈਸਾਇ ।੪੨।"

ਗੁਰੂ ਜੀ ਨੇ ਕਿਹਾ, ਚੌਂਕਾ ਭਿਟਿਆ ਗਿਆ ਹੈ । ਅਸਾਂ ਭੋਜਨ ਨਹੀਂ ਛਕਣਾ । ਪੰਡਤਾਂ ਨੇ ਪੁਛਿਆ, ਕਿਵੇਂ ਭਿੱਟਿਆ ਗਿਆ ਹੈ ? ਤਾਂ ਗੁਰੂ ਜੀ ਨੇ ਸਬਦ ਉਚਾਰਿਆ ।

"ਕੁਬੁਧਿ ਡੂਮਣੀ, ਕੁਦਇਆ ਕਸਾਇਣਿ,
ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ । ...।"

(ਸਿਰੀ ਰਾਗ, ਮ: ੧. ਪੰਨਾ ੯੧)

ਆਪਣੇ ਅੰਦਰ ਝਾਤੀ ਮਾਰ ਕੇ ਸਭ ਲੋਕ ਚਰਨਾਂ 'ਤੇ ਆ ਢੱਠੇ, ਤੇ ਕਿਹਾ ਸਾਨੂੰ ਸਿੱਖ ਬਣਾ ਲਵੋ ।

(ਅੱਗੇ ਪੁਰਾਣਾ ਦਾ ਵਿਚਾਰ ਆ ਗਿਆ ।)

"ਇਸ ਪ੍ਰਕਾਰ ਸੋ ਸਿਖ ਕਰੇ, ਰੈਨ ਭਈ ਜਗ ਆਇ ।
ਸ੍ਰੀ ਗੰਗਾ ਤਨ ਧਾਰ ਕੈ ਚਲ ਪਹੁੰਚੀ ਤਿਹ ਥਾਇ ।੫੯।"

(ਗੰਗਾ ਨਦੀ ਮਾਣਸ ਰੂਪ ਧਾਰ ਕੇ ਆ ਗਈ ।)

Digitized by Panjab Digital Library | www.panjabdigilib.org

ਗੰਗਾ ਨੇ ਬੇਨਤੀ ਕੀਤੀ, ਕਿ ਮੇਰੇ ਪਾਪ ਕਿਵੇਂ ਦੂਰ ਹੋਣ।

ਹਜ਼ੂਰ ਨੇ ਕਿਹਾ, ਜਦ ਕੋਈ ਹਰੀ ਦਾ ਸੱਚਾ ਭਗਤ ਤੇਰੇ ਵਿਚ ਚਰਨ ਪਾਉਂਦਾ ਹੈ, ਤੇਰੇ ਸਾਰੇ ਪਾਪ ਦੂਰ ਹੋ ਜਾਂਦੇ ਹਨ।

ਗੰਗਾ ਸੋਨੇ ਦੇ ਥਾਲ ਵਿਚ ਬਹੁਤ ਸਾਰਾ ਧਨ ਲਿਆਈ। ਗੁਰੂ ਜੀ ਨੇ ਕਿਹਾ, ਇਸਦਾ ਭੰਡਾਰਾ ਕਰ ਦਿਹੋ। ਗੰਗਾ ਨੇ ਭੰਡਾਰਾ ਕੀਤਾ। ਸਭ ਦੇਵਤੇ—ਨਾਰਦ, ਬ੍ਰਹਮਾ, ਗੌਰੀ, ਇੰਦਰ, ਆਦਿ—ਆਏ, ਤੇ ਤ੍ਰਿਪਤ ਹੋ ਕੇ, ਗੁਰੂ ਜੀ ਨੂੰ ਨਮਸਕਾਰ ਕਰਕੇ ਚਲੇ ਗਏ।

'ਪੁਨਿ ਸ੍ਰੀ ਗੰਗਾ ਬੰਦਨ ਕਰਕੈ।
ਅਪਨ ਪ੍ਰਵਾਹ ਸਮਾਈ ਬਰ ਕੈ।......੭੭।''

(ਗੰਗਾ ਜਲ ਵਿਚ ਸਮਾ ਗਈ। ਪੁਰਾਣਕ ਖ਼ਿਆਲ। ਕਾਵਿਕ ਕਲਪਨਾ।)

ਗੁਰੂ ਜੀ ਓਥੋਂ ਅੱਗੇ ਤੁਰ ਪਏ।

# ਨੌਵਾਂ ਧਯਾਇ

ਬ੍ਰਿੰਦਾ ਬਨ, ਅਯੁਧਿਆ, ਕਾਂਸ਼ੀ

ਗੁਰੂ ਜੀ ਜਮਨਾ* ਕਨਾਰੇ ਬ੍ਰਿਜ ਭੂਮੀ ਜਾ ਪਹੁੰਚੇ। ਓਥੇ ਆਪ ਉਸ ਪਹਾੜ ਉਤੇ ਜਾ ਬੈਠੇ। ਮਰਦਾਨੇ ਨੇ ਪੁਛਿਆ, ਮਹਾਰਾਜ! ਏਥੇ ਇਹ ਇਕੱਲਾ ਪਹਾੜ ਹੈ। ਇਸ ਦਾ ਕਾਰਨ?

ਗੁਰੂ ਜੀ ਨੇ ਦੱਸਿਆ, ਜਦ ਰਾਮ ਚੰਦਰ ਸਮੁੰਦਰ 'ਤੇ ਪੁਲ ਬੰਨ੍ਹ ਰਹੇ ਸਨ, ਤਾਂ ਯੋਧੇ ਪਹਾੜ ਚੁਕ ਚੁਕ ਕੇ ਲਿਆਉਂਦੇ ਸਨ। ਪੁਲ ਪੂਰਾ ਹੋ ਗਿਆ, ਤਾਂ ਰਾਮ ਜੀ ਨੇ ਹੋਰ ਪਹਾੜ ਲਿਆਉਣੋ ਰੋਕ ਦਿਤਾ। ਹਨੂੰਮਾਨ ਇਹ ਪਹਾੜ ਏਥੇ ਰੱਖ ਕੇ ਬੈਠ ਗਿਆ। ਰਾਮਚੰਦਰ ਜੀ ਨੇ ਹਨੂੰਮਾਨ ਨੂੰ ਬੁਲਾਉਣ ਵਾਸਤੇ ਦੂਤ ਭੇਜੇ, ਤਾਂ ਹਨੂੰਮਾਨ ਨੇ ਕਿਹਾ, ਮੈਂ ਇਹ ਵਾਹਦਾ ਕਰਕੇ ਪਹਾੜ ਲਿਆਇਆ ਸਾਂ, ਕਿ ਇਸ ਨਾਲ ਭਗਵਾਨ ਦੇ ਚਰਨ ਛੁਹਣਗੇ। ਰਾਮ ਜੀ ਨੇ ਫਿਰ ਸੁਨੇਹਾ ਭੇਜਿਆ, ਕਿ ਦੁਆਪਰ ਵਿਚ ਅਸੀਂ (ਕ੍ਰਿਸ਼ਨ ਦਾ) ਅਵਤਾਰ ਧਾਰ ਕੇ ਆਵਾਂਗੇ, ਤਾਂ ਇਸ ਪਹਾੜ ਉਤੇ ਬਹੁਤ ਲੀਲ੍ਹਾ ਕਰਾਂਗੇ। ਇਹ ਸੁਣਕੇ ਹਨੂਮਾਨ ਪਹਾੜ ਏਥੇ ਛਡ ਗਿਆ ਤੇ ਆਪ ਚਲਾ ਗਿਆ।

(ਪੁਰਾਣਕ ਕਥਾ। ਕਲਪਨਾ।)

ਉਸ ਸਮੇਂ ਜਮਨਾ ਕੰਢੇ ਮੇਲਾ ਸੀ। ਬਹੁਤ ਲੋਕ ਆਏ। ਰਾਮ ਲੀਲ੍ਹਾ

---

* ਪੁਰਾਣਕ ਕਥਾ ਅਨੁਸਾਰ ਜਮਨਾ ਨਦੀ ਨੂੰ ਸੂਰਜ ਦੀ ਪੁਤਰੀ ਮੰਨਿਆਂ ਹੈ।

Digitized by Panjab Digital Library | www.panjabdigilib.org

ਹੁੰਦੀ। ਤ ਇਸ ਬਹਾਨੇ ਕੁਕਰਮ ਹੁੰਦੇ।

ਗੁਰਦੇਵ ਨੇ ਸ਼ਬਦ ਉਚਾਰਿਆ,

"ਸੋਈ ਚੰਦੁ ਚੜਹਿ ਸੇ ਤਾਰੇ, ਸੋਈ ਦਿਨੀਅਰ* ਤਪਤ ਰਹੈ। ...।"

(ਰਾਮਕਲੀ, ਮ: ੧, ਪੰਨਾ ੯੦੨)

(ਅਗੇ ਇਸ ਸ਼ਬਦ ਦੀ ਵਿਆਖਿਆ ਹੈ।)

ਲੋਕ ਇਕੱਠੇ ਹੁੰਦੇ, ਤੇ ਗੁਰੂ ਜੀ ਦਾ ਉਪਦੇਸ਼ ਸੁਣ ਕੇ ਸਿਰ ਝੁਕਾ ਕੇ ਚਲੇ ਜਾਂਦੇ। ਹਜ਼ੂਰ ਤਿੰਨ ਦਿਨ ਓਥੇ ਰਹੇ।

ਓਥੋਂ ਅੱਗੇ ਮਹਾਰਾਜ ਇਕ ਛਿਨ ਵਿਚ ਹੀ ਅਜੁੱਧਿਆ ਜਾ ਪਹੁੰਚੇ।

ਗੁਰੂ ਜੀ ਨਦੀ ਕਨਾਰੇ ਜਾ ਬੈਠੇ। ਉਦਾਲੇ ਭੀੜ ਇਕੱਠੀ ਹੋ ਗਈ। ਗੁਰੂ ਜੀ ਨੇ ਸਵਾਲ ਕੀਤਾ,

"ਰਾਮ ਗਏ ਲੇ ਕਰ ਸੰਗ ਨਗਰੀ।
ਨੀਚ, ਊਚ, ਨਰ, ਨਾਰੀ ਸਗਰੀ।੫੦।
ਇਹ ਆਈ ਕਿਹ ਤੇ ਅਬਹਿ, ਦੀਸਤ ਊਚੇ ਧਾਮ।
ਸੁਨਿ ਪੰਡਿਤ ਸਭ ਕਹਤ ਭੇ, ਜੀਅ ਲਏ ਸੰਗ ਰਾਮ।੫੧।"

(ਸੁੰਦਰ ਵਿਅੰਗ। ਅਜੁਧਿਆ ਤਾਂ ਸਾਰੀ ਰਾਮ ਜੀ ਨਾਲ ਸੁਰਗ ਨੂੰ ਲੈ ਗਏ ਸਨ। ਹੁਣ ਇਹ ਕਿਥੋਂ ਆ ਗਈ।)

ਗੁਰੂ ਜੀ ਦੇ ਮੁੱਖ ਤੋਂ ਸ਼ੁਭ ਉਪਦੇਸ਼ ਸੁਣ ਕੇ ਕਈਆਂ ਨੇ ਕਿਹਾ, ਸ ਨੂੰ ਆਪਣੇ ਸਿੱਖ ਬਣਾ ਲਵੋ।

ਉਹਨਾਂ ਸ਼ਰਧਾਲੂਆਂ ਨੂੰ ਸਤਿਨਾਮ ਦਾ ਉਪਦੇਸ਼ ਦੇ ਕੇ ਮਹਾਰਾਜ ਕਾਂਸ਼ੀ (ਬਨਾਰਸ, ਵਾਰਾਣਸੀ) ਜਾ ਪਹੁੰਚੇ। ਗੁਰੂ ਜੀ ਦਾ ਆਉਣਾ ਸੁਣ ਕੇ ਬਹੁਤ ਸਾਰੇ ਪੰਡਤ ਤੇ ਹੋਰ ਲੋਕ ਆਏ। ਉਹਨਾਂ ਪ੍ਰਸ਼ਨ ਕੀਤਾ,

"ਵੇਦ ਸ਼ਾਸਤ੍ਰ ਨਿਤ ਪ੍ਰਤਿ ਪਢਤ, ਸੁਨਤ ਸਦਾ ਵਿਵਹਾਰ।
ਹਮ ਉਰ ਸਾਂਤਿ ਨ ਆਵਈ, ਮਿਟਤ ਨਹੀ ਹੰਕਾਰ।੭੪।"

ਗੁਰੂ ਜੀ ਨੇ ਉਤਰ ਵਿਚ ਸ਼ਬਦ ਉਚਾਰਿਆ।

"ਲਬੁ ਕੁਤਾ, ਕੂੜੁ ਚੂਹੜਾ, ਠਗਿ ਖਾਧਾ ਮੁਰਦਾਰੁ। ...।"

(ਸਿਰੀ ਰਾਗ, ਮ: ੧, ਪੰਨਾ ੧੫)

ਗੁਰਦੇਵ ਨੇ ਕਿਹਾ, ਕੇਵਲ ਜ਼ਬਾਨੀ ਪੜ੍ਹਨ ਨਾਲ ਲਾਭ ਨਹੀਂ। ਸਗੋਂ ਪ੍ਰਭੂ ਨੂੰ ਮਨ ਵਿਚ ਵਸਾਉਣ ਨਾਲ ਲਾਭ ਹੈ। ਸਤਿਨਾਮ ਦਾ ਜਾਪ ਕਰੋ।

* ਸੂਰਜ।

Digitized by Panjab Digital Library | www.panjabdigilib.org

# ਦਸਵਾਂ ਧਯਾਇ

## ਜਗਨਨਾਥ ਤੇ ਕਲਿਜੁਗ ਦਾ ਮਿਲਾਪ

(ਕਵੀ ਸੰਤੋਖ ਸਿੰਘ ਜੀ ਚੰਡਿਕਾ ਦੇ ਪੂਰੇ ਸ਼ਰਧਾਲੂ ਹਨ। ਸੁਣੋ।)

"ਨਮੋ ਚੰਡਿਕਾ, ਕਾਲਿਕਾ ਬਾਕ ਬਾਨੀ।
ਬਿਘੰਨਾ ਹਰੰਤੀ, ਸਦਾ ਬੁੱਧਿ ਦਾਨੀ।
ਕਰੋ ਦਾਤਿ ਮਾਤਾ, ਮੁਝੈ ਦਾਸ ਜਾਨੋ।
ਸੁਛੰਦੰ ਗੁਰੂ ਕੀ ਕਥਾ ਹੌਂ ਬਖਾਨੋ।੧।"

ਗੁਰੂ ਜੀ ਜਗੰਨਾਥ ਮੰਦਰ ਦੇ ਸਾਮ੍ਹਣੇ ਜਾ ਬੈਠੇ।

ਸੰਧਿਆ ਵੇਲੇ ਪੰਡਿਤ ਆਰਤੀ ਕਰਨ ਲੱਗੇ। ਗੁਰੂ ਜੀ ਓਂਵੇਂ ਬੈਠੇ ਰਹੇ। ਪੰਡਤਾਂ ਨੇ ਆ ਕੇ ਗੁੱਸੇ ਨਾਲ ਸਵਾਲ ਕੀਤਾ, ਕਿ ਤੁਸੀਂ ਜਗੰਨਾਥ ਦੀ ਆਰਤੀ ਵਿਚ ਉਠ ਕੇ ਸ਼ਾਮਲ ਕਿਉਂ ਨਹੀਂ ਹੋਏ।

ਉਤਰ ਵਿਚ ਗੁਰੂ ਜੀ ਨੇ ਸ਼ਬਦ ਉਚਾਰਿਆ,

"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ।........।"

(ਧਨਾਸਰੀ, ਮ: ੧. ਪੰਨਾ ੬੬੩)

ਇਹ ਸ਼ਬਦ ਸੁਣ ਕੇ ਬਹੁਤ ਸਾਰੇ ਲੋਗ ਚਰਨੀ ਡਿਗੇ।

ਦੋ ਦਿਨ ਓਥੇ ਗੁਜ਼ਾਰ ਕੇ ਗੁਰਦੇਵ ਸਮੁੰਦਰ ਦੇ ਕਨਾਰੇ ਜਾ ਬੈਠੇ। ਮਰਦਾਨਾ ਸ਼ਬਦ ਗਾਉਣ ਲੱਗਾ।

ਓਥੇ ਇਕ ਮਨੁੱਖ ਦੀ ਲੋਥ ਪਈ ਸੀ। ਭੁੱਖਾ ਬਘਿਆੜ ਖਾਣ ਆਇਆ, ਪਰ ਉਸਦਾ ਮੱਥਾ ਸੁੰਘ ਕੇ ਹੀ ਚਲਾ ਗਿਆ। ਕੁਛ ਦੂਰ ਤੋਂ ਬਘਿਆੜ ਫਿਰ ਮੁੜਿਆ, ਤੇ ਪੈਰ ਸੁੰਘ ਕੇ ਫਿਰ ਮੁੜ ਗਿਆ।

ਮਰਦਾਨੇ ਨੇ ਇਸ ਦਾ ਕਾਰਨ ਪੁਛਿਆ, ਤਾਂ ਹਜ਼ੂਰ ਨੇ ਕਿਹਾ,

"ਸੁਨ ਮਰਦਾਨੇ, ਸ਼ਬਦ ਜੁ ਗਾਯੋ।
ਯਾਂ ਤੇ ਰਿਦਾ ਸੁੱਧ ਹ੍ਵੈ ਆਯੋ।
ਪਾਪ ਪੁੰਨ ਕੋ ਭਯੋ ਬਿਚਾਰਾ।
ਭੱਖ, ਅਭੱਖਹਿ ਲਖਯੋ ਅਹਾਰਾ।੧੭।
ਮ੍ਰਿਤਕ ਬੇਮੁਖ ਨਾਮ ਤੇ, ਨਹਿ ਕੀਨੋ ਸਤਿਸੰਗ।
ਆਂਖ ਨ ਦਰਸਿਯੋ ਸੰਤ ਕਬ, ਰਿਦੇ ਨ ਹਰਿ ਕੋ ਰੰਗ।੧੮।"

ਫਿਰ ਗੁਰੂ ਜੀ ਇਕ ਜੰਗਲ ਵਿਚ ਜਾ ਬੈਠੇ। ਬੜੀ ਸਖ਼ਤ ਹਨੇਰੀ ਆ ਗਈ। ਕਈ ਦਰਖ਼ਤ ਪੁੱਟੇ ਗਏ। ਹਨੇਰਾ ਛਾ ਗਿਆ। ਫਿਰ ਇਕ ਦੈਂਤ ਸਾਮ੍ਹਣੇ

Digitized by Panjab Digital Library | www.panjabdigilib.org

ਆ ਗਿਆ ।

"ਪੁਨ ਸੋ ਦੈਤ ਦੇਹ ਧਰ ਆਵਾ ।
ਸਿਰ ਨਭ*, ਪਗ ਪਾਤਾਲ ਬਨਾਵਾ ।
ਦੀਰਘ ਦਾਂਤ, ਭਇਆਨਕ ਰੂਪਾ ।
ਨਾਸਾਂ ਕਰਨ[] ਬਨੇ ਤਮ ਕੂਪਾ੦ ।੨੯।"

ਕਲਜੁਗ ਤੋਂ ਡਰ ਕੇ ਮਰਦਾਨਾ ਮੂੰਹ ਢਕ ਕੇ ਪੈ ਗਿਆ ।

ਕਲਜੁਗ ਦੇ ਵਿਖਾਵੇ ਤੋਂ ਗੁਰੂ ਜੀ ਨਾ ਡਰੇ, ਤਾਂ ਉਹ ਮਨੁੱਖ ਦਾ ਰੂਪ ਧਾਰ ਕੇ ਸਾਮ੍ਹਣ ਆ ਗਿਆ ।

"ਦੇਹ ਕੰਚਕੀ** ਜਾਹਿ ਸਵਾਰੀ ।
ਏਕ ਹਾਥ ਮੈਂ ਜਿਹਵਾ ਧਾਰੀ ।੩੯।
ਗਹਿਓ ਲਿੰਗ ਕੋ ਦੂਸਰ ਹਾਥਾ ।
ਆਵਾ ਸਨਮੁਖ, ਜਿਹ ਜਗਨਾਥਾ ।
ਬਿਗਸਤ ਮੁਖ ਤੇ ਕਹਿ ਸੁਖ ਰਾਸਾ ।
ਮਰਦਾਨੇ, ਉਠ ਦੇਖ ਤਮਾਸਾ ।੩੭।"

ਕਲਿਜੁਗ ਨੇ ਕਿਹਾ, ਮਹਾਰਾਜ ! ਮੈਂ ਤੁਹਾਡੇ ਦਰਸ਼ਨ ਕਰਨ ਆਇਆ ਹਾਂ । ਜੋ ਅਜ ਲੋਕਾਂ ਦਾ ਵਰਤਾਰਾ ਹੈ, ਮੈਂ ਓਹਾ ਸਾਂਗ ਵਿਖਾਇਆ ਹੈ । ਫਿਰ ਕਲਿਜੁਗ ਨੇ ਆਪਣੇ ਲੱਛਣ ਦੱਸੇ, ਕਿ ਕਾਮ, ਕ੍ਰੋਧ, ਲੋਭ, ਹੰਕਾਰ, ਇਹ ਸਾਰੇ ਮੇਰੇ ਸੈਨਾਪਤੀ ਹਨ ।

ਅੱਗੋਂ ਗੁਰੂ ਜੀ ਨੇ ਫ਼ੁਰਮਾਇਆ,

"ਜਿਸੁ ਸਿਕਦਾਰੀ, ਤਿਸਹਿ ਖੁਆਰੀ, ਚਾਕਰ ਕੇਹੇ ਡਰਣਾ ।... .."

ਸਬਦ ਦੀ ਪਹਿਲੀ ਤੁਕ ਹੈ,

"ਸੋਈ ਚੰਦੁ ਚੜਹਿ ਸੇ ਤਾਰੇ, ਸੋਈ ਦਿਨੀਅਰੁ ਤਪਤ ਰਹੈ ।"

(ਰਾਮਕਲੀ, ਮ. ੧. ਪੰਨਾ ੯੦੨)

ਕਲਿਜੁਗ ਨੇ ਕਿਹਾ, ਆਪ ਨਿਰੰਕਾਰ ਦਾ ਰੂਪ ਹੋ । ਮੈਂ ਦਰਸ਼ਨ ਕਰਨ ਆਇਆ ਹਾਂ । ਕੁਛ ਭੇਟਾ ਪਰਵਾਨ ਕਰੋ । ਸੋਨੇ ਦੇ ਮੰਦਰ ਭੇਟਾ ਕਰਦਾ ਹਾਂ । ਗੁਰਦੇਵ ਨੇ ਸਬਦ ਉਚਾਰਿਆ,

"ਮੋਤੀ ਤ ਮੰਦਰ ਊਸਰਹਿ, ਰਤਨੀ ਤ ਹੋਹਿ ਜੜਾਉ ।......।"

(ਸਿਰੀ ਰਾਗ, ਮ. ੧, ਪੰਨਾ ੧੪)

---

* ਅਸਮਾਨ । [] ਕੰਨ । ੦ ਖੂਹ ।

** ਸੋਨੇ ਜਾਂ ਸ਼ੀਸ਼ੇ ਵਰਗੀ ਦੇਹੀ ।

Digitized by Panjab Digital Library | www.panjabdigilib.org

(ਅੱਗੇ ਇਸ ਸਬਦ ਦੀ ਵਿਆਖਿਆ ਹੈ ।)
ਕਲਿਜੁਗ ਨੇ ਕਿਹਾ, ਮੇਰੀ ਕੁਛ ਸੇਵਾ ਤਾਂ ਪਰਵਾਨ ਕਰੋ ।
ਮਹਾਰਾਜ ਨੇ ਹੁਕਮ ਕੀਤਾ,

"ਜੇ ਸਿੱਖ ਹੈਂ ਮੇਰੇ ਹਿਤਕਾਰੀ ।
ਤਿਨ ਪਰ ਸੈਨ ਨ ਜਾਇ ਤੁਮਾਰੀ ।......੬੭।"

(ਅਗੇ ਕਲਿਜੁਗੀ ਜੀਵਾਂ ਦੇ ਲੱਛਣ ਦੱਸੇ ਹਨ ।)
ਅੰਤ ਵਿਚ ਗੁਰਦੇਵ ਨੇ ਕਿਹਾ,

"ਚਤੁਰਥ ਜਾਮਾ ਜਬ ਹਮ ਧਰ ਹੈਂ ।
ਮਾਯਾ ਸਹਿਤ ਲੇਨ ਤਬ ਕਰ ਹੈਂ ।੮੨।"

(ਤਾਂ ਕੀ ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਉਸਾਰਨ ਵਾਸਤੇ ਕਲਿਜੁਗ ਦੀ ਮਾਇਆ ਪਰਵਾਨ ਕੀਤੀ ਸੀ ? ਇਹ ਖ਼ਿਆਲ ਸੁਭਾਇਮਾਨ ਨਹੀਂ ।)

# ਪਾਰ੍ਹਵਾਂ ਧਯਾਇ

## ਮੁਨਾਫਿਕ* ਦੇਸ ਵਿਚ

ਇਕ ਨੱਗਰ ਦੇ ਬਾਹਰ ਗੁਰੂ ਜੀ ਬਿਰਛ ਥੱਲੇ ਜਾ ਬੈਠ । ਇਕ ਡੂਮ ਨੇ ਆ ਕੇ ਸਵਾਲ ਕੀਤਾ । ਗੁਰੂ ਜੀ ਨੇ ਉਸ ਨੂੰ ਇਕ ਅਸ਼ਰਫ਼ੀ (ਮੋਹਰ, ਸੋਲਾਂ ਰੁਪੈ ਦੇ ਬਰਾਬਰ) ਦੇ ਦਿਤੀ । ਡੂਮ ਨੇ ਨੱਗਰ ਵਿਚ ਜਾ ਕੇ ਕਿਹਾ,

"ਸਬੈ ਕੋ ਸੁਨਾਯੋ । ਇਕੰ ਸੰਤ ਆਯੋ ।
ਜੁ ਚਾਹੈ, ਸੁ ਦੇਈ । ਉਦਾਰੰ ਬਡੇਈ ।੧੦।"

ਸੁਣ ਕੇ, ਨੱਗਰ ਦੇ ਬਹੁਤ ਸਾਰੇ ਲੋਕ ਆ ਇਕੱਠੇ ਹੋਏ । ਗੁਰੂ ਜੀ ਦਾ ਦਰਸ਼ਨ ਕਰਕੇ ਲਕ ਬੜੇ ਪ੍ਰਭਾਵਤ ਹੋਏ । ਗੁਰੂ ਜੀ ਨੇ ਉਪਦੇਸ਼ ਵਜੋਂ ਕਿਹਾ,

"ਕਰੋ ਸੰਤ ਸੇਵਾ, ਜਪੋ ਨਾਮ ਦੇਵਾ ।
ਰਿਦੇ ਭਾਉ ਧਾਰੋ । ਵਿਕਾਰੰ ਨਿਵਾਰੋ ।੧੯।"

ਨੱਗਰ ਦਾ ਰਾਜਾ ਵੀ ਦਰਸ਼ਨ ਕਰਨ ਆਇਆ । ਰਾਜੇ ਨੇ ਹਜ਼ੂਰ ਦੇ ਚਰਨ ਪਰਸੇ । ਓਥੇ ਧਰਮਸਾਲ ਕਾਇਮ ਕਰਕੇ ਮਹਾਰਾਜ ਅੱਗੇ ਤੁਰ ਪਏ । ਅੱਗੇ ਮੁਨਾਫ਼ਿਕ ਦੇਸ ਆ ਗਿਆ । ਗੁਰੂ ਜੀ ਇਕ ਖੇਤ ਵਿਚ ਜਾ ਬੈਠੇ ।

ਓਥੋਂ ਦੇ ਨਿਵਾਸੀ ਰਾਜੇ ਦੀ ਪੂਜਾ ਕਰਦੇ ਸੀ । ਰਾਜਾ ਮੰਤਰ ਪੜ੍ਹ ਕੇ ਮੀਂਹ ਪੁਆ ਦੇਂਦਾ ਸੀ । ਉਸ ਸਮੇਂ ਬੜੀ ਔੜ ਲੱਗੀ । ਰਾਜਾ ਬਥੇਰੇ ਮੰਤਰ ਪੜ੍ਹ ਰਿਹਾ, ਪਰ

* ਰੱਬ ਨੂੰ ਨਾ ਮੰਨਣ ਵਾਲਾ, ਪਖੰਡੀ ।

Digitized by Panjab Digital Library | www.panjabdigilib.org

ਮੀਂਹ ਨਾ ਪਿਆ।

ਜਿਸ ਖੇਤ ਵਿਚ ਗੁਰੂ ਜੀ ਬੈਠੇ ਸਨ, ਖੇਤ ਦਾ ਮਾਲਕ ਕੋਲ ਆ ਬੈਠਾ। ਉਹ ਝੂਰਨ ਲੱਗਾ, ਕਿ ਮੀਂਹ ਬਿਨਾਂ ਖੇਤੀ ਬਰਬਾਦ ਹੋ ਰਹੀ ਹੈ। ਇਸ ਵਾਰ ਰਾਜੇ ਦਾ ਮੰਤਰ ਵੀ ਨਹੀਂ ਫੁਰਦਾ।

"ਗੁਰ ਵਾਕ ਕਹੈ, ਕਰਤਾਰ ਭਜੋ।
ਛਿਤ-ਪਾਲਕ* ਕੀ ਸ਼ਰਧਾ ਸੁ ਤਜੋ।
ਬਹੁ ਬਾਰ੦ ਪਰੇ ਧਰ ਮੇਹੁ ਮਹਾਂ।
ਅਤ ਹੋਵਹਿ ਅੰਨ ਜਿਤੋ ਜਿ ਚਹਾ।੪੬।"

ਕਿਸਾਨ ਨੇ ਹੈਰਾਨੀ ਨਾਲ ਪੁਛਿਆ, 'ਜੀ ਕਰਤਾਰ ਕਿੱਥੇ ਰਹਿੰਦਾ ਹੈ। ਅਸਾਂ ਵੇਖਿਆ ਸੁਣਿਆ ਨਹੀਂ।'

ਗੁਰਦੇਵ ਨੇ ਕਿਹਾ, 'ਤੂੰ ਕਰਤਾਰ ਦਾ ਨਾਮ ਲੈ ਕੇ ਖੇਤ ਬੀਜ ਦਿਹ। ਖੇਤੀ ਨਾ ਹੋਈ, ਤਾਂ ਅਸੀਂ ਜ਼ਿੰਮੇਵਾਰ।'

ਲੋਕ ਉਸ ਦੀ ਗੱਲ ਸੁਣ ਕੇ ਹਾਸਾ-ਠੱਠਾ ਕਰਨ ਲਗ ਪਏ, ਪਰ ਉਸ ਕਿਸਾਨ ਨੇ ਗੁਰੂ 'ਤੇ ਭਰੋਸਾ ਰੱਖ ਕੇ ਖੇਤ ਬੀਜ ਦਿਤਾ। ਅਗਲੇ ਦਿਨ ਉਸ ਆ ਕੇ ਵੇਖਿਆ, ਤਾਂ ਖੇਤੀ ਲਹਿ-ਲਹਾ ਰਹੀ ਸੀ। [ਕਰਾਮਾਤ। ਇਕ ਰਾਤ ਵਿਚ ਹੀ ਖੇਤੀ ਵੱਡੀ ਹੋ ਗਈ।]

ਇਹ ਕਰਾਮਾਤ ਵੇਖ ਕੇ ਬਹੁਤ ਸਾਰੇ ਲੋਕ ਗੁਰਦੇਵ ਦੇ ਚਰਨੀ ਆ ਡਿੱਗੇ। ਗੁਰੂ ਜੀ ਨੇ ਹੁਕਮ ਕੀਤਾ, ਕਿ ਤਿਰਹਾਵਲ ਦਾ ਪ੍ਰਸਾਦ ਕਰਕੇ ਸਾਰੇ ਅਰਦਾਸ ਕਰੋ। ਮੀਂਹ ਬਰਸੇਗਾ। ਗੁਰੂ ਜੀ ਦੀ ਆਗਿਆ ਪਾਲਨ ਨਾਲ ਬਹੁਤ ਮੀਂਹ ਪਿਆ।

ਸਾਰੇ ਲੋਕ ਚਰਨੀ ਲੱਗੇ। ਉੱਥੇ ਧਰਮਸਾਲ ਬਣਾਈ, ਤੇ ਚਾਹਵਾਨਾਂ ਨੂੰ ਚਰਨ-ਪਾਹੁਲ ਦਿਤੀ।

ਉਸ ਪਹਿਲੇ ਖੇਤ ਵਾਲੇ ਨੇ ਪੁਛਿਆ,

"ਰਾਹਕ ਪੂਰਬ ਸਿੱਖ ਜੋ, ਬੋਲਯੋ ਦ੍ਵੈ ਕਰ ਬੰਦ।
ਕੁਦਰਤ ਕ ਕੁਛ ਪਤਾ ਮੁਝ, ਦਰਸਾਵਹੁ ਸੁਖ ਕੰਦ।੮੪।"

ਗੁਰੂ ਜੀ ਨੇ ਕਿਹਾ, ਖੇਤੀ ਵਿਚੋਂ ਕੋਈ ਬੂਟਾ ਪੁੱਟ ਕੇ ਵੇਖ। ਕਿਸਾਨ ਨੇ ਬੂਟਾ ਪੁੱਟ ਕੇ ਵੇਖਿਆ, ਤਾਂ ਹੈਰਾਨ ਰਹਿ ਗਿਆ।

"ਅੰਗਾਰ ਅਗਨੀ ਅਰੁਨ() ਦੀਸਤ, ਤੇਜ ਨਹਿ ਸਹਿ ਜਾਇ।
ਇਹ ਦੇਖ ਕੈ ਸਭ ਲੋਕ ਡਰਗੇ, ਮੁਖ੍ਹੁ ਕਹੈਂ ਅਲਾਇ।੮੬।
ਹੇਰ ਹੇਰ ਆਚਰਜ ਮਾਨਹਿ, ਅਗਨ ਪਰ ਪਿਖ ਖੇਤ।
ਜਿਹ ਛੁਵਤ ਜਰਹੀ ਦਾਰਦੁਤਿ,[] ਸਭ ਹਰੀ ਭੀ ਕਿਰ ਹੇਤ।... ..।"

---

* ਧਰਤੀ ਦਾ ਮਾਲਕ, ਰਾਜਾ। ੦ ਪਾਣੀ, ਮੀਂਹ। () ਲਾਲ।
[] ਦਾਰ ਦ੍ਰੁਤਿ—ਛੇਤੀ ਜਲ ਜਾਣ ਵਾਲੀ ਲਕੜੀ।

Digitized by Panjab Digital Library | www.panjabdigilib.org

(ਗਿਆਨ ਦੀ ਥਾ ਕਰਾਮਾਤ ਦਾ ਆਸਰਾ ।)
ਉਹਨਾਂ ਲੋਕਾਂ ਨੂੰ ਸਿੱਧੇ ਰਾਹ ਪਾ ਕੇ ਮਹਾਰਾਜ ਅੱਗੇ ਤੁਰ ਪਏ ।

# ਬਾਰ੍ਹਵਾਂ ਧਯਾਇ

## ਨਾਹਰੂ ਦੇਸ਼ ਤਾਰਿਆ

ਇਕ ਨੱਗਰ ਬਾਹਰ ਮਹਾਰਾਜ ਨੇ ਜਾ ਡੇਰਾ ਕੀਤਾ । ਲੋਕਾਂ ਨੇ ਹਜ਼ੂਰ ਦੀ ਬੜੀ ਸੇਵਾ ਕੀਤੀ। ਗੁਰਦੇਵ ਕਈ ਦਿਨ ਓਥੇ ਰਹੇ।

ਇਕ ਦਿਨ ਸਾਰ ਲੋਕ ਸਾਮਾਨ ਸੰਭਾਲ ਕੇ ਨਗਰ ਛੱਡ ਕੇ ਤੁਰਨ ਨੂੰ ਤਿਆਰ ਹੋ ਪਏ । ਗੁਰੂ ਜੀ ਨੇ ਇਸ ਦਾ ਕਾਰਨ ਪੁਛਿਆ, ਤਾਂ ਲੋਕਾਂ ਦੱਸਿਆ, ਕਿ ਏਥੇ ਛੇਵੇਂ ਮਹੀਨੇ ਅਚਾਨਕ ਅੱਗ ਲੱਗ ਜਾਂਦੀ ਹੈ।

"ਕਰਨਾ ਕਰ ਬੋਲੇ ਬਚਨ, ਸ੍ਰੀ ਬੇਦੀ ਕੁਲਕੇਤ ।
ਧਾਰਹੁ ਸਿੱਖੀ ਗੁਰੂ ਕੀ, ਪੁਨ ਨਹਿ ਜਲਹਿ ਨਿਕੇਤ ।੧੩।......
ਅਬ ਤੇ ਲਗਹਿ ਨ ਅਗਨ ਅਗਾਰੀ ।
ਧਰਮਸਾਲ ਸੁਠ ਰਚਹੁ ਸਵਾਰੀ ।......।੧੫ ।"

ਲੋਕ ਅੱਗ ਤੋਂ ਡਰਦੇ ਸਾਰੇ ਗੁਰੂ ਜੀ ਕੋਲ ਆ ਬੈਠੇ। ਉਹਨਾਂ ਇਕ ਦੈਂਤ ਆਉਂਦਾ ਵੇਖਿਆ। ਲੋਕ ਡਰ ਗਏ। ਗੁਰੂ ਜੀ ਨੇ ਉਸ ਦੈਂਤ ਵੱਲ ਵੇਖਿਆ, ਤਾਂ ਉਹ ਚਰਨਾਂ 'ਤੇ ਆ ਡਿੱਗਾ। ਦੈਂਤ ਨੇ ਕਿਹਾ, ਮੈਂ ਇਹਨਾਂ ਲੋਕਾਂ ਨੂੰ ਦੀਨ ਮਨਾਉਣ ਵਾਸਤੇ ਇਹਨਾਂ ਦੇ ਘਰ ਸਾੜਦਾ ਸਾਂ। ਮੈਨੂੰ ਖਿਮਾ ਕਰ ਦਿਹੋ।

ਮਹਾਰਾਜ ਨੇ ਓਥੇ ਧਰਮਸਾਲ ਬਣਾ ਕੇ, ਸਭ ਨੂੰ ਹਰੀ ਕੀਰਤਨ ਵਿਚ ਲਾ ਦਿਤਾ।

ਓਥੋਂ ਚੱਲ ਕੇ ਗੁਰਦੇਵ ਸਮੁੰਦਰ ਕਨਾਰੇ ਇਕ ਨੱਗਰ ਦੇ ਬਾਹਰ ਬਿਰਛ ਥੱਲੇ ਜਾ ਬੈਠੇ। ਛੇ ਮਹੀਨੇ ਪਿਛੋਂ ਸਮੁੰਦਰ ਵਿਚ ਚੜ੍ਹਾਂ ਆਉਂਦਾ ਸੀ, ਜਿਸ ਨਾਲ ਉਹ ਪਿੰਡ ਰੁੜ੍ਹ ਜਾਂਦਾ ਸੀ। ਲੋਕਾਂ ਨੇ ਪਿੰਡ ਛੱਡਣ ਦੀ ਤਿਆਰੀ ਕਰ ਲਈ।

ਗੁਰੂ ਜੀ ਨੇ ਕਿਹਾ, ਸਮੁੰਦਰ ਤੁਹਾਡੇ ਘਰ ਨਹੀਂ ਢਾਹੇਗਾ। ਹੁਣ ਤੁਸੀਂ ਚਲੇ ਜਾਉ। ਅਸੀਂ ਏਥੇ ਰਹਾਂਗੇ। ਫਿਰ ਵਾਪਸ ਆ ਕੇ ਸਾਡੀ ਸਿੱਖੀ ਧਾਰਨ ਕਰ ਲੈਣੀ।

ਲੋਕ ਚਲੇ ਗਏ। ਬਾੜ੍ਹ ਦੇ ਦਿਨ ਲੰਘ ਗਏ, ਤਾਂ ਉਹਨਾਂ ਵਾਪਸ ਆ ਕੇ ਸਿੱਖੀ ਧਾਰਨ ਕੀਤੀ।

ਗੁਰੂ ਜੀ ਨੇ ਕਿਹਾ, ਚਲੋ ਹੁਣ ਹਾਰੂਪੁਰ ਟਾਪੂ 'ਤੇ ਚਲਦੇ ਹਾਂ। ਬਾਲਾ ਕਹਿੰਦਾ ਹੈ—ਅਸੀਂ ਤਿੰਨੇ ਪਾਣੀ ਉਤੇ ਤੁਰ ਪਏ । ਮਹਾਰਾਜ ਨੇ ਕਿਹਾ, ਵਾਹਿਗੁਰੂ ਦਾ ਜਾਪ ਕਰਦੇ ਚਲੇ ਆਉ । ਆਪ ਗੁਰਦੇਵ 'ਸੋਹੰ' ਦਾ ਜਾਪ ਕਰਦੇ ਜਾ ਰਹੇ

Digitized by Panjab Digital Library | www.panjabdigilib.org

ਸਨ। ਮਰਦਾਨਾ ਵੀ ਵਾਹਿਗੁਰੂ ਕਹਿਣਾ ਛੱਡ ਕੇ 'ਸੋਹੰ' ਦਾ ਜਾਪ ਕਰਨ ਲਗ ਪਿਆ, ਤਾਂ ਲੱਗਾ ਸਮੁੰਦਰ ਵਿਚ ਗੋਤੇ ਖਾਣ। ਗੁਰੂ ਜੀ ਨੇ ਵੇਖ ਕੇ ਫ਼ੁਰਮਾਇਆ,

"ਗੁਰਿ ਕਹਿਆ, ਸਾ ਕਾਰ ਕਮਾਵਹੁ।
ਗੁਰ ਕੀ ਕਰਣੀ ਕਾਹੇ ਧਾਵਹੁ।"

(ਰਾਮਕਲੀ, ਮ. ੧, ਪੰਨਾ ੯੩੩)

(ਗੁਰਬਾਣੀ ਦਾ ਇਹ ਪ੍ਰਮਾਣ ਦੇਣ ਵਾਸਤੇ ਕਵੀ ਜੀ ਨੇ ਗੁਰੂ ਜੀ ਦੇ ਮੂੰਹੋਂ 'ਸੋਹੰ' ਦਾ ਜਾਪ ਕਰਾਇਆ ਹੈ। 'ਸੋਹੰ' ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦਾ ਅਰਥ ਹੈ, 'ਉਹ ਮੈਂ ਹਾਂ'। ਭਾਵ, 'ਮੈਂ ਹੀ ਰੱਬ ਹਾਂ'। ਇਸ ਜਾਪ ਵਿਚ ਹਉਮੈ ਹੈ। ਏਸੇ ਵਾਸਤੇ ਗੁਰਦੇਵ ਨੇ 'ਸਤਿਨਾਮ' ਜਾਂ 'ਵਾਹਿਗੁਰੂ' ਦਾ ਜਾਪ ਜਪਾਇਆ ਹੈ।)

ਗੁਰੂ ਜੀ ਹਾਰੂ ਨਗਰ ਜਾ ਪਹੁੰਚੇ। ਓਥੇ ਸਭ ਲੋਕ ਸਰੇਵੜੇ* ਦੇ ਉਪਾਸ਼ਕ ਸਨ। ਉਹ ਜੰਤਰ ਮੰਤਰ ਨਾਲ ਲੋਕਾਂ ਦੀਆਂ ਭਾਵਨਾ ਪੂਰੀਆਂ ਕਰਦਾ, ਤੇ ਆਪਣਾ ਨਾਮ ਜਪਾਉਂਦਾ।

ਮਰਦਾਨੇ ਕੀਰਤਨ ਸ਼ੁਰੂ ਕੀਤਾ। ਲੋਕ ਇਕੱਠੇ ਹੋ ਗਏ। ਗੁਰੂ ਜੀ ਨੇ ਉਹਨਾਂ ਨੂੰ ਹਰੀ ਦਾ ਨਾਮ ਜਪਣ ਵਾਸਤੇ ਕਿਹਾ। ਲੋਕਾਂ ਕਿਹਾ, ਸਾਡਾ ਗੁਰੂ ਆਪਣਾ ਨਾਮ ਜਪਾਉਂਦਾ ਹੈ। ਉਸ ਦਾ ਉਪਦੇਸ਼ ਹੈ,

"ਜੈਸੇ ਬ੍ਰਿਖ ਬੀਜ ਤੇ ਜਾਮਹਿ।
ਬੀਜ ਬ੍ਰਿਖ ਤੇ ਹ੍ਵੈ ਅਭਿਰਾਮਹਿ।o
ਤਿਉ ਮਾਨੁਖ ਤੇ ਮਾਨੁਖ ਹੋਈ।
ਅਪਰ() ਨ ਕਰਤਾ ਲਖੀਏ ਕੋਈ।੬੮।"

ਔੜ ਲਗ ਗਈ। ਸਰੇਵੜਾ ਬਥੇਰੇ ਮੰਤਰ ਪੜ੍ਹ ਰਿਹਾ, ਪਰ ਮੀਂਹ ਨਾ ਪਿਆ। ਦੁਖੀ ਲੋਕ ਗੁਰੂ ਜੀ ਪਾਸ ਆਏ।

"ਸ੍ਰੀ ਗੁਰ ਕਹਿ, ਸਿਮਰਹੁ ਸਤਿਨਾਮੂ।
ਦੁਹੂ ਲੋਕ ਮਹਿ ਆਵੈ ਕਾਮੂ।੭੪।
ਤਜ ਸਰੇਵਰੇ ਕੀ ਅਬ ਸੇਵਾ।
ਜਾਚਹੁ ਏਕੰਕਾਰ ਅਭੇਵਾ।
ਚਹਹੁ ਰਿਦੇ ਜੋ, ਪਾਵਹੁ ਸੋਊ।
ਬਹੁਰ ਨ ਚਿੰਤਾ ਬਿਆਪਹਿ ਕੋਉ।੭੬।"

ਗੁਰੂ ਜੀ ਦੀ ਆਗਿਆ ਮੰਨ ਕੇ ਲੋਕਾਂ ਅਰਦਾਸ ਕੀਤੀ, ਤਾਂ ਬਹੁਤ ਮੀਂਹ ਪਿਆ। ਲੋਕ ਸਾਰੇ ਗੁਰੂ ਜੀ ਦੇ ਸਿੱਖ ਬਣ ਗਏ।

ਸਰੇਵੜਾ ਗੁਰੂ ਜੀ ਨਾਲ ਚਰਚਾ ਕਰਨ ਆਇਆ, ਤਾਂ ਮਹਾਰਾਜ ਨੇ ਇਹ

---

* ਜੈਨੀ ਸਾਧੂ। o ਸੁੰਦਰ। () ਹੋਰ, ਦੂਸਰਾ।

Digitized by Panjab Digital Library | www.panjabdigilib.org

ਸਬਦ ਉਚਾਰਿਆ,

"ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ।......।"

(ਮਾਝ, ਮ. ੧. ਪੰਨਾ ੧੪੯)

ਅੰਤ ਹਾਰ ਕੇ ਸਰੇਵੜਾ ਚਰਨੀ ਢੱਠਾ ।

"ਨਮੋ ਕਰੀ, ਪਗ ਪਾਹੁਲ ਲੀਨੰ ।
ਪੂਰਬ ਰੀਤ ਤਿਯਾਗ ਸਭ ਦੀਨੰ ।੮੫।"

ਉਹਨਾਂ ਲੋਕਾਂ ਨੂੰ ਸਤਿਨਾਮ ਦਾ ਉਪਦੇਸ਼ ਦੇ ਕੇ ਗੁਰੂ ਜੀ ਓਥੋਂ ਅੱਗੇ ਤੁਰ ਪਏ ।

# ਤੇਰੁਵਾਂ ਧਯਾਇ

## ਭੂਟੰਤ ਦੇਸ ਦਾ ਉਧਾਰ

(ਕਾਂਡ ਦਾ ਪਹਿਲਾ ਦੋਹਰਾ ਬਹੁਤ ਸੁੰਦਰ ਹੈ ।)

"ਪਰ ਦੁਖ ਪਿਖ ਕਰ ਹ੍ਵੈ ਦੁਖੀ, ਪਰ ਸੁਖ ਪਿਖ ਹਰਖਾਇ ।
ਮੁਕਤ ਪੰਥ ਨਿਸਦਿਨ ਪਰੇ, ਤਿਨ ਸੰਤਨ ਪਰ ਪਾਇ ।੧।"

ਗੁਰੂ ਜੀ ਇਕ ਨੱਗਰ ਵਿਚ ਇਕ ਭਗਤ ਤਖਾਣ ਦੇ ਘਰ ਟਿਕੇ ।

"ਉਠ ਤਿਖਾਨ ਸਾਦਰ ਬੈਸਾਏ ।
ਨਿਸਾ ਬਿਖੈ ਸੇਵੇ ਮਨ ਲਾਏ ।
ਭਈ ਭੋਰ ਗੁਰ ਕੀਨ ਤਿਆਰੀ ।
ਛਪਰੀ ਤੋਰ ਤਾਹਿ ਕੀ ਡਾਰੀ ।੪।"

ਉਸ ਦੇ ਮੰਜੇ ਭੰਨ ਦਿਤੇ, ਬਰਤਨ ਤੜ ਦਿਤੇ, ਸਾਰਾ ਘਰ ਉਜਾੜ ਦਿਤਾ। ਪਰ ਉਸ ਤਖਾਣ ਨੇ ਫਿਰ ਵੀ ਗੁਰੂ ਜੀ ਨੂੰ ਬੜੇ ਸਤਕਾਰ ਨਾਲ ਵਿਦਿਆ ਕੀਤਾ ।

ਮਰਦਾਨੇ ਨੇ ਕਾਰਨ ਪੁਛਿਆ, ਤਾਂ ਗੁਰਦੇਵ ਨੇ ਉਤਰ ਦਿਤਾ,

"ਗੁਰੂ ਕਹੈ, ਇਨ ਸੇਵ ਜੁ ਕੀਨੰ ।
ਭਈ ਪ੍ਰਵਾਨ, ਲੇਹੁ ਮਨ ਚੀਨੰ ।੧੦।
ਅਸ ਕਰਿ ਮੋਰਯੋ ਸਦਨ ਤਿਖਾਨਾ ।
ਕਿਯ ਆਗੇ ਕੋ ਆਪ ਪਯਾਨਾ ।
ਦੇਖੇ ਸਦਨ ਜਾਇ ਤਿਨ ਜਬ ਹੀ
ਮੰਦਰ ਸੁੰਦਰ ਬਨੇ ਸੁ ਤਬ ਹੀ ।੧੧।
ਜਿਨ ਮਹਿ ਬਾਸਨ ਧਨ ਕੇ ਪੂਰੇ ।
ਧਰੇ ਬਸਤ੍ਰ ਨਾਨਾ ਬਿਧਿ ਰੂਰੇ ।

Digitized by Panjab Digital Library / www.panjabdigilib.org

ਦੇਖ ਪਦਾਰਥ ਮਨ ਬਿਸਮਾਨਯੋ।
ਏਕੰਕਾਰ ਹੁਤੇ, ਪਹਿਚਾਨਯੋ।੧੨।"

ਫਿਰ ਗੁਰੂ ਜੀ ਭੁਟੰਤ ਦੇਸ ਵਿਚ ਰਾਜੇ ਦੇ ਨਗਰ ਦੇ ਬਾਹਰ ਜਾ ਬੈਠੇ। ਓਥੋਂ ਦਾ ਰਾਜਾ ਬੜਾ ਕਾਮੀ ਸੀ। ਉਸ ਨਗਰ ਵਿਚ ਕੋਈ ਵਿਆਹ ਕਰਾਉਂਦਾ, ਤਾਂ ਪਹਿਲੀ ਰਾਤ ਇਸਤਰੀ ਨੂੰ ਰਾਜ ਨਾਲ ਗੁਜ਼ਾਰਨੀ ਪੈਂਦੀ।

ਲੋਕ ਕਈ ਕਿਸਮ ਦੀ ਭੇਟਾ ਲੈ ਕੇ ਗੁਰੂ ਜੀ ਦੀ ਸ਼ਰਨ ਆਏ। ਹਜ਼ੂਰ ਨੇ ਕੋਈ ਵਸਤ ਨਾ ਲਈ। ਸਭ ਨੂੰ ਨਾਮ ਸਿਮਰਨ ਦਾ ਉਪਦੇਸ਼ ਦਿਤਾ। ਲੋਕਾਂ ਤੋਂ ਸੋਭਾ ਸੁਣ ਕੇ ਰਾਜਾ ਵੀ ਬਹੁਤ ਸਾਰੀਆਂ ਵਸਤੂ ਲੈ ਕੇ ਹਾਜ਼ਰ ਹੋਇਆ। ਗੁਰਦੇਵ ਨ ਕੋਈ ਵਸਤੂ ਪਰਵਾਨ ਨਾ ਕੀਤੀ। ਰਾਜੇ ਨੇ ਬੇਨਤੀ ਕੀਤੀ,

"ਸੰਤ ਸਦੀਵ ਸਰਬ ਉਪਕਾਰੀ।
ਕਰਹੁ ਭਲਾ, ਲਿਹੁ ਭੇਟ ਹਮਾਰੀ।......੨੭।"

ਗਰੂ ਜੀ ਨੇ ਸ਼ਰਤ ਰੱਖੀ,

"ਤਜ ਬਿਭਚਾਰ, ਜੁ ਪਾਪ ਕਮਾਵਤ।
ਨਿਤ ਪਰਤ੍ਰਿਯ ਸੋਂ ਕੇਲ ਰਚਾਵਤ।੨੮।
ਜੇ ਤੂੰ ਤਜਹਿ ਮਾਨ ਬਚ ਹਮਰਾ।
ਸਰਬ ਪ੍ਰਕਾਰ ਭਲਾ ਹ੍ਵੈ ਤੁਮਾਰਾ।......੨੯।"

(ਅੱਗੇ ਇਸਤਰੀ ਦੇ ਸਰੀਰ ਦਾ ਦੁਰਗੰਧ ਭਰਿਆ ਚਿਤਰਣ ਹੈ। ਵਿਭੀਤਸ ਰਸ।)

"ਆਗੇ ਕਰਹੁ ਪਾਪ ਨਹਿ ਕੋਈ।
ਪਿਛਲੇ ਕਰੇ ਜੁ, ਬਖਸੇ ਸੋਈ।੪੪।
ਸਤਿਨਾਮ ਸਿਮਰਹੁ ਮਨੁ ਲਾਈ।
ਪੁਰ ਮਹਿ ਲਿਹੁ ਧਰਮਸਾਲ ਬਨਾਈ।......੪੫।"

ਉਹਨਾਂ ਨੂੰ ਚਰਨ ਪਾਹੁਲ ਦੇ ਕੇ ਸਿੱਖ ਬਣਾਇਆ।

ਰਾਜੇ ਨੇ ਬੇਨਤੀ ਕੀਤੀ, ਕਿ ਸਾਡੇ ਦੇਸ ਵਿਚ ਚਾਵਲ ਤੇ ਪਸ਼ਮ ਹੁੰਦੀ ਹੈ, ਹੋਰ ਅੰਨ ਜਾਂ ਕਪਾਹ ਨਹੀਂ ਹੁੰਦੀ।

ਮਹਾਰਾਜ ਨੇ ਵਰ ਦਿਤਾ, ਕਿ ਸਭ ਕੁਛ ਹੋਇਆ ਕਰੇਗਾ।

ਮਹਾਰਾਜ ਓਥੋਂ ਜਾਣਾ ਚਾਹੁੰਦੇ ਸਨ, ਪਰ ਲੋਕ ਜਾਣ ਨਹੀਂ ਸਨ ਦੇਂਦੇ। ਸੋ ਗੁਰੂ ਜੀ ਇਕ ਦਿਨ ਲੋਪ ਹੋ ਗਏ।

ਮਹਾਰਾਜ ਅਜੇਹੇ ਦੇਸ ਵਿਚ ਜਾ ਪਹੁੰਚੇ, ਜਿੱਥੇ ਨਾ ਅੰਨ ਸੀ, ਨਾ ਅਗਨੀ। ਲੋਕ ਮਾਸ ਖਾਂਦੇ। ਮਾਸ ਦੇ ਹੇਠਾਂ ਉਪਰ ਪੱਥਰ ਰੱਖ ਕੇ ਮੰਤਰ ਪੜ੍ਹਦੇ, ਤਾਂ ਮਾਸ ਪੱਕ ਜਾਂਦਾ।

Digitized by Panjab Digital Library | www.panjabdigilib.org

ਜਿੱਥੇ ਗੁਰੂ ਜੀ ਬੈਠੇ ਸਨ, ਓਥੇ ਦੁੰਬੇ ਚਾਰਦਾ ਅਯਾਲੀ ਆ ਨਿਕਲਿਆ। ਉਹਨੇ ਕਿਹਾ, ਮੈਂ ਦੁੰਬਾ ਮਾਰ ਦੇਂਦਾ ਹਾਂ, ਤੇ ਆਪ ਛਕ ਲਵੋ। ਸਾਡੇ ਦੇਸ ਦਾ ਇਹ ਰਿਵਾਜ ਹੈ। ਆਪ ਨਹੀਂ ਛਕੋਗੇ, ਤਾਂ ਮੈਨੂੰ ਸਜ਼ਾ ਮਿਲੇਗੀ।

ਅਯਾਲੀ ਨੇ ਦੁੰਬਾ ਮਾਰ ਕੇ, ਮਾਸ ਪਕਾ ਕੇ, ਮਹਾਰਾਜ ਅੱਗੇ ਲਿਆ ਧਰਿਆ। ਗੁਰੂ ਜੀ ਨੇ ਕਿਹਾ, ਇਸ ਦੀ ਖੱਲ ਤੇ ਹੱਡੀਆਂ ਵੀ ਲਿਆ ਧਰ। ਅਯਾਲੀ ਨੇ ਸਭ ਕੁਛ ਪਾਸ ਲਿਆ ਧਰਿਆ।

'ਤਿਹ ਬਿਲੋਕ, ਬੋਲੇ ਜਗ ਸਾਈਂ।
ਉਠ ਦੁੰਬੇ ਚਰਿਯੇ ਹਰਿਆਈ।
ਬਚਨ ਕਰੇ, ਜੀਵਯੋ ਤਤਕਾਲਾ।
ਦੇਖਤ ਭਯੋ ਹਰਾਨ ਅਯਾਲਾ।੬੩।"

ਗੁਰੂ ਜੀ ਦੇ ਕਹਿਣ 'ਤੇ ਅਯਾਲੀ ਨੱਗਰ ਦੇ ਸ਼ਾਹ ਨੂੰ ਬੁਲਾ ਲਿਆਇਆ। ਗੁਰੂ ਜੀ ਨੇ ਕਿਹਾ, ਸਾਡੇ ਸਿੱਖ ਬਣ ਜਾਓ, ਤਾਂ ਅੰਨ ਤੇ ਅਗਨੀ ਮਿਲ ਜਾਣਗੇ।

ਨੱਗਰ ਵਿਚ ਭਾਲਿਆਂ ਇਕ ਸੇਰ ਕਣਕ ਮਿਲ ਗਈ। ਮਹਾਰਾਜ ਨੇ ਉਹ ਬਿਜਵਾ ਦਿਤੀ। ਉਸ ਤੋਂ ਬੇ ਅੰਤ ਅੰਨ ਹੋ ਗਿਆ। ਫਿਰ ਪੱਥਰ ਵਿਚੋਂ ਅੱਗ ਕੱਢ ਦਿਤੀ। ਮਹਾਰਾਜ ਨੇ ਕਿਹਾ, ਇਸ ਦੇਸ ਵਿਚ ਅੰਨ ਤੇ ਅਗਨੀ ਦੀ ਤੋਟ ਨਹੀਂ ਆਵੇਗੀ।

ਸਭ ਨੂੰ ਉਪਦੇਸ਼ ਦੇ ਕੇ ਗੁਰੂ ਜੀ ਓਥੋਂ ਤੁਰ ਪਏ।

# ਚੌਧਵਾਂ ਧਯਾਇ

## ਕਸ਼ਮੀਰ ਤੇ ਕਾਬਲ

ਗੁਰੂ ਜੀ ਕਸ਼ਮੀਰ ਵਿਚ ਇਕ ਨੱਗਰ ਦੇ ਨੇੜੇ ਜਾ ਬੈਠੇ। ਬਾਰਾਂ ਦਿਨ ਕਿਸੇ ਪੁਛਿਆ ਹੀ ਨਾ। ਤੇਰਵੇਂ ਦਿਨ ਇਕ ਅਯਾਲੀ ਆਇਆ। ਉਹਨੇ ਕੁਛ ਮੰਦੇ ਬਚਨ ਬੋਲੇ। ਗੁਰੂ ਜੀ ਨੇ ਮੁਸਕਰਾ ਕੇ ਕਿਹਾ, ਭਈ, ਤੂੰ ਆਪਣੇ ਦੁੰਬੇ ਸੰਭਾਲ। ਉਹਨੇ ਜਾ ਕੇ ਵੇਖਿਆ, ਤਾਂ ਸਾਰੇ ਦੁੰਬੇ ਮਰੇ ਪਏ ਸਨ। ਅਯਾਲੀ ਗੁਰੂ ਜੀ ਦੇ ਚਰਨੀ ਆ ਡਿਗਾ, ਤੇ ਭੁੱਲ ਬਖ਼ਸ਼ਾਈ। ਗੁਰੂ ਜੀ ਨੇ ਕਿਹਾ, ਜਾਹ, ਵਾਹਿਗੁਰੂ ਕਹਿ ਕੇ ਦੁੰਬੇ ਉਠਾ ਲੈ। ਅਯਾਲੀ ਨੇ ਦੁੰਬਿਆਂ ਕੋਲ ਜਾ ਕੇ ਵਾਹਿਗੁਰੂ ਕਿਹਾ, ਤਾਂ ਸਾਰੇ ਉਠ ਕੇ ਚਰਨ ਲੱਗ ਪਏ।

(ਫ਼ਰੀਦ ਦੇ ਚਿੜੀਆਂ ਮਾਰ ਕੇ ਜ਼ਿੰਦਾ ਕਰਨ ਵਾਲੀ ਕਹਾਣੀ।)

ਇਹ ਕਰਾਮਾਤ ਸੁਣ ਕੇ ਬਹੁਤ ਲੋਕ ਦਰਸ਼ਨਾਂ ਨੂੰ ਆਏ। ਓਥੇ ਇਕ ਵਿੱਦਵਾਨ

Digitized by Panjab Digital Library | www.panjabdigilib.org

ਪੰਡਤ ਚਰਚਾ ਕਰਨ ਵਾਸਤੇ ਵੀ ਆ ਗਿਆ । ਉਹਦੇ ਨਾਲ ਦੋ ਊਠ ਪੁਸਤਕਾਂ ਦੇ ਲੱਦੇ ਹੋਏ ਸਨ। ਉਹਨੇ ਪਹਿਲਾ ਸਵਾਲ ਕੀਤਾ,

"ਕਿਉ ਤਨ ਉਪਰ ਚਰਮੰ ਲੀਨਾ ।
ਇਹ ਤੁਮ ਕਰਮ ਵਿਪਰਜੈ* ਕੀਨਾ ।੩੮।"

(ਠੰਢਾ ਇਲਾਕਾ ਹੋਣ ਕਰ ਕੇ ਗੁਰੂ ਜੀ ਨੇ ਚਮੜੇ ਦੀ ਪੋਸਤੀਨ ਪਹਿਨੀ ਹੋਈ ਸੀ ।)

ਗੁਰੂ ਜੀ ਨੇ ਸਬਦ ਉਚਾਰਿਆ,

"ਪੜਿ ਪੜਿ ਗਡੀ ਲਦੀਅਹਿ, ਪੜਿ ਪੜਿ ਭਰੀਅਹਿ ਸਾਥ । . ...।"
(ਆਸਾ ਮ. ੧. ਪੰਨਾ ੪੬੭)

ਇਸ ਸਬਦ ਤੋਂ ਪ੍ਰਭਾਵਤ ਹੋ ਕੇ ਪੰਡਤ ਨੇ ਪੁਛਿਆ, ਫਿਰ ਮੈਂ ਗੁਰੂ ਕਿਸ ਨੂੰ ਧਾਰਾਂ । ਗੁਰੂ ਜੀ ਨੇ ਕਿਹਾ, ਇਸ ਪਾਸੇ ਜੰਗਲ ਵਿਚ ਜਾਓ। ਅੱਗੇ ਚਾਰ ਸਤ ਬੈਠੇ ਮਿਲਨਗੇ। ਉਹਨਾਂ ਤੋਂ ਪੁਛੋ।

ਪੰਡਤ ਗਿਆ, ਤਾਂ ਸੰਤਾਂ ਨ ਕਿਹਾ, ਅੱਗੇ ਮੰਦਰ ਵਿਚ ਤੇਰਾ ਗੁਰੂ ਬੈਠਾ ਹੈ। ਪੰਡਤ ਮੰਦਰ ਵਿਚ ਗਿਆ, ਤਾਂ ਸੁੰਦਰ ਨਾਰੀ ਸ਼ਿੰਗਾਰ ਲਾ ਕੇ ਬੈਠੀ ਸੀ। ਪੰਡਤ ਨੇ ਉਸ ਨੂੰ ਮੱਥਾ ਟੇਕਿਆ, ਤਾਂ ਉਹਨ ਜੁੱਤੀ ਲਾਹ ਕੇ ਪੰਡਤ ਦੇ ਸਿਰ ਵਿਚ ਮਾਰੀ। ਸ਼ਰਮਿੰਦਾ ਹੋ ਕੇ ਪੰਡਤ ਫਿਰ ਸੰਤਾਂ ਕੋਲ ਪਰਤ ਆਇਆ । ਸੰਤਾਂ ਨੇ ਹੱਸ ਕੇ ਪੁਛਿਆ, ਕਿਉਂ, ਗੁਰੂ ਮਿਲ ਪਿਆ ? ਪਡਤ ਨੇ ਸਾਰੀ ਕਥਾ ਸੁਣਾਈ। ਸੰਤਾਂ ਕਿਹਾ, ਤੇਰਾ ਗੁਰੂ ਓਹਾ ਸੀ।

"ਨਿਸਾ ਦਿਯੋਸ ਜਿਹ ਕੀ ਲਿਵ ਉਰ ਮੈਂ।
ਲਖੀਯੇ ਸੋ ਲਖਮੀ ਤਿਹ ਘਰ ਮੈਂ ।੫੭।"

ਭਾਵ, ਉਹ 'ਲਖਮੀ' (ਲਛਮੀ, ਮਾਇਆ) ਸੀ, ਜਿਸ ਦੀ ਤੂੰ ਰਾਤ ਦਿਨੇ ਪੂਜਾ ਕਰਦਾ ਸੈਂ।

ਪੰਡਤ ਨੂੰ ਗਿਆਨ ਹੋ ਗਿਆ, ਤੇ ਉਹ ਵਾਪਸ ਗੁਰੂ ਜੀ ਦੇ ਚਰਨਾਂ 'ਤੇ ਆ ਢੱਠਾ।

"ਉਰ ਤੇ ਸਗਰੀ ਦ੍ਵੈਤ ਬਿਸਾਰੀ ।
ਪਾਹੁਲ ਲੇਨ ਭਯੋ ਅਧਿਕਾਰੀ ।੬੦।"

ਗੁਰੂ ਜੀ ਨੇ ਉਸ ਨੂੰ ਚਰਨ ਪਾਹੁਲ ਦੇ ਕੇ ਧਰਮਸਾਲ ਥਾਪੀ ।

ਓਥੋਂ ਚੱਲ ਕ ਮਹਾਰਾਜ ਇਕ ਪਹਾੜੀ ਕੋਲ ਜਾ ਬੈਠੇ। ਮਰਦਾਨੇ ਨੂੰ ਸਖ਼ਤ ਪਿਆਸ ਲੱਗ ਆਈ । ਮਹਾਰਾਜ ਨੇ ਕਿਹਾ, ਪਹਾੜੀ ਉਪਰ ਵਲੀ ਕੰਧਾਰੀ ਕੋਲ ਪਾਣੀ ਹੈ। ਜਾਹ, ਜਾ ਕੇ ਪੀ ਆ।

---

* ਉਲਟ, ਵਿਰੁੱਧ।

ਮਰਦਾਨਾ ਜਾ ਪਹੁੰਚਾ । ਵਲੀ ਕੰਧਾਰੀ ਨੇ ਓਪਰਾ ਆਦਮੀ ਵੇਖ ਕੇ ਪੁਛਿਆ, ਤੂੰ ਹੈਂ ਕੌਣ ?

"ਮਰਦਾਨੇ ਸਭ ਕਹਿ ਬ੍ਰਿਤਾਂਤ।
ਤਪਾ ਗੁਰੂ ਨਾਨਕ ਬਖਯਾਤ* ।......੭੪।
ਹਿੰਦੂ, ਤੁਰਕ, ਸਰਬ ਹੀ ਮਾਨਹਿ।
ਇਕ ਗੁਰ ਕਹਿ, ਇਕ ਪੀਰ ਬਖਾਨਹਿ ।......੭੫।
ਤਿਨ ਕੇ ਸੰਗ ਰਬਾਬੀ ਮੈਂ ਹੋਂ।
ਸੁੰਦਰ ਸਬਦ ਗਾਵਨੈ ਕੈਹੋਂ ।......੭੬:"

ਵਲੀ ਕੰਧਾਰੀ ਗੁਰੂ ਜੀ ਦੀ ਸੋਭਾ ਸੁਣ ਕੇ ਸਹਾਰ ਨਾ ਸਕਿਆ ।

"ਕੀਰਤ ਜਬ ਸ੍ਰੀ ਗੁਰੂ ਉਚਾਰੀ।
ਸਹਿ ਨ ਸਕਿਯੋ ਉਰ ਵਲੀ ਕੰਧਾਰੀ। .....੭੭।
ਕਹੈ, ਜੁ ਤਪਾ ਅਜਮਤੀ ਐਸੇ।
ਕਯੋਂ ਨ ਮੰਗਾਵਹਿ ਜਲ, ਜਹ ਬੈਸੇ।
ਜਿਸ ਮਹਿ ਅਜਮਤ ਕਹੈ ਗਹੀਰ।
ਸੰਗੀ ਇਮ ਜਾਚਤ ਫਿਰ ਨੀਰ।੭੮।"

ਮਰਦਾਨੇ ਨੇ ਸਾਰੀ ਵਾਰਤਾ ਗੁਰੂ ਜੀ ਨੂੰ ਆ ਦੱਸੀ।

"ਸ੍ਰੀ ਗੁਰ ਨਾਨਕ ਪੁਨ ਮੁਸਕਾਨੇ।
ਭਨਿਯੋ, ਸੁ ਤਿਸਕੇ ਮਾਨ ਮਹਾਨੇ।੮੧।......
ਤੁਰਕ ਰੂਪ ਤੂੰ ਤਿਹ ਢਿਗ ਜੈ ਕੈ।
ਜਲ ਜਾਚਹੁ, ਪੀਵਹੁ ਤ੍ਰਿਪਤੇ ਕੈ।੮੨।"

(ਏਥੇ 'ਤੁਰਕ' ਸ਼ਬਦ 'ਮੁਸਲਮਾਨ' ਵਾਸਤੇ ਵਰਤਿਆ ਗਿਆ ਹੈ। ਭਾਵੇਂ 'ਤੁਰਕ' ਦਾ ਸਹੀ ਅਰਥ ਤੁਰਕੀ ਦੇ ਰਹਿਣ ਵਾਲਾ ਹੈ। ਪਰ ਸਵਾਲ ਹੈ, ਕਿ ਐਨੇ ਚਿਰ ਦਾ ਗੁਰੂ ਜੀ ਦਾ ਸ਼ਰਧਾਲੂ ਤੇ ਸੰਗੀ ਮਰਦਾਨਾ ਮੁਸਲਮਾਨ ਹੀ ਰਿਹਾ ? ਹੋਰ ਐਨੇ ਲੋਕਾਂ ਨੂੰ ਗੁਰੂ ਜੀ ਨੇ ਚਰਨ-ਪਾਹੁਲ ਦੇ ਕੇ ਸਿੱਖ ਬਣਾਇਆ, ਤਾਂ ਮਰਦਾਨਾ ਸਿੱਖ ਕਿਉਂ ਨਹੀਂ ਬਣਿਆਂ। ਅਖ਼ੀਰ ਸਮੇਂ ਮਰਦਾਨੇ ਦਾ ਸਸਕਾਰ ਕੀਤਾ ਮੰਨਿਆਂ ਹੈ ਇਤਿਹਾਸ ਕਾਰਾਂ ਨੇ। ਏਥੇ ਕਵੀ ਜੀ ਨੇ ਗੁਰੂ ਜੀ ਦੇ ਮੂੰਹੋਂ ਮਰਦਾਨੇ ਨੂੰ 'ਤੁਰਕ' ਅਖਵਾਇਆ ਹੈ। ਇਹ ਦਰੁਸਤ ਨਹੀਂ। ਮਰਦਾਨੇ ਦਾ ਜਨਮ ਮੁਸਲਮਾਨਾਂ ਦੇ ਘਰ ਹੋਇਆ ਸੀ। ਪਰ ਗੁਰੂ ਜੀ ਦਾ ਸੰਗੀ ਤੇ ਸ਼ਰਧਾਲੂ ਹੋਣ ਕਰਕੇ ਅਸੀਂ ਉਸਨੂੰ 'ਸਿੱਖ' ਮੰਨਾਂਗੇ। ਜੇ ਇਹ ਸਵਾਲ ਲਿਆ ਜਾਵੇ, ਕਿ ਮਰਦਾਨੇ ਨੂੰ ਚਰਨ-ਪਾਹੁਲ ਦੇਣ ਦਾ ਕਿਤੇ ਜ਼ਿਕਰ ਨਹੀਂ, ਤਾਂ ਕਵੀ ਜੀ ਨੇ ਬਾਲੇ ਨੂੰ ਚਰਨ-ਪਾਹੁਲ ਦੇਣ ਦਾ ਵੀ ਕਿਤੇ ਜ਼ਿਕਰ ਨਹੀਂ ਕੀਤਾ। ਸਾਡੀ ਰਾਏ

---

* ਪਰਸਿੱਧ।

Digitized by Panjab Digital Library | www.panjabdigilib.org

ਅਨੁਸਾਰ, ਉਸ ਸਮੇਂ ਦੀ ਮਰਯਾਦਾ ਅਨੁਸਾਰ ਮਰਦਾਨਾ 'ਸਿੱਖ' ਸੀ।)

ਗੁਰਦੇਵ ਦਾ ਹੁਕਮ ਮੰਨ ਕੇ ਮਰਦਾਨਾ ਫਿਰ ਗਿਆ। ਪਰ ਵਲੀ ਕੰਧਾਰੀ ਨੇ ਫਿਰ ਤਾਹਨਾ ਦੇ ਕੇ ਮੋੜਿਆ। ਮਰਦਾਨੇ ਨੇ ਫਿਰ ਮਹਾਰਾਜ ਅੱਗੇ ਆ ਬੇਨਤੀ ਕੀਤੀ। ਤਾਂ

"ਸ੍ਰੀ ਨਾਨਕ ਸਭ ਅੰਤਰਜਾਮੀ।
ਸਭ ਬਿਧਿ ਜਾਨ ਪੀਰ ਕੀ ਖਾਮੀ।
ਹੁਤੀ ਲਸ੍ਹਕਾ[1] ਹਾਥ ਮਝਾਰੀ।
ਤਿਸ ਗਿਰ[2] ਕੀ ਜਰ[3] ਮਹਿ ਤਬ ਮਾਰੀ।੯੬।
ਸੀਤਲ ਜਲ ਨਿਰਮਲ ਤਿਸ ਕਾਲਾ।
ਨਿਕਸਤ ਬਹਿਯੋ ਪ੍ਰਵਾਹੁ ਬਿਸਾਲਾ।
ਵਲੀ ਕੰਧਾਰੀ ਕੋ ਜਲ ਜੇਤੋ।
ਗਿਰ ਮਹਿ ਪ੍ਰਵਿਸ ਸੁਸਕ[4] ਗਾ ਤੇਤੋ।੯੭।"

ਗੁੱਸੇ ਵਿਚ ਆ ਕੇ ਵਲੀ ਕੰਧਾਰੀ ਨੇ ਇਕ ਵੱਡੀ ਸਾਰੀ ਸਿਲ ਉਪਰੋਂ ਰੇੜ੍ਹੀ। ਗੁਰੂ ਜੀ ਨੇ ਅੱਗੇ ਹੱਥ ਕਰਕੇ ਰੋਕ ਲਈ। ਸਿਲ ਵਿਚ ਗੁਰਦੇਵ ਦਾ ਪੰਜਾ ਖੁਭ ਗਿਆ।

"ਅਬ ਲਗ ਥਾਨ ਬਿਦਤ ਜਗਮਾਂਹੀ।
ਗੁਰ ਕਰ* ਚਿੰਨ੍ਹ ਲਖਯੋ ਸਿਲ ਮਾਹੀ।
ਰਹੇ ਮਿਟਾਇ ਜਤਨ ਤੇ ਕੇਈ।
ਰਹਯੋ ਸੁ ਚਿੰਨ੍ਹ, ਹਾਰਗੇ ਤੇਈ।੯੪।"

ਗੁਰੂ ਜੀ ਦੀ ਇਹ ਕਰਾਮਾਤ ਵੇਖ ਕੇ ਪੀਰ ਚਰਨੀ ਆ ਢੱਠਾ।

"ਅਲਪ[] ਆਪ ਕੋ ਪੀਰ ਪਛਾਨਾ।
ਸ਼ੀਘ੍ਰ ਆਇ ਗੁਰ ਪਗ ਲਪਟਾਨਾ।੯੫।"

(ਉਸ ਅਸਥਾਨ 'ਤੇ ਅੱਜਕੱਲ੍ਹ ਗੁਰਦੁਆਰਾ 'ਪੰਜਾ ਸਾਹਿਬ' ਮੌਜੂਦ ਹੈ।)

ਵਲੀ ਕੰਧਾਰੀ ਨੂੰ ਸੱਚ ਦਾ ਉਪਦੇਸ਼ ਦੇ ਕੇ ਗੁਰੂ ਜੀ ਕਾਬਲ ਜਾ ਪਹੁੰਚੇ।

ਕਾਬਲ ਵਿਚ ਮਹਾਰਾਜ ਇਕ ਮਸੀਤ ਵਿਚ ਜਾ ਬੈਠੇ। ਮੁੱਲਾਂ ਬੜਾ ਔਖਾ ਹੋਇਆ, ਕਿ ਇਕ ਹਿੰਦੂ ਮਸੀਤ ਵਿਚ ਕਿਉਂ ਆ ਗਿਆ ਹੈ। ਗੁਰੂ ਜੀ ਨੇ ਕਿਹਾ, ਅਸੀਂ ਰਾਤ ਕੱਟ ਕੇ ਸਵੇਰੇ ਚਲੇ ਜਾਵਾਂਗੇ। ਪਰ ਕਾਜ਼ੀ ਬਹੁਤਾ ਹੀ ਔਖਾ ਹੋ ਗਿਆ।

"ਤਿਹ ਕੋ ਗੰਜਨ() ਕ੍ਰੋਧ ਬਿਸਾਲਾ।
ਚਢੇ ਮਸੀਤਹਿ ਪਰ ਤਤਕਾਲਾ।੧੦੯।

1. ਸੋਟੀ। 2. ਪਹਾੜੀ। 3. ਜੜ੍ਹ। 4. ਸੁਕ ਗਿਆ।
*ਹੱਥ। []ਛੋਟਾ। () ਤੋੜਨਾ, ਨਾਸ ਕਰਨਾ।

Digitized by Panjab Digital Library | www.panjabdigilib.org

ਹੈ ਆਰੂਢੰ ਜਬੈ ਚਲਾਈ ।
ਠਿਠਕਿਯੋ ਮੁਲਾਂ ਰਿਦੈ ਡਰਾਈ ।
ਚੱਕ੍ਰਿਤ[] ਭਏ ਦੇਖ ਨਰ ਸਾਰੇ ।
ਫਿਰਤ ਮਸੀਤੰ ਧਾਯ ਨਿਹਾਰੇ ।੧੧੦।
ਕਾਬਲ ਕੇ ਚਹੁਫੇਰ ਫਿਰਾਈ ।
ਸੁਨ ਕਾਜੀ ਢਿਗ ਆਯੋ ਧਾਈ ।
ਪੀਰ, ਔਲੀਆ, ਕਿਧੋ ਖੁਦਾਇ ।
ਬੰਦਹਿ ਹਾਥ, ਚਰਨ ਲਪਟਾਇ ।੧੧੧।"

(ਕਵਿਤਾ ਵਿਚ ਇਸਨੂੰ 'ਅਤਿਕਥਨੀ' ਜਾਂ 'ਇਸਤਿਆਰਾ' ਕਹਿੰਦੇ ਹਨ । ਪਾਠਕ ਨੂੰ ਖ਼ੁਸ਼ ਕਰਨ ਵਾਸਤੇ ਵੱਧ ਤੋਂ ਵੱਧ ਵਡਿਆਈ ਕਰਨੀ । ਭਾਈ ਗੁਰਦਾਸ ਜੀ ਨੇ ਤਾਂ ਲਿਖਿਆ ਸੀ : 'ਫਿਰਿਆ ਮਕਾ, ਕਲਾ ਦਿਖਾਰੀ'[1] । ਕਵੀ ਸੰਤੋਖ ਸਿੰਘ ਜੀ ਨੇ ਮਸੀਤ ਸਾਰੇ ਕਾਬਲ ਸ਼ਹਿਰ ਦੇ ਉਦਾਲੇ ਫੇਰ ਦਿਤੀ ਹੈ । ਕਵਿਤਾ ਵਿਚ ਏਹੋ ਜੇਹੀ 'ਅੱਤ-ਕਥਨੀ' ਨਿੰਦਨੀਯ ਨਹੀਂ । ਪਰ ਇਤਿਹਾਸ ਤਾਂ ਕੇਵਲ 'ਸਚਾਈ' ਨੂੰ ਕਹਿੰਦੇ ਹਨ ।)

ਇਹ ਅਜ਼ਮਤ ਵੇਖ ਕੇ ਸਭ ਹਿੰਦੂ ਮੁਸਲਮਾਨ ਚਰਨੀ ਆ ਪਏ ।

"ਚਰਨ ਕਮਲ ਗੁਰ ਕੋ ਜੋ ਬਾਮੂ[2] ।
ਪੂਜਹਿ ਤੁਰਕ, ਕਰਹਿ ਪ੍ਰਣਾਮੂ ।੧੧੪।
ਦਹਿਨੋ[3] ਚਰਨ ਕਮਲ ਤਿਹ ਕਾਲਾ ।
ਪੂਜਹਿ ਹਿੰਦੂ ਭਾਉ ਬਿਸਾਲਾ ।
ਸਬਹਿਨ ਕੋ ਦੀਨੋ ਉਪਦੇਸਾ ।
ਭਜਹੁ ਨਾਮ ਤਜ ਜਗਤ ਕਲੇਸਾ ।੧੧੫।"

ਕਈ ਦਿਨ ਉਸ ਥਾਂ ਆਪਣੇ ਧਰਮ ਦਾ ਪਰਚਾਰ ਕਰਕੇ ਗੁਰੂ ਜੀ ਅੱਗੇ ਤੁਰ ਪਏ ।

# ਪੰਧਰਵਾਂ ਧਯਾਇ

## ਬਾਲਕ, ਬਪਾਰੀ ਤੇ ਠੱਗ ਦੀ ਕਥਾ

ਗੁਰੂ ਜੀ ਜਾ ਰਹੇ ਸਨ । ਰਸਤੇ ਵਿਚ ਛੋਲਿਆਂ ਦਾ ਖੇਤ ਆ ਗਿਆ । ਮਰਦਾਨੇ ਦਾ ਹੋਲਾਂ ਨੂੰ ਦਿਲ ਕੀਤਾ । ਖੇਤ ਦਾ ਰਾਖਾ ਇਕ ਬਾਲਕ ਬੈਠਾ ਸੀ । ਉਹਨੇ ਹੋਲਾਂ ਭੁੰਨ ਕੇ ਚਬਾਈਆਂ । ਫਿਰ ਬਾਲਕ ਨੇ ਕਿਹਾ, ਮਹਾਰਾਜ ! ਮੈਂ ਤੁਹਾਡੇ ਵਾਸਤੇ ਘਰੋਂ ਭੋਜਨ ਲਿਆਉਂਦਾ ਹਾਂ ।

---

[]ਹੈਰਾਨ ।

1. ਵਾਰ ੧, ਪਉੜੀ ੩੨ । 2. ਖੱਬਾ । 3. ਸੱਜਾ ।

Digitized by Panjab Digital Library | www.panjabdigilib.org

(ਏਥੇ ਗੁਰੂ ਜੀ ਦੇ ਮੁੱਖੋਂ ਹੇਠ ਲਿਖਿਆ ਇਕ ਸਲੋਕ ਅਖਵਾਇਆ ਹੈ, ਪਰ ਇਹ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ। ਮਿਲਾਵਟੀ ਹੈ। ਸਲੋਕ ਇਹ ਹੈ।)

ਸ੍ਰੀ ਮੁਖ ਵਾਕ

"ਸੱਥਰ ਤੇਰਾ ਲੇਫ ਨਿਹਾਲੀ, ਭਾਉ ਤੇਰਾ ਪਕਵਾਨ।
ਨਾਨਕ ਸਿਫਤੀ ਰੱਜਿਆ, ਆਉ ਬਹੋ ਸੁਲਤਾਨ।"

ਉਸ ਬਾਲਕ ਨੂੰ 'ਸੁਲਤਾਨ' ਦਾ ਵਰ ਦੇ ਕੇ ਗੁਰੂ ਜੀ ਅੱਗੇ ਚਲੇ ਗਏ। ਬਾਲਕ ਰਾਤ ਓਥੇ ਹੀ ਰਿਹਾ। ਉਸ ਨੱਗਰ ਦਾ ਰਾਜਾ ਬਿਨਾਂ ਔਲਾਦ ਮਰ ਗਿਆ। ਵਜ਼ੀਰਾਂ ਨੇ ਮਤਾ ਪਕਾਇਆ, ਕਿ ਜਿਹੜਾ ਸਵੇਰੇ ਮੱਥੇ ਲੱਗੇ, ਉਸਨੂੰ ਰਾਜ ਦੇ ਦਿਹੋ। ਉਹ ਬੱਚਾ ਸਵੇਰੇ ਆਇਆ, ਤਾਂ ਉਹਨੂੰ 'ਰਾਜਾ' ਬਣਾ ਦਿਤਾ ਗਿਆ।

ਗੁਰੂ ਜੀ ਅੱਗੇ ਜਾ ਰਹੇ ਸਨ। ਰਸਤੇ ਵਿਚ ਇਕ ਡੱਗੀ ਵਾਲਾ (ਬਪਾਰੀ) ਮਿਲ ਪਿਆ। ਗੁਰਦੇਵ ਨੇ ਪੁਛਿਆ, ਭਈ ਤੇਰੇ ਪਾਸ ਕੀ ਹੈ। ਉਸਨੇ ਕਿਹਾ, ਜੀ, ਏਹਾ ਲੂਣ ਤੇਲ ਆਦਿ ਮਾਮੂਲੀ ਚੀਜ਼ਾਂ ਹਨ। ਪਿੰਡ ਪਿੰਡ ਫਿਰ ਕੇ ਵੇਚਦਾ ਹਾਂ। ਮਹਾਰਾਜ ਨੇ ਕਿਹਾ, ਗਠੜੀ ਖਹਲ ਕੇ ਵਿਖਾ। ਉਸਨੇ ਖ੍ਹਲ ਵਿਖਾਈ। ਗੁਰੂ ਜੀ ਨੇ ਉਸਦੇ ਵੱਟੇ ਫੜ ਕੇ ਪਛਿਆ, ਇਹਨਾਂ ਦਾ ਕੀ ਨਾਮ ਹੈ। ਬਪਾਰੀ ਨੇ ਕਿਹਾ, ਜੀ ਆਹ ਪੰਜ ਸੇਰ ਹੈ, ਆਹ ਦੋ ਸੇਰ, ਆਹ ਇਕ ਸੇਰ, ਤੇ ਆਹ ਪਾਉ ਹੈ। ਗੁਰਦੇਵ ਨੇ ਕਿਹਾ,

"ਸੁਨ ਗੁਰ ਕਹੈ, ਧੰਨ ਇਹ ਪਾਊ।
ਜਿਨ ਅਪਨੋ ਲਘ ਨਾਮ ਧਰਾਊ।......੨੩।"

ਇਹ ਰਮਜ਼ ਦੀ ਗੱਲ ਸੁਣ ਕੇ ਵਪਾਰੀ ਚਰਨਾਂ 'ਤੇ ਢਹਿ ਪਿਆ। ਗੁਰੂ ਜੀ ਨੇ ਉਹਦੇ ਸਿਰ ਤੇ ਮੇਹਰ ਦਾ ਹੱਥ ਧਰਿਆ, ਤਾਂ ਉਹਨੂੰ ਤੀਨ-ਲੋਕ ਦੀ ਸੋਝੀ ਹੋ ਗਈ। ਗੁਰੂ ਜੀ ਨੇ ਦੱਸਿਆ, ਕਿ ਇਸਨੇ ਪਿਛਲੇ ਜਨਮ ਬਹੁਤ ਪੁੰਨ ਕੀਤੇ ਸਨ।

ਅੱਗੇ ਚੱਲੇ, ਤਾਂ ਬੜਾ ਜੰਗਲ ਬੀਆਬਾਨ ਆ ਗਿਆ। ਮਰਦਾਨੇ ਦੇ ਪ੍ਰਸ਼ਨ ਦੇ ਉਤਰ ਵਿਚ ਗੁਰੂ ਜੀ ਨੇ ਸ਼ਬਦ ਉਚਾਰਿਆ,

"ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ।......।"

(ਆਸਾ ਮ: ੧, ਪੰਨਾ ੩੫੮)

ਗੁਰੂ ਜੀ ਉਸ ਜੰਗਲ ਚੋਂ ਪਾਰ ਹੋਏ, ਤਾਂ ਅੱਗੇ ਠੱਗਾਂ ਦਾ ਨੱਗਰ ਆ ਗਿਆ। ਮਹਾਰਾਜ ਨੇ ਚਲਿਤ ਰਚਿਆ। ਸੋਲਾਂ ਸਾਲ ਦੀ ਉਮਰ ਕਰਕੇ ਸੋਨੇ ਦੇ ਜ਼ੇਵਰ ਤੇ ਸੁੰਦਰ ਬਸਤਰ ਪਹਿਨ ਲਏ। ਨਾਲ ਮਰਦਾਨਾ ਡੂਮ, ਜਿਵੇਂ ਮੁਕਲਾਵਾ ਲੈਣ ਚੱਲੇ ਹੋਣ। ਇਕ ਠੱਗ ਨੇ ਆਪਣੇ ਘਰ ਲੇ ਜਾ ਕੇ ਬੜੀ ਸੇਵਾ ਕੀਤੀ। ਠੱਗਾਂ ਸਲਾਹ ਕੀਤੀ, ਕਿ ਰਾਤ ਨੂੰ ਇਹਨਾਂ ਨੂੰ ਮਾਰ ਕੇ ਲੁੱਟ ਲਵਾਂਗੇ। ਪਰ ਠੱਗਾਂ ਨੂੰ ਰਾਤ ਜਾਗ ਹੀ ਨਾ ਆਈ, ਤੇ ਗੁਰੂ ਜੀ ਸਵੇਰੇ ਤੁਰ ਗਏ। ਪਹਿਲਾਂ ਤਾਂ ਠੱਗ ਆਪਸ ਵਿਚ ਲੜੇ, ਕਿ ਘਰ ਵਾਲੇ ਨੇ ਦੂਸਰਿਆਂ ਨਾਲ ਧੋਖਾ ਕੀਤਾ ਹੈ। ਫਿਰ

Digitized by Panjab Digital Library | www.panjabdigilib.org

ਚਾਰ ਠੱਗਾਂ ਨੇ ਮਹਾਰਾਜ ਨੂੰ ਪੰਜ ਕੋਹ ਤੇ ਜਾ ਘੇਰਿਆ। ਗੁਰੂ ਜੀ ਨੇ ਕਿਹਾ, ਕਿ ਮਰਨ ਪਿਛੋਂ ਸਾਡਾ ਦਾਹ-ਸੰਸਕਾਰ ਕਰ ਦੇਣਾ। ਔਹ ਵੇਖੋ ਅੱਗ ਬਲਦੀ। ਦੋ ਜਣੇ ਜਾ ਕੇ ਓਥੋਂ ਅੱਗ ਲੈ ਆਓ।

ਦੋ ਜਣੇ ਅੱਗ ਲੈਣ ਤੁਰ ਪਏ। ਉਹਨਾਂ ਵੇਖਿਆ, ਕਿ ਇਕ ਪ੍ਰਾਣੀ ਨੂੰ ਜਮ ਮਾਰਦੇ ਕੁਟਦੇ ਜਾ ਰਹੇ ਹਨ। ਉਹ ਚਿਖਾ ਵਿਚੋਂ ਅੱਗ ਲੈ ਕੇ ਵਾਪਸ ਮੁੜੇ, ਤਾਂ ਉਹਨਾਂ ਵੇਖਿਆ, ਕਿ ਓਹਾ ਪ੍ਰਾਣੀ ਪਾਲਕੀ ਵਿਚ ਬੈਠਾ ਜਾ ਰਿਹਾ ਹੈ। ਠੱਗਾਂ ਦੇ ਪੁੱਛਣ 'ਤੇ ਜਮਾਂ ਨੇ ਦਸਿਆ।

"ਕੌਨ ਅਹੇ ਸਿਵਕਾ[1] ਪਰ ਜਾਵਤ, ਪੂਰਬ ਸਾਸਨ[2] ਦੇਵਤ ਯਾਹੀ।
ਦੂਤਨ ਬੈਨ ਭਨੇ[3] ਇਹ ਪਾਪੀ ਥੋ, ਦੇਨ ਬਡੋ ਦੁਖ ਲਾਯਕ ਆਹੀ।
ਧੂਮ[4] ਚਿਖਾ ਪਿਖਯੋ ਗੁਰ ਨਾਨਕ, ਹੋਇ ਪੁਨੀਤ ਗਯੋ ਛਿਨ ਮਾਹੀ।
ਸਾਸਨ ਤੇ ਛੁਟ ਪ੍ਰਾਪਤ ਭਾ ਸੁਖ, ਕੀਨ ਜੋ ਪਾਪ ਰਹਿਯੋ ਇਕ ਨਾਹੀ।੬੩।'

ਠੱਗਾਂ ਨੇ ਦੂਤਾਂ ਨੂੰ ਪੁਛਿਆ, ਕਿ ਨਾਨਕ ਕੌਣ ਹੈ। ਦੂਤਾਂ ਨੇ ਜਵਾਬ ਦਿਤਾ, ਜਿਸਨੂੰ ਮਾਰਨ ਵਾਸਤੇ ਤੁਸੀਂ ਅੱਗ ਲੈਣ ਆਏ ਹੋ।

ਇਹ ਜਾਣ ਕੇ ਠੱਗ ਗੁਰੂ ਜੀ ਦੇ ਚਰਨੀਂ ਆ ਡਿੱਗੇ।

ਗੁਰੂ ਜੀ ਨੂੰ ਉਹ ਠੱਗ ਵਾਪਸ ਆਪਣੇ ਨੱਗਰ ਲੈ ਆਏ। ਸਾਰੇ ਚਰਨੀਂ ਆ ਡਿੱਗੇ। ਗੁਰੂ ਜੀ ਨੇ ਹੁਕਮ ਕੀਤਾ, ਪਾਪ ਦੀ ਕਮਾਈ ਸਭ ਲੁਟਾ ਦਿਹੋ। ਅੱਗੇ ਵਾਸਤੇ ਹੱਥੀਂ ਧਰਮ ਦੀ ਕਿਰਤ ਕਰੋ, ਤੇ ਨਾਮ ਜਪੋ। ਠੱਗਾਂ ਦਾ ਉਧਾਰ ਕਰਕੇ ਗੁਰਦੇਵ ਅੱਗੇ ਤੁਰ ਗਏ।

# ਸੋਲ੍ਹਵਾਂ ਧਯਾਇ

### ਕਾਰੂੰ ਬਾਦਸ਼ਾਹ ਦੀ ਸਾਖੀ

(ਏਥੇ ਫਿਰ ਸੁਰਸਤੀ ਦੇਵੀ ਦੀ ਆਰਾਧਨਾ ਹੈ।)

"ਰੂਮ ਵਲਾਇਤ ਜਹਾ ਮਹਾਨਾਂ।
ਪਾਤਿਸਾਹਿ ਕਾਰੂੰ ਤਿਹ ਥਾਨਾ।੨।'

(ਇਹ ਅਰਬ ਮੁਲਕਾਂ ਦੀ ਕਹਾਣੀ ਹੈ, ਪਰ ਸਾਡੇ ਪੁਰਾਣੇ ਲੇਖਕ 'ਰੂਮ' ਹੀ ਲਿਖਦੇ ਰਹੇ।)

ਮਹਾਰਾਜ ਕਾਰੂੰ ਦੇ ਕਿਲ੍ਹੇ ਸਾਮ੍ਹਣੇ ਜਾ ਬੈਠੇ। ਗੁਰੂ ਜੀ ਦੇ ਪੁਛਣ 'ਤੇ ਦਰਬਾਨਾਂ ਨੇ ਦੱਸਿਆ, ਕਿ ਕਾਰੂੰ ਬੜਾ ਜ਼ਾਲਮ ਤੇ ਕੰਜੂਸ ਹੈ।

---

1. ਪਾਲ਼ਕੀ। 2. ਸਜ਼ਾ, ਡੰਨ। 3. ਦੂਤਾਂ ਨੇ ਕਿਹਾ। 4. ਧੂੰਆਂ।

Digitized by Panjab Digital Library | www.panjabdigilib.org

"ਇਸ ਕੋ ਭ੍ਰਾਤ ਹਾਰੂਨ ਹਿ ਜੋਊ ।
ਦਰਬ ਗੰਜ ਚਾਲੀ ਕੀਯ ਸੋਊ ।
ਇਨ ਕੀਨੇ ਪੈਤਾਲੀ ਗੰਜ ।
ਸਰਬ ਵਿਲਾਇਤ ਮਾਇਆ ਸੰਜ* ।੯।"

(ਹਾਰੂੰ, ਹਜ਼ਰਤ ਮੂਸਾ ਦਾ ਵੱਡਾ ਭਾਈ ਸੀ, ਤੇ ਮੂਸਾ ਦੇ ਹੁਕਮਾਂ ਨੂੰ ਮੰਨਦਾ ਸੀ। ਕਾਰੂੰ ਮੂਸਾ ਦੇ ਚਾਚੇ ਦਾ ਪੁੱਤਰ ਸੀ। ਇਹ ਮਿਸਰ ਦਾ ਧਨੀ ਤੇ ਕੰਜੂਸ ਸੀ। ਯਹੂਦੀਆਂ ਦੇ ਗ੍ਰੰਥ ਵਿਚ ਲਿਖਿਆ ਹੈ, ਕਿ ਇਸਦੇ ਖ਼ਜ਼ਾਨਿਆਂ ਦੀਆਂ ਚਾਬੀਆਂ ਤਿੰਨ ਸੌ ਖੱਚਰਾਂ ਦਾ ਬੋਝ ਸੀ। ਇਸ ਦਾ ਜ਼ਿਕਰ ਕੁਰਾਨ ਵਿਚ ਵੀ ਆਉਂਦਾ ਹੈ। ਗੁਰੂ ਨਾਨਕ ਜੀ ਦੇ ਸਮੇਂ ਕਾਰੂੰ ਦਾ ਜ਼ਿਕਰ ਇਤਿਹਾਸਕ ਭੁੱਲ ਹੈ। ਕਵੀ ਜੀ ਕਾਰੂੰ ਨੂੰ ਬਾਦਸ਼ਾਹ ਲਿਖਦੇ ਹਨ।)

ਕਾਰੂੰ ਦੇ ਪੁੱਛਣ 'ਤੇ ਉਸਦੇ ਮੰਤਰੀਆਂ ਦੱਸਿਆ, ਕਿ ਦੇਸ ਵਿਚ ਕਿਸੇ ਕੋਲ ਇਕ ਪੈਸਾ ਵੀ ਨਹੀਂ। ਪਰਖਣ ਵਾਸਤੇ ਕਾਰੂੰ ਨੇ ਆਪਣੀ ਲੜਕੀ ਵੇਚਣ ਵਾਸਤੇ ਕਹਿ ਦਿਤਾ।

"ਸੁਨ ਕਾਰੂੰ ਨਿਜ ਸੁਤਾ[1] ਬੁਲਾਈ ।
ਕਹਿਯੋ, ਇਸ ਕੋ ਬੇਚੋ ਜਾਈ ।੧੭।
ਏਕ ਰਜਤਪਣ[2] ਜੋ ਨਰ ਦੇਵੈ ।
ਸੋ ਪਤਿਸਾਹ ਸੁਤਾ ਕੋ ਲੇਵੈ ।
ਅਸ ਕਹਿ ਠਾਢੀ ਕੀਨ ਬਜਾਰੂ ।
ਚੰਦ ਬਦਨ ਜਿਹ ਲੋਚਨ ਚਾਰੂ[3] ।੧੮।"

ਇਕ ਚੌਦਾਂ ਸਾਲ ਦਾ ਲੜਕਾ ਉਸ ਲੜਕੀ 'ਤੇ ਮੋਹਤ ਹੋ ਗਿਆ। ਉਸਨੇ ਮਾਂ ਕੋਲੋਂ ਇਕ ਰੁਪਇਆ ਮੰਗਿਆ। ਮਾਂ ਨੇ ਦੱਸਿਆ, ਜਦ ਤੇਰੇ ਪਿਤਾ ਨੂੰ ਦਫ਼ਨਾਇਆ ਸੀ, ਉਹਦੇ ਮੂੰਹ ਵਿਚ ਇਕ ਰੁਪਇਆ ਰਖਿਆ ਸੀ। ਨੌਜਵਾਨ ਨੇ ਪਿਤਾ ਦੀ ਕਬਰ ਪੁੱਟ ਕੇ ਰੁਪਇਆ ਕਢਿਆ, ਤੇ ਉਹ ਲੜਕੀ ਖ਼ਰੀਦ ਕੇ ਲੈ ਗਿਆ। ਕਾਰੂੰ ਦੇ ਪੁੱਛਣ ਤੇ ਉਸਨੇ ਦੱਸ ਦਿਤਾ, ਕਿ ਮੈਂ ਰੁਪਇਆ ਕਿਥੋਂ ਲਿਆਂਦਾ ਹੈ। ਕਾਰੂੰ ਨੇ ਕਬਰਾਂ ਪੁਟਾ ਕੇ ਮੁਰਦਿਆਂ ਦੇ ਮੂੰਹਾਂ ਚੋਂ ਵੀ ਰੁਪੈ ਕਢ ਲਏ।

ਗੁਰੂ ਜੀ ਨੇ ਦਰਬਾਨਾਂ ਨੂੰ ਕਿਹਾ, ਕਿ ਜਾ ਕੇ ਕਾਰੂੰ ਨੂੰ ਕਹੋ, ਅਸੀਂ ਉਸਨੂੰ ਮਿਲਨਾ ਚਾਹੁੰਦੇ ਹਾਂ। ਦਰਬਾਨਾਂ ਜਾ ਕੇ ਸੁਨੇਹਾ ਦਿਤਾ,

"ਇਕ ਦਰਵੇਸ਼ ਅਪੂਰਬ[4] ਆਵਾ ।
ਅਧਕ ਪ੍ਰਤਾਪਵਾਨ ਲਖ ਪਾਵਾ ।੩੪।

---

*ਇਕੱਤਰ ਕੀਤੇ ।

1. ਪੁੱਤਰੀ। 2. ਰੁਪਇਆ। 3. ਚੰਦ ਵਰਗੇ ਮੁੱਖ ਤੇ ਸੁੰਦਰ ਨੇਤਰਾਂ ਵਾਲੀ। 4. ਜਿਸ ਵਰਗਾ ਪਹਿਲਾਂ ਨਹੀਂ ਹੋਇਆ, ਅਨੋਖਾ।

Digitized by Panjab Digital Library | www.panjabdigilib.org

ਮ੍ਰਿਦੁਲ[1] ਬਚਨ ਜਿਹ ਨੀਕ[2] ਸੁਭਾਉ ।
ਸੁੰਦਰ ਰੂਪ ਸਭਨ ਮਨ ਭਾਊ,
ਜਾਚਨ[3] ਕੀ ਜਿਹ ਚਾਹ ਨ ਕਾਈ ।
ਰਾਵਰ[4] ਕੋ ਮਿਲਨੋ ਫੁਰਮਾਈ ।੩੫।"

ਕਾਰੂੰ ਮਹਾਰਾਜ ਨੂੰ ਮਿਲਨ ਆਇਆ । ਅੱਗੇ ਮਹਾਰਾਜ ਠੀਕਰੀਆਂ ਕੱਠੀਆਂ ਕਰ ਕਰ ਕੱਪੜੇ ਵਿਚ ਪਾ ਰਹੇ ਸਨ । ਕਾਰੂੰ ਨੇ ਪੁਛਿਆ, ਕਿ ਇਹਨਾਂ ਨੂੰ ਕੀ ਕਰੋਗੇ । ਗੁਰੂ ਜੀ ਨੇ ਕਿਹਾ, ਇਹ ਦਰਗਾਹ ਵਿਚ ਨਾਲ ਲੈ ਜਾਣੀਆਂ ਹਨ । ਓਥੇ ਕੰਮ ਆਉਣਗੀਆਂ । ਕਾਰੂੰ ਨੇ ਕਿਹਾ,

"ਹੇ ਦਰਵੇਸ਼, ਨ ਕਰਹੁ ਵਿਚਾਰੀ ।
ਕੈਸੇ ਠੀਕਰੀ ਜਾਂਹਿ ਅਗਾਰੀ ।
ਦੇਹ ਸੰਗ ਕੀ ਈਹਾਂ ਰਹੇ ਹੈ ।
ਤ੍ਰਿਣ ਸਮਾਨ ਕਿਛ ਸੰਗ ਨ ਜੈ ਹੈ ।੪੦।"

ਗੁਰੂ ਜੀ ਨੇ ਫ਼ੁਰਮਾਇਆ, ਤਾਂ ਤੇਰੇ ਨਾਲ ਪੰਤਾਲੀ ਗੰਜ ਕਿਵੇਂ ਜਾਣਗੇ ?

"ਤੈਂ ਜੁਲਮੀ ਕਰ ਦੇਸ ਮੈਂ ਕੀਨ ਪੈਂਤਾਲੀ ਗੰਜ ।
ਕਯੋਂ ਕਰ ਜਾਵਹਿ ਸੰਗ ਏਹ ਕੀਨ ਪਾਪ ਕੋ ਸੰਜ ।੪੧।"*

ਇਹ ਸੁਣ ਕੇ ਕਾਰੂੰ ਚਰਨਾਂ 'ਤੇ ਢਹਿ ਪਿਆ ।

(ਏਥੇ ਅੱਗੇ ਕਾਰੂੰ ਪ੍ਰਤੀ ਉਪਦੇਸ਼ ਹੈ । ਕਵੀ ਜੀ ਉਪਰ 'ਤਿਲੰਗ ਮਹਲਾ ੧' ਲਿਖਦੇ ਹਨ । ਪਰ ਇਹ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ । ਸਰੂਪ ਦਾਸ ਭੱਲਾ ਇਸ ਨੂੰ 'ਨਸੀਹਤ ਨਾਮਾ' ਲਿਖਦਾ ਹੈ । ਦੋਹਾਂ ਲੇਖਕਾਂ ਦੀ ਲਿਖਤ ਵਿਚ ਐਵੇਂ ਥੋੜਾ ਥੋੜਾ ਫ਼ਰਕ ਹੈ । ਇਹ 'ਨਸੀਹਤ ਨਾਮਾ' ਅਸੀਂ 'ਸਿੱਖ ਇਤਿਹਾਸ ਦੇ ਸੋਮੇ' ਭਾਗ ਦੂਜਾ ਦੇ ੫੧ ਪੰਨੇ ਉਤੇ ਦੇ ਚੁੱਕੇ ਹਾਂ, ਇਸ ਲਈ ਏਥੇ ਦੁਬਾਰਾ ਦਰਜ ਨਹੀਂ ਕੀਤਾ ।)

ਕਾਰੂੰ ਨੂੰ ਉਪਦੇਸ਼ ਦੇ ਕੇ ਗੁਰਦੇਵ ਅੱਗੇ ਤੁਰ ਪਏ ।

# ਸਤਾਰ੍ਹਵਾਂ ਧਯਾਇ

## ਹਬਸ਼ ਦੇਸ ਤੇ ਰਾਮ ਚੰਦ ਦੀ ਕਥਾ

(ਵਾਰ ਵਾਰ ਦੇਵੀ ਦੀ ਅਰਾਧਨਾ ਤੋਂ ਸਿੱਧ ਹੁੰਦਾ ਹੈ, ਕਿ ਕਵੀ ਜੀ ਦਾ ਦੇਵੀ ਦੇਵਤਿਆਂ 'ਤੇ ਵਿਸ਼ਵਾਸ਼ ਸੀ । ਵੇਖੋ)

---

1. ਮਿੱਠਾ । 2. ਸੁੰਦਰ । 3. ਮੰਗਣ ਦੀ । 4. ਰਾਜਾ ।

* ਇਕੱਠੇ ।

Digitized by Panjab Digital Library | www.panjabdigilib.org

"ਜਗਤ ਮਾਤ, ਜਗ ਤਾਰਨੀ, ਜਗਤ ਬਿਖੇ ਜਿਹ ਜੋਤ ।
ਜੈਯ ਜ਼ਾਲਪਾ* ਜੇ ਕਰੀ, ਕੀਜੇ ਸੁਮਤਿ ਉਦੋਤ੦ ।੧।"

ਮਹਾਰਾਜ ਹਬਸ਼ (ਹਬਸ਼ੀਆਂ) ਦੇਸ ਜਾ ਪਹੁੰਚੇ ।

"ਹਬਸ਼ ਵਿਲਾਇਤ ਗਏ ਦਇਆਲਾ ।
ਪਾਤਸ਼ਾਹ ਤਹਿ ਦੁਸ਼ਟ ਬਿਸਾਲਾ ।੨।
ਹਿੰਦੂ ਨਰ ਤਿਸ ਦੇਸ ਜੋ ਆਵੈ ।
ਗਹੈ ਤਾਹਿ ਜਮ ਧਾਮ ਪਠਾਵੈ ।......੩।"

ਗੁਰੂ ਜੀ ਉਸ ਕੋਲ ਜਾ ਪਹੁੰਚੇ, ਉਸ ਨੂੰ ਕੁਕਰਮਾਂ ਤੋਂ ਹਟਾਉਣ ਵਾਸਤੇ ।

"ਤਿਹ ਛਿਨ ਖਿਲਕ ਅਕਾਸ ਤੇ, ਉਤਰਯੋ ਗੁਰ ਢਿਗ ਆਇ ।
ਰੰਗ ਨ ਜਾਨਯੋ ਜਾਵਈ, ਅਚਰਜ ਬਨਿਓ ਬਨਾਇ ।੪।"

( ਖਿਲਕ=ਚੋਲਾ । ) ਉਸ ਉਤੇ ਅਰਬੀ, ਤੁਰਕੀ, ਫ਼ਾਰਸੀ, ਸੰਸਕ੍ਰਿਤ, ਅੱਖਰ ਲਿਖੇ ਹੋਏ ਸਨ । ਗੁਰੂ ਜੀ ਨੇ ਉਹ ਗਲ ਪਹਿਨ ਲਿਆ ।

ਲੋਕਾਂ ਨੇ ਜਾ ਕੇ ਬਾਦਸ਼ਾਹ ਨੂੰ ਦੱਸਿਆ,

"ਵਹਿਰ ਏਕ ਆਯੋ ਦਰਵੇਸ਼ਾ ।
ਸੁਨਿਯੋ ਨ ਪੇਖਯੋ ਖਿਲਕ ਗਰ() ਐਸਾ ।੯।
ਹੈਂ ਕੁਰਾਨ ਕੇ ਤੀਸ ਸੁਪਾਰੇ ।
ਤਾਂ ਪਰ ਲਿਖ ਰਾਖੇ ਹੈਂ ਸਾਰੇ ।
ਅਛਰ ਪੰਜ ਪ੍ਰਕਾਰਹਿ ਜੋਊ ।
ਲਿਖੇ ਸਰਬ ਨੀਕੇ ਬਿਧ ਸੋਊ ।੧੦।"

ਬਾਦਸ਼ਾਹ ਨੇ ਵਜ਼ੀਰਾਂ ਨੂੰ ਭੇਜਿਆ, ਕਿ ਦਰਵੇਸ਼ ਦਾ ਚੋਲਾ (ਚੋਗ਼ਾ, ਖ਼ਿਲਕਾ) ਉਤਾਰ ਲਿਆਓ । ਵਜ਼ੀਰ ਤੇ ਸਰਕਾਰੀ ਬੰਦੇ ਸਾਰਾ ਜ਼ੋਰ ਲਾ ਥੱਕੇ, ਪਰ ਚੋਲਾ ਨਾ ਉਤਰਿਆ ਨਾ ਹੀ ਉਹ ਫਟਿਆ । ਬਾਦਸ਼ਾਹ ਨੇ ਕਿਹਾ, ਉਹ ਕੋਈ ਹਿੰਦੂ ਜਾਪਦਾ ਹੈ । ਉਹਨੂੰ ਨਦੀ ਵਿਚ ਡੋਬ ਦਿਹੋ । ਨੌਕਰ ਚਾਰਾ ਕਰ ਰਹੇ, ਪਰ ਮਹਾਰਾਜ ਨਦੀ ਵਿਚ ਵੀ ਨਾ ਡੋਬੇ ਜਾ ਸੱਕੇ । ਚੋਲੇ ਨੂੰ ਪਾਣੀ ਪੋਹੇ ਹੀ ਨਾ । ਫਿਰ ਬਾਦਸ਼ਾਹ ਨੇ ਹੁਕਮ ਦਿਤਾ, ਕਿ ਅੱਗ ਵਿਚ ਸਾੜ ਦਿਹੋ । ਹੁਕਮ ਦੀ ਪਾਲਣਾ ਹੋਈ ।

"ਬੀਚ ਬਿਸਾਏ ਸਤਿਗੁਰੂ ਚਹੁੰ ਦਿਸ ਦੀਨ ਲਗਾਇ ।
ਆਂਚ ਰੋਮ ਕੋ ਨਹਿ ਲਗੀ, ਅਗਨ ਗਈ ਸਿਤਲਾਇ ।੨੦।"

ਲਕੜੀਆਂ ਸੜ ਗਈਆਂ, ਪਰ ਗੁਰੂ ਜੀ ਓਵੇਂ ਬੈਠੇ ਰਹੇ । ਬਾਦਸ਼ਾਹ ਨੇ ਕਿਹਾ, ਇਹ ਜਾਦੂਗਰ ਹੈ । ਪੱਥਰ ਮਾਰ ਮਾਰ ਕੇ ਮਾਰ ਦਿਹੋ । ਲੋਕਾਂ ਨੇ ਮਾਰ ਮਾਰ ਕੇ ਹਜ਼ੂਰ ਨੂੰ ਪੱਥਰਾਂ ਥੱਲੇ ਦੱਬ ਦਿਤਾ ।

---

* ਬਾਣੀ ਦੀ ਦੇਵੀ । ੦ ਪਰਗਟ । () *ਗਰ=ਗਲ ।

Digitized by Panjab Digital Library | www.panjabdigilib.org

"ਬਹੁ ਪਾਹਨ ਕੇ ਤਰੇ ਦਬਾਯੋ ।
ਭਾਰ ਸਹੰਸ ਮਣ ਊਪਰ ਪਾਯੋ ।੨੨।"

ਪਰ ਲੋਕਾਂ ਨੇ ਡਿੱਠਾ, ਕਿ ਗੁਰੂ ਜੀ ਅਗਲੇ ਦਿਨ ਫਿਰ ਓਥੇ ਬੈਠੇ ਸਨ । ਇਹ ਕਰਾਮਾਤ ਵੇਖ ਕੇ ਬਾਦਸ਼ਾਹ ਚਰਨੀ ਆ ਢੱਠਾ । ਗੁਰੂ ਜੀ ਨੇ ਫ਼ੁਰਮਾਇਆ, ਜੇ ਲੋਕਾਂ ਨੂੰ ਮਾਰਨ ਤੋਂ ਬਾਜ਼ ਆਵੇਂਗਾ, ਤਾਂ ਭਲਾ ਹੋਵੇਗਾ ।

ਬਾਦਸ਼ਾਹ ਗੁਰੂ ਜੀ ਦਾ ਮੁਰੀਦ ਬਣਿਆਂ ।

"ਪੀਰ ਕਰੇ ਸ੍ਰੀ ਨਾਨਕ ਤਾਂਈ;
ਭਯੋ ਮੁਰੀਦ ਸੇਵ ਚਿਤ ਚਾਹੀ ।੩੭।"

ਬਾਲੇ ਨੇ ਕਿਹਾ, ਮਹਾਰਾਜ ! ਸਾਨੂੰ ਲੰਕਾ ਵਿਖਾਓ ।

ਮਹਾਰਾਜ ਨੇ ਕਿਹਾ, ਭਾਈ ਬਾਲਾ ! ਤੇਰਾ ਕਿਹਾ ਨਹੀਂ ਮੋੜਦੇ । ਬੱਸ, ਇਕ ਛਿਨ ਵਿਚ ਸਮੁੰਦਰ ਦੇ ਕੰਢੇ ਜਾ ਪਹੁੰਚੇ, ਜਿੱਥੇ ਰਾਮਚੰਦਰ ਜੀ ਨੇ ਪੁਲ ਬੱਧਾ ਸੀ, ਓਥੇ ਸ਼ਿਵਲਿੰਗ ਸਥਾਪਨ ਸੀ ।

ਮਰਦਾਨੇ ਨੇ ਪੁਛਿਆ, ਕਿ ਏਥੇ ਸ਼ਿਵਲਿੰਗ ਕਿਵੇਂ ਆ ਗਿਆ । ਮਹਾਰਾਜ ਨੇ ਕਿਹਾ, ਪੁਲ ਬੰਨ੍ਹਣ ਤੋਂ ਪਹਿਲਾਂ ਇਹ ਰਾਮਚੰਦਰ ਜੀ ਨੇ ਸਥਾਪਤ ਕੀਤਾ ਸੀ ।

"ਪ੍ਰਿਥਮੇ ਸ਼ਿਵ ਕੀ ਪੂਜਾ ਕੀਨੀ ।
ਪੁਲ ਬਾਂਧਨ ਪੁਨਿ ਆਇਸ ਦੀਨੀ ।
ਕਾਜ ਕਰਨ ਤੇ ਜੌਨ ਅਗਾਰੇ ।
ਗੁਰ ਪੂਜਹਿ ਹੈ ਪੁਰਖ ਸੁਖਾਰੇ ।੪੭।
ਤਬ ਕੋ ਇਹ ਸ਼ਿਵਲਿੰਗ ਸੁਹਾਵਾ ।
ਰਘੁਬਰ ਕੀਨ ਸਥਾਪਨ ਭਾਵਾ ।
ਪਾਹਨ ਪਰ ਲਿਖ ਕਰ ਨਿਜ ਨਾਮੂ ।
ਸੇਤ ਬਾਂਧ ਲੀਨੋ ਅਭਿ ਰਾਮੂ ।੪੮।"

(ਇਸ ਵਿਚ ਇਕ ਪੰਗਤੀ ਖ਼ਾਸ ਸਮਝਣ ਵਾਲੀ ਹੈ । 'ਗੁਰ ਪੂਜਹਿ ਹੈ ਪੁਰਖ ਸੁਖਾਰੇ ।' ਤਾਂ ਕੀ ਰਾਮਚੰਦਰ ਜੀ 'ਸ਼ਿਵਜੀ' ਨੂੰ ਗੁਰੂ ਮੰਨਦੇ ਸਨ ? ਹਿੰਦੂਆਂ ਦੇ ਤਿੰਨ ਵੱਡੇ ਦੇਵਤੇ ਮੰਨੇ ਗਏ ਹਨ : ਵਿਸ਼ਨੂੰ, ਬ੍ਰਹਮਾ, ਸ਼ਿਵ । ਤਿੰਨਾਂ ਵਿਚੋਂ ਵਿਸ਼ਨੂੰ ਦਾ ਦਰਜਾ ਉਚਾ ਹੈ । ਓਹੀ ਪਰਮਾਤਮਾ ਹੈ । ਰਾਮਚੰਦਰ ਜੀ ਵਿਸ਼ਨੂੰ ਦੇ ਅਵਤਾਰ ਮੰਨੇ ਜਾਂਦੇ ਹਨ । ਫਿਰ ਸ਼ਿਵ ਉਹਨਾਂ ਦਾ ਗੁਰੂ ਕਿਵੇਂ ਹੋਇਆ ?)

ਮਰਦਾਨੇ ਪੁਛਿਆ, ਮਹਾਰਾਜ ! ਰਾਮ ਸਮਰੱਥ ਸਨ । ਫਿਰ ਉਹਨਾਂ ਸ਼ਿਵਜੀ ਨੂੰ ਇਹ ਵਡਿਆਈ ਕਿਉਂ ਦਿਤੀ । ਗੁਰੂ ਜੀ ਨੇ ਕਿਹਾ,

"ਭਗਤ ਨਾਮ ਕੀ ਬਡ ਬਡਿਆਈ ।
ਸੁਰ ਨਰ ਸਭ ਮਹਿ ਆਪ ਰਖਾਈ ।੫੨।

Digitized by Panjab Digital Library | www.panjabdigilib.org

ਸਬ ਭਗਤਨ ਮਹਿ ਸ਼ੰਭੂ* ਮਹਾਨਾ ।
ਆਠੋ ਜਾਮ ਧਰਹਿ ਉਰ ਧਯਾਨਾ ।......੫੩।"

ਕਵੀ ਜੀ ਅੱਗੇ ਬੜਾ ਸੁੰਦਰ ਪ੍ਰਮਾਣ ਦੇਂਦੇ ਹਨ।

"ਰੂਪ ਦੇਖ ਉਧਰੇ ਹੈਂ ਥੋਰੇ ।
ਜਪਤ ਨਾਮ ਕੋ ਤਰੇ ਕਰੋਰੇ ।
ਨਾਮੀ ਤੇ ਹੈ ਨਾਮ ਬਡਾਈ ।
ਮਹਿਮਾਂ ਆਪਹਿ ਰਾਮ ਲਖਾਈ ।੫੬।"

ਪ੍ਰਸਿਧ ਹੈ, ਕਿ ਭਗਵਾਨ ਰਾਮ ਚੰਦਰ ਜੀ ਪੱਥਰ ਉਤੇ ਸ਼ਬਦ 'ਰਾਮ' ਲਿਖ ਕੇ ਪਾਣੀ ਉਤੇ ਤਾਰ ਦੇਂਦੇ । ਇਸ ਤਰ੍ਹਾਂ ਸਮੁੰਦਰ ਉਤੇ ਪੁਲ ਬੰਨ੍ਹ ਲਿਆ। ਮਰਦਾਨੇ ਦੇ ਪੁਛਣ ਉਤੇ ਗੁਰੂ ਜੀ ਨੇ ਰਾਮ ਚੰਦਰ ਜੀ ਦੀ ਕਥਾ ਸੁਣਾਈ।

ਰਾਜਾ ਦਸਰਥ ਦੀਆਂ ਤਿੰਨ ਰਾਣੀਆਂ ਸਨ; ਕੁਸ਼ੱਲਿਆ, ਕੇਕੇਈ ਤੇ ਸੁਮਿਤ੍ਰਾਂ। ਕੁਸ਼ੱਲਿਆ ਦਾ ਪੁੱਤਰ ਰਾਮ ਹੋਇਆ, ਕੈਕੇਈ ਦਾ ਭਰਤ, ਤੇ ਸੁਮਿਤ੍ਰਾਂ ਦੇ ਦੋ ਲਛਮਨ (ਲਕਸ਼ਮਨ) ਤੇ ਸ਼ਤ੍ਰੂਘਨ ਹੋਏ।

ਮੁਨੀ ਬਿਸਵਾ ਮਿੱਤ੍ਰ ਜੀ ਜੱਗ ਕਰਨ ਲੱਗੇ ਤਾਂ ਦੈਂਤ ਵਿਚ ਵਿਘਨ ਪਾ ਦੇਣ। ਬਿਸਵਾ ਮਿਤ੍ਰ ਦੇ ਬੇਨਤੀ ਕਰਨ 'ਤੇ,

"ਤਬ ਸ੍ਰੀ ਬਿਸਨ ਧਰਿਯੋ ਅਵਤਾਰਾ ।
ਦੈਤ ਸਰਬ ਕੋ ਕਰਹਿ ਸੰਘਾਰਾ ।੬੪।"

(ਭਾਵ, ਰਾਮਚੰਦਰ ਜੀ ਤੋਂ ਹੈ। ਵਿਸ਼ਨੂੰ ਦੇ ਅਵਤਾਰਾਂ ਵਿਚੋਂ ਰਾਮਚੰਦਰ ਜੀ ਵੀ ਇਕ ਸਨ।)

ਬਿਸਵਾ ਮਿੱਤ੍ਰ ਜੀ ਅਯੁੱਧਿਆ ਆਏ, ਤੇ ਰਾਜਾ ਦਸਰਥ ਤੋਂ ਰਾਮ ਚੰਦਰ ਜੀ ਨੂੰ ਮੰਗ ਕੇ ਲੈ ਗਏ। ਰਾਮ ਜੀ ਨੇ 'ਤਾਰਕਾ' ਰਾਕਸ਼ਣੀ ਤੇ 'ਮਰੀਚ' ਤੇ 'ਸੁਬਾਹੁ' ਦੈਂਤ ਮਾਰੇ। ਇਸ ਤਰ੍ਹਾਂ ਬਿਸਵਾ ਮਿਤ੍ਰ ਦਾ ਜੱਗ ਸੰਪੂਰਨ ਹੋਇਆ।

ਏਸੇ ਸਮੇਂ ਰਾਜਾ ਜਨਕ ਨੇ ਆਪਣੀ ਪੁੱਤਰੀ ਸੀਤਾ ਦਾ ਸਵੰਬਰ ਰਚਿਆ। ਬਿਸਵਾ ਮਿਤ੍ਰ ਰਾਮ ਜੀ ਨੂੰ ਜਨਕ ਦੀ ਨਗਰੀ ਲੈ ਗਏ।

"ਜਨਕ ਸੁਤਾ 'ਸੀਤਾ' ਜਿਹ ਨਾਮੂ ।
ਫੂਲ ਮਾਲ ਡਾਰੀ ਗਰ ਰਾਮੂ ।
ਬਹੁਰੋ ਦਸਰਥ ਲੀਨ ਬੁਲਾਈ ।
ਸਜ ਬਰਾਤ ਆਏ ਤਿਹ ਥਾਂਈ ।੭੦।
ਚਾਰ ਪੁੱਤਰ ਕੋ ਕੀਨ ਬਿਵਾਹਾ ।
ਭਾ ਤਿਹ ਛਿਨ ਅਤਿ ਸੈ ਉਤਸਾਹਾ ।......੭੧।"

---

* ਸ਼ੰਭੂ=ਸ਼ਿਵ ਜੀ ।

Digitized by Panjab Digital Library | www.panjabdigilib.org

(ਭਾਵ ਰਾਜਾ ਦਸਰਥ ਦੇ ਚੌਹਾਂ ਪੁੱਤਰਾਂ ਦਾ ਓਥੇ ਵਿਆਹ ਹੋਇਆ। ਹਿੰਦੂ ਧਾਰਮਿਕ ਗ੍ਰੰਥਾਂ ਵਿਚ ਛੇ ਜਤੀ ਮੰਨੇ ਹਨ। ਲਛਮਣ ਦਾ ਨਾਮ ਉਹਨਾਂ ਜਤੀਆਂ ਵਿਚ ਹੈ। ਪਰ ਲਛਮਣ ਵਿਆਹਿਆ ਹੋਇਆ ਸੀ। ਇਸ ਦਾ ਅਰਥ, 'ਏਕਾ ਨਾਰੀ ਜਤੀ ਹੈ, ਦੇ ਸਿਧਾਂਤ ਨੂੰ ਹਿੰਦੂ ਧਰਮ ਵੀ ਮੰਨਦਾ ਹੈ।)

ਮਹਾਰਾਜ ਦਸਰਥ ਨੇ, ਪਿਛਲੀ ਅਵਸਥਾ ਵੇਖ ਕੇ ਰਾਮ ਚੰਦਰ ਨੂੰ ਰਾਜ-ਤਿਲਕ ਦੇਣ ਦਾ ਸਮਾਗਮ ਰਚਿਆ। ਕੈਕੇਈ ਵੇਖ ਕੇ ਸਹਾਰ ਨਾ ਸਕੀ। ਉਹਨੇ ਦਸਰਥ ਨੂੰ ਕਿਹਾ, ਕਿ ਤੁਸਾਂ ਮੈਨੂੰ ਦੋ ਵਰ ਦਿਤੇ ਸਨ। ਹੁਣ ਉਹ ਪੂਰੇ ਕਰ ਦਿਹੋ। ਵਰ ਮੰਗੇ: ਮੇਰੇ ਪੁੱਤਰ ਨੂੰ ਰਾਜ ਦਿਹੋ, ਤੇ ਰਾਮ ਚੰਦਰ ਨੂੰ ਬਨਵਾਸ।

ਸੀਤਾ ਤੇ ਲਛਮਣ ਨੂੰ ਨਾਲ ਲੈ ਕੇ ਰਾਮ ਚੰਦਰ ਜੀ ਬਨਵਾਸ ਤੁਰ ਗਏ। ਪਿਛੋਂ ਪੁੱਤਰ ਦੇ ਵਿਛੋੜੇ ਵਿਚ ਮਹਾਰਾਜ ਦਸਰਥ ਨੇ ਪ੍ਰਾਣ ਤਿਆਗ ਦਿਤੇ।

ਬਸਿਸ਼ਟ ਮੁਨੀ ਨੂੰ ਪਤਾ ਲੱਗਾ, ਤਾਂ ਉਹਨਾਂ ਭਰਤ ਨੂੰ ਬੁਲਾ ਲਿਆ। ਪਿਤਾ ਦਾ ਸਸਕਾਰ ਕਰ ਕੇ ਭਰਤ ਜੰਗਲਾਂ ਵਿਚ ਰਾਮ ਚੰਦਰ ਜੀ ਨੂੰ ਮਨਾਉਣ ਵਾਸਤੇ ਗਿਆ। ਰਾਮ ਚੰਦਰ ਜੀ ਨੇ ਭਰਤ ਨੂੰ ਆਪਣੀ ਖੜਾਉਂ ਦੇ ਕੇ ਵਾਪਸ ਮੋੜਿਆ ਤੇ ਆਪ ਅੱਗੇ ਅਗਸਤ ਮੁਨੀ ਦੇ ਆਸ਼ਰਮ ਵਿਚ ਚਲੇ ਗਏ।

"ਤਹ ਬਸ ਬਹੁਰੋ ਗਏ ਅਗਾਰੀ।
ਜਹਿ ਰਾਵਨ ਬਹਨੀ ਕਾ ਬਾਰੀ* ।੮੪।
ਪਰਨ ਕੁਟੀ ਤਹ ਜਾਇ ਬਨਾਈ।
ਲਛਮਨ ਸਹਿਤ ਰਹੇ ਰਘੁਰਾਈ।
ਸੂਪਨਖਾ ਇਕ ਦਿਨ ਚਲਿ ਆਈ।
ਰੂਪ ਬਿਲੋਕਤ ਰਹੀ ਲੁਭਾਈ ।੮੫।
ਕਹੈ, ਕਿ ਬਰਹੁ ਮੁਝਹਿ ਕਰ ਪ੍ਰੀਤੇ।
ਨਤੁ ਮਾਰਹੁ ਤੁਮ ਕੋ ਮੈਂ ਜੀਤੇ ।੦
ਸੁਨਿ ਲਛਮਨ ਕਿਯ ਕ੍ਰੁਧ ਘਨੇਰਾ।
ਕਾਟਯੋ ਨਾਕ ਕਾਨ ਤਿਸ ਕੇਰਾ ।੮੫।
ਸੋ ਰਾਵਨ ਢਿਗ ਜਾਇ ਪੁਕਾਰੀ।
ਕਹੈ, ਕਿ ਤਿਨ ਸੰਗਿ ਸੁੰਦਰ ਨਾਰੀ।
ਸੋ ਲਯਾਵਨ ਗਮਨੀ ਹਿਤ ਤੇਰੇ।
ਨਾਸਾਂ ਕਰਨ ਕਟੇ ਤਿਨ ਮੇਰੇ ।੮੬।"

ਇਹ ਸ਼ਕਾਇਤ ਸੁਣ ਕੇ ਰਾਵਣ ਨੂੰ ਬਹੁਤ ਕ੍ਰੋਧ ਚੜ੍ਹਿਆ। ਉਹਨੇ 'ਮਰੀਚ' ਨੂੰ ਸੋਨੇ ਦਾ ਮਿਰਗ ਬਣਾ ਭੇਜਿਆ, ਤੇ ਆਪ ਸਾਧੂ ਦਾ ਭੇਸ ਧਾਰ ਕੇ ਗਿਆ। ਸੀਤਾ ਦੇ

---

* ਵਾੜੀ, ਬਗੀਚੀ। ੦ ਨਹੀਂ ਤਾਂ ਮੈਂ ਤੈਨੂੰ ਜਾਨੋਂ ਮਾਰ ਦਿਆਂਗੀ।

Digitized by Panjab Digital Library | www.panjabdigilib.org

ਕਹਿਣ 'ਤੇ ਸੋਨੇ ਦਾ ਮਿਰਗ ਲਿਆਉਣ ਵਾਸਤੇ ਪਹਿਲਾਂ ਰਾਮ ਤੇ ਫਿਰ ਲਛਮਣ ਉਸ ਦੇ ਮਗਰ ਗਏ। ਸਮਾਂ ਪਾ ਕੇ ਰਾਵਣ ਨੇ ਆਣ ਅਲਖ ਜਗਾਈ। ਸੀਤਾ ਭਿੱਛਿਆ ਪਾਉਣ ਵਾਸਤੇ ਉੱਠੀ, ਤਾਂ ਰਾਵਣ ਉਸ ਨੂੰ ਬਾਂਹੋਂ ਪਕੜ ਕੇ ਆਕਾਸ਼ ਰਾਹੀਂ ਲੈ ਉਡਿਆ। ਖ਼ਾਲੀ ਕੁਟੀਆ ਵੇਖ ਕੇ ਰਾਮ ਜੀ ਨੇ ਬੜਾ ਵੈਰਾਗ ਕੀਤਾ। ਫਿਰ ਹਨੂਮਾਨ ਖ਼ਬਰ ਲਿਆਇਆ, ਕਿ ਸੀਤਾ ਲੰਕਾ ਵਿਚ ਹੈ। ਰਾਮ ਜੀ ਬਾਂਦਰਾਂ ਦੀ ਸੈਨਾ ਲੈ ਕੇ ਇਸ ਪੁਲ ਰਾਹੀਂ ਲੰਘ ਕੇ ਲੰਕਾ ਗਏ। ਉਹਨਾਂ ਕੁੰਭ ਕਰਨ* ਮੇਘ ਨਾਦ ਤੇ ਰਾਵਣ ਨੂੰ ਮਾਰ ਕ ਸੀਤਾ ਵਾਪਸ ਲੈ ਆਂਦੀ। ਫਿਰ ਉਹਨਾਂ ਅਯੁੱਧਿਆ ਵਿਚ

"ਬੈਠ ਸਿੰਘਾਸਨ ਰਾਜ ਕਮਾਯੋ।
ਦਸ ਸਹੰਸ੍ਰ ਬਰਖ ਬਹੁ ਗਾਯੋ।......੯੮।"

# ਅਠਾਰ੍ਹਵਾਂ ਧਯਾਇ

## ਲੰਕਾ ਵਿਚ ਵਿਭੀਖਨ ਤੇ ਹਨੂੰਮਾਨ ਨਾਲ ਮਿਲਾਪ

ਦੋਹਾਂ ਸਾਥੀਆਂ ਨੂੰ ਨਾਲ ਲੈ ਕੇ ਮਹਾਰਾਜ ਸਮੁੰਦਰ ਉਪਰ ਤੁਰ ਪਏ। ਅੱਗੇ ਇਕ ਸੌ ਕੋਹ ਲੰਮੀ ਮੱਛੀ ਆ ਗਈ। (ਅਤਿਕਥਨੀ।) ਗੁਰੂ ਜੀ ਉਸ ਦੇ ਸਿਰ 'ਤੇ ਪੁੱਜੇ, ਤਾਂ ਉਸ ਵਿਚ ਬੋਲਣ ਸ਼ਕਤੀ ਆ ਗਈ। ਉਹਨੇ ਦੱਸਿਆ, ਰਾਜੇ ਜਨਕ ਦੇ ਸਮੇਂ ਮੈਂ ਗਲ ਤਕ ਪਾਣੀ ਵਿਚ ਖਲੋ ਕੇ ਤਪ ਕਰਦਾ ਸਾਂ। ਰਾਜਾ ਜਨਕ ਨੇ ਕਿਹਾ, ਤੂੰ ਬਥੇਰਾ ਕਠਨ ਤਪ ਕਰ ਲਿਆ ਹੈ, ਹੁਣ ਸੰਗਤ ਦੀ ਸੇਵਾ ਕਰੋ। ਗਿਆਨ ਸੰਗਤ ਵਿਚੋਂ ਪ੍ਰਾਪਤ ਹੋਵੇਗਾ। ਮੈਂ ਉਤਰ ਦਿਤਾ, ਮੈਂ ਇਕ ਸਾਲ ਹੋਰ ਤਪ ਕਰਨਾ ਹੈ। ਜਨਕ ਨੇ ਸਰਾਪ ਦੇ ਦਿਤਾ, ਕਿ ਤੂੰ ਜਲ-ਜੀਵ ਬਣ ਕੇ ਸਦਾ ਪਾਣੀ ਵਿਚ ਹੀ ਰਹੋ। ਮੈਂ ਪੁਛਿਆ, ਇਹ ਸਰਾਪ ਖ਼ਤਮ ਕਦ ਹੋਵੇਗਾ। ਉਹਨੇ ਕਿਹਾ ਗੁਰੂ ਨਾਨਕ ਦੇ ਚਰਨ ਪਰਸਣ ਨਾਲ। ਹੁਣ ਮੇਰੀ ਮੁਕਤੀ ਕਰੋ।

ਮਹਾਰਾਜ ਨੇ ਕਿਹਾ, ਅੱਠ ਪਹਿਰ ਹੋਰ ਤੇਰੀ ਜ਼ਿੰਦਗੀ ਹੈ। ਓਨਾ ਚਿਰ ਵਾਹਿਗੁਰੂ ਦਾ ਸਿਮਰਨ ਕਰ ਲੈ। ਅਸੀਂ ਤੇਰੀ ਮੁਕਤੀ ਕਰਕੇ ਜਾਵਾਂਗੇ।

ਉਹਨੇ ਅੱਠ ਪਹਿਰ ਜਾਪ ਕੀਤਾ, ਤੇ ਮੱਛੀ ਦਾ ਸਰੀਰ ਤਿਆਗ ਕੇ 'ਚਤਰਭੁਜ' ਰੂਪ ਧਾਰ ਕੇ ਬੈਕੁੰਠ ਨੂੰ ਗਿਆ।

ਮਹਾਰਾਜ ਅੱਗੇ ਲੰਕਾ ਵਿਚ ਜਾ ਪਹੁੰਚੇ। ਆਪ ਇਕ ਬਾਗ਼ ਵਿਚ ਜਾ ਬੈਠੇ। ਦੋ ਦੈਂਤਾਂ ਨੇ ਆ ਪੁਛਿਆ, ਕਿ ਤਸੀਂ ਕੌਣ ਹੋ ਤੇ ਕਿੱਥੋਂ ਆਏ ਹੋ।

---

* ਉਸ ਸਮੇਂ ਦਾ ਲਿਖਣ ਦਾ ਢੰਗ ਵੇਖੋ: "ਕੁੰਭ ਕਾਨ ਕੋ ਪ੍ਰਿਥਮੈ ਮਾਰਾ" ਕੁੰਭ ਕਰਨ ਦੀ ਥਾਂ ਸ਼ਬਦ 'ਕੁੰਭ ਕਾਨ' ਵਰਤੇ ਹਨ।

Digitized by Panjab Digital Library | www.panjabdigilib.org

"ਸ੍ਰੀ ਗੁਰ ਕਹੈਂ, ਦੂਤ ਹਮ ਰਾਮੂ ॥
ਮਿਲਨ ਬਭੀਖਨ ਕੋ ਹੈ ਕਾਮੂ ।......੩੭।"

(ਕਵੀ ਜੀ ਨੇ ਗੁਰੂ ਜੀ ਨੂੰ ਰਾਮ ਜੀ ਦਾ ਦੂਤ ਬਣਾ ਦਿਤਾ। ਇਹ ਤਾਂ ਵਡਿਆਈ ਦੀ ਥਾਂ ਨਿੰਦਿਆ ਹੋ ਗਈ।)

ਭਭੀਖਨ ਨੰਗ ਪੈਰੀਂ ਆਇਆ। ਗੁਰੂ ਜੀ ਤੇ ਭਭੀਖਨ ਵਿਚ ਰਾਮ ਜੀ ਬਾਰੇ ਵਿਚਾਰਾਂ ਹੋਈਆਂ।

"ਸੁਨ ਸ੍ਰੀ ਨਾਨਕ ਕਹਿ ਮ੍ਰਿਦ* ਬਾਨੀ।
ਧੰਨ ਭਭੀਖਨ ਸੁਭ ਗੁਨ ਖਾਨੀ।
ਚਿਰੰਜੀਵ ਪਦਵੀ ਤੈਂਹ ਪਾਈ।
ਮਨ ਕੀ ਨਾਮ ਬਿਖੈ ਲਿਵ ਲਾਈ।੫੬।"

ਗੁਰੂ ਜੀ ਨੇ ਸਿਧ ਗੋਸਟਿ ਦੀ ਇਹ ਪਉੜੀ ਕਹੀ:

"ਗੁਰਮੁਖਿ ਬਾਂਧਿਓ ਸੇਤੁ੦ ਬਿਧਾਤੈ।
ਲੰਕਾ ਲੂਟੀ ਦੈਤ ਸੰਤਾਪੈ।
ਰਾਮ ਚੰਦਿ ਮਾਰਿਓ ਅਹਿ ਰਾਵਣੁ।
ਭੇਦੁ ਬਭੀਖਣ ਗੁਰਮੁਖਿ ਪਰਚਾਇਣੁ।
ਗੁਰਮੁਖਿ ਸਾਇਰਿ ਪਾਹਣ ਤਾਰੇ।
ਗੁਰਮੁਖਿ ਕੋਟਿ ਤੇਤੀਸ ਉਧਾਰੇ।੪੦।"

(ਪੁਰਾਣਾਂ ਅਨੁਸਾਰ ਸੱਤ ਚਿਰਜੀਵੀ ਮੰਨੇ ਹਨ। ਭਭੀਖਣ ਉਹਨਾਂ ਸੱਤਾਂ ਵਿਚੋਂ ਇਕ ਹੈ। ਏਸੇ ਅਸਰ ਥੱਲੇ ਕਵੀ ਜੀ ਭਭੀਖਣ ਦਾ ਗੁਰੂ ਜੀ ਨਾਲ ਮੇਲ ਕਰਾਉਂਦਾ ਹੈ। ਨਹੀਂ ਤਾਂ ਅੱਜ ਦਾ ਬੁਧੀਵਾਨ ਇਹ ਨਹੀਂ ਮੰਨ ਸਕਦਾ, ਕਿ ਤ੍ਰੇਤੇ ਵਿਚ ਹੋਇਆ ਭਭੀਖਣ ਅਜੇ ਤਕ ਜਿਊਂਦਾ ਹੈ। ਕਵੀ ਸੰਤੋਖ ਸਿੰਘ ਜੀ ਦੇ ਮਨ 'ਤੇ ਪੁਰਾਣਕ ਕਥਾਵਾਂ ਦਾ ਅਸਰ ਹੈ।)

ਮਰਦਾਨੇ ਨੇ ਕਿਹਾ, ਮਹਾਰਾਜ! ਹੁਣ ਹਨੂਮਾਨ ਦੇ ਵੀ ਦਰਸ਼ਨ ਕਰਾਓ।

ਭਭੀਖਣ ਨੇ ਕਿਹਾ, ਕਿ ਹਨੂਮਾਨ ਰਾਮ ਜੀ ਤੋਂ ਬਿਨਾਂ ਹੋਰ ਕਿਸੇ ਨੂੰ ਨਮਸਕਾਰ ਨਹੀਂ ਕਰਦਾ। ਗੁਰੂ ਜੀ ਨੇ ਕਿਹਾ, ਉਸਨੂੰ ਬੁਲਾਉ, ਅਸੀਂ ਰਾਮ ਜੀ ਦਾ ਸਰੂਪ ਧਾਰ ਲਵਾਂਗੇ।

"ਰਘੁਬਰੁ ਕੋ ਸ੍ਰੀ ਗੁਰ ਬਪ ਧਰਾ।
ਮੈਂ ਤਿਹ ਛਿਨ ਲਛਮਨ ਤਨ ਕਰਾ।
ਸੀਤਾ ਬੇਖ ਕੀਨ ਮਰਦਾਨਾ।
ਚਲਿ ਆਇਓ ਤਿਹ ਠਾਂ ਹਨੂਮਾਨਾ।੭੨।"

---

* ਮਿੱਠੀ ਬਾਣੀ। ੦ ਪੁਲ।

Digitized by Panjab Digital Library | www.panjabdigilib.org

(ਵਾਹ ਭਾਈ ਬਾਲਿਆ ! ਏਥੇ ਵੀ ਸੀਤਾ ਮਰਦਾਨੇ ਨੂੰ ਹੀ ਬਣਾਇਆ ਹੈ। ਆਪ ਲਛਮਣ ਬਣਿਆਂ ਹੈ।)

ਹਨੂਮਾਨ ਨੇ ਆ ਕੇ ਗੁਰੂ ਜੀ ਨੂੰ (ਰਾਮ ਚੰਦਰ ਦੇ ਰੂਪ ਵਿਚ ਵੇਖਕੇ) ਨਮਸਕਾਰ ਕੀਤੀ। ਹਜ਼ੂਰ ਨੇ ਫ਼ੁਰਮਾਇਆ,

"ਸਰਬ ਬਯਾਪੀ ਮੋਹਿ ਕੋ, ਜਬ ਜਾਨਹਿ ਮਨ ਮਾਹਿ।
ਸਦਾ ਮਿਲਯੋ ਹਮ ਸੋ ਰਹੈ, ਬਿਛਰਨ ਹ੍ਵੈ ਕਬਿ ਨਾਹਿ। ੭੫।"

(ਇਹ ਗੀਤਾ ਦਾ ਸਿਧਾਂਤ ਹੈ, ਗੁਰਬਾਣੀ ਦਾ ਨਹੀਂ।)

ਹਨੂਮਾਨ ਫਿਰ ਰਾਵਣ ਦੀ ਚਿਖਾ ਵਾਲੇ ਥਾਂ ਜਾ ਬੈਠਿਆ। ਗੁਰੂ ਜੀ ਭਭੀਖਨ ਤੋਂ ਵਿਦਿਆ ਹੋ ਤੁਰੇ।

# ਉੱਨੀਵਾਂ ਧਯਾਇ

## ਸੱਤਾਂ ਦੀਪਾਂ ਵਿਚ ਉਪਦੇਸ਼

(ਭਾਈ ਸੰਤੋਖ ਸਿੰਘ ਗੁਰੂ ਜੱਸ ਤਾਂ ਲਿਖ ਹੀ ਰਹ ਹਨ, ਪਰ ਉਹ ਆਪਣੇ ਇਸ਼ਟ 'ਸੁਰਸਤੀ ਦੇਵੀ' ਨੂੰ ਵੀ ਨਹੀਂ ਭੁਲਦੇ।)

"ਤਮ ਅਗਿਆਨ ਬਿਨਾਸਨੀ; ਦੇਤ ਗਿਯਾਨ ਉਰ ਨੈਨ।
ਸ੍ਰੀ ਸਰਸ੍ਵਤੀ ਸੁਮਿਤ ਸਦਾ, ਜੈ ਜੈ ਬਸੀਯੈ ਬੈਨ।੧।"

ਮਰਦਾਨੇ ਕਿਹਾ, ਮਹਾਰਾਜ ! ਮੈਨੂੰ ਸੱਤੇ ਦੀਪ ਵਿਖਾਉ।

ਗੁਰੂ ਜੀ ਨੇ ਕਿਹਾ, ਸਾਰਿਆਂ ਚੋਂ ਉਤਮ 'ਜੰਬੂ ਦੀਪ' ਹੈ। ਉਸਦਾ ਵਿਸਤਾਰ ਇਕ ਲੱਖ ਜੋਜਨ* ਹੈ। ਤੇ ਉਹ ਸਾਰਿਆਂ ਦੀਪਾਂ ਦੇ ਵਿਚਕਾਰ ਹੈ।

ਧਰਤੀ ਦੇ ਵਿਚਕਾਰ 'ਭਰਥ ਖੰਡ' ਹੈ।

ਫਿਰ ਇਕ ਲੱਖ ਜੋਜਨ ਸਮੁੰਦਰ ਪਾਰ ਕਰਕੇ ਗੁਰੂ ਜੀ 'ਪਲਾਖ ਦੀਪ' ਵਿਚ ਜਾ ਪਹੁੰਚੇ। ਓਥੋਂ ਦੇ ਲੋਕਾਂ ਨੇ ਦੱਸਿਆ, ਕਿ ਏਥੇ ਵੱਸਣ ਵਾਲੇ ਵੱਡੇ ਨਾਲ ਈਰਖਾ ਤੇ ਛੋਟੇ ਨਾਲ ਘਿਰਣਾ ਕਰਦੇ ਹਨ। ਗੁਰੂ ਜੀ ਨੇ ਉਪਦੇਸ਼ ਦਿਤਾ,

"ਸਰਬ ਬਿਖੈ ਇਕ ਰਾਮ ਹੈ, ਰਾਮ ਬਿਨਾਂ ਨਹਿ ਕੋਇ।
ਐਸੇ ਜਬ ਉਰ ਮੈਂ ਲਖੋ, ਦ੍ਵੈਤ ਨ ਕਬਹੂ ਹੋਇ।੧੯।"

ਉਹ ਦੀਪ ਦੋ ਲੱਖ ਜੋਜਨ ਸੀ। ਉਸ ਤੋਂ ਅੱਗੇ ਸਮੁੰਦਰ ਆ ਗਿਆ।

---

*(ਯਾਦ ਰਹੇ, ਸਾਰੀ ਧਰਤੀ ਦਾ ਉਦਾਲਾ ਪੰਝੀ ਹਜ਼ਾਰ ਮੀਲ ਹੈ। ਪਰ ਦੀਪਾਂ ਦੀ ਕਲਪਨਾ ਕਰਨ ਵਾਲੇ ਨੇ ਕਿੰਨਾ ਕਿੰਨਾ ਵਿਸਥਾਰ ਦੱਸਿਆ ਹੈ।)

Digitized by Panjab Digital Library | www.panjabdigilib.org

"ਬਹੁਰੋ ਆਵਾ ਉਦਧ* ਅਗਾਰੀ ।
ਰਸ ਊਖਹਿ[] ਕੋ ਜੋ ਅਨੁਹਾਰੀ ।
ਦ੍ਵੈ ਲਛ ਜੋਜਨ ਕੇਰ ਪ੍ਰਮਾਨਾ ।
ਤਿਹ ਪਰ ਕੀਨ ਪ੍ਰਭੂ ਪ੍ਰਸਥਾਨਾ ।੨੩।"

ਗੁਰੂ ਜੀ ਉਸ ਸਮੁੰਦਰ ਉਪਰ ਤੁਰੇ ਗਏ, ਤੇ ਪੈਰ ਦਾ ਅੰਗੂਠਾ ਤਕ ਨਾ ਭਿਜਿਆ। ਅਗੇ 'ਸਾਲਮਲੀ ਦੀਪ' ਆ ਗਿਆ। ਓਥੋਂ ਦੇ ਲੋਕਾ ਨੂੰ ਚਰਨ ਪਾਹੁਲ ਦੇ ਕੇ ਗੁਰੂ ਜੀ ਅੱਗੇ ਤੁਰ ਪਏ। ਉਹ ਦੀਪ ਚਾਰ ਲੱਖ ਜੋਜਨ ਸੀ। ਓਥੋਂ ਅੱਗੇ ਗੁਰੂ ਜੀ 'ਕੁਸ ਦੀਪ' ਜਾ ਪੁੱਜੇ। ਕੁਸ ਦੀਪ ਅੱਠ ਲੱਖ ਜੋਜਨ ਸੀ। ਓਥੇ ਸਤਿਨਾਮ ਦਾ ਉਪਦੇਸ਼ ਦੇ ਕੇ ਗੁਰਦੇਵ ਅੱਗੇ ਤੁਰ ਪਏ। ਅੱਗੇ 'ਘ੍ਰਿਤ ਸਾਗਰ' (ਘਿਉ ਦਾ ਸਮੁੰਦਰ) ਆ ਗਿਆ। ਉਸ ਦਾ ਵਿਸਥਾਰ ਵੀ ਪਿਛਲੇ ਦੀਪ ਜਿੰਨਾ ਹੀ ਸੀ।

ਅੱਗੇ 'ਕ੍ਰੌਚ ਦੀਪ' ਆ ਗਿਆ। ਉਸਦਾ ਅਕਾਰ ਸੋਲਾਂ ਜੋਜਨ ਸੀ। ਓਥੇ ਸਤਿਨਾਮ ਜਪਾ ਕੇ ਗੁਰੂ ਜੀ ਅੱਗੇ ਤੁਰ ਪਏ। ਉਤਨ ਖਿਲਾਰ ਦਾ ਅੱਗੇ ਦੁੱਧ ਦਾ ਸਾਗਰ ਸੀ।

"ਬਹਿਤ ਦੂਧ ਕੀ ਨਦੀ ਬਹੁ, ਮਿਸਰੀ ਕੇ ਗਿਰ ਭੂਰ।
ਜਹਿ ਸੁੰਦਰ ਨਾਰੀ ਅਧਿਕ. ਜਥੋਂ ਅਪਸਰ ਤਨ ਰੂਰ।੫੪।"

(ਗਿਰ=ਪਹਾੜ। ਭੂਰ=ਵੱਡੇ। ਅਪਸਰ=ਅੱਪਛਰਾਂ, ਪਰੀਆਂ। ਰੂਰ=ਸੁੰਦਰ।)

ਇਸਦਾ ਨਾਮ 'ਸਾਖ ਦੀਪ' ਸੀ। ਏਥੇ ਪਰਚਾਰ ਕਰਕੇ ਮਹਾਰਾਜ ਅੱਗੇ ਚਲ ਪਏ। ਇਹ ਦੀਪ ਬੱਤੀ ਜੋਜਨ ਸੀ। ਏਨਾ ਹੀ ਅੱਗੇ ਸਮੁੰਦਰ ਸੀ। ਅੱਗੇ 'ਪੁਸ਼ਕਰ ਦੀਪ' ਆ ਗਿਆ। ਇਹ ਦੀਪ ਚੌਹਠ ਲੱਖ ਜਜਨ ਸੀ। ਓਡਾ ਹੀ ਅੱਗੇ ਮਿੱਠੇ ਪਾਣੀ ਦਾ ਸਮੁੰਦਰ ਸੀ।

ਗੁਰੂ ਜੀ ਨੇ ਦੱਸਿਆ, ਇਸ ਦੀਪ ਵਿਚ ਕਈ ਥਾਂਈਂ ਸੋਨੇ ਦੀ ਧਰਤੀ ਹੈ। ਪਰੇ ਪਹਾੜ ਹਨ। ਉਸ ਤੋਂ ਪਰੇ ਹਨੇਰਾ ਹੀ ਹਨੇਰਾ ਹੈ।

ਓਥੋਂ ਗੁਰੂ ਜੀ ਫਿਰ ਵਾਪਸ ਜੰਬੂ ਦੀਪ ਆ ਗਏ।

(ਦੀਪ ਦਾ ਅਰਥ ਹੈ ਟਾਪੂ', ਪਾਣੀ ਵਿਚ ਘਿਰੀ ਹੋਈ ਧਰਤੀ। ਪ੍ਰਿਥਵੀ ਬਾਰੇ ਮਨੁੱਖ ਦਾ ਗਿਆਨ ਓਦੋਂ ਅਧੂਰਾ ਤੇ ਕੇਵਲ ਕਲਪਨਾ 'ਤੇ ਆਧਾਰਤ ਸੀ। ਉਹਨੇ ਸਾਰੀ ਪ੍ਰਿਥਵੀ ਨੂੰ ਸੱਤਾਂ ਸਮੁੰਦਰਾਂ ਤੇ ਸੱਤਾਂ ਦੀਪਾਂ ਵਿਚ ਵੰਡ ਲਿਆ, ਤੇ ਉਹਨਾਂ ਦੇ ਆਕਾਰ ਵੀ ਮਿਥ ਲਏ। ਪੁਰਾਣਾਂ ਵਿਚ ਉਹਨਾਂ ਦੇ ਨਾਂਵਾਂ ਵਿਚ ਕੁਛ ਕੁਛ ਫ਼ਰਕ ਹੈ। ਕਵੀ ਸੰਤੋਖ ਸਿੰਘ ਨੇ ਨਾਮ ਦਿਤੇ ਹਨ: ਜੰਬੂ, ਪਲਾਖ, ਸਾਲਮਲੀ, ਕੁਸ, ਕ੍ਰੌਚ, ਸਾਖ, ਪੁਸ਼ਕਰ। ਮਹਾਨ ਕੋਸ਼: ਜੰਬੂ, ਪਲਖ, ਸ਼ਾਲਮਿਲ, ਕੁਸ਼, ਕ੍ਰੌਂਚ, ਸ਼ਾਕ, ਪੁਸ਼ਕਰ। ਕਥਾ ਉਪਦੇਸ਼ ਸਾਗਰ ਵਿਚ: ਜੰਬੂ, ਕੁਸ, ਲਖਣ, ਸਵੇਤ, ਕਰੋਚ, ਸਾਕ, ਪੁਸ਼ਕਰ। ਪਰ ਅੱਜ

---

*ਸਮੁੰਦਰ। []ਊਖ=ਗੰਨਾ। ਗੰਨੇ ਦੇ ਰਸ਼ ਨਾਲ ਭਰਿਆ ਸਮੁੰਦਰ।

Digitized by Panjab Digital Library | www.panjabdigilib.org

ਤਾਂ ਮਨੁੱਖ ਨੇ ਧਰਤੀ ਦਾ ਚੱਪਾ ਚੱਧਾ ਗਾਹ ਮਾਰਿਆ ਹੈ। ਉੱਤਰੀ ਧ੍ਰਵ ਤੋਂ ਬਾਅਦ ਇਨਸਾਨ ਦੱਖਣੀ ਧ੍ਰਵ 'ਤੇ ਵੀ ਜਾ ਪਹੁੰਚਾ ਹੈ।)

# ਵੀਹਵਾਂ ਧਯਾਇ

## ਤਿਲਰੀ ਵਿਖੇ ਸਿੱਧ ਗੋਸਟਿ

ਗੁਰੂ ਜੀ ਫਿਰ ਜੰਬੂ ਦੀਪ ਵਿਚ ਆ ਗਏ।

(ਭਾਗਵਤ ਪੁਰਾਣ ਵਿਚ ਜੰਬੂ ਦੀਪ ਦਾ ਵੇਰਵਾ ਇਉਂ ਦਿਤਾ ਹੈ। ਇਹ ਦੀਪ ਖਾਰੇ ਸਮੁੰਦਰ ਵਿਚ ਘਿਰਿਆ ਹੋਇਆ ਹੈ। ਇਸ ਵਿਚ ਇਕ ਜਾਮਨੂੰ [ਜੰਬੁ] ਦਾ ਏਡਾ ਵੱਡਾ ਦਰਖ਼ਤ ਹੈ, ਜਿਸ ਨਾਲ ਹਾਥੀ ਹਾਥੀ ਜਿੱਡੇ ਜਾਮਨੂੰ ਲੱਗਦੇ ਹਨ। ਜਾਮਨੂੰ ਪੱਕ ਕੇ ਡਿਗਦੇ ਹਨ, ਤਾਂ ਉਹਨਾਂ ਦੇ ਰਸ ਦੀ ਨਦੀ ਵਗ ਤੁਰਦੀ ਹੈ, ਜਿਸ ਦਾ ਨਾਮ 'ਜੰਬੁਨਦ' ਹੈ। ਉਸ ਵਿਚੋਂ ਸੋਨਾ ਨਿਕਲਦਾ ਹੈ। ਏਸੇ ਵਾਸਤੇ ਸੋਨੇ ਨੂੰ 'ਜਾਂਬੁਨਦ' ਵੀ ਕਹਿੰਦੇ ਹਨ। ਜੰਬੂ ਦੀਪ ਦਾ ਵਿਸਤਾਰ ਇਕ ਲੱਖ ਜੋਜਨ ਹੈ। ਇਸ ਦੀਪ ਦੇ ਅੱਗੇ ਨੌਂ ਖੰਡ—ਹਿੱਸੇ, ਭਾਗ—ਹਨ। ਨੌਂ ਖੰਡ ਇਹ ਹਨ: ਇਲਾਵ੍ਰਿਤ, ਰਮਯਕ, ਹਿਰਣਮਯ, ਕੁਰੂਵਰਸ਼, ਹਰਿਵਰਸ਼, ਕਿੰਪੁਰਸ਼, ਕੇਤੁਮਾਲ, ਭਦਰਾਸੂ, ਤੇ ਭਾਰਤ। ਅੱਜ ਵਿਦਵਾਨਾਂ ਦੀ ਰਾਏ ਹੈ, ਕਿ ਏਸ਼ੀਆ ਹੀ ਜੰਬੂਦੀਪ ਹੈ।)

(ਤਿਲਰੀ ਵਿਚ) ਸਿੱਧਾਂ ਦਾ ਮੇਲਾ ਸੀ। ਗੁਰੂ ਜੀ ਵੀ ਜਾ ਪਹੁੰਚੇ। (ਗੁਰੂ ਜੀ ਦੀ ਪ੍ਰੀਖਿਆ ਲੈਣ ਹਿਤ) ਸਿੱਧਾਂ ਨੇ ਇਕ ਤਿਲ ਗੁਰੂ ਜੀ ਦੀ ਭੇਟਾ ਧਰਿਆ, ਤੇ ਕਿਹਾ. ਇਹ ਸਾਰਿਆਂ ਨੂੰ ਵਰਤਾ ਦਿਹੋ।

ਗੁਰੂ ਜੀ ਨੇ ਬਾਲੇ ਨੂੰ ਹੁਕਮ ਕੀਤਾ, ਕਿ ਇਹ ਤਿਲ ਘੋਟੋ। ਥੋੜ੍ਹੀ ਦੂਰ ਇਕ ਨਦੀ ਵਹਿ ਰਹੀ ਸੀ,

"ਹੁਤੀ ਦੂਰ ਸਰਤਾ ਬਹਿ ਬਾਰੀ[1]।
ਊਚੇ ਸੁਰ ਸੋ ਗੁਰੂ ਗੁਹਾਰੀ[2] ।੪।
ਸੋ ਆਈ ਤਤਕਾਲ ਅਗਾਰੀ ॥੫॥
ਮਨਹੁ ਬੁਲਾਈ ਕਿਨ ਗੋਪਾਰੀ[3] ।......੬।"

ਨਦੀ ਦੇ ਪਾਣੀ ਵਿਚ ਤਿਲ ਘੋਟ ਕੇ ਸਾਰੇ ਸਿੱਧਾਂ ਨੂੰ ਵਰਤਾ ਦਿਤਾ। ਸਿੱਧ ਬਹੁਤ ਸ਼ਰਮਸਾਰ ਹੋਏ।

---

1. ਸਰਤਾ=ਨਦੀ। ਪਾਣੀ ਦੀ ਭਰੀ ਨਦੀ ਵਗਦੀ ਸੀ। 2. ਬੁਲਾਈ।
3. ਜਿਵੇਂ ਕ੍ਰਿਸਨ ਦੀਆਂ ਬੁਲਾਈਆਂ ਗੋਪੀਆਂ ਆਉਂਦੀਆਂ ਹਨ।

Digitized by Panjab Digital Library | www.panjabdigilib.org

ਮੰਗਲ ਨਾਥ ਨੇ ਗੁਰੂ ਜੀ 'ਤੇ ਬੜੀ ਸ਼ਰਧਾ ਪਰਗਟ ਕੀਤੀ। ਗੁਰੂ ਜੀ ਨੇ ਕਿਹਾ, ਨਾਮ ਸਿਮਰਨ ਬਿਨਾਂ ਗਤੀ ਨਹੀਂ।

ਭੰਗਰ ਨਾਥ ਨੇ ਕਿਹਾ, ਜੋਗ ਬਿਨਾਂ ਗਿਆਨ ਪ੍ਰਾਪਤ ਨਹੀਂ ਹੋ ਸਕਦਾ।

ਉੱਤਰ ਵਿਚ ਗੁਰੂ ਜੀ ਨੇ ਇਹ ਅਸਟਪਦੀ ਉਚਾਰੀ,

"ਜਗੁ ਪਰਬੋਧਹਿ ਮੜੀ ਬਧਾਵਹਿ।......।"

(ਰਾਮਕਲੀ, ਮ: ੧, ਪੰਨਾ ੯੦੩)

ਓਥੋਂ ਅੱਗੇ ਗੁਰੂ ਜੀ ਗੋਰਖਮਤੇ ਜਾ ਪਹੁੰਚੇ। ਹਜ਼ੂਰ ਇਕ ਸੁੱਕੇ ਬਿਰਛ ਥੱਲੇ ਬੈਠੇ, ਤਾਂ ਉਹ ਹਰਿਆ ਹੋ ਗਿਆ।

ਸਰਦੀ ਦੀ ਰਾਤ, ਬਾਲੇ ਨੂੰ ਗੁਰੂ ਜੀ ਨੇ ਧੂਣੀ ਤੋਂ ਅੱਗ ਲੈਣ ਭੇਜਿਆ। ਬਾਲੇ ਨੇ ਇਕ ਧੂਣੀ ਤੋਂ ਅੱਗ ਲਈ, ਤਾਂ ਸਿੱਧਾਂ ਨੇ ਖੁਹ ਲਈ। ਬਾਲਾ ਖ਼ਾਲੀ ਹੱਥ ਮੁੜ ਆਇਆ। ਗੁਰੂ ਜੀ ਨੇ ਕਿਹਾ, ਕੱਪੜਾ ਝਾੜ। ਉਹਨੇ ਕੱਪੜਾ ਝਾੜਿਆ, ਤਾਂ ਵਿਚੋਂ ਚਾਰ ਮੇਂਙਣਾਂ ਨਿਕਲੀਆਂ। ਉਹਨਾਂ ਨਾਲ ਗੁਰੂ ਜੀ ਨੇ ਧੂਣੀ ਬਾਲ ਲਈ। ਸਿੱਧਾਂ ਨੇ ਪੌਣ (ਹਨੇਰੀ) ਛੱਡ ਦਿਤੀ, ਜਿਸ ਨਾਲ ਕਈ ਦਰਖ਼ਤ ਉਖੜ ਗਏ।

"ਜਿਸ ਬ੍ਰਿਛਹਿ ਕੇ ਤਰ ਗੁਰੂ ਉਡਨ ਲਗਯੋ ਜਬ ਸੋਇ ॥
ਨਿਜ ਕਰ ਸੋ ਥੰਮਯੋ ਤਬਹਿ ਰਹਯੋ ਰਹੇ ਥਿਰ ਹੋਇ ।੩੨।"

ਰਾਤ ਦੀ ਹਵਾ ਵਿਚ ਸਭ ਸਿੱਧਾਂ ਦੀਆਂ ਧੂਣੀਆਂ ਉਡ ਗਈਆਂ। ਕੇਵਲ ਗੁਰੂ ਜੀ ਦੀ ਧੂਣੀ ਕਾਇਮ ਰਹੀ।

ਗੋਰਖ ਦਾ ਭੇਜਿਆ ਭਰਥਰੀ ਗੁਰੂ ਜੀ ਤੋਂ ਅੱਗ ਲੈਣ ਆਇਆ। ਗੁਰੂ ਜੀ ਨੇ ਕਿਹਾ, ਪਹਿਲਾਂ ਗੋਰਖ ਦੀ ਇਕ ਮੁੰਦਰਾ ਤੇ ਖੜਾਉਂ ਲਿਆ ਕੇ ਭੇਟਾ ਕਰੋ, ਫਿਰ ਅੱਗ ਮਿਲੇਗੀ। ਗੋਰਖ ਨੇ ਸੋਚਿਆ, ਦੋਵੇਂ ਚੀਜਾਂ ਦੇ ਦੇਂਦੇ ਆਂ, ਫਿਰ ਸ਼ਕਤੀ ਨਾਲ ਮੰਗਾ ਲਵਾਂਗਾ।

ਮੁੰਦਰਾ ਤੇ ਖੜਾਉਂ ਦੇ ਕੇ ਸਿੱਧਾਂ ਨੇ ਅੱਗ ਮੰਗਾਈ ਤੇ ਸਰਦੀ ਦੀ ਰਾਤ ਕੱਟੀ।

"ਗੋਰਖ ਛੂਛਾ[1] ਸ਼ਕਤ ਤੇ ਬੈਸਾ ਹੋਇ ਅਧੀਰ।
ਚਿੰਤਾ ਸਰਤਾ[2] ਮਹਿ ਬਹਿਯੋ ਪਾਇਓ ਜਾਇ ਨ ਤੀਰ[3] ।੪੧।"

ਭੰਗਰ ਨੇ ਆਪਣੀ ਸ਼ਕਤੀ ਨਾਲ ਮੁੰਦਾ ਤੇ ਖੜਾਉਂ ਵਾਪਸ ਲੈਣ ਦਾ ਯਤਨ ਕੀਤਾ, ਪਰ ਪੇਸ਼ ਨਾ ਗਈ। ਹਾਰ ਕੇ ਭੰਗਰ ਗੁਰੂ ਜੀ ਪਾਸ ਗਿਆ, ਕਿ ਮੇਰਾ ਤੂੰਬਾ ਪਾਣੀ ਦਾ ਭਰ ਦਿਹੋ। ਗੁਰੂ ਜੀ ਨੇ ਤੂੰਬਾ ਦੁੱਧ ਦਾ ਭਰ ਦਿਤਾ। ਸਾਰੇ ਸਿੱਧਾਂ ਰੱਜ ਕੇ ਪੀਤਾ, ਪਰ ਦੁੱਧ ਮੁਕਿਆ ਨਾ।

---

1. ਖ਼ਾਲੀ। 2. ਨਦੀ। 3. ਕਨਾਰਾ।

Digitized by Panjab Digital Library | www.panjabdigilib.org

ਫਿਰ ਸ਼ੰਭੂ ਨੇ ਆ ਕੇ ਕਿਹਾ,

"ਪੂਰਬੀ ਕੇ ਹੈ ਕਾਲ ਅਬ ਸੁਰਸਰ[1] ਕੋ ਮੰਗਵਾਇ।"

ਗੁਰੂ ਜੀ ਨੇ ਮਰਦਾਨੇ ਨੂੰ ਫਹੁੜੀ (ਭਉੜੀ) ਦੇ ਕੇ ਭੇਜਿਆ, ਤੇ ਹੁਕਮ ਕੀਤਾ, ਕਿ ਪਿੱਛੇ ਮੁੜ ਕੇ ਨਹੀਂ ਵੇਖਣਾ। ਮਰਦਾਨਾ ਗਿਆ। ਗੰਗਾ ਦੇ ਕਨਾਰੇ ਤੋਂ ਫਹੁੜੀ ਘਸੀਟਦਾ ਤੁਰ ਪਿਆ, ਥੋੜੀ ਦੂਰੀ ਰਹਿ ਗਿਆ। ਤਾਂ ਸ਼ੰਕਾ ਨਵਿਰਤ ਕਰਨ ਵਾਸਤੇ ਉਹਨੇ ਪਿਛੇ ਪਰਤ ਕੇ ਵੇਖਿਆ। ਗੰਗਾ ਓਥੇ ਖਲੋ ਗਈ। ਫਿਰ ਮਰਦਾਨਾ ਜ਼ੋਰ ਲਾ ਰਿਹਾ, ਪਰ ਗੰਗਾ ਅਗਾਂਹ ਨਾ ਤੁਰੀ।

(ਏਹੀ ਕਹਾਣੀ ਅਨੰਦਪੁਰ ਵਿਚ ਹਮੈਤੀ ਨਾਲੇ ਬਾਰੇ ਹੈ।)

ਗੁਰੂ ਜੀ ਨੇ ਸਿੱਧਾਂ ਨੂੰ ਕਿਹਾ, ਲੌ, ਏਥੋਂ ਤਕ ਮਰਦਾਨਾ ਲੈ ਆਇਆ ਹੈ, ਅਗ੍ਹਾਂ ਤੁਸੀਂ ਲੈ ਆਉ।

ਸਿੱਧ ਸ਼ਕਤੀ ਲਾ ਹਾਰੇ, ਪਰ ਗੰਗਾ ਅਗਾਂਹ ਨਾ ਆਈ।

ਕੁਛ ਸਿੱਧ ਤਾਂ ਗੁਰੂ ਜੀ ਦੇ ਚਰਨੀ ਢਹਿ ਪਏ, ਪਰ ਕੁਛ ਸਗੋਂ ਔਖੇ ਹੋ ਗਏ। ਮਛੰਦਰ ਨ ਕਿਹਾ, ਸਾਨੂੰ ਏਥੇ ਬੈਠੇ ਮਿੱਠੇ ਫਲ ਖੁਆਉ।

ਰੇਠੇ ਦੇ ਇਕ ਟਾਹਣ ਥੱਲੇ ਸਿੱਧ ਬੈਠੇ ਸਨ, ਤੇ ਇਕ ਥੱਲੇ ਗੁਰੂ ਜੀ। ਮਹਾਰਾਜ ਨੇ ਆਪਣੇ ਪਾਸੇ ਦੇ ਫਲਾਂ (ਰੇਠਿਆਂ) ਵੱਲ ਵੇਖਿਆ, ਤਾਂ ਉਹ ਮਿੱਠੇ ਹੋ ਗਏ। ਸਿੱਧਾਂ ਨੂੰ ਕਿਹਾ, ਤੁਸੀਂ ਆਪਣੇ ਪਾਸੇ ਦੇ ਮਿੱਠੇ ਕਰੋ। ਪਰ ਉਹ ਨਾ ਕਰ ਸਕੇ। ਸਿੱਧਾਂ ਖਾ ਕੇ ਵੇਖੇ। ਕਵੀ ਜੀ ਲਿਖਦੇ ਹਨ:

"ਅਬ ਲੌ ਤਿਹ ਠਾਂ ਅਹੈ ਨਿਸਾਨੀ।
ਅਰਧ ਮਧੁਰ, ਅਰਧਹੁ ਕਰਵਾਨੀ।*੬੨।"

ਅਗਲੇ ਦਿਨ ਸਿੱਧਾਂ ਨੇ ਹੋਰ ਛਲ ਕੀਤਾ। ਧਰਤੀ ਪੁੱਟ ਕੇ ਵਿਚ ਇਕ ਬਾਲਕ ਬਿਠਾ ਦਿਤਾ, ਤੇ ਉਪਰ ਕੁਛ ਪਰਦਾ ਕਰ ਦਿਤਾ। ਸ਼ਰਤ ਰੱਖੀ, ਕਿ ਤਿੰਨ ਵਾਰ ਧਰਤੀ ਨੂੰ ਪੁੱਛੀਏ, ਕਿ ਇਹ ਧਰਤੀ ਕਿਸ ਦੀ ਹੈ।

ਸਿੱਧਾਂ ਦੇ ਪੁਛਣ 'ਤੇ ਦੋ ਵਾਰ ਬਾਲਕ ਨੇ ਕਹਿ ਦਿਤਾ, ਕਿ ਇਹ ਧਰਤੀ ਸਿੱਧਾਂ ਦੀ ਹੈ। ਤੀਸਰੀ ਵਾਰ ਉਤਰ ਦੇਣ ਤੋਂ ਪਹਿਲਾਂ ਬਾਲਕ ਮਰ ਗਿਆ। ਉਹ ਮਰਿਆ ਹੋਇਆ ਧਰਤੀ ਚੋਂ ਕਢਿਆ।

ਪ੍ਰਾਨ ਨਾਥ ਤੇ ਮੰਗਲ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ, ਆਪ ਗੋਰਖ ਦਾ ਮੁੰਦ੍ਰਾ ਤੇ ਖੜਾਉਂ ਸ਼ਕਤੀ ਸਮੇਤ ਵਾਪਸ ਕਰ ਦਿਹੋ, ਤੇ ਇਸ ਬਾਲਕ ਨੂੰ ਜ਼ਿੰਦਾ ਕਰ ਦਿਹੋ।

---

1. ਸੁਰਸਰੀ, ਗੰਗਾ।

* ਕੌੜੇ।

Digitized by Panjab Digital Library | www.panjabdigilib.org

ਕਿਰਪਾ ਕਰ ਕੇ ਗੁਰੂ ਜੀ ਨੇ ਚੀਜ਼ਾਂ ਵਾਪਸ ਕਰ ਦਿਤੀਆਂ, ਤੇ ਕਿਹਾ, ਇਹ ਖੜਾਉਂ ਬਾਲਕ ਸਿਰ ਲਾਉ, ਜੀ ਉਠੇਗਾ।

ਬਾਲਕ ਜ਼ਿੰਦਾ ਹੋ ਗਿਆ। ਗੋਰਖ ਮਤੇ ਦਾ ਨਾਮ 'ਨਾਨਕ ਮਤਾ' ਰਖ ਕੇ ਗੁਰੂ ਜੀ ਓਥੋਂ ਅੱਗੇ ਚਾਲੇ ਪਾ ਗਏ।

# ਇੱਕੀਵਾਂ ਧਯਾਇ

## ਦਿੱਲੀ ਤੇ ਮਰਦਾਨੇ ਦਾ ਪ੍ਰਸੰਗ

(ਸੁਰਸਤੀ ਦੇਵੀ ਦੇ ਨਾਲ, ਕਦੇ ਚੰਡਿਕਾ ਵੀ ਯਾਦ ਆ ਜਾਂਦੀ ਹੈ।)

"ਨਮੋ ਚੰਡਿਕਾ ਮੰਡਕਾ ਸਰਬ ਲੋਕਾ।
ਪ੍ਰਸੀਦੇ ਸਬਾ ਦਾਤ ਦੇਤੀ ਅਸੋਕਾ।
ਹਤੇ ਦੈਂਤ ਬ੍ਰਿੰਦੰ, ਰਖਿਓ ਬੱਜਰ ਪਾਨੀ।
ਕਰੋ ਗ੍ਰੰਥ ਪੂਰੰ, ਨਮੋ ਬਾਕ ਬਾਨੀ।੧।

ਗੁਰੂ ਜੀ ਦਿੱਲੀ ਦੇ ਬਾਹਰ ਆ ਬੈਠੇ। ਮਰਦਾਨਾ ਸਬਦ ਗਾਉਣ ਲੱਗਾ। ਓਸੇ ਬਾਗ਼ ਵਿਚ ਬਾਦਸ਼ਾਹ ਦਾ ਹਾਥੀ ਮਰ ਗਿਆ। ਗ਼ਰੀਬ ਮਹਾਵਤ ਰੋ ਰਿਹਾ ਸੀ। ਉਸ ਦੀ ਰੋਜ਼ੀ ਹਾਥੀ ਕਾਰਨ ਸੀ।

ਗੁਰੂ ਜੀ ਨੂੰ ਤਰਸ ਆ ਗਿਆ। ਹਜ਼ੂਰ ਨੇ ਕਿਹਾ, ਮਰਦਾਨਿਆਂ! ਸਤਿਨਾਮ ਕਹਿ ਕੇ ਇਸ 'ਤੇ ਜਲ ਛਿੜਕ। ਮਰਦਾਨੇ ਜਲ ਛਿੜਕਿਆ, ਤਾਂ ਹਾਥੀ ਜਿਉਂ ਉਠਿਆ। ਮਹਾਵਤ ਨੇ ਸਾਰੇ ਸ਼ਹਿਰ ਵਿਚ ਖ਼ਬਰ ਪੁਚਾ ਦਿਤੀ।

ਸੁਣ ਕੇ ਕਾਜ਼ੀ ਤੇ ਬਾਦਸ਼ਾਹ ਦਰਸ਼ਨ ਵਾਸਤੇ ਆਏ। ਕਾਜ਼ੀ ਨੇ ਬੜੀ ਸਿਫ਼ਤ ਕੀਤੀ। ਗੁਰੂ ਜੀ ਨੇ ਕਿਹਾ,

"ਹਮ ਹੈਂ ਕੌਨ, ਮ੍ਰਿਤਕ ਜੀਵਾਰਹਿ।
ਇਕ ਕਰਤਾਰ ਜਿਆਵਹਿ ਮਾਰਹਿ।੨੭।"

ਕਾਜ਼ੀ ਨੇ ਕਿਹਾ, ਹੁਣ ਹਾਥੀ ਮਾਰ ਕੇ ਵਿਖਾਉ, ਫਿਰ ਮੰਨਾਂਗੇ।

"ਸੁਨ ਪ੍ਰਭ ਬੋਲੇ ਸਹਿਜ ਸੁਭਾਇ।
ਜਿਉ ਖ਼ੁਦਾਇ ਕੀ ਹੋਇ ਰਜਾਇ।੨੯।"

ਹਾਥੀ ਮਰ ਗਿਆ। ਉਸ ਵੇਲੇ ਨਜ਼ਾਮ ਦੀਨ ਪੀਰ ਵੀ ਪਾਸ ਸੀ। ਉਸ ਨੇ ਕਾਜ਼ੀ ਨੂੰ ਕਿਹਾ. ਇਹ ਖ਼ੁਦਾ ਰੂਪ ਹਨ, ਇਹਨਾਂ 'ਤੇ ਈਮਾਨ ਲਿਆ। ਕਾਜ਼ੀ ਨੇ ਕਿਹਾ, ਹੁਣ ਜ਼ਿੰਦਾ ਕਰ ਦੇਣ, ਤਾ ਮੰਨ ਲਵਾਂਗਾ।

"ਸੁਨ ਗੁਨ ਐਨ ਸੁ ਬੈਨ ਉਚਾਰੇ।
ਸੰਤ ਬਚਨ ਕੇ ਜੇਊ ਮਾਰੇ।੩੨।

Digitized by Panjab Digital Library | www.panjabdigilib.org

ਤਿਨ ਕੋ ਕੋਇ ਨ ਸਕੈ ਜਿਵਾਇ।
ਮੇਟੀ ਜਾਇ ਨ ਕਰਮ ਰਜਾਇ।
ਈਸ਼ਰ ਆਇਸ ਸੰਤ ਹਟਾਵੈ,
ਸੰਤ ਕਹੇ ਕੋ, ਕੌਨ ਮਿਟਾਵੈ।੩੩।"

(ਏਥੇ ਅੰਬਰੀਕ ਤੇ ਦੁਰਬਾਸ਼ਾ ਦੀ ਕਥਾ ਹੈ।)

"ਜਿਉਂ ਅੰਬ੍ਰੀਕ ਭਗਤ ਢਿਗ ਆਯੋ।
ਦੁਰਬਾਸਾ ਉਰ ਕ੍ਰੋਧ ਬਢਾਯੋ।੩੫।"

(ਅਯੁੱਧਿਆ ਦਾ ਸੂਰਜ ਬੰਸੀ ਰਾਜਾ ਅੰਬਰੀਕ ਕੱਤਕ ਦੁਆਦਸੀ ਨੂੰ ਏਕਾਦਸੀ ਦਾ ਵਰਤ ਉਪਾਰਣ ਵਾਲਾ ਸੀ, ਜਾਂ ਕ੍ਰੋਧੀ ਰਿਖੀ ਦੁਰਬਾਸਾ ਆ ਗਿਆ। ਰਾਜੇ ਨੇ ਉਸ ਦਾ ਭੋਜਨ ਵਰਜਿਆ। ਦੁਰਬਾਸਾ ਨੇ ਕਿਹਾ, ਮੈਂ ਇਸ਼ਨਾਨ ਕਰਕੇ ਆਉਂਦਾ ਹਾਂ। ਉਹਨੇ ਬਹੁਤ ਦੇਰ ਕਰ ਦਿਤੀ। ਪ੍ਰੋਹਤ ਦੇ ਕਹਿਣ ਉਤੇ ਰਾਜੇ ਨੇ ਵਰਤ ਉਪਾਰ ਲਿਆ, ਭੋਜਨ ਛਕ ਲਿਆ। ਦੁਰਬਾਸਾ ਵੀ ਵਾਪਸ ਆ ਗਿਆ। ਇਹ ਜਾਣ ਕੇ, ਕਿ ਰਾਜੇ ਨੇ ਰਿਖੀ ਤੋਂ ਪਹਿਲਾਂ ਹੀ ਭੋਜਨ ਕਰ ਲਿਆ ਹੈ, ਦੁਰਬਾਸਾ ਨੇ ਆਪਣੀ ਲਿਟ ਪੁੱਟ ਕੇ ਇਕ ਸ਼ਕਤੀਵਾਨ ਪੁਰਸ਼ ਪੈਦਾ ਕੀਤਾ, ਜੋ ਅੰਬਰੀਕ ਨੂੰ ਮਾਰਨ ਵਾਸਤੇ ਵਧਿਆ। ਅੰਬਰੀਕ ਦੀ ਰਖਿਆ ਵਾਸਤੇ ਵਿਸ਼ਨੂੰ ਨੇ ਸੁਦਰਸ਼ਨ ਚੱਕਰ ਛਡਿਆ। ਉਸ ਰਿਖੀ ਦੇ ਪੈਦਾ ਕੀਤੇ ਸ਼ਕਤੀਵਾਨ ਨੂੰ ਮਾਰ ਕੇ ਚੱਕਰ ਦੁਰਬਾਸਾ ਪਿੱਛੇ ਲੱਗ ਪਿਆ। ਅੱਗੇ ਅੱਗੇ ਦੁਰਬਾਸਾ ਤੇ ਮਗਰ ਮਗਰ ਚੱਕਰ। ਕਿਤੇ ਬਚਾਉ ਨਾ ਹੋਇਆ, ਤਾਂ ਅੰਤ ਦੁਰਬਾਸਾ ਰਾਜਾ ਅੰਬਰੀਕ ਦੀ ਸ਼ਰਣ ਆ ਪਿਆ। ਅੰਬਰੀਕ ਨੇ ਹੀ ਦੁਰਬਾਸਾ ਨੂੰ ਚੱਕਰ ਤੋਂ ਬਚਾਇਆ।)

ਅਖ਼ੀਰ ਪੀਰ ਨਿਜ਼ਾਮ ਦੀਨ ਦੀ ਬੇਨਤੀ ਮੰਨ ਕੇ, ਗੁਰੂ ਜੀ ਨੇ ਮਰਦਾਨੇ ਨੂੰ ਹੁਕਮ ਕੀਤਾ। ਮਰਦਾਨੇ ਨੇ ਜਲ ਛਿੜਕਿਆ, ਤਾਂ ਹਾਥੀ ਜਿਉਂ ਪਿਆ।

ਗੁਰੂ ਜੀ ਨੇ ਸਭ ਨੂੰ ਨੇਕੀ ਤੇ ਸਿਮਰਨ ਦਾ ਉਪਦੇਸ਼ ਕੀਤਾ।

ਦਿੱਲੀ ਤੋਂ ਚੱਲ ਕੇ ਗੁਰੂ ਜੀ ਇਕ ਹੋਰ ਨੱਗਰ ਦੇ ਬਾਹਰ ਜਾ ਬੈਠੇ। ਮਰਦਾਨੇ ਨੂੰ ਨੱਗਰ ਵਿਚ ਭੇਜਿਆ। ਲੋਕਾਂ ਨੇ ਮਰਦਾਨੇ ਦੀ ਬਹੁਤ ਪੂਜਾ ਕੀਤੀ। ਬਸਤਰ ਤੇ ਹੋਰ ਪਦਾਰਥ ਭੇਟਾ ਕੀਤੇ। ਮਰਦਾਨਾ ਸਭ ਕੁਛ ਚੁਕਵਾ ਕੇ ਗੁਰੂ ਜੀ ਪਾਸ ਲੈ ਆਇਆ। ਗੁਰੂ ਜੀ ਨੇ ਕਿਹਾ, ਮਰਦਾਨਿਆਂ! ਲੋਭ ਤੋਂ ਬਚ। ਇਹ ਸਭ ਕੁਛ ਗਰੀਬਾਂ ਵਿਚ ਵੰਡ ਦਿਹ। ਮਰਦਾਨੇ ਨੇ ਹੁਕਮ ਮੰਨ ਕੇ ਸਭ ਕੁਛ ਵੰਡ ਦਿਤਾ।

ਓਥੋਂ ਅੱਗੇ ਤੁਰੇ, ਤਾਂ ਗੁਰ ਜੀ ਨੇ ਬੜਾ ਅਨੋਖਾ ਭੇਸ ਧਾਰ ਲਿਆ।

"ਕੇਸਰ ਤਿਲਕ ਭਾਲ[1] ਮਹਿ ਲਾਲਾ।
ਸਿਰ ਪਰ ਊਰਧ[2] ਕੁਲਹਿ ਬਿਸਾਲਾ।੭੧,
ਭਗਵੇ ਉਪਰ ਅੰਬਰ[3] ਲੀਨਾ।
ਨੀਲੋ ਤੇੜ ਲਪੇਟਨ ਕੀਨਾ।

1. ਮੱਥਾ, ਪੇਸ਼ਾਨੀ। 2 ਉੱਪਰ ਨੂੰ। 3. ਕੱਪੜਾ।

Digitized by Panjab Digital Library | www.panjabdigilib.org

ਮਾਲ ਬਿਸਾਲ ਕੰਠ ਮਹਿ ਪਾਈ ।
ਇਕ ਰੁਮਾਲ ਕਰ ਮਾਹਿ ਸੁਹਾਈ ।੭੨।
ਇਕ ਪਗ ਪਨਹੀ[1] ਨੋਕ ਬਡ, ਇਕ ਪਗ ਕੌਸ[2] ਟਿਕਾਇ ।
ਹਿੰਦੂ ਤੁਰਕ ਨ ਲਖ ਪਰੈ, ਐਸੇ ਬੇਖ ਬਨਾਇ ।੭੩।"

# ਬਾਈਵਾਂ ਧਯਾਇ

## ਬ੍ਰਹਿਮਣ ਨੂੰ ਤਾਰਿਆ

ਅਨੇਕ ਥਾਂਵਾਂ ਤੇ ਚੱਕਰ ਲਾ ਕੇ ਗੁਰੂ ਜੀ ਲਾਹੌਰ ਆ ਗਏ। ਓਥੇ ਕਸਾਬ ਪੁਰਾ ਵਿਚ ਉਤਾਰਾ ਕੀਤਾ। ਗਊ ਹੱਤਿਆ ਹੁੰਦੀ ਵੇਖ ਕੇ ਮਹਾਰਾਜ ਨੇ ਬਚਨ ਉਚਾਰਿਆ,

"ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ ।"

(ਸਲੋਕ ਵਾਰਾਂ ਤੇ ਵਧੀਕ, ਮ. ੧. ਪੰਨਾ ੧੪੧੨)

ਗੁਰੂ ਜੀ ਨੇ ਬਾਲੇ ਨੂੰ ਕਿਹਾ,

"ਦਸਵਾਂ ਜਾਮਾ ਪਹਿਰੋਂ ਜਬ ਹੀ ।
ਧਰਮ ਪੰਥ ਪ੍ਰਗਟਾਵੋਂ ਤਬ ਹੀ ।੫।
ਆਯੁਧ* ਧਰਿ ਕੈ ਜੁਧ ਮਚਾਵਹਿ ।
ਤੁਰਕਨ ਕੀ ਸਭ ਸਫ਼ਾ ਉਠਾਵਹਿ ।......੬।"

ਓਸੇ ਵੇਲੇ ਮਹਾਰਾਜ ਓਥੋਂ ਤੁਰ ਪਏ। ਅੱਗੇ ਇਕ ਪਖੰਡੀ ਪੰਡਤ ਨਜ਼ਰ ਪੈ ਗਿਆ। ਉਹ ਚੌਕਾ ਲਿੱਪ ਕੇ, ਆਸਣ ਵਿਛਾ ਕੇ, ਤਿਲਕ ਲਾ ਕੇ, ਸਾਮ੍ਹਣੇ ਸਾਲਗਰਾਮ ਰਖ ਕੇ, ਅੱਖਾਂ ਮੀਟ ਕੇ ਮਾਲਾ ਫੇਰ ਰਿਹਾ ਸੀ। ਲੋਕ ਪੈਸੇ ਚੜ੍ਹਾ ਰਹੇ ਸਨ। ਗੁਰੂ ਜੀ ਨੇ ਕਿਹਾ, ਤੇਰਾ ਇਸ਼ਟ (ਸਾਲਗਰਾਮ) ਤਾਂ ਸਾਮ੍ਹਣੇ ਹੈ, ਫਿਰ ਤੂੰ ਅੱਖਾਂ ਬੰਦ ਕਿਉਂ ਕੀਤੀਆਂ ਹਨ। ਪੰਡਤ ਨੇ ਕਿਹਾ,

"ਪ੍ਰਤਮਾ() ਕੀ ਸੇਵਾ ਕਰ ਲੀਨੀ ।
ਬਾਰ ਬਾਰ ਧਰ ਬੰਦਨ ਕੀਨੀ ।
ਨੈਨ ਮੂੰਦ ਜਬ ਹੀ ਬ੍ਰਿਤ[] ਰੋਕੀ ।
ਹੋਵਤ ਹੈ ਸੁਧ ਮੁਝਹਿ ਤ੍ਰਿਲੋਕੀ ।੧੪।"

ਗੁਰੂ ਜੀ ਨੇ ਉਹ ਚੌਂਕੀ ਹੀ ਛਪਨ ਕਰ ਦਿਤੀ, ਜਿਸ ਉਤੇ ਮੂਰਤੀ ਤੇ ਪੈਸੇ ਪਏ ਸਨ। ਕੁਛ ਸਮੇਂ ਪਿਛੋਂ ਪੰਡਤ ਨੇ ਅੱਖਾਂ ਖੋਹਲ ਕੇ ਵੇਖਿਆ, ਤਾਂ ਰੋਣ ਲੱਗ ਪਿਆ।

1. ਜੁੱਤੀ। 2. ਖੜਾਉਂ।
*ਸ਼ਸਤਰ। () ਮੂਰਤੀ। []ਬਿਰਤੀ।

Digitized by Panjab Digital Library | www.panjabdigilib.org

ਗੁਰੂ ਜੀ ਨੇ ਵਿਅੰਗ ਨਾਲ ਕਿਹਾ, ਤੈਨੂੰ ਤ੍ਰੈਲੋਕੀ ਦਿਸਦੀ ਸੀ, ਤਾਂ ਹੁਣ ਮੂਰਤੀ ਨਹੀਂ ਦਿਸਦੀ ?

ਪੰਡਤ ਨੇ ਸੱਚ ਮੰਨ ਲਿਆ,

"ਝੂਠ ਤਯਾਗ ਤਬ ਸਾਚ ਬਖਾਨਾ ।
ਪੇਟਹਿ ਹੇਤ ਹੁਤੀ ਗੁਜਰਾਨਾ ।੨੧।"

ਮਹਾਰਾਜ ਨੇ ਕਿਹਾ, ਤੂੰ ਝੂਠ ਤੇ ਪਾਖੰਡ ਤਜ ਕੇ ਸੱਚ ਦਾ ਆਸਰਾ ਕਿਉਂ ਨਹੀਂ ਲੈਂਦਾ ।

"ਦਿਜ ਕਹਿ, ਕੂਰ ਬਿਹੀਨ ਜਗ, ਚਲੈ ਨ ਕਿਵ ਗੁਜਰਾਨ ।
ਸਬ ਪਖੰਡ ਕੋ ਪੂਜਈ, ਸਾਚ ਨ ਸਕਹਿ ਪਛਾਨਾ ।੨੬।"

ਗੁਰੂ ਜੀ ਨੇ ਕਿਹਾ, ਪਿਛਲੇ ਪਾਸੇ ਧਰਤੀ ਪੁਟ ਕੇ ਵੇਖ, ਕਿੰਨਾ ਧਨ ਪਿਆ ਹੈ । ਪੰਡਤ ਨੇ ਪਿਛਲੇ ਪਾਸੇ ਧਰਤੀ ਖੋਦੀ, ਤਾਂ ਹੇਠੋਂ ਧਨ ਨਿਕਲਿਆ ।

ਗੁਰੂ ਜੀ ਨੇ ਸਬਦ ਉਚਾਰਿਆ,

"ਕਾਲੁ ਨਾਹੀ, ਜੋਗੁ ਨਾਹੀ, ਨਾਹੀ ਸਤ ਕਾ ਢਬੁ ।......।"

(ਧਨਾਸਰੀ, ਮ. ੧. ਪੰਨਾ ੬੬੨)

(ਅੱਗੇ ਇਸ ਸਬਦ ਦੀ ਵਿਆਖਿਆ ਹੈ ।)

ਪੰਡਤ ਨੇ ਕਿਹਾ, ਮਹਾਰਾਜ ! ਤੁਸਾਂ ਕਿਵੇਂ ਜਾਣ ਲਿਆ !

ਹਜ਼ੂਰ ਨੇ ਕਿਹਾ,

"ਸੁਨੀਏ ਦਿਜ, ਜਿਨ ਰਿਦੇ ਸਚੁ, ਸੇ ਸਭ ਜਾਣੀ ਜਾਣ ।
ਹਰਿ ਕੇ ਪ੍ਰੀਤਮ ਭਗਤ ਜੇ, ਕਰਹਿ ਨ ਕਹੂੰ ਵਖਾਨ ।੪੦।"

ਪੰਡਤ ਗੁਰੂ ਜੀ ਦੇ ਚਰਨੀ ਢਹਿ ਪਿਆ । ਗੁਰੂ ਜੀ ਨੇ ਕਿਹਾ, ਪਖੰਡ ਛੱਡੋ, ਤੇ ਵਾਹਿਗੁਰੂ ਦਾ ਜਾਪ ਕਰੋ ।

"ਸਾਲਗਰਾਮ ਦੀਨ ਪੁਨ ਤਾਂਹੀ ।
ਇਨਕੀ ਭੀ ਸੇਵਾ ਕਰ ਚਾਹੀ ।
ਭਯੋ ਸਿੱਖ ਸਤਿਗੁਰ ਕੋ ਦਿਜਬਰ ।
ਹਰਖਯੋ ਅਧਿਕ ਸਬਦ ਬਹੁ ਲਿਖ ਕਰ ।੫੯।"

(ਏਥੇ ਕਵੀ ਜੀ ਕੁਛ ਗੜਬੜ ਕਰ ਗਏ ਹਨ ! ਗੁਰੂ ਜੀ ਨੇ ਪੰਡਤ ਨੂੰ ਸਿੱਖ ਵੀ ਬਣਾ ਲਿਆ, ਤੇ ਸਾਲਗਰਾਮ ਵਾਪਸ ਦੇ ਕੇ ਕਿਹਾ, ਕਿ ਤੂੰ ਇਸਦੀ ਸੇਵਾ ਵੀ ਚਾਹ ਨਾਲ ਕਰਿਆ ਕਰ । ਤਾਂ ਕੀ ਸਿੱਖ ਵਾਸਤੇ ਮੂਰਤੀ ਦੀ ਪੂਜਾ ਕਰਨੀ ਜਾਇਜ਼ ਜਾਂ ਲਾਜ਼ਮੀ ਹੈ ? ਇਹ ਵਿਚਾਰ ਸਿੱਖ ਸਿਧਾਂਤ ਦੇ ਉਲਟ ਹੈ ।

ਅੱਗੇ ਗੁਰੂ ਜੀ ਇਕ ਨਗਰ ਪਹੁੰਚੇ । ਉਹਨਾਂ ਲੋਕਾਂ ਮਹਾਰਾਜ ਨੂੰ ਓਥੇ ਬੈਠਣ ਵੀ ਨਾ ਦਿਤਾ, ਸਗੋਂ ਬੋਲ-ਕਬੋਲ ਕੀਤੇ । ਗੁਰੂ ਜੀ ਨੇ ਕਿਹਾ, ਤੁਸੀਂ ਏਥੇ ਵਸਦੇ ਰਹੋ ।

Digitized by Panjab Digital Library | www.panjabdigilib.org

ਅਗਾਂਹ ਹੋਰ ਪਿੰਡ ਵਿਚ ਹਜ਼ੂਰ ਆ ਟਿਕੇ। ਉਹਨਾਂ ਲੋਕਾਂ ਨੇ ਬਹੁਤ ਸੇਵਾ ਕੀਤੀ। ਮਹਾਰਾਜ ਨੇ ਕਿਹਾ, ਇਹ ਪਿੰਡ ਸਾਰਾ ਉਜੜ ਜਾਇਗਾ, ਤੇ ਹੋਰ ਕਈ ਪਿੰਡਾਂ ਵਿਚ ਜਾ ਕੇ ਵੱਸੇਗਾ। ਮਰਦਾਨੇ ਨੇ ਪੁਛਿਆ, ਮਹਾਰਾਜ! ਮੈਨੂੰ ਇਸ ਗੱਲ ਦੀ ਸਮਝ ਨਹੀਂ ਆਈ। ਗੁਰਦੇਵ ਨੇ ਫ਼ੁਰਮਾਇਆ, ਪਹਿਲ ਪਿੰਡ ਵਾਲੇ ਜਿੱਥੇ ਜਾਣਗੇ, ਆਪਣੀ ਬੁਰੀ ਮੱਤ ਹੀ ਲੋਕਾਂ ਨੂੰ ਦੇਣਗੇ। ਇਸ ਲਈ ਅਸਾਂ ਕਿਹਾ, ਇਹ ਏਥੇ ਹੀ ਰਹਿਣ। ਪਰ ਇਸ ਨਗਰ ਵਾਲੇ ਜਿੱਥੇ ਜਿੱਥੇ ਜਾ ਕੇ ਵੱਸਣਗੇ, ਲੋਕਾਂ ਦਾ ਸੁਧਾਰ ਕਰਨਗੇ। ਇਸ ਲਈ ਉਜੜਨ ਦਾ ਬਚਨ ਕੀਤਾ ਹੈ।

ਮਹਾਰਾਜ ਨੇ ਏਥੇ ਇਹ ਸਬਦ ਉਚਾਰਿਆ,

"ਖਾਣਾ ਪੀਣਾ ਹਸਣਾ ਸਉਣਾ, ਵਿਸਰਿ ਗਇਆ ਹੈ ਮਰਣਾ।......।"

(ਮਲਾਰ, ਮ. ੧, ਪੰਨਾ ੧੨੫੪)

## ਤੇਈਵਾਂ ਧਯਾਇ

### ਸਤਘਰੇ ਵਿਚ ਸ਼ਾਹ ਦੁਖੀ

ਮਹਾਰਾਜ ਅੱਗੇ 'ਸਤਘਰੇ' ਨਗਰ ਵਿਚ ਜਾ ਪਹੁੰਚੇ। ਇਕ ਸ਼ਾਹੂਕਾਰ ਨੂੰ ਵੇਖ ਕੇ ਮਰਦਾਨੇ ਨੇ ਕਿਹਾ, ਇਹ ਸ਼ਾਹ ਬਹੁਤ ਸੁਖੀ ਹੈ। ਗੁਰੂ ਜੀ ਨੇ ਕਿਹਾ, ਸ਼ਾਹ ਨੂੰ ਪੁਛ ਕੇ ਵੇਖ। ਮਰਦਾਨੇ ਪੁਛਿਆ, ਤਾਂ ਸ਼ਾਹ ਨੇ ਕਿਹਾ, ਮੇਰੇ ਵਰਗਾ ਹੋਰ ਕੋਈ ਦੁਖੀ ਨਹੀਂ। ਮਰਦਾਨੇ ਦੇ ਪੁਛਣ ਤੇ ਸ਼ਾਹ ਨੇ ਗੁਰੂ ਜੀ ਪਾਸ ਆਪਣਾ ਦੁੱਖ ਦੱਸਿਆ: 'ਪਤਨੀ ਨਾਲ ਮੇਰਾ ਬਹੁਤ ਪਿਆਰ ਸੀ। ਉਹ ਸਖ਼ਤ ਬੀਮਾਰ ਹੋ ਗਈ। ਉਹਨੇ ਤਾਹਨਾ ਦਿਤਾ, ਕਿ ਮੇਰੇ ਮਰਨ ਪਿਛੋਂ ਤੂੰ ਹੋਰ ਪਤਨੀ ਲੈ ਆਵੇਂਗਾ। ਮੈਂ ਉਸਨੂੰ ਯਕੀਨ ਦੁਆਉਣ ਵਾਸਤੇ ਆਪਣਾ ਗੁਪਤ ਅੰਗ ਕੱਟ ਦਿੱਤਾ। ਪਰ ਸਮਾਂ ਪਾ ਕੇ ਉਹ ਅਰੋਗ ਹੋ ਗਈ। ਹੁਣ ਉਹ ਹੋਰ ਮਰਦਾਂ ਨਾਲ ਕੁਕਰਮ ਕਰਦੀ ਹੈ। ਮੈਂ ਸ਼ਰਮ ਦਾ ਮਾਰਿਆ ਚੁੱਪ ਕਰ ਰਹਿੰਦਾ ਹਾਂ। ਗੁਰੂ ਜੀ ਨੇ ਕਿਹਾ, ਇਹ ਕਰਮਾਂ ਦਾ ਫਲ ਹੈ।

(ਇਸ ਕਥਾ ਨਾਲ ਸਿੱਖ ਇਤਿਹਾਸ, ਜਾਂ ਸਿੱਖੀ ਦੇ ਪਰਚਾਰ ਦਾ ਕੀ ਸੰਬੰਧ। ਏਹੋ ਜੇਹੀਆਂ ਸਾਖੀਆਂ ਕਵੀ ਜੀ ਨੂੰ ਸੋਭਦੀਆਂ ਨਹੀਂ ਸਨ।)

ਮਹਾਰਾਜ ਨੇ ਸ਼ਬਦ ਉਚਾਰਿਆ,

"ਸਹੰਸਰ ਦਾਨ ਦੇ ਇੰਦ੍ਰ ਰੋਆਇਆ।......।"

(ਰਾਮਕਲੀ, ਮ. ੧, ਪੰਨਾ ੯੫੩)

(ਬੱਸ, ਇਹ ਸ਼ਬਦ ਦੇਣ ਵਾਸਤੇ ਉਪਰਲੀ ਸਾਖੀ ਘੜੀ ਗਈ ਹੈ।)

ਅੱਗੇ ਅਹੱਲਯਾ ਤੇ ਗੌਤਮ ਦੀ ਸਾਖੀ ਹੈ।

Digitized by Panjab Digital Library | www.panjabdigilib.org

ਇੰਦਰ ਅਹੱਲਯਾ ਤੇ ਮੋਹਤ ਹੋ ਗਿਆ। ਚੰਦਰਮਾ ਨੇ ਕੁੱਕੜ ਬਣ ਕੇ ਅੱਧੀ ਰਾਤ ਬਾਂਗ ਦੇ ਦਿੱਤੀ। ਰਿਖੀ ਗੌਤਮ ਨੇ ਸਮਝਿਆ ਤੜਕਾ ਹੋ ਗਿਆ ਹੈ। ਉਹ ਇਸ਼ਨਾਨ ਕਰਨ ਚਲਾ ਗਿਆ। ਪਿਛੋਂ ਇੰਦਰ ਨੇ ਅਹੱਲਿਆ ਨਾਲ ਕੁਕਰਮ ਕੀਤਾ। ਗੰਗਾ ਨੇ ਗੌਤਮ ਨੂੰ ਸਭ ਕੁਛ ਦੱਸ ਦਿਤਾ। ਉਹਨੇ ਵਾਪਸ ਆ ਕੇ ਸਭ ਕੁਛ ਵੇਖ ਲਿਆ। ਰਿਖੀ ਨੇ ਇੰਦਰ ਨੂੰ ਸਰਾਪ ਦਿਤਾ,

"ਇਕ ਭਗ ਕਾਰਨ ਇਹ ਠਾਂ ਆਯੋ।
ਨਹੀ ਰਿਖਨ ਤੇ ਨੈਕ ਡਰਾਯੋ।੪੯।
ਭਗ ਸਹੰਸ੍ਰ* ਹੋਵਹਿ ਤਨ ਤੇਰੇ।
ਭਯੋ ਸ੍ਰਾਪ ਨਹਿ ਜਾਵਹਿ ਡੇਰੇ।੫੦।"

ਇਸ ਸਰਾਪ ਦੇ ਕਾਰਨ ਇੰਦਰ ਸ਼ਰਮ ਦਾ ਮਾਰਿਆ ਪਾਣੀ ਦੇ ਥੱਲੇ ਕਮਲ ਦੀ ਨਾਭੀ ਵਿਚ ਜਾ ਲੁਕਿਆ।

ਅੱਗੇ ਪਰਸਰਾਮ ਦੀ ਕਥਾ ਹੈ। ਰਾਜਾ ਸਹੰਸਰ ਬਾਹੂ() ਰਿਖੀ ਜਮਦਗਨ ਦੇ ਆਸ਼ਰਮ ਵਿਚ ਗਿਆ। ਰਿਖੀ ਨੇ ਸੁਰਗਾਂ 'ਚੋਂ ਕਾਮਧੇਨ ਮੰਗਵਾ ਕੇ ਰਾਜੇ ਦੀ ਬੜੀ ਸੇਵਾ ਕੀਤੀ। ਰਾਜੇ ਨੇ ਕਾਮਧੇਨ ਕਬਜ਼ੇ 'ਚ ਕਰਨ ਦੀ ਧਾਰੀ, ਤਾਂ ਰਿਖੀ ਨੇ ਕਾਮਧੇਨ ਫਿਰ ਸੁਰਗ ਵਿਚ ਭੇਜ ਦਿਤੀ। ਰਾਜਾ ਸਹੰਸਰ ਬਾਹੂ ਨੇ ਰਿਖੀ ਜਮਦਗਨ ਨੂੰ ਮਾਰ ਦਿਤਾ। ਰਿਖੀ ਦੀ ਪਤਨੀ 'ਰੇਣਕਾ' ਨੇ ਆਪਣੇ ਪੁੱਤਰ (ਪਰਸਰਾਮ) ਨੂੰ ਕਿਹਾ। ਪਰਸਰਾਮ ਨੇ ਸਹੰਸਰ ਬਾਹੂ ਨੂੰ ਮਾਰ ਦਿਤਾ।

"ਭੁਜ ਹਜ਼ਾਰ ਤਿਹ ਕਾਟ ਉਤਾਰੀ।
ਗਿਰਯੋ ਮ੍ਰਿਤਕ ਹ੍ਵੈ ਭੂਮ ਮਝਾਰੀ।......੬੨।"

ਪਰਸਰਾਮ ਨੇ ਇੱਕੀ ਵਾਰ ਛੱਤਰੀਆਂ ਦਾ ਨਾਸ ਕੀਤਾ।

"ਇਕੀਸ ਬਾਰ ਨਿਛੱਤ੍ਰੀ ਧਰਨੀ।
ਅਸਿ ਸੰਗ੍ਰਾਮ ਕਰੋਂ ਬਲ ਕਰਨੀ।੫੯।"

ਅੰਤ ਵਿਚ ਉਸਦਾ ਟਾਕਰਾ ਰਾਮ ਚੰਦਰ ਜੀ ਨਾਲ ਹੋਇਆ।

"ਰਘੁਪਤਿ ਸੰਗਿ ਭਿੜਿਯੋ ਇਕ ਕਾਲਾ।
ਹਰਿਓ ਗਯੋ ਤਹ ਓਜ ਬਿਸਾਲਾ੦।੬੬।
ਲਜਤ ਹੋਇ ਸਦਨ ਮਹਿ ਆਯੋ।
ਸੋ ਰੋਵਤ ਬਲ ਸਕਲ ਹਰਾਯੋ।.. ੬੭।"

(ਪਰਸਰਾਮ--ਭਾਵ, ਕੁਹਾੜਾਧਾਰੀ ਰਾਮ)—ਦੀ ਕਥਾ ਪੁਰਾਣਾਂ, ਮਹਾਭਾਰਤ ਤੇ ਰਮਾਇਣ ਵਿਚ ਆਉਂਦੀ ਹੈ, ਪਰ ਥੋੜੇ ਥੋੜੇ ਫ਼ਰਕ ਨਾਲ 'ਮਤਸਯ ਪੁਰਾਣ' ਅਨੁਸਾਰ ਪਰਸੁਰਾਮ, ਵਿਸ਼ਨੂੰ ਦਾ ਛੇਵਾਂ ਅਵਤਾਰ ਸੀ, ਪਰ ਭਾਗਵਤ ਅਨੁਸਾਰ ਸੋਲ੍ਹਵਾਂ ਅਵਤਾਰ।

---

* ਹਜਾਰ। () ਹਜ਼ਾਰ ਬਾਂਹਾਂ ਵਾਲਾ। ੦ ਵੱਡਾ ਬਲ।

Digitized by Panjab Digital Library | www.panjabdigilib.org

ਪਰ ਉਸਨੂੰ ਵਿਸ਼ਨੂੰ ਦਾ ਅਵਤਾਰ ਮੰਨਿਆਂ ਹੈ ਸਭ ਨੇ। ਇਹ ਰਿਖੀ ਜਮਦਗਨਿ ਬ੍ਰਾਹਮਣ ਤੇ ਰੇਣਕਾ ਦਾ ਪੰਜਵਾਂ ਪੁੱਤਰ ਸੀ। ਤ੍ਰੇਤਾ ਯੁੱਗ ਦੇ ਆਰੰਭ ਵਿਚ ਉਸਨੇ ਪਿਤਾ ਦਾ ਬਦਲਾ ਲੈਣ ਵਾਸਤੇ ਇੱਕੀ ਵਾਰ ਛੱਤਰੀਆਂ ਦਾ ਨਾਸ ਕੀਤਾ। ਪਰਸ਼ੁਰਾਮ ਨੇ ਸ਼ਸਤਰ ਵਿੱਦਿਆ ਸ਼ਿਵਾਂ ਤੋਂ ਸਿੱਖੀ ਸੀ। ਮਹਾਂਭਾਰਤ ਅਨੁਸਾਰ ਪਰਸ਼ਰਾਮ ਨੇ ਪਿਤਾ ਦੇ ਕਹਿਣ ਉਤੇ ਆਪਣੀ ਮਾਤਾ ਦਾ ਸਿਰ ਵੱਢ ਦਿਤਾ ਸੀ। [ਪਰ ਕਿਉਂ ? ਕਾਰਨ ਨਹੀਂ ਦੱਸਿਆ।] ਰਾਮਚੰਦਰ ਜੀ ਨਾਲ ਟਾਕਰਾ ਹੋਇਆ, ਤਾਂ ਪਰਸ਼ਰਾਮ ਹਾਰ ਗਿਆ, ਤੇ ਸ਼ਰਮ ਦਾ ਮਾਰਿਆ ਰੋ ਪਿਆ। ਏਥੇ ਇਕ ਅਜੇਹਾ ਸਵਾਲ ਪੈਦਾ ਹੁੰਦਾ ਹੈ, ਜਿਸਦਾ ਉਤਰ ਪੁਰਾਣਾਂ ਜਾਂ ਮਹਾਭਾਰਤ ਵਿਚ ਨਹੀਂ ਮਿਲਦਾ। ਪਰਸ਼ਰਾਮ ਵੀ ਵਿਸ਼ਨੂੰ ਦਾ ਅਵਤਾਰ, ਤੇ ਸ੍ਰੀ ਰਾਮ ਚੰਦਰ ਜੀ ਵੀ ਵਿਸ਼ਨੂੰ ਦੇ ਅਵਤਾਰ। ਦੋਵੇਂ ਸਮਕਾਲੀ। ਇਕ ਵਿਸ਼ਨੂੰ ਦੇ ਇਕੋ ਸਮੇਂ ਦੋ ਅਵਤਾਰ ਕਿਵੇਂ ਹੋ ਗਏ ? ਪੁਰਾਣਾਂ ਵਿਚ ਇਹ ਸਾਖੀ ਦੇਣ ਵਾਲੇ ਰਿਖੀ ਇਸ ਪੱਖੋਂ ਭੁਲੇਖਾ ਖਾ ਗਏ ਹਨ।)

ਅੱਗੇ ਰਾਮ ਤੇ ਰਾਵਣ ਦੇ ਰੋਣ ਦੀ ਇਸ਼ਾਰੇ ਮਾਤਰ ਗੱਲ ਹੈ।

"ਸੀਤਾ ਲਛਮਨ ਬਿਛਰਨੇ, ਰੋਯੇ ਤਬ ਸ੍ਰੀ ਰਾਮ।
ਬਿਸਨ ਆਨ ਅਵਤਾਰ ਭਾ, ਜਪਤ ਜਗਤ ਜਿਹ ਨਾਮ।੬੯।"

ਰਾਵਣ ਸੀਤਾ ਨੂੰ ਚੁਰਾ ਕੇ ਲੈ ਗਿਆ, ਤੇ ਅੰਤ ਰਾਮ ਜੀ ਦੇ ਹੱਥੋਂ ਮਾਰਿਆ ਗਿਆ।

(ਇਸ ਤਰਾਂ ਦੀਆਂ ਕਥਾਵਾਂ ਸਿਰਫ਼ ਗ੍ਰੰਥ ਨੂੰ ਵਿਸਥਾਰ ਦੇਣ ਵਾਸਤੇ ਹਨ। ਨਹੀਂ ਤਾਂ ਸਿੱਖ ਇਤਿਹਾਸ ਨਾਲ ਇਹਨਾਂ ਦਾ ਕੋਈ ਸੰਬੰਧ ਨਹੀਂ।)

# ਚੌਵੀਵਾਂ ਧਯਾਇ

## ਪਾਂਡਵਾਂ ਦੀ ਕਥਾ

(ਦੁਰਗਾ ਦੀ ਸਿਫ਼ਤ ਕਰਨ ਵਾਸਤੇ ਕਵੀ ਜੀ ਪਾਸ ਬਹੁਤ ਸ਼ਬਦ-ਭੰਡਾਰ ਹੈ। ਇਹ ਸਭ ਕੁਛ ਪੰਡਤਾਂ ਨੂੰ ਖ਼ੁਸ਼ ਕਰਨ ਵਾਸਤੇ ਹੀ ਨਹੀਂ, ਸਗੋਂ ਕਵੀ ਜੀ ਦੇ ਮਨ ਵਿਚ ਦੇਵੀ ਦੁਰਗਾ ਵਾਸਤੇ ਸ਼ਰਧਾ ਪਰਤੀਤ ਹੁੰਦੀ ਹੈ। ਵੇਖੋ :)

"ਮਹਿਖਾਸੁਰ ਮਦ ਮਰਦਨੀ, ਮਹਾ ਮੋਦ ਦਾ ਸਕ੍ਰ।
ਜਗਦੰਬਾ ਜੈ ਜੈ ਕਰੀ, ਬਕ੍ਰ ਧਰੇ ਕਰ ਚਕ੍ਰ।੧।"

(ਮਹਿਖਾਸੁਰ ਦੈਂਤ ਦਾ ਹੰਕਾਰ ਤੋੜਨ ਵਾਲੀ - ਮਹਾਂ ਅਨੰਦ ਦੇਣ ਵਾਲੀ ਜਗਤ ਦੀ ਮਾਤਾ, ਜਿਸਦੇ ਹੱਥ ਵਿਚ ਘੁੰਮਣ ਵਾਲਾ ਚੱਕਰ ਹੈ, ਉਸਦੀ ਜੈ ਹੋਵੇ। ਜਗਦੰਬਾ— ਜਜਤ-ਅੰਬਾ, ਜਗਤ ਦੀ ਮਾਤਾ=ਦੁਰਗਾ। ਮਹਿਖਾਸੁਰ—ਝੋਟੇ ਦੀ ਸ਼ਕਲ ਵਾਲਾ ਦੈਂਤ,

Digitized by Panjab Digital Library | www.panjabdigilib.org

ਜੋ ਰੰਭ ਦੈਂਤ ਦਾ ਪੁੱਤਰ, ਮਹਿੰ ਦੇ ਪੇਟੋਂ ਜਨਮਿਆਂ ਸੀ।)

ਇਸ ਧਯਾਇ ਵਿਚ ਪਾਂਡਵਾਂ ਦੀ ਸੰਖੇਪ ਜੇਹੀ ਕਥਾ ਹੈ।

ਜੂਏ ਵਿਚ ਪਾਂਡੋ ਸਭ ਕੁਝ ਹਾਰ ਗਏ। ਕੌਰਵਾਂ ਨੇ ਦਰੋਪਦੀ ਨੂੰ ਕੇਸਾਂ ਤੋਂ ਫੜ ਕੇ ਸਭਾ ਵਿਚ ਲੈ ਆਂਦਾ। ਉਸ ਸਮੇਂ ਮਾਸਕ ਧਰਮ ਦੇ ਕਾਰਨ ਦਰੋਪਦੀ ਇਕ ਸਾੜ੍ਹੀ ਪਹਿਨੇ ਸੀ।

"ਰਿਤ ਯੁਤ* ਹੁਤੀ ਕੇਸ ਗਹਿ ਆਨੀ।
ਕਿਨਹੂ ਛੁਰਾਵਨ ਕੀ ਨ ਬਖਾਨੀ।
ਠਾਢੀ ਕਰਕੈ ਸਭਾ ਮਝਾਰੀ।
ਕਹਿਨ ਲਗੇ, ਦਿਹੁ ਚੀਰ ਉਤਾਰੀ।੬।"

ਜ਼ਬਰਦਸਤੀ ਸਾੜ੍ਹੀ ਖਿੱਚ ਕੇ ਉਤਾਰਨ ਲੱਗੇ। ਕੱਪੜੇ ਦੇ ਢੇਰ ਲੱਗ ਗਏ, ਪਰ ਦਰੋਪਦੀ ਨਗਨ ਨਾ ਹੋਈ।

ਜੂਏ ਦੀ ਸ਼ਰਤ ਅਨਸਾਰ ਬਾਰਾਂ ਸਾਲ ਪਾਂਡਵਾਂ ਨੇ ਬਨ-ਬਾਸ ਕੱਟਿਆ, ਤੇ ਫਿਰ ਇਕ ਸਾਲ ਗੁਪਤ ਗੁਜ਼ਾਰਿਆ। ਪੰਜੇ ਪਾਂਡੋ ਤੇ ਦਰੋਪਦੀ ਭੇਸ ਬਦਲ ਕੇ ਮਦ੍ਰ੦ ਦੇਸ ਦੇ ਰਾਜਾ ਬਰਾਠ ਪਾਸ ਨੌਕਰ ਰਹੇ। ਯੁਧਿਸ਼ਟਰ ਨੇ ਬ੍ਰਹਿਮਣ ਦਾ ਭੇਸ ਧਾਰ ਕੇ 'ਕੰਕ' ਨਾਮ ਦੱਸਿਆ ਤੇ ਆਪਣੇ ਆਪ ਨੂੰ ਚੌਸਰ ਦਾ ਖਿਡਾਰੀ ਦੱਸਿਆ। ਭੀਮ 'ਬਲਭ' (ਬੱਲਵ) ਨਾਮ ਰਖ ਕੇ ਰਸੋਈਆ ਬਣਿਆਂ। ਅਰਜਨ ਹੀਜੜਾ (ਨਪੁੰਸਕ) ਬਣ ਕੇ ਰਾਜ ਕੁਮਾਰੀ ਉੱਤਰਾ ਨੂੰ ਨਾਚ ਗਾਣਾ ਸਿਖਾਉਣ ਲੱਗਾ। ਨਕੁਲ (ਗ੍ਰੰਥਿਕ ਨਾਮ ਦੱਸਕੇ) ਘੋੜਿਆਂ ਦਾ ਪਾਲਕ ਬਣਿਆਂ। ਤੇ ਸਹਦੇਵ (ਤੰਤਿਪਾਲ ਨਾਮ ਰਖ ਕੇ) ਗਊਆਂ ਦਾ ਪਾਲਕ ਬਣਿਆਂ। ਦਰੋਪਦੀ ਸਯੰਦਰੀ (ਸੈਰੰਧ੍ਰੀ=ਰਾਣੀਆਂ ਦਾ ਹਾਰ ਸ਼ਿੰਗਾਰ ਕਰਨ ਵਾਲੀ) ਬਣ ਕੇ ਰਾਣੀ ਦੀ ਦਾਸੀ ਬਣੀ।

ਦਰੋਪਦੀ ਨੇ ਇਹ ਵੀ ਦੱਸਿਆ, ਕਿ ਪੰਜ ਗੰਧਰਵ ਮੇਰੇ ਸਵਾਮੀ ਹਨ, ਜੋ ਹਰ ਵੇਲੇ ਗੁਪਤ ਤੌਰ 'ਤੇ ਮੇਰੀ ਰਖਿਆ ਵਾਸਤੇ ਮੇਰੇ ਅੰਗ ਸੰਗ ਰਹਿੰਦੇ ਹਨ।

ਰਾਣੀ ਦਾ ਭਾਈ ਕ੍ਰੀਚਕ (ਕੀਚਕ) ਦਰੋਪਦੀ 'ਤੇ ਮੋਹਤ ਹੋ ਗਿਆ। ਕੀਚਕ ਨੇ ਦਰੋਪਦੀ ਨੂੰ ਮਨਾਉਣਾ ਚਾਹਿਆ। ਉਣ ਦੌੜ ਕੇ ਰਾਜੇ ਦੇ ਦਰਬਾਰ ਜਾ ਪਹੁੰਚੀ। ਕੀਚਕ ਨੇ ਉਸਨੂੰ ਓਥੇ ਜਾ ਪਕੜਿਆ।

"ਕ੍ਰੀਚਕ ਧਾਯੋ ਸੰਗ ਤਿਹ, ਪਕਰੀ ਸਭਾ ਮਝਾਰ।
ਮਹਾਂਬਲੀ ਤਿਹ ਜਾਨ ਕੈ, ਨ੍ਰਿਪਤ ਨ ਕੀਆ ਹਟਕਾਰ।੨੯।"

ਕ੍ਰੀਚਕ ਨੇ ਲੱਤ ਮਾਰ ਕੇ ਦਰੋਪਦੀ ਨੂੰ ਡੇਗ ਦਿਤਾ। ਵੇਖ ਕੇ ਭੀਮ ਤੜਫਿਆ, ਪਰ ਯੁਧਿਸ਼ਟਰ ਨੇ ਉਸਨੂੰ ਇਸ਼ਰੇ ਨਾਲ ਰੋਕ ਦਿਤਾ, ਕਿਉਂਕਿ ਪਰਗਟ ਹੋ ਜਾਣ ਦਾ

---

* ਮਾਸਕ ਧਰਮ ਵਿਚ। ੦ ਮਹਾਂਭਾਰਤ ਵਿਚ ਮਤੱਸਯ ਦੇਸ ਦਾ ਰਾਜਾ ਵਿਰਾਟ ਲਿਖਿਆ ਹੈ।

Digitized by Panjab Digital Library | www.panjabdigilib.org

ਡਰ ਸੀ ।

ਕ੍ਰੀਚਕ ਦਰੋਪਦੀ ਨੂੰ ਬਾਂਹੋਂ ਫੜਕੇ ਆਪਣੇ ਨਿਵਾਸ ਵੱਲ ਧੂਹ ਤੁਰਿਆ । ਦਰੋਪਦੀ ਨੇ ਬਹਾਨਾ ਲਾਇਆ,

"ਜਬ ਜਾਮਨਿ* ਹੋਵਤ ਤਿਮਰ[] ਮਿਲਹੌਂ ਤਬ ਤੁਮ ਆਇ ।
ਤਜੀਏ ਅਬ ਮੋਕੋ ਦਿਵਸ, ਨਿਜ ਸੰਕੇਤ ਬਤਾਇ ।੩੭।"

ਦੋਹਾਂ ਨੇ ਨਾਟਸ਼ਾਲਾ ਵਿਚ ਮਿਲਨ ਦਾ ਇਕਰਾਰ ਕੀਤਾ ।

ਸਮਾਂ ਪਾ ਕੇ ਦਰੋਪਦੀ ਨੇ ਸਾਰੀ ਕਹਾਣੀ ਭੀਮ ਨੂੰ ਜਾ ਦੱਸੀ ।

ਦੱਸੀ ਥਾਂ 'ਤੇ ਰਾਤ ਭੀਮ ਇਸਤਰੀਆਂ ਵਾਲੇ ਬਸਤਰ ਪਹਿਨ ਕੇ ਜਾ ਪਿਆ । ਕ੍ਰੀਚਕ ਗਿਆ । ਦਵੰਦਵ ਯੁੱਧ ਵਿਚ ਭੀਮ ਨੇ ਕ੍ਰੀਚਕ ਨੂੰ ਮਾਰ ਦਿਤਾ । ਲੋਕਾਂ ਨੇ ਸਮਝਿਆ, ਕਿ ਗੰਧਰਬਾਂ ਨੇ ਕ੍ਰੀਚਕ ਨੂੰ ਮਾਰਿਆ ਹੈ ।

ਰਾਣੀ ਤੇ ਉਸ ਦੇ ਭਰਾਵਾਂ ਨੇ ਦਰੋਪਦੀ ਨੂੰ ਪਕੜ ਲਿਆ । ਉਹਨਾਂ ਕਿਹਾ, ਏਸੇ ਦੇ ਕਾਰਨ ਕ੍ਰੀਚਕ ਮਰਿਆ ਹੈ । ਇਸ ਨੂੰ ਕ੍ਰੀਚਕ ਦੇ ਨਾਲ ਸਾੜ ਦਿਹੋ । ਦਰੋਪਦੀ ਨੂੰ ਫੜ ਕੇ ਚਿਖਾ ਦੇ ਕੋਲ ਲੈ ਗਏ । ਭੀਮ ਭੇਸ ਬਦਲ ਕੇ ਜੰਗਲ ਵਿਚੋਂ ਸੁੱਕਾ ਹੋਇਆ ਦਰਖ਼ਤ ਪੁੱਟ ਲਿਆਇਆ । ਉਹਨੇ ਉਸ ਨਾਲ ਕੁੱਟ ਕੁੱਟ ਕੇ ਬਹੁਤ ਸਾਰੇ ਲੋਕ ਮਾਰ ਦਿਤੇ । ਦਰੋਪਦੀ ਦੀ ਥਾਂ ਉਹ ਸਾਰੇ ਚਿਖਾ ਵਿਚ ਸਾੜ ਦਿਤੇ ।

"ਦਹਿਨ ਗਏ ਇਕ ਕ੍ਰੀਚਕ ਹੇਤਾ ।
ਜਰਯੋ ਤਹਾਂ ਸਤ ਭ੍ਰਾਤ ਸਮੇਤਾ ।......੭੭।"

(ਸਤ=ਸੌ । ਕ੍ਰੀਚਕ ਦੇ ਸੌ ਸਾਥੀ ਭੀਮ ਨੇ ਮਾਰ ਦਿਤੇ ।)

(ਇਹ ਕਥਾ ਏਥੇ ਭਾਵੇਂ ਬੇਲੋੜੀ ਹੈ । ਸਿੱਖ ਇਤਿਹਾਸ ਨਾਲ ਇਸਦਾ ਕੋਈ ਸੰਬੰਧ ਨਹੀਂ । ਪਰ 'ਮਹਾਂਭਾਰਤ' ਵਿਚ ਪਾਂਡਵਾਂ ਦੀ ਕਥਾ ਉਸ ਸਮੇਂ ਦੇ ਸਭਿਆਚਾਰ ਉਤੇ ਚੰਗਾ ਚਾਨਣਾ ਪਾਉਂਦੀ ਹੈ । ਅਸੀਂ ਸੰਖੇਪ ਵਿਚ ਏਥੇ ਦੇਂਦੇ ਹਾਂ । ਰਾਜਾ ਸ਼ਾਂਤਨੂੰ ਦੇ ਘਰ ਗੰਗਾ ਵਿਚੋਂ ਪੁੱਤਰ ਹੋਇਆ, ਜਿਸ ਦਾ ਨਾਮ 'ਦੇਵਵ੍ਰਤ' ਰਖਿਆ । ਏਹਾ ਦੇਵਵ੍ਰਤ ਪਿਛੋਂ 'ਭੀਸ਼ਮ ਪਿਤਾਮਹ' ਦੇ ਨਾਮ ਨਾਲ ਪ੍ਰਸਿਧ ਹੋਇਆ । ਰਾਜਾ ਸ਼ਾਂਤਨੂੰ ਸੱਤਯਵਤੀ 'ਤੇ ਮੋਹਤ ਹੋ ਗਿਆ । ਸੱਤਯਵਤੀ ਦੇ ਪਿਤਾ ਨੇ ਸ਼ਰਤ ਰੱਖੀ, ਕਿ ਰਾਜ ਸਿੰਘਾਸਣ ਉਤੇ ਮੇਰੀ ਪੁੱਤਰੀ ਦੇ ਪੁੱਤਰ ਦਾ ਹੱਕ ਮੰਨੋ, ਤਾਂ ਮੈਂ ਰਿਸ਼ਤਾ ਦੇਣ ਨੂੰ ਤਿਆਰ ਹਾਂ । ਸ਼ਾਂਤਨੂੰ ਨਾ ਮੰਨਿਆਂ । ਦੇਵਵ੍ਰਤ ਨੂੰ ਪਤਾ ਲੱਗਾ, ਤਾਂ ਉਹਨੇ ਸੱਤਯਵਤੀ ਦੇ ਪਿਤਾ ਨਾਲ ਪ੍ਰਣ ਕੀਤਾ, ਕਿ ਮੈਂ ਸਾਰੀ ਉਮਰ ਜਤੀ ਰਹਿਕੇ ਤੇਰੀ ਕੰਨਿਆਂ ਦੀ ਆਗਿਆ ਵਿਚ ਰਹਾਂਗਾ । ਇਸ ਕਠਨ ਪ੍ਰਤੱਗਿਆ ਕਾਰਨ ਹੀ ਉਸਦਾ ਨਾਮ 'ਭੀਸ਼ਮ' ਪਿਆ ।

ਰਾਜਾ ਸ਼ਾਂਤਨੂੰ ਦੇ ਘਰ ਸੱਤਯਵਤੀ ਵਿਚੋਂ ਦੋ ਪੁੱਤਰ ਹੋਏ : ਚਿਤ੍ਰਾਂਗਦ ਤੇ

---

*ਰਾਤ । [] ਹਨੇਰਾ ।

Digitized by Panjab Digital Library | www.panjabdigilib.org

ਵਿਚਿਤ੍ਰ ਵੀਰਯ। ਚਿਤ੍ਰਾਂਗਦ ਮਰ ਗਿਆ, ਤਾਂ ਵਿਚਿਤ੍ਰ ਵੀਰਯ ਰਾਜਾ ਬਣਿਆਂ। ਕਾਂਸ਼ੀ ਰਾਜ ਦੀਆ ਦੋ ਰਾਜ ਕੁਮਾਰੀਆਂ ਅੰਬਿਕਾ ਤੇ ਅੰਬਾਲਿਕਾ ਵਿਚਿਤ੍ਰ ਵੀਰਯ ਨਾਲ ਵਿਆਹੀਆਂ ਗਈਆਂ। ਕੁਛ ਸਮੇਂ ਪਿੱਛੋਂ ਵਿਚਿੱਤ੍ਰ ਵੀਰਯ ਬਿਨਾਂ ਔਲਾਦ ਮਰ ਗਿਆ। ਸੱਤਯਵਤੀ ਨੂੰ ਬੜੀ ਚਿੰਤਾ ਲੱਗੀ। ਸੱਤਯਵਤੀ ਕੁਆਰੀ ਸੀ, ਜਾਂ ਉਹ ਪਰਾਸ਼ਰ ਰਿਸ਼ੀ ਨੂੰ ਨਦੀਓਂ ਪਾਰ ਕਰਨ ਗਈ। ਪਰਾਸ਼ਰ ਨ ਸਰਾਪ ਦਾ ਡਰ ਦੇ ਕੇ, ਸੱਤਯਵਤੀ ਨਾਲ ਕੁਕਰਮ ਕੀਤਾ। ਉਸ ਕਾਰਨ, ਸੱਤਯਵਤੀ ਦੀ ਕੁੱਖੋਂ ਦ੍ਵੈਪਾਇਨ ਵਿਆਸ ਪੈਦਾ ਹੋਇਆ, ਜੋ 'ਵੇਦ ਵਿਆਸ' ਦੇ ਨਾਮ ਨਾਲ ਪ੍ਰਸਿਧ ਹੋਇਆ। ਸੱਤਯਵਤੀ ਨੂੰ ਇਹ ਸਭ ਪਤਾ ਸੀ। ਸੱਤਯਵਤੀ ਨੇ ਵੇਦ ਵਿਆਸ ਪਾਸ ਬੇਨਤੀ ਕੀਤੀ, ਕਿ ਉਹ ਆਪਣੇ ਭਰਾ ਦੀ ਅੰਸ ਵਧਾਵੇ। ਉਸ ਸਮੇਂ ਦੀ ਸੱਭਯਤਾ, ਮਰੇ ਹੋਏ ਪਤੀ ਵਾਸਤੇ ਵੀ ਇਸਤਰੀ ਨੂੰ ਔਲਾਦ ਪੈਦਾ ਕਰਨੀ ਪੈਂਦੀ ਸੀ। ਵੇਦ ਵਿਆਸ ਤੇਲ ਮਲ ਕੇ ਅਵਧੂਤ ਬਣ ਕੇ ਆਇਆ। ਅੰਬਕਾ ਨੇ ਉਸਦੀ ਸ਼ਕਲ ਵੇਖਕੇ ਸ਼ਰਮ ਨਾਲ ਅੱਖਾਂ ਬੰਦ ਕਰ ਲਈਆਂ। ਉਸਦੇ ਘਰ ਅੰਨ੍ਹਾ ਧ੍ਰਿਤਰਾਸ਼ਟਰ ਪੈਦਾ ਹੋਇਆ। ਫਿਰ ਅੰਬਾਲਿਕਾ ਦੀ ਵਾਰੀ ਆਈ। ਉਹ ਵੇਦ ਵਿਆਸ ਨੂੰ ਵੇਖ ਕੇ ਭੈ ਨਾਲ ਪੀਲੀ ਪੈ ਗਈ। ਉਹਦੇ ਘਰ ਪੀਲੇ ਰੰਗ ਦਾ ਪਾਂਡੂ ਪੈਦਾ ਹੋਇਆ। ਸੱਤਯਵਤੀ ਨੇ ਅੰਬਿਕਾ ਨੂੰ ਫਿਰ ਮਜਬੂਰ ਕੀਤਾ। ਉਹਨੇ ਡਰਦੀ ਨੇ ਆਪਣੀ ਦਾਸੀ ਵੇਦ ਵਿਆਸ ਦੇ ਪੇਸ਼ ਕਰ ਦਿਤੀ। ਉਸ ਦਾਸੀ ਵਿਚੋਂ ਵਿਦੁਰ ਪੈਦਾ ਹੋਇਆ। ਇਹ ਤਿੰਨੇ ਪੁੱਤਰ ਵੇਦ ਵਿਆਸ ਦੇ ਸਨ, ਪਰ ਅਖਵਾਉਂਦੇ ਵਿਚਿੱਤ੍ਰ ਵੀਰਯ ਦੇ ਪੁੱਤਰ ਸਨ।

ਅੱਗੇ ਪਾਂਡਵਾਂ ਦੀ ਸੁਣੋ। ਪਾਂਡੂ ਦੀਆਂ ਦੋ ਪਤਨੀਆਂ ਸਨ। ਮਦਰ ਦੇਸ ਦੇ ਰਾਜਾ ਸੱਲਯ ਦੀ ਕੰਨਿਆਂ ਮਾਦਰੀ, ਤੇ ਕੁੰਤੀ। ਰਾਜਾ ਸੂਰਸੈਨ ਦੀ ਕੰਨਿਆਂ 'ਪ੍ਰਥਾ' ਰਾਜਾ ਕੁੰਤੀ ਭੋਜ ਨੇ ਗੋਦ ਲੈ ਲਈ। ਸੋ ਕੁੰਤੀ ਭੋਜ ਦੀ ਕੰਨਿਆਂ ਹੋਣ ਕਰਕੇ ਉਹ ਕੁੰਤੀ ਅਖਵਾਈ।

ਇਕ ਸਮੇਂ ਰਾਜਾ ਪਾਂਡੂ ਸ਼ਕਾਰ ਖੇਡ ਰਿਹਾ ਸੀ। ਹਿਰਨ ਤੇ ਹਿਰਨੀ ਸੰਭੋਗ ਕਰ ਰਹੇ ਸਨ। ਪਾਂਡੂ ਨੇ ਤੀਰ ਮਾਰਿਆ, ਤਾਂ ਹਿਰਨ ਡਿਗ ਪਿਆ। ਪਾਂਡੂ ਨੇੜੇ ਪੁੱਜਾ, ਤਾਂ ਉਹ ਹਿਰਨ ਦਾ ਰੂਪ ਧਾਰੀ ਰਿਸ਼ੀ 'ਕਿੰਦਮ' ਸੀ। ਰਿਸ਼ੀ ਨੇ ਪਾਂਡੂ ਨੂੰ ਸਰਾਪ ਦੇ ਦਿਤਾ, ਕਿ ਜਦ ਤੂੰ ਇਸਤਰੀ ਨਾਲ ਸੰਬੰਧ ਕਰੇਂਗਾ, ਕਾਮ-ਤ੍ਰਿਪਤੀ ਤੋਂ ਪਹਿਲਾਂ ਹੀ ਤੇਰੀ ਮੌਤ ਹੋ ਜਾਏਗੀ। ਕਿਉਂਕਿ ਮੇਰੀ ਮੌਤ ਕਾਮ-ਤ੍ਰਿਪਤੀ ਤੋਂ ਪਹਿਲਾਂ ਹੋ ਗਈ ਹੈ।

ਹੁਣ ਕੁੰਤੀ ਤੇ ਮਾਦਰੀ ਵਾਸਤੇ ਲਾਜ਼ਮੀ ਸੀ, ਕਿ ਉਹ ਆਪਣੇ ਪਤੀ ਵਾਸਤੇ ਔਲਾਦ ਪੈਦਾ ਕਰਨ। ਕੁੰਤੀ ਨੇ ਤਿੰਨ ਪੁੱਤਰ ਪੈਦਾ ਕੀਤੇ। ਧਰਮਰਾਜ ਤੋਂ ਯੁਧਿਸ਼ਟਰ ਹੋਇਆ, ਵਾਯੂਦੇਵ ਤੋਂ ਭੀਮ ਸੈਨ, ਤੇ ਇੰਦਰ ਤੋਂ ਅਰਜਨ।

Digitized by Panjab Digital Library | www.panjabdigilib.org

ਮਾਦਰੀ ਵਿਚੋਂ ਨਕੁਲ ਤੇ ਸਹਦੇਵ ਜੌੜੇ ਹੋਏ। ਇਹ ਦੋਵੇਂ ਦੋਹਾਂ ਅਸ਼ਵਨੀਕੁਮਾਰਾਂ ਤੋਂ ਹੋਏ।

ਭਾਵ, ਪਾਂਡੂ ਦੇ ਪੰਜਾਂ ਅਖੌਤੀ ਪੁੱਤਰਾਂ ਵਿਚੋਂ ਪਾਂਡੂ ਦਾ ਕੋਈ ਵੀ ਨਹੀਂ ਸੀ।

ਇਕ ਦਿਨ ਜੰਗਲ ਵਿਚ ਫਿਰਦਿਆਂ ਪਾਂਡੂ ਆਪਣੇ ਆਪ ਨੂੰ ਰੋਕ ਨਾ ਸਕਿਆ। ਉਹ ਮਾਦਰੀ ਨਾਲ ਸੰਗ ਕਰਨ ਲੱਗਾ, ਤਾਂ ਕਾਮ-ਤ੍ਰਿਪਤੀ ਤੋਂ ਪਹਿਲਾਂ ਹੀ ਉਸ ਦੀ ਮੌਤ ਹੋ ਗਈ। ਮਾਦਰੀ ਉਸਦੇ ਨਾਲ ਸਤੀ ਹੋ ਗਈ।

ਕਰਣ ਵੀ ਕੁੰਤੀ ਦਾ ਹੀ ਪੁੱਤਰ ਸੀ। ਪਰ ਉਹ ਕੁੰਤੀ ਕੁਆਰੀ ਨੂੰ ਜਨਮਿਆਂ ਸੀ। ਇਸ ਲਈ ਕਰਣ ਨੂੰ ਕੁੰਤੀ ਨੇ ਸਮਾਜ ਵਿਚ ਆਪਣਾ ਪਰਗਟ ਨਹੀਂ ਕੀਤਾ। ਪਰ ਯੁਧਿਸ਼ਟਰ, ਭੀਮ ਤੇ ਅਰਜਨ ਨੂੰ ਆਪਣੇ ਪੁੱਤਰ ਮੰਨਿਆਂ। ਇਹ ਉਸ ਸਮੇਂ ਦਾ ਸਭਿਆਚਾਰ ਸੀ।)

# ਪੰਝੀਵਾਂ ਧਯਾਇ

## ਜਨਮੇਜੇ ਦੀ ਕਥਾ

ਜਨਮੇਜੇ ਨੇ ਬੇਦ ਬਿਆਸ ਨੂੰ ਪੁਛਿਆ, ਯੁਧਿਸ਼ਟਰ ਏਨੇ ਸਮਝਦਾਰ ਸਨ, ਫਿਰ ਜੂਆ ਕਿਉਂ ਖੇਡਿਆ।

ਬਿਆਸ ਜੀ ਨੇ ਕਿਹਾ, ਹੋਣਹਾਰ ਹੋ ਕੇ ਰਹਿੰਦੀ ਹੈ। ਉਹਨਾਂ ਕਿਹਾ, ਤੂੰ ਜੱਗ ਕਰੇਂਗਾ। ਉਸ ਵਿਚ ਤੈਨੂੰ ਬਹੁਤ ਪਾਪ ਲਗੇਗਾ। ਹੁਣ ਤੂੰ ਸੁਚੇਤ ਰਹੀਂ।

ਜਨਮੇਜੇ ਨੇ ਘੋੜਿਆਂ ਦਾ ਬਪਾਰ ਛੱਡ ਦਿਤਾ। ਪਰ ਮੰਤਰੀਆਂ ਦੇ ਕਹਿਣ 'ਤੇ ਰਾਜਾ ਫਿਰ ਘੋੜੇ ਖ਼ਰੀਦਣ ਲੱਗ ਪਿਆ। ਰਾਜੇ ਨੇ ਇਕ ਸੁੰਦਰ ਘੋੜੀ ਖ਼ਰੀਦੀ। ਉਸ ਉਤੇ ਚੜ੍ਹ ਕੇ ਰਾਜਾ ਸ਼ਕਾਰ ਗਿਆ। ਰਾਜਾ ਜੰਗਲ ਵਿਚ ਸੌਂ ਗਿਆ। ਪਾਣੀ ਵਿਚੋਂ ਇਕ ਘੋੜਾ ਨਿਕਲਿਆ। ਉਸ ਘੋੜੀ ਨਾਲ ਸੰਗ ਕਰ ਕੇ ਘੋੜਾ ਫਿਰ ਪਾਣੀ ਵਿਚ ਵੜ ਗਿਆ। ਸਮਾਂ ਪਾ ਕੇ ਘੋੜੀ ਨੇ ਵਛੇਰਾ ਦਿਤਾ।

ਉਸ ਸੁੰਦਰ ਵਛੇਰੇ ਨੂੰ ਲੈ ਕੇ ਰਾਜੇ ਨੇ ਕਈ ਰਾਜੇ ਜਿੱਤ ਕੇ ਜੱਗ ਕੀਤਾ। ਅਨੇਕਾਂ ਪੰਡਤ ਭੋਜਨ ਕਰਨ ਆਏ। ਰਾਣੀ ਵੀ ਸਭਾ ਵਿਚ ਆਈ। ਹਵਾ ਨਾਲ ਉਸ ਦੇ ਬਸਤਰ ਉੱਡ ਕੇ ਸਰੀਰ ਦੇ ਕੁਛ ਅੰਗ ਨੰਗੇ ਹੋ ਗਏ। ਪੰਡਤ ਵੇਖ ਕੇ ਹਸ ਪਏ। ਕ੍ਰੋਧ ਵਿਚ ਆ ਕੇ ਜਨਮੇਜੇ ਨੇ ਬਹੁਤ ਸਾਰੇ ਬ੍ਰਾਹਮਣ ਮਾਰ ਦਿਤੇ। ਇਸ ਪਾਪ ਬਦਲੇ ਜਨਮੇਜੇ ਨੂੰ ਕੋਹੜ ਹੋ ਗਿਆ। (ਬਿਆਸ ਨੇ ਜਨਮੇਜੇ ਨੂੰ ਇਹ ਕੁਛ ਪਹਿਲਾਂ ਦੱਸਿਆ ਹੋਇਆ ਸੀ।)

ਬਿਆਸ ਨੇ ਕਥਾ ਸੁਣਾਈ, ਕਿ ਭੀਮ ਦੇ ਚਲਾਏ ਹਾਥੀ ਅਜੇ ਤਕ ਆਕਾਸ ਵਿਚ ਘੁੰਮ ਰਹੇ ਹਨ। ਰਾਜੇ ਨੇ ਇਹ ਨਾ ਮੰਨਿਆਂ, ਸਗੋਂ ਨੱਕ ਵੱਟਿਆ।

Digitized by Panjab Digital Library | www.panjabdigilib.org

ਬਿਆਸ ਨੇ ਮੰਤਰ ਨਾਲ ਹਾਥੀ ਉਤਾਰ ਕੇ ਵਿਖਾ ਦਿਤੇ । ਰਾਜੇ ਦਾ ਬਾਕੀ ਕੋਹੜ ਤਾਂ ਹਟ ਗਿਆ, ਨੱਕ 'ਤੇ ਰਹਿ ਗਿਆ ।

ਗੁਰੂ ਜੀ ਨੇ ਕਿਹਾ, 'ਮਰਦਾਨਿਆਂ ! ਇਸ ਤਰ੍ਹਾਂ ਸਾਰੇ ਹੀ ਰੋਂਦੇ ਗਏ ਨੇ ।'

(ਅੱਗੇ ਵਿਭਚਾਰਨ ਨਾਰੀ ਦੇ ਕਸ਼ਟਾਂ ਬਾਰੇ ਲਿਖਿਆ ਹੈ ।)

ਉਸ ਸ਼ਾਹ ਦੀ ਇਸਤਰੀ ਨੂੰ ਉਪਦੇਸ਼ ਦੇ ਕੇ ਗੁਰੂ ਜੀ ਅੱਗੇ ਤੁਰ ਪਏ ।

(ਕਵੀ ਨੇ ਪਿੱਛੇ ਛੱਡੀ ਲੜੀ ਏਥੇ ਫਿਰ ਆ ਜੋੜੀ ਹੈ ।)

ਮਹਾਰਾਜ ਇਕ ਨੱਗਰ ਵਿਚ ਪਹੁੰਚੇ । ਓਥੇ ਮਹਾਰਾਜ ਨੂੰ ਕੋਈ ਬੈਠਣ ਨਾ ਦੇਵੇ । ਨੱਗਰ ਤੋਂ ਬਾਹਰ ਇਕ ਕੋਹੜੀ ਫ਼ਕੀਰ ਦੀ ਝੁੱਗੀ ਸੀ । ਗੁਰਦੇਵ ਉਸ ਦੇ ਕੋਲ ਜਾ ਬੈਠੇ ।

ਅੱਧੀ ਰਾਤ ਬੀਤੀ, ਤਾਂ ਮਹਾਰਾਜ ਨੇ ਸਬਦ ਉਚਾਰਿਆ,

"ਜੀਉ ਤਪਤੁ ਹੈ ਬਾਰੋਬਾਰ ।..... ।"

(ਧਨਾਸਰੀ ਮ. ੧. ਪੰਨਾ ੬੬੧)

ਸਬਦ ਸੁਣ ਕੇ ਕੋਹੜੀ ਅਰੋਗ ਹੋ ਗਿਆ । ਇਹ ਖ਼ਬਰ ਸੁਣ ਕੇ ਨੱਗਰ ਦੇ ਲੋਕ ਚਰਨੀ ਆ ਪਏ । ਹਜ਼ੂਰ ਨੇ ਸਭ ਨੂੰ ਚਰਨ ਪਾਹੁਲ ਦਿਤੀ ।

## ਛਬੀਵਾਂ ਧਯਾਇ

ਸੰਤਾਂ ਨਾਲ ਚਰਚਾ, ਫਿਰ ਏਮਨਾਬਾਦ

ਮਹਾਰਾਜ ਜਾ ਰਹੇ ਸਨ । ਰਸਤੇ ਵਿਚ ਕੁਛ ਗੋਬਿੰਦ ਲੋਕ' (ਸੰਤ) ਮਿਲ ਪਏ । ਉਹਨਾਂ ਗੁਰਦੇਵ ਦਾ ਬੜਾ ਸਤਕਾਰ ਕੀਤਾ, ਤੇ ਪੁਛਿਆ,

"ਸੰਤ ਕਹੈਂ, ਕਰਤਾਰ ਜੋ, ਕੈਸੇ ਤਾਂਹਿ ਬਨਾਇ ।
ਰੂਪ ਰੰਗ ਜਸ ਚਿਹਨ ਹੈ, ਸੋ ਤੁਮ ਦੇਹੁ ਸੁਨਾਇ ।੭।"
"ਕਿਸ ਪ੍ਰਕਾਰ ਸੋ ਉਤਪਤਿ ਭਯੋ ।
ਕਿਧੋ ਆਪ ਹੀ ਤੇ ਬਨ ਗਯੋ ।੮।"

ਗੁਰੂ ਜੀ ਨੇ ਉੱਤਰ ਦਿਤਾ,

"ਕਹਨ ਬਿਅੰਤ, ਅੰਤ ਇਹ ਆਹੀ ।
ਔਰ ਨ ਤਿਹ ਕੋ ਜਾਨਯੋ ਜਾਹੀ । ....੧੦।"

(ਅੱਗੇ ਪੁਰਾਣਾਂ ਅਨੁਸਾਰ ਦੇਵਤਿਆਂ ਦੀ ਉਮਰ ਲਿਖੀ ਹੈ ।)

"ਦ੍ਵਾਦਸ ਮਾਸ ਬਰਖ ਹੈ ਜੋਈ ।
ਨਿਸਦਿਨ ਏਕ ਸੁਰਨ ਕੋ ਸੋਈ ।੧੦।
ਦ੍ਵੈ ਸਹੰਸ੍ਰ ਜੁਗ ਸੁਰ ਕੋ ਹੋਇ ।

Digitized by Panjab Digital Library | www.panjabdigilib.org

ਬ੍ਰਹਮਾ ਕੋ ਨਿਸਦਿਨ ਹੈ ਸੋਇ।
ਅਸ ਨਿਸਦਿਨ ਕੇ ਸੰਮਤ ਸਤ ਹੈ*।
ਸੋ ਬ੍ਰਹਮੇ ਕੀ ਬੈਸ ਗਿਨਤ ਹੈ।੧੧।
ਅਹੈ ਬਿਸਨ ਕੋ ਨਿਸਦਿਨ ਸੋਈ।
ਬਰਖ ਸਹਸ ਅਸ ਜਬ ਤਿਸ ਹੋਈ।
ਤਬ ਤਨ ਤਜਨਹੁ ਬਿਸਨ ਪ੍ਰਮਾਨਹੁ।
ਏਕ ਦਿਵਸ ਸ਼ਿਵ ਕੋ ਸੁ ਪਛਾਨਹੁ।੧੨।
ਐਸੇ ਹੋਏ ਬਰਖ ਸਤ ਜਬ ਹੀ।
ਤਨ ਕੋ ਛੋਰ ਦੇਹ ਸ਼ਿਵ ਤਬ ਹੀ।
ਇਤਨੋ ਕਾਲ ਬੀਤਯੋ ਜੋਈ।
ਏਕ ਨਿਮਖ ਮਾਯਾ ਕੀ ਸੋਈ।੧੩।
ਤਿਸ ਮਾਯਾ ਕੋ ਨਾਹੀ ਅੰਤਾ।
ਤਿਹ ਪਤਿ ਕੋ ਕੋ ਕਹਿ ਬਿਰਤੰਤਾ। ...੧੪।"

(ਪੁਰਾਣਕ ਵਿਚਾਰ: ਬਾਰਾਂ ਮਹੀਨੇ ਦਾ ਇਕ ਸਾਲ, ਦੇਵਤਿਆਂ ਦਾ ਕੇਵਲ ਇਕ ਦਿਨ ਹੁੰਦਾ ਹੈ। ਦੇਵਤਿਆਂ ਦੇ ਦੋ ਹਜ਼ਾਰ ਜੁੱਗ ਦੇ ਬਰਾਬਰ ਬ੍ਰਹਮਾ ਦਾ ਇਕ ਦਿਨ ਹੈ। ਬ੍ਰਹਮਾ ਦੀ ਉਮਰ ਐਸੇ ਸੌ ਸਾਲ ਹੈ। ਬ੍ਰਹਮਾ ਦੀ ਉਮਰ ਦੇ ਬਰਾਬਰ ਵਿਸ਼ਨੂੰ ਦਾ ਇਕ ਦਿਨ ਹੈ। ਐਸੇ ਸੌ ਸਾਲ ਪਿੱਛੋਂ ਵਿਸ਼ਨੂੰ ਸਰੀਰ ਤਿਆਗ ਦੇਂਦਾ ਹੈ। ਵਿਸ਼ਨੂੰ ਦੀ ਉਮਰ ਦੇ ਬਰਾਬਰ ਸ਼ਿਵ ਦਾ ਇਕ ਦਿਨ ਹੈ। ਐਸੇ ਸੌ ਸਾਲ ਬੀਤਣ ਤੇ ਸ਼ਿਵ ਦੇਹ ਤਿਆਗਦਾ ਹੈ। ਸ਼ਿਵ ਦੀ ਉਮਰ ਦੇ ਬਰਾਬਰ ਮਾਯਾ ਦਾ ਇਕ ਨਿਮਖ—ਅੱਖ ਝਮਕਣ ਦਾ ਸਮਾਂ—ਹੈ। ਐਸੀ ਮਾਯਾ ਦਾ ਅੰਤ ਨਹੀਂ, ਤਾਂ ਮਾਯਾ ਦੇ ਪਤੀ ਦਾ ਕੀ ਅੰਤ।)

(ਇਸ ਕਥਨ ਵਿਚ ਕਵੀ ਜੀ ਨੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਨੂੰ ਜੰਮਣ ਮਰਨ ਵਾਲੇ ਮੰਨਿਆਂ ਹੈ। ਇਸ ਤਰ੍ਹਾਂ ਗੀਤਾ ਦਾ ਸਿਧਾਂਤ ਖੰਡਨ ਹੋ ਜਾਂਦਾ ਹੈ। ਭਗਵਾਨ ਕ੍ਰਿਸ਼ਨ ਕਹਿੰਦੇ ਹਨ, ਕਿ ਮੈਂ ਅਜਨਮਾ ਹਾਂ, ਤੇ ਅਮਰ ਹਾਂ।)

ਅੱਗੇ ਮਹਾਰਾਜ ਨੇ ਸਬਦ ਉਚਾਰਿਆ,

"ਨਾਭਿ ਕਮਲ ਤੇ ਬ੍ਰਹਮਾ ਉਪਜੇ, ਬੇਦ ਪੜਹਿ ਮੁਖਿ ਕੰਠਿ ਸਵਾਰਿ।.. ।"

(ਗੂਜਰੀ, ਮ. ੧. ਪੰਨਾ ੪੮੯)

ਬ੍ਰਹਮਾ ਦੀ ਉਤਪਤੀ ਬਾਰੇ,

"ਸ੍ਰੀ ਨਾਰਾਇਣ ਨਾਭ ਤੇ, ਉਪਜਿਓ ਕਮਲ ਅਨੂਪ।
ਤਿਸ ਮਾਹੀ ਬ੍ਰਹਮਾ ਭਯੋ, ਚਤਰ ਬਦਨ० ਜਿਸ ਰੂਪ।੧੫।"

---

* ਸੰਮਤ ਸਤ=ਸੌ ਸਾਲ। ० ਚਾਰ ਮੂੰਹਾਂ ਵਾਲਾ।

Digitized by Panjab Digital Library | www.panjabdigilib.org

(ਭਾਵ, ਈਸ਼ਵਰ ਦੀ ਨਾਭੀ—ਧੁੰਨੀ—ਚੋਂ ਕਮਲ ਪੈਦਾ ਹੋਇਆ, ਤੇ ਕਮਲ ਵਿਚੋਂ ਬ੍ਰਹਮਾ ।)

(ਕਵੀ ਜੀ ਵੇਦਾਂ ਨੂੰ ਈਸ਼ਵਰ ਦੀ ਰਚਨਾ ਮੰਨਦੇ ਹਨ, ਪਰ ਵੇਦਾਂ ਵਿਚ ਰਿਸ਼ੀਆਂ ਦੇ ਨਾਮ ਲੇਖਕਾਂ ਵਜੋਂ ਲਿਖੇ ਹਨ ।)

'ਚਤਰ ਬੇਦ ਤਬ ਕਰੇ ਬਿਧਾਤਾ ।
ਜੋ ਜਗ ਬਿਖੈ ਅਹੈ ਬਖਯਾਤਾ ।......੨੨ ।"

(ਪਰ ਅੱਜ ਦਾ ਬੁੱਧੀਵਾਨ ਮਨੁੱਖ ਇਸ ਸਿਧਾਂਤ ਨੂੰ ਕਿਵੇਂ ਮੰਨੇਗਾ ? ਈਸ਼ਵਰ ਕੇਵਲ ਸ਼ਕਤੀ ਹੈ, ਸ਼ਖ਼ਸੀਅਤ ਨਹੀਂ । ਇਸ ਲਈ ਵੇਦਾਂ ਦੀ ਰਚਨਾ ਈਸ਼ਵਰ ਸਿੱਧੀ ਨਹੀਂ ਕਰ ਸਕਦਾ । ਵੇਦ ਬੁਧੀਮਾਨ ਰਿਸ਼ੀਆਂ ਦੀ ਹੀ ਰਚਨਾ ਹੈ ।)

ਬ੍ਰਹਮਾ ਨੇ ਸੋਚਿਆ, ਕਿ ਮੈਨੂੰ ਪੈਦਾ ਕਰਨ ਵਾਲਾ ਕੌਣ ਹੋਵੇ । ਇਸ ਵੇਲੇ ਜਾਂ ਮੈਂ ਹਾਂ, ਜਾਂ ਪਾਣੀ ਹੈ । ਇਸ ਵਾਸਤੇ ਮੈਂ ਹੀ ਸਭ ਕੁਛ ਹਾਂ ।

"ਉਪਜਿਓ ਗਰਭ ਨ ਮੋ ਬਿਨ ਆਨਾ* ।
ਮੈ ਕਿਹ ਉਸਤਤਿ ਕਰਉ ਬਖਾਨਾ ।
ਕਰਨ ਕਰਾਵਨ ਮੈ ਕਰਤਾਰਾ ।
ਅਪਰ ਨ ਹੈ ਕੋ ਸਿਰਜਨ ਹਾਰਾ ।੨੫।"

ਅਕਾਸ਼ ਬਾਣੀ ਹੋਈ, ਕਿ ਤੂੰ ਇਸ ਕਮਲ ਵਿਚੋਂ ਪੈਦਾ ਹੋਇਆ ਹੈਂ । ਹੰਕਾਰ ਵਿਚ ਆ ਕੇ ਬ੍ਰਹਮਾ ਨੇ ਕਮਲ ਨੂੰ ਲੱਤ ਮਾਰੀ । ਤਾਂ ਬ੍ਰਹਮਾ ਕਮਲ ਦੀ ਨਾਭ (ਨਾਲੀ) ਵਿਚ ਡਿਗ ਪਿਆ । ਉਹ ਹੇਠਾਂ ਹੇਠਾਂ ਹੀ ਤੁਰਿਆ ਗਿਆ, ਪਰ ਅੰਤ ਨਾ ਪਾ ਸਕਿਆ । ਦੁੱਖ ਪਾ ਕੇ ਉਸਨੇ ਪ੍ਰਭੂ ਦੀ ਅਰਾਧਨਾ ਕੀਤੀ, ਤਾਂ ਈਸ਼ਵਰ ਨੇ ਬ੍ਰਹਮਾ ਨੂੰ ਕਮਲ ਦੀ ਨਾਲੀ ਵਿਚੋਂ ਕਢਿਆ । ਕਮਲ ਉਤੇ ਬਹਿ ਕੇ ਬ੍ਰਹਮਾ ਨੇ ਬਹੁਤ ਤਪ ਕੀਤਾ, ਤਾਂ ਉਸਨੂੰ ਰਚਨ ਸ਼ਕਤੀ ਮਿਲੀ ।

ਗੁਰੂ ਜੀ ਫ਼ੁਰਮਾਉਂਦੇ ਹਨ, ਜਿਸਦਾ ਅੰਤ ਬ੍ਰਹਮਾ ਆਦਿ ਨਹੀਂ ਪਾ ਸਕੇ, ਇਕ ਜੀਵ ਉਸਦਾ ਅੰਤ ਕਿਵੇਂ ਪਾ ਸਕਦਾ ਹੈ ।

ਗੁਰਦੇਵ ਦੇ ਉਪਦੇਸ਼ ਸੁਣ ਕੇ ਸਭ ਸੰਤ ਚਰਨੀ ਲੱਗੇ ।

ਗੁਰੂ ਜੀ ਓਥੋਂ ਅਗ੍ਹਾਂ ਤੁਰ ਪਏ । ਏਮਨਾਬਾਦ ਪਹੁੰਚ ਕੇ ਗੁਰੂ ਜੀ ਨੇ ਰੋੜਾਂ ਦੀ ਠੇਰੀ ਉਤੇ ਟਿਕਾਣਾ ਕੀਤਾ ।

## ਸਤਾਈਵਾਂ ਧਯਾਇ

### ਬਾਬਰ ਦਾ ਯੁੱਧ

ਉਸ ਸਮੇਂ ਏਮਨਾਬਾਦ ਦੇ ਹਾਕਮਾਂ ਘਰ ਵਿਆਹ ਸੀ । ਮਰਦਾਨਾ ਤੇ ਕੁਛ ਹੋਰ

* ਆਨਾ=ਆਨ, ਹੋਰ, ਦੂਸਰਾ ।

Digitized by Panjab Digital Library | www.panjabdigilib.org

ਫ਼ਕੀਰ ਭਿੱਛਿਆ ਵਾਸਤੇ ਗਏ, ਪਰ ਅੱਗੋਂ ਮੰਦੇ ਬੋਲ ਹੀ ਸੁਣਨੇ ਪਏ। ਮਰਦਾਨੇ ਨੂੰ ਧੱਕੇ ਵੀ ਵੱਜੇ। ਫਿਰ ਮਰਦਾਨਾ ਭਾਈ ਲਾਲੋ ਨੂੰ ਬੁਲਾ ਲਿਆਇਆ। ਲਾਲੋ ਭੁੱਜੇ ਹੋਏ ਦਾਣੇ ਲੈ ਕੇ ਆਇਆ।

ਸਾਥ ਗਏ ਫ਼ਕੀਰਾਂ ਨੇ ਪਠਾਣਾਂ ਦੇ ਬੁਰੇ ਵਿਹਾਰ ਬਾਰੇ ਦੱਸਿਆ, ਤਾਂ ਗੁਰੂ ਜੀ ਨੇ ਕਿਹਾ,

"ਜਿਹ ਤੇ ਦੁਸ਼ਟ ਪਠਾਨ ਕੁਚਾਲੇ।
ਮਰੈਂ ਪਾਇਕੈ ਕਸ਼ਟ ਬਿਸਾਲੇ।
ਤਿਨ ਕੀ ਸਫਾ ਉਠਾਵਨ ਹੇਤੂ।
ਬੋਲੇ ਬਚ ਬੇਦੀ ਕੁਲ ਕੇਤੂ।੨੧।"
"ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ।......।"

(ਤਿਲੰਗ, ਮ. ੧. ਪੰਨਾ ੭੨੨)

(ਤਾਂ ਕੀ ਇਹ ਸਬਦ ਮਹਾਰਾਜ ਨੇ ਪਠਾਣਾਂ ਨੂੰ ਸਰਾਪ ਵਜੋਂ ਉਚਾਰਿਆ ਸੀ? ਕਵੀ ਜੀ ਨੇ ਐਸਾ ਸਿੱਧ ਕਰਨ ਦਾ ਯਤਨ ਕੀਤਾ ਹੈ।)

ਲਾਲੋ ਨੇ ਮੁਗ਼ਲਾਂ ਬਾਰੇ ਸਵਾਲ ਪੁਛਿਆ,

"ਕਬ ਲੌ ਰਾਜ ਕਰੈ ਜਗ ਮਾਂਹੀ।
ਪੁਨ ਧਰਨੀ ਤੇ ਸੋ ਕਬ ਜਾਂਹੀ।......੩੨।"

ਗੁਰੂ ਜੀ ਨੇ ਸਬਦ ਉਚਾਰਿਆ,

"ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸਪੁਰੀ ਵਿਚਿ ਆਖੁ ਮਸੋਲਾ।...।"

(ਤਿਲੰਗ, ਮ. ੧. ਪੰਨਾ ੭੨੩)

(ਇਸ ਸਬਦ ਵਿਚ ਇਤਿਹਾਸਕ ਗੁੰਝਲ ਵਾਲੀ ਪੰਗਤੀ ਹੈ: "ਆਵਨਿ ਅਠਤਰੈ, ਜਾਨਿ ਸਤਾਨਵੇ, ਹੋਰੁ ਭੀ ਉਠਸੀ ਮਰਦ ਕਾ ਚੇਲਾ।" ਕਵੀ ਜੀ ਇਸਦਾ ਅਰਥ ਇਉਂ ਕਰਦੇ ਹਨ :)

"ਹਿੰਦੁਸਤਾਨ ਕੋ ਬੋਲ ਜੋ ਆਨ ਸਮਾਲਹਿ ਸੋਇ।
ਪੰਦਰਹਿ ਸੈ ਪੁਨ ਅਠਤਰੈ, ਆਵਨ ਤਿਨ ਕੋ ਹੋਇ।੩੭।"

(ਇਸ਼ਾਰਾ ਹੈ ਮੁਗਲਾਂ ਵੱਲ।)

"ਸਤਰਾਂ ਸੈ ਸਤਾਨਵੇ ਮਾਂਹੀ।
ਸਫਾ ਦੂਰ ਤਿਨ ਕੀ ਹੈ ਜਾਂਹੀ।
ਦੋ ਸੌ ਬਹੁਰੋ ਬਰਖ ਉਨੀਸੰ।
ਕਰਹਿ ਰਾਜ, ਹੋਵਹਿ ਅਵਨੀਸੰ।੩੮।

Digitized by Panjab Digital Library | www.panjabdigilib.org

ਨਰ ਅਵਤਾਰ ਹਮਾਰਾ ਹੋਇ ।
ਚੇਲਾ ਤਾਂਹਿ ਖ਼ਾਲਸਾ ਜੋਇ ।
ਦਸ ਪਾਤਿਸ਼ਾਹੀ ਕਰਹੋਂ ਜਬ ਹੀ ।
ਪੀਛੇ ਹੋਇ ਖ਼ਾਲਸਾ ਤਬ ਹੀ ।੩੯।
ਸਨੈ ਸਨੈ ਸੋ ਲੇਵਹਿ ਛੀਨੰ ।
ਤਬ ਤੁਰਕਨ ਹੋਵਹਿ ਬਲ ਹੀਨੰ ।......।"

(ਇਹ ਸੰਮਤ ਬਿਕ੍ਰਮੀ ਹਨ । ਈਸਵੀ ਸੰਨ ਗੁਰੂ ਜੀ ਦੇ ਸਮੇਂ ਪਰਚਲਤ ਹੀ ਨਹੀਂ ਸੀ । ਬਿਕ੍ਰਮੀ ਜਾਂ ਹਿਜਰੀ ਚਲਦਾ ਸੀ । ੧੫੭੮ ਬਿ. ਬਰਾਬਰ ਹੈ, ੧੫੨੧ ਈਸਵੀ ਦੇ । ਏਮਨਾਬਾਦ ਬਾਬਰ ਨੇ ੧੫੭੮ ਬਿ. ੧੫੨੧ ਈ. ਵਿਚ ਤਬਾਹ ਕੀਤਾ । ਇਸ ਤੋਂ ਪਹਿਲਾਂ ਵੀ ਬਾਬਰ ਦੋ ਹਮਲੇ ਕਰ ਚੁੱਕਾ ਸੀ । ਪਰ ਉਹ ਸਿਰਫ਼ ਆਪਣੀ ਤਾਕਤ ਦਾ ਅੰਦਾਜ਼ਾ ਲਾਉਣ ਵਾਸਤੇ ਹੀ ਸਨ । ਪਾਨੀਪਤ ਦੀ ਪਹਿਲੀ ਲੜਾਈ ੧੫੨੬ ਈ. ਵਿਚ ਹੋਈ । ਬਾਬਰ ਦੇ ਨਾਲ ਸਿਰਫ਼ ਬਾਰਾਂ ਹਜ਼ਾਰ ਫ਼ੌਜ ਸੀ । ਦਿੱਲੀ ਦੇ ਬਾਦਸ਼ਾਹ ਇਬਰਾਹੀਮ ਲੋਧੀ ਕੋਲ ਇਕ ਲੱਖ ਫ਼ੌਜ ਸੀ । ਪਰ ਲੋਧੀਆਂ ਦੀ ਇਕ ਲੱਖ ਫ਼ੌਜ ਬਾਰਾਂ ਹਜ਼ਾਰ ਮੁਗ਼ਲ ਫ਼ੌਜ ਤੋਂ ਹਾਰ ਗਈ । ਇਸਤਰ੍ਹਾਂ ਜ਼ਹੀਰੁੱਦੀਨ ਬਾਬਰ ਦਿੱਲੀ ਦਾ ਬਾਦਸ਼ਾਹ ਬਣਿਆਂ । ੧੫੩੦ ਈ. ਵਿਚ ਬਾਬਰ ਮਰ ਗਿਆ, ਤਾਂ ਉਸਦਾ ਪੁੱਤਰ ਨਸੀਰੁੱਦੀਨ ਹਮਾਯੂੰ ਦਿੱਲੀ ਦੇ ਤਖ਼ਤ 'ਤੇ ਬੈਠਾ ।

ਕਵੀ ਸੰਤੋਖ ਸਿੰਘ ਜੀ, 'ਮਰਦ ਕਾ ਚੇਲਾ' ਗੁਰੂ ਗੋਬਿੰਦ ਸਿੰਘ ਜੀ ਦੇ 'ਪੰਥ' ਨੂੰ ਮੰਨਦੇ ਹਨ । ਮਹਾਰਾਜ ਨੇ ਪੰਥ ਸਾਜਿਆ ਹੈ, ਵਿਸਾਖੀ ਵਾਲੇ ਦਿਨ ੧੭੫੬ ਬਿ. =੧੬੯੯ ਈ. ਨੂੰ । ਦਸਵੇਂ ਪਾਤਸ਼ਾਹ ਜੋਤੀ ਜੋਤ ਸਮਾਏ ਅੱਠ ਕਤਕ, ੧੭੬੫ ਬਿ. =੭ ਅਕਤੂਬਰ, ੧੭੦੮ ਈ. ਨੂੰ । ਹੁਣ ਸਿੱਖਾਂ ਦੇ ਰਾਜ ਦਾ ਸਵਾਲ ਪੈਦਾ ਹੁੰਦਾ ਹੈ । ਬੰਦਾ ਸਿੰਘ ਨੇ ਸਰਹਿੰਦ ਫ਼ਤਹਿ ਕੀਤੀ ੧੭੬੫ ਬਿ.=੧੭੧੦ ਈ. ਨੂੰ । ਇਹ ਖ਼ਾਲਸੇ ਦਾ ਪਹਿਲਾ ਰਾਜ ਮੰਨਿਆਂ ਜਾ ਸਕਦਾ ਹੈ । ਪਰ ਇਹ ਥੋੜਾ ਸਮਾਂ ਹੀ ਰਿਹਾ । ਫਿਰ ੧੮੨੦ ਬਿ.=੧੭੬੪ ਈ. ਨੂੰ ਸੂਬੇਦਾਰ ਜ਼ੈਨ ਖ਼ਾਂ ਨੂੰ ਮਾਰ ਕੇ ਸਿੰਘਾਂ ਨੇ ਸਰਹਿੰਦ ਉਤੇ ਆਪਣਾ ਕਬਜ਼ਾ ਕੀਤਾ । ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਦਾ ਤਖਤ ਮੱਲਿਆ ੧੮੫੭ ਬਿ.=੧੮੦੦ ਈ. ਨੂੰ । ਇਹਨਾਂ ਵਿਚੋਂ ਕੋਈ ਸੰਮਤ ਵੀ ਸਤਾਨਵੇਂ ਨਾਲ ਨਹੀਂ ਮਿਲਦਾ । ਸੋ ਕਵੀ ਸੰਤੋਖ ਸਿੰਘ ਜੀ ਦੇ ਅਰਥ ਮਨ ਨੂੰ ਨਹੀਂ ਜਚਦੇ ।

ਪ੍ਰਿੰਸੀਪਲ ਸਾਹਿਬ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਦੇ ਟੀਕੇ ਵਿਚ ਇਸਦੇ ਅਰਥ ਇਹ ਕਰਦੇ ਹਨ । ੧੫੭੮ ਬਿ.=੧੫੨੧ ਈ. ਵਿਚ ਬਾਬਰ ਨੇ ਏਮਨਾਬਾਦ ਫ਼ਤਹਿ ਕੀਤਾ । ਉਹ ਉਸ ਦਿਨ ਤੋਂ ਹੀ ਬਾਬਰ ਦਾ ਰਾਜ ਮੰਨ ਲੈਂਦੇ ਹਨ । ੧੫੯੭ ਬਿ. =੧੫੪੦ ਈ. ਨੂੰ ਸ਼ੇਰ ਸ਼ਾਹ ਸੂਰੀ ਨੇ ਹਮਾਯੂੰ ਨੂੰ ਸ਼ਕਸਤ ਦੇ ਕੇ ਦਿੱਲੀ ਮੱਲ ਲਈ

Digitized by Panjab Digital Library | www.panjabdigilib.org

ਸੀ। ਪੰਦਰਾਂ ਸਾਲ ਪਿੱਛੋਂ ਹਮਾਯੂੰ ਨੇ ਦੁਬਾਰਾ ਦਿੱਲੀ ਫ਼ਤਹਿ ਕੀਤੀ। ਤੇ ਅੰਤਮ ਨਾਮ-ਧਰੀਕ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ੧੮੫੭ ਈ. ਤਕ ਦਿੱਲੀ ਦਾ ਬਾਦਸ਼ਾਹ ਰਿਹਾ। ਸੋ ਹਮਾਯੂੰ ਦੀ ਪਹਿਲੀ ਹਾਰ ਨੂੰ ਹੀ ਸਾਹਿਬ ਸਿੰਘ ਜੀ ਸਤਾਨਵੇਂ ਨਾਲ ਜੋੜਦੇ ਹਨ। ਅਸਾਂ ਵੇਰਵੇ ਦੇ ਦਿਤੇ ਹਨ। ਅੱਗੇ ਪਾਠਕ ਦੀ ਮਰਜ਼ੀ ਹੈ, ਜੋ ਉਸਨੂੰ ਜਚੇ, ਉਹ ਮੰਨ ਲਵੇ।)

ਇਕ ਪੰਡਤ ਨੇ ਉਪਰਲਾ ਸ਼ਬਦ ਸੁਣਿਆਂ, ਤਾਂ ਉਹ ਬਹੁਤ ਡਰ ਗਿਆ। ਉਹ ਘਰੋਂ ਪਕਵਾਨ ਲੈ ਕੇ ਹਾਜ਼ਰ ਹੋਇਆ। ਉਹਨੇ ਬੇਨਤੀ ਕੀਤੀ, ਕਿ ਮਹਾਰਾਜ ਆਪਣੇ ਬਚਨ (ਸਰਾਪ) ਵਾਪਸ ਲੈ ਲੈਣ।

ਮਹਾਰਾਜ ਨੇ ਕਿਹਾ, ਇਹ ਵਾਕ ਨਹੀਂ ਬਦਲ ਸਕਦੇ। ਏਥੋਂ ਚਾਰ ਕੋਹ ਦੂਰ ਇਕ ਸੁੱਕਾ ਤਾਲਾਬ ਹੈ। ਤੂੰ ਤੇ ਲਾਲੋ ਸਣੇ ਪਰਵਾਰ ਓਥੇ ਜਾ ਰਹੋ, ਬਚ ਜਾਉਗੇ। ਉਹ ਦੋਵੇਂ ਹੁਕਮ ਮੰਨ ਕੇ ਚਲੇ ਗਏ।

ਅਗਲੇ ਦਿਨ ਬਾਬਰ ਨੇ ਏਮਨਾਬਾਦ ਉਤੇ ਧਾਵਾ ਬੋਲ ਦਿਤਾ। ਪਠਾਣ ਹਾਰ ਗਏ। ਬਾਬਰ ਨੇ ਸ਼ਹਿਰ ਲੁੱਟ ਲਿਆ, ਤੇ ਬਹੁਤ ਸਾਰੀਆਂ ਛੱਕਾਂ ਬੰਨ੍ਹ ਲਈਆਂ। ਸ਼ਹਿਰ ਤੋਂ ਦੋ ਕੋਹ ਦੂਰ ਬਾਬਰ ਨੇ ਡੇਰਾ ਕੀਤਾ।

## ਅਠਾਈਵਾਂ ਧਯਾਇ

### ਏਮਨਾਬਾਦ ਵਿਚ ਕਤਲਾਮ

ਬਾਲਾ ਕਹਿੰਦਾ ਹੈ, ਕਿ ਮੁਗ਼ਲ ਫ਼ੌਜ ਵੇਖ ਕੇ ਬਾਕੀ ਸਾਧ ਫ਼ਕੀਰ ਤਾਂ ਚਲੇ ਗਏ ਤੇ ਅਸੀਂ ਤਿੰਨੇ ਰਹਿ ਗਏ। ਇਕ ਮੁਗ਼ਲ ਨੇ ਆ ਕੇ ਗੁਰੂ ਜੀ ਨੂੰ ਪਕੜ ਲਿਆ। ਮਰਦਾਨੇ ਨੂੰ ਇਕ ਘੋੜਾ ਪਕੜਾ ਦਿਤਾ। ਬਾਲੇ ਤੇ ਗੁਰੂ ਜੀ ਦੇ ਸਿਰਾਂ 'ਤੇ ਪੰਡਾਂ ਧਰ ਦਿਤੀਆਂ। ਗੁਰੂ ਜੀ ਬਾਰੇ ਲਿਖਿਆ ਹੈ।

"ਏਕ ਹਾਥ ਊਚੀ ਰਹੀ, ਊਪਰ ਸੀਸ ਟਿਕੀ ਨ।
ਚਲੇ ਸੰਗ ਸਹਜੇ ਪ੍ਰਭੂ ਜਿਹ ਡੇਰਾ ਤਹਿ ਕੀਨ।੬।"

ਗੁਰ ਜੀ ਨੇ ਕਿਹਾ, ਮਰਦਾਨਿਆਂ! ਰਬਾਬ ਵਜਾ। ਘੋੜਾ ਆਪੇ ਮਗਰੇ ਤੁਰਿਆ ਆਵੇਗਾ। ਹਜ਼ੂਰ ਨੇ ਸ਼ਬਦ ਉਚਾਰਿਆ,

"ਖੁਰਾਸਾਨ ਖਸਮਾਨਾ ਕੀਆ, ਹਿੰਦੁਸਤਾਨੁ ਡਰਾਇਆ।"
(ਆਸਾ, ਮ: ੧, ਪੰਨਾ ੩੬੦)

ਗੁਰੂ ਜੀ ਦੀ ਅਜ਼ਮਤ ਬਾਰੇ ਬਾਬਰ ਨੂੰ ਵੀ ਖ਼ਬਰ ਪਹੁੰਚ ਗਈ। ਏਨੇ ਤਕ ਗੁਰੂ ਜੀ ਨੂੰ ਕੈਦਖ਼ਾਨੇ ਵਿਚ ਲੈ ਗਏ। ਤਿੰਨਾਂ ਅੱਗੇ ਚੱਕੀਆਂ ਲਿਆ ਧਰੀਆਂ। ਮਰਦਾਨਾ ਤੇ ਬਾਲਾ ਚੱਕੀਆਂ ਪੀਹਣ ਲੱਗੇ। ਪਰ ਗੁਰੂ ਜੀ ਦੀ ਚੱਕੀ ਆਪੇ

Digitized by Panjab Digital Library | www.panjabdigilib.org

ਫਿਰੀ ਜਾਏ । ਹਜ਼ੂਰ ਸਿਰਫ਼ ਗਲਾ ਪਾਈ ਜਾਣ। ਏਨੇ ਤਕ ਬਾਬਰ ਨੇ ਆ ਨਮਸਕਾਰ ਕੀਤੀ। ਗੁਰੂ ਜੀ ਨੇ ਸ਼ਬਦ ਉਚਾਰਿਆ,

"ਜਿਨ ਸਿਰਿ ਸੋਹਨਿ ਪਟੀਆ, ਮਾਂਗੀ ਪਾਇ ਸੰਧੂਰੁ । ..।"

(ਆਸਾ, ਮ. ੧, ਪੰਨਾ ੪੧੭)

ਇਸ ਸ਼ਬਦ ਦੇ ਅਰਥ ਸੁਣ ਕੇ ਬਾਬਰ ਬੜਾ ਪ੍ਰਭਾਵਤ ਹੋਇਆ। ਉਸ ਨੇ ਕਿਹਾ, ਮਹਾਰਾਜ ! ਕੋਈ ਕਰਾਮਾਤ ਵਿਖਾਉ । ਹਜ਼ੂਰ ਨੇ ਕਿਹਾ, ਕਰਾਮਾਤ ਕਹਿਰ ਦਾ ਨਾਮ ਹੈ। ਕਹੋ, ਵੇਖਣੀ ਹੈ ?

ਬਾਬਰ ਨੇ ਕਿਹਾ, ਨਹੀਂ ਹਜ਼ੂਰ। ਪਰ ਆਹ ਭੇਟਾ ਪਰਵਾਨ ਕਰੋ। ਉਸਨੇ ਭੰਗ ਭੇਟਾ ਧਰੀ। ਗੁਰੂ ਜੀ ਨੇ ਸ਼ਬਦ ਉਚਾਰਿਆ,

"ਭਉ ਤੇਰਾ ਭਾਂਗ; ਖਲੜੀ ਮੇਰਾ ਚੀਤੁ ।... ...।'

(ਤਲੰਗ ਮ. ੧, ਪੰਨਾ ੭੨੧)

(ਸ਼ੁਕਰ ਏ ਕਵੀ ਜੀ ਨੇ ਵੀ ਗੁਰੂ ਜੀ ਨੂੰ ਭੰਗ ਨਹੀਂ ਪਿਆ ਦਿਤੀ, ਭਾਵੇਂ ਆਪ ਪੀਂਦੇ ਸਨ।)

ਬਾਬਰ ਨੇ ਬਾਦਸ਼ਾਹੀ ਦਾ ਵਰ ਮੰਗਿਆ। ਗੁਰੂ ਜੀ ਨੇ ਕਿਹਾ, ਜਦ ਤਕ ਇਨਸਾਫ਼ ਕਰੋਗੇ, ਰਾਜ ਰਹੇਗਾ।

ਫਿਰ ਮਹਾਰਾਜ ਦਾ ਹੁਕਮ ਮੰਨ ਕੇ ਬਾਬਰ ਨੇ ਸਾਰੇ ਕੈਦੀ ਛਡ ਦਿਤੇ, ਤੇ ਉਹਨਾਂ ਦਾ ਲੁਟਿਆ ਸਾਮਾਨ ਵਾਪਸ ਕਰ ਦਿਤਾ।

ਗੁਰੂ ਜੀ ਵਾਪਸ ਏਮਨਾਬਾਦ ਆ ਗਏ । ਉਜੜਿਆ ਸ਼ਹਿਰ ਵੇਖਕੇ ਸ਼ਬਦ ਉਚਾਰਿਆ,

"ਕਹਾ ਸੁ ਖੇਲ ਤਬੇਲਾ ਘੋੜੇ, ਕਹਾ ਭੇਰੀ ਸਹਨਾਈ। .....।"

(ਆਸਾ ਮ. ੧, ਪੰਨਾ ੪੧੭)

ਨਗਰ ਵਿਚ ਲੋਕਾਂ ਨੂੰ ਰੋਂਦੇ ਕੁਰਲਾਉਂਦੇ ਵੇਖਕੇ ਹਜ਼ੂਰ ਨੇ ਸ਼ਬਦ ਉਚਾਰਿਆ,

"ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ ।... ।"

(ਆਸਾ, ਮ. ੧, ਪੰਨਾ ੪੧੮)

# ਉਨੱਤੀਵਾਂ ਧਯਾਇ

## ਅਜਿਤਾ ਰੰਧਾਵਾ ਤੇ ਮੂਲਾ ਚੋਣਾ

ਮਰਦਾਨੇ ਨੇ ਪੁਛਿਆ, 'ਮਹਾਰਾਜ! ਏਮਨਾਬਾਦ ਦੇ ਪਠਾਣਾਂ ਨੇ ਭੁੱਖੇ ਫ਼ਕੀਰਾਂ ਨੂੰ ਰੋਟੀ ਨਾ ਦਿਤੀ। ਅਵੱਗਿਆ ਸਿਰਫ਼ ਉਹਨਾਂ ਥੋੜਿਆਂ ਦੀ ਸੀ, ਪਰ ਦੁੱਖ ਸਭ ਨੂੰ

Digitized by Panjab Digital Library | www.panjabdigilib.org

ਸਹਿਣਾ ਪਿਆ ।'

ਗੁਰੂ ਜੀ ਨੇ ਫ਼ੁਰਮਾਇਆ,

"ਸੁਨ ਮਰਦਾਨੇ, ਨਗਰ ਜਿਸ, ਸੰਤ ਅਥਿਤ ਚਲ ਜਾਹਿ ।
ਸੇਵਾ ਹੋਇ ਨ ਤਾਹ ਕੀ ਸਬਹਨ ਪਾਪ ਲਗਾਇ ।੫।
ਜਾਨਹੁ ਗ੍ਰਿਸਤ ਧਰਮ ਸੁਭ ਏਹੂ ।
ਆਇ ਅਥਿਤ ਕੀ ਸੇਵ ਕਰੇਹੂ ।
ਜਥਾ ਸ਼ਕਤਿ ਤਿਹ ਆਦਰ ਕਰ ਹੀ ।
ਦੇ ਅਹਾਰ ਮ੍ਰਿਦੁ ਬਚਨ ਉਚਰ ਹੀ ।੬।"

(ਅੱਗੇ ਇਕ ਮਿਸਾਲ ਹੈ ।)

ਮਰਦਾਨਾ ਸੌਂ ਗਿਆ । ਮਹਾਰਾਜ ਨੇ ਉਸਦੇ ਪੇਟ ਉਤੇ ਮਿੱਠੇ ਦੀ ਬੂੰਦ ਪਾ ਦਿਤੀ । ਉਸ ਉਤੇ ਕੀੜੀਆ ਇਕੱਠੀਆਂ ਹੋ ਗਈਆਂ । ਇਕ ਕੀੜੀ ਮਰਦਾਨੇ ਨੂੰ ਲੜੀ, ਤਾਂ ਉਹਨੇ ਸਾਰੀਆਂ ਮਲ-ਮਿੱਧ ਕੇ ਮਾਰ ਦਿਤੀਆਂ । ਗੁਰੂ ਜੀ ਨੇ ਕਿਹਾ, ਮਰਦਾਨਿਆਂ ! ਤੈਨੂੰ ਸਿਰਫ਼ ਇਕ ਕੀੜੀ ਲੜੀ ਸੀ, ਪਰ ਤੂੰ ਸਾਰੀਆਂ ਕਿਉਂ ਮਾਰ ਦਿਤੀਆਂ' ।

(ਮਰਦਾਨੇ ਦਾ ਸ਼ੰਕਾ ਨਵਿਰਤ ਹੋ ਗਿਆ । ਬੁਰਿਆਂ ਦੇ ਸੰਗ, ਨੇਕਾਂ ਨੂੰ ਵੀ ਦੁੱਖ ਸਹਿਣੇ ਪੈ ਜਾਂਦੇ ਹਨ ।)

ਗੁਰੂ ਜੀ ਪਾਸ ਭਾਈ ਲਾਲੋ ਤੇ ਉਹ ਪੰਡਤ ਵੀ ਆ ਗਏ । ਉਹਨਾਂ ਸਾਰੇ ਨੱਗਰ ਵਿਚ ਗੁਰੂ ਜੀ ਦੀ ਵਡਿਆਈ ਕੀਤੀ । ਨੱਗਰ ਦੇ ਬਹੁਤ ਸਾਰੇ ਲੋਕ ਆ ਕੇ ਚਰਨੀ ਲੱਗੇ ।

ਓਥੋਂ ਚੱਲ ਕੇ ਗੁਰੂ ਜੀ ਬਟਾਲੇ ਦੇ ਨੇੜੇ ਅਜਿੱਤੇ ਰੰਧਾਵੇ ਦੇ ਖੂਹ 'ਤੇ ਆ ਬੈਠੇ । ਕਿਸੇ ਨੇ ਜਾ ਕੇ ਮੂਲੇ ਚੋਣੇ ਨੂੰ ਖ਼ਬਰ ਕਰ ਦਿਤੀ । ਮੂਲਾ ਤੇ ਅਜਿਤਾ ਸੁਣ ਕੇ ਆ ਪਹੁੰਚੇ । ਗੁਰੂ ਜੀ ਨੂੰ ਫ਼ਕੀਰੀ ਭੇਸ ਵਿਚ ਵੇਖ ਕੇ ਮੂਲੇ ਨੇ ਬਹੁਤ ਕ੍ਰੋਧ ਕੀਤਾ । ਉਹਨੇ ਕੁਛ ਮੰਦੇ ਸ਼ਬਦ ਵੀ ਕਹੇ ।

"ਨਿਜ ਇਸਤ੍ਰੀ ਤਜ ਕਰ ਸੁਤ ਦੋਊ ।
ਨਹੀਂ ਆਇ ਸੁਧ ਲੀਨੀ ਕੋਊ ।੨੫।
ਸਿਰੀ ਚੰਦ ਜੈਰਾਮ ਘਰ ਕੀਨੇ ਅਨਦ ਬਿਲਾਸ ।
ਜਬ ਤਿਨ ਕੋ ਪਰਲੋਕ ਭਾ, ਆਯੋ ਮੋਰ ਅਵਾਸ ।੨੬।"

(ਭਾਵ, ਬੀਬੀ ਨਾਨਕੀ ਜੀ ਤੇ ਜੈਰਾਮ ਜੀ ਉਸ ਸਮੇਂ ਤਕ ਪਰਲੋਕ ਸਿਧਾਰ ਗਏ ਸਨ । ਅੱਗੇ ਚੱਲ ਕੇ ਛੰਦ ੮੧ ਵਿਚ ਫਿਰ ਇਸਦਾ ਜ਼ਿਕਰ ਹੈ ।)

ਮੂਲਾ ਕਹਿ ਰਿਹਾ ਹੈ,

"ਸਬ ਕੀ ਮੈਂ ਪ੍ਰਿਤ ਪਾਰਨ ਕੀਨੀ ।
ਨਹੀਂ ਆਇ ਇਨ ਕਬ ਸੁਧ ਲੀਨੀ ।

Digitized by Panjab Digital Library | www.panjabdigilib.org

ਹੋਨੇ ਹੁਤੋ ਫਕੀਰ ਜਿ ਐਸੇ ।
ਨਿਜ ਪਰਵਾਰ ਸਹੇਰਯੋ ਕੈਸੇ ।੨੭।"

ਅਜਿੱਤੇ ਨੇ ਮੂਲੇ ਨੂੰ ਸਮਝਾਇਆ, ਕਿ ਤੈਨੂੰ ਐਸੇ ਬਚਨ ਨਹੀਂ ਕਹਿਣੇ ਚਾਹੀਦੇ ।

ਅਜਿੱਤੇ ਨੇ ਜਾ ਕੇ ਘਰੋਂ ਭੋਜਨ ਤੇ ਬਸਤਰ ਲੈ ਆਂਦੇ । ਪਰ ਮਹਾਰਾਜ ਨੇ ਕੁਛ ਵੀ ਪਰਵਾਨ ਨਾ ਕੀਤਾ । ਹਜ਼ੂਰ ਚੁੱਪ ਹੀ ਰਹੇ ।

ਸਿਰੀ ਚੰਦ ਤੇ ਲਖਮੀ ਦਾਸ ਨੇ ਵੀ ਆ ਕੇ ਚਰਨ ਪਰਸੇ । ਮਹਾਰਾਜ ਨੇ ਨਾ ਬਸਤਰ ਪਹਿਨੇ, ਨਾ ਭੋਜਨ ਛਕਿਆ । ਮੂਲਾ ਨਾਰਾਜ਼ ਹੋ ਕੇ ਚਲਾ ਗਿਆ ।

ਬਹੁਤ ਸਾਰੇ ਲੋਕ ਆਉਂਦੇ, ਚਰਨ ਪਰਸਦੇ ਤੇ ਉਪਦੇਸ਼ ਸੁਣ ਕੇ ਨਿਹਾਲ ਹੋ ਹੋ ਜਾਂਦੇ ।

ਅਜਿੱਤੇ ਰੰਧਾਵੇ ਨੇ ਸੁਣਿਆਂ, ਤਾਂ ਉਹ ਪੂਰਨ ਸ਼ਰਧਾ ਨਾਲ ਆਇਆ । ਗੁਰੂ ਜੀ ਦੇ ਚਰਨ ਪਕੜ ਕੇ ਉਹਨੇ ਪਹਿਰ ਦਿਤਾ ਚਿਤਾ । ਹਜ਼ੂਰ ਨੇ ਆਪਣੇ ਹੱਥੀਂ ਉਸ ਨੂੰ ਉਠਾ ਕੇ ਕਿਹਾ,

"ਬੰਦਨ ਕਰ ਕਰਤਾਰ ਅਗਾਰੀ ।
ਪੂਜਹਿ ਮਨ ਕਾਮਨਾ ਤੁਮਾਰੀ ।੪੬।"

ਏਨੇ ਨਾਲ ਅਜਿਤਾ ਨਿਹਾਲ ਹੋ ਗਿਆ, ਤੇ ਸ਼ਰਧਾ ਨਾਲ ਸੇਵਾ ਕਰਨ ਲੱਗਾ ।

ਇਕ ਦਿਨ ਫਿਰ ਮੂਲਾ ਚੋਣਾ, ਚੰਦੋ ਰਾਣੀ (ਮਾਤਾ ਸੁਲੱਖਣੀ ਜੀ ਦੇ ਮਾਤਾ ਪਿਤਾ) ਸੁਲੱਖਣੀ ਜੀ ਨੂੰ ਨਾਲ ਲੈ ਕੇ ਆ ਗਏ । ਸੱਸ ਸਹੁਰਾ ਗੁਰੂ ਜੀ ਨਾਲ ਝਗੜਨ ਲੱਗੇ । ਸੁਣ ਕੇ ਅਜਿਤਾ ਵੀ ਆ ਗਿਆ । ਉਹਨੇ ਮੂਲੇ ਨੂੰ ਬੜਾ ਸਮਝਾਇਆ ।

"ਮੂਲਾ ਕਹੈ, ਨ ਹੌਂ ਅਬ ਕਹੌਂ ।
ਨਿਜ ਪਰਵਾਰ ਸੰਮਾਰੈ ਚਹੌਂ ।੬੩।"

(ਫਿਰ ਚੰਦੋ ਰਾਣੀ ਦੀ ਵਾਰੀ ਆ ਗਈ ।)

'ਚੰਦੋ ਰਾਨੀ ਕਰਕੀ[] ਫੇਰ ।
ਤਪਾ ਰਖਾਯੋ, ਆਖਯੋ ਟੇਰ ।
ਕੀਨੋ ਵਹਿਰ ਫਕੀਰੀ ਬੇਸਾ ।
ਤਿਯ ਸੁਤਿ ਤਜਿ ਕੈ ਫਿਰਯੋ ਬਦੇਸਾ ।੭੧।"

ਮਾਤਾ ਸੁਲਖਣੀ ਜੀ ਕੁਛ ਕਹਿਣ ਲੱਗੇ, ਤਾਂ ਅਜਿਤੇ ਨੇ ਉਹਨਾਂ ਨੂੰ ਰੋਕ ਦਿਤਾ । ਉਸਨੇ ਕਿਹਾ,

"ਹੈ ਇਨਕੇ ਸੰਗ ਤੁਮਰੋ ਕਾਜਾ ।
ਇਨਹੀ ਸੋ ਸਬ ਬਿਧਿ ਸੁਖ ਸਾਜਾ ।
ਕਹੈ ਸੁਲਖਣੀ, ਸੁਨ ਮਮ ਭਾਈ ।

---

[]ਕੜਕੀ ।

Digitized by Panjab Digital Library | www.panjabdigilib.org

ਹੌਂ ਕਿਹ ਕੇ ਅਬਲੰਬ* ਰਹਾਈ।੭੮।
ਮਾਤ ਪਿਤਾ ਦੇਵਤ ਹੈਂ ਗਾਰੀ।
ਅਪਨ ਗਰੇ ਤੇ ਚਹਿਤ ਉਤਾਰੀ।
ਬੋਲ ਕੁਬੋਲ ਦੇਤ ਹੈਂ ਤਾਨੇ।
ਤੂੰ ਭੀ ਕਰਹੁ ਫ਼ਕੀਰੀ ਬਾਨੇ।੭੯।
ਜਾਇ ਬੈਠ ਨਿਜ ਪਤਿ ਕੇ ਪਾਸੂ।
ਸਾਧੂ ਭੇਖ ਕਰਹੁ ਜਸ ਤਾਸੂ।
ਪਰੀ ਗਰੇ ਤੂੰ ਸਦਾ ਹਮਾਰੇ।
ਸੋ ਸਭ ਸਾਚੀ ਕਰਤ ਉਚਾਰੇ।੮੦।"
(ਏਥੇ ਬੀਬੀ ਨਾਨਕੀ ਜੀ ਦਾ ਜ਼ਿਕਰ ਹੈ।)
"ਮੁਰ ਨਿਣਾਨ ਜੋ ਨਾਨਕੀ ਜਬ ਜੀਵਤ ਸੁਖਦਾਇ।
ਸਿਰੀ ਚੰਦ ਤਿਹ ਸਦਨ ਮਹਿ, ਸਬ ਕੁਛ ਪਹਿਰਤ ਖਾਇ।੮੧।
ਮਨ ਭਾਵਤ ਜੋ ਕਰਤ ਬਿਲਾਸੂ।
ਨਹਿ ਚਿੰਤਾ ਕਾਹੂ ਕੀ ਤਾਸੂ।
ਜਬ ਕਾ ਭਾ ਤਿਨ ਕੋ ਪਰਲੋਕੂ।
ਹਮ ਕੋ ਭਯੋ ਸਬੈ ਬਿਧਿ ਸੋਕੂ।੮੨।
ਦਸ ਦਿਸ ਤੇ ਮੁਝ ਬਨਯੋ ਕੁਫੇਰਾ।
ਕਿਸ ਪ੍ਰਕਾਰ ਹ੍ਵੈ ਜੀਵਨ ਮੇਰਾ।
ਅਸ ਕਹਿ ਆਂਖਨ ਆਂਸੂ ਗੇਰਤ।
ਊਚ ਸ੍ਵਾਸ ਲੈ ਧਰਨੀ ਹੇਰਤ।੮੩।
ਸ੍ਰੀ ਨਾਨਕ ਪਿਖ ਸੁਨ ਕੇ ਬਾਨੀ।
ਰਿਦੈ ਬਿਖੈ ਕਰਨਾ ਬਹੁ ਠਾਨੀ।
ਕਹਤ ਭਏ, ਸੁਣ ਚੋਣੀ ਕਾਨਾ।
ਦੁਖ ਪੁਨ ਭੂਖ ਜਿ ਕਰਹੁ ਪ੍ਰਵਾਨਾ।੮੪।
ਰਹਹੁ ਨਿਕਟਿ ਹਠ ਕਰਹੁ ਘਨੇਰਾ।
ਜੋ ਹਮ ਹਾਲ, ਸੁ ਹੋਵਹਿ ਤੇਰਾ।
ਭਨੈ ਸੁਲਖਨੀ, ਸੁਨ ਬਚ ਮੋਰੇ।
ਨਹਿ ਭੂਖਨ ਜਾਚੋ ਢਿਗ ਤੋਰੇ।੮੫।
ਰਿਦੈ ਬ੍ਰਿਖੈ ਚਾਹੋ ਨਿਤ ਐਸੇ।
ਤੁਮ ਜਿਉ ਹਾਲ, ਹੋਇ ਮਮ ਤੈਸੇ।

---

* ਸਹਾਰੇ।

Digitized by Panjab Digital Library | www.panjabdigilib.org

ਦੁਖ ਭੁਖ ਸਹਿ ਕੈ ਅਪਨ ਸਰੀਰਾ ।
ਰਹੌਂ ਸਦੀਵ ਤੁਮਾਰੇ ਤੀਰਾ ।੮੬।
ਪ੍ਰਭ ਬੋਲੇ, ਜੋ ਅਸ ਮਨ ਤੇਰੇ ।
ਆਨਹੁ ਸੁਤ ਅਬ ਕਰਹੁ ਨ ਦੇਰੇ ।
ਸ੍ਰਬ ਕ੍ਰਤਾਰ ਕਰਹਿ ਗੋ ਨੀਕੀ ।
ਜੇ ਸਰਧਾ ਅਸੀ ਦ੍ਰਿਢ ਜੀ ਕੀ ।੮੭।"

ਇਹ ਆਗਿਆ ਪਾ ਕੇ ਮਾਤਾ ਸੁਲੱਖਣੀ ਜੀ ਬਹੁਤ ਪਰਸੰਨ ਹੋਏ । ਸਿਰੀ ਚੰਦ ਤੇ ਲਖਮੀਦਾਸ ਨੂੰ ਨਾਲ ਲੈ ਕੇ ਸੁਲੱਖਣੀ ਜੀ ਮਹਾਰਾਜ ਦੇ ਚਰਨਾਂ ਵਿਚ ਆ ਬੈਠੇ । ਮੂਲਾ ਤੇ ਚੰਦੋ ਰਾਨੀ ਉਦਾਸ ਹੋ ਕੇ ਘਰ ਨੂੰ ਚਲੇ ਗਏ ।

# ਤੀਹਵਾਂ ਧਯਾਇ

## ਕਰਤਾਰਪੁਰ ਵਸਾਇਆ

ਮਹਾਰਾਜ ਦੇ ਪਾਸ ਹਰ ਵੇਲੇ ਸਤਸੰਗ ਹੁੰਦਾ ਰਹਿੰਦਾ । ਅਜਿਤਾ ਰੰਧਾਵਾ ਹਰ ਤਰ੍ਹਾਂ ਸੇਵਾ ਕਰਦਾ । ਦੋਵੇਂ ਸਾਹਿਬਜ਼ਾਦੇ ਤੇ ਮਾਤਾ ਸੁਲੱਖਣੀ ਜੀ ਵੀ ਹਰ ਸਮੇਂ ਸ਼ਰਧਾ ਨਾਲ ਸੇਵਾ ਕਰਦੇ । ਇਹ ਮਹਿਮਾ ਵੇਖ ਕੇ ਮੂਲਾ ਤੇ ਚੰਦੋ ਰਾਣੀ ਵੀ ਭੁੱਲ ਬਖ਼ਸ਼ਾਉਣ ਵਾਸਤੇ ਆ ਹਾਜ਼ਰ ਹੋਏ । ਮਹਾਰਾਜ ਨੇ ਕਿਹਾ, 'ਤੁਹਾਡਾ ਅੰਤ ਸਮਾਂ ਨੇੜੇ ਹੈ, ਸੰਗਤ ਵਿਚ ਮਿਲ ਕੇ ਸਿਮਰਨ ਕਰੋ । ਉਹ ਦੋਵੇਂ ਵੀ ਸਿੱਧੇ ਰਸਤੇ ਲੱਗ ਗਏ, ਤੇ ਥੋੜੇ ਸਮੇਂ ਪਿਛੋਂ ਪਰਲੋਕ ਸਿਧਾਰ ਗਏ ।

ਕੁਛ ਸਮੇਂ ਪਿਛੋਂ ਮਹਾਰਾਜ ਰਾਵੀ ਦੇ ਕੰਢੇ ਆ ਬੈਠੇ । ਲਾਹੌਰ ਤਕ ਲੋਕ ਮਹਾਰਾਜ ਦੇ ਦਰਸ਼ਨਾਂ ਨੂੰ ਆਉਂਦੇ, ਤੇ ਉਪਦੇਸ਼ ਸੁਣ ਕੇ ਨਿਹਾਲ ਹੁੰਦੇ । ਸਾਰੇ ਇਲਾਕੇ ਵਿਚ ਬਹੁਤ ਮਹਿਮਾ ਹੋਣ ਲੱਗੀ ।

ਉਸ ਇਲਾਕੇ ਦਾ ਖੱਤਰੀ ਕਰੋੜੀਆ ਬੜਾ ਹੰਕਾਰੀ ਸੀ । ਗੁਰੂ ਜੀ ਦੀ ਉਸਤਤ ਸੁਣ ਕੇ ਉਹ ਬਹੁਤ ਸੜਦਾ ਸੀ । ਇਕ ਦਿਨ ਕੁਛ ਜੋਗੀ (ਸਾਧੂ) ਕਿੰਗ ਨਾਲ ਗਾਉਂਦੇ ਫਿਰਦੇ ਉਸ ਕੋਲ ਆ ਗਏ । ਉਹਨਾਂ ਸ਼ਬਦ ਗਾਵਿਆ,

"ਨਾਨਕੁ ਆਖੈ ਰੇ ਮਨਾ, ਸੁਣੀਐ ਸਿਖ ਸਹੀ ।......।"
(ਰਾਮਕਲੀ, ਮ. ੧. ਪੰਨਾ ੯੫੩)

ਕਰੋੜੀਏ ਨੇ ਖਿਝ ਕੇ ਕਿਹਾ,

"ਕੋ ਨਾਨਕ, ਮੈ ਪੇਖਯੋ ਨ ਜਾਨਾ ।
ਜਿਸ ਜਸ ਕਹਿ ਹਿੰਦੂ ਤੁਰਕਾਨਾ ।

Digitized by Panjab Digital Library | www.panjabdigilib.org

ਜਹ ਤਹ ਕੀਰਤ ਹੋਤ ਘਨੇਰੀ ।
ਸਮਝ ਬਿਖੈ ਕੁਛ ਆਇ ਨ ਮੇਰੀ ।੨੬।"

ਉਹਨੇ ਆਪਣੇ ਆਦਮੀਆਂ ਨੂੰ ਕਿਹਾ, 'ਘੋੜਾ ਲਿਆਓ, ਮੈਂ ਜਾ ਕੇ ਨਾਨਕ ਨੂੰ ਕੈਦ ਕਰ ਲੈਂਦਾ ਹਾਂ ।'

"ਕਰਕੈ ਕੈਦ ਸੀਖ ਸੁਭ ਦੇਊਂ ।
ਤਿਹ ਮਨ ਮਤੋ ਸਰਬ ਬਰਜੇਊਂ । ...੨੯।"

ਕਰੋੜੀਆ ਘੋੜੇ 'ਤੇ ਚੜ੍ਹਨ ਲੱਗਾ, ਤਾਂ ਘੋੜੇ ਤੋਂ ਡਿੱਗ ਪਿਆ । ਇਹ ਬੇਸਗਨੀ ਸਮਝ ਕੇ ਉਹ ਉਸ ਦਿਨ ਨਾ ਗਿਆ । ਅਗਲੇ ਦਿਨ ਉਹ ਘੋੜੇ ਤੇ ਚੜ੍ਹ ਕੇ ਆਪਣੇ ਆਦਮੀਆਂ ਸਣੇ ਫਿਰ ਤੁਰ ਪਿਆ । ਹਜ਼ੂਰ ਤੋਂ ਅਜੇ ਕੁਛ ਦੂਰ ਹੀ ਸੀ, ਜਾਂ ਕਰੋੜੀਆ ਅੰਨ੍ਹਾਂ ਹੋ ਗਿਆ । ਫਿਰ ਉਸਨੂੰ ਯਕੀਨ ਆਇਆ. ਕਿ ਗੁਰੂ ਜੀ ਸ਼ਕਤੀਵਾਨ ਹਨ । ਉਹਦਾ ਹੰਕਾਰ ਟੁੱਟ ਗਿਆ, ਤੇ ਉਹ ਧਰਤੀ 'ਤੇ ਮੱਥਾ ਰਗੜ ਰਗੜ ਕੇ ਬੇਨਤੀ ਕਰਨ ਲੱਗਾ । ਸਾਥੀਆਂ ਉਹਨੂੰ ਫੜਕੇ ਗੁਰੂ ਜੀ ਦੇ ਚਰਨਾਂ ਉਤੇ ਜਾ ਪਾਇਆ । ਗੁਰੂ ਜੀ ਨੇ ਮੇਹਰ ਕੀਤੀ, ਤਾਂ ਉਹਨੂੰ ਦਿੱਸਣ ਲੱਗ ਪਿਆ ।

ਕਰੋੜੀਏ ਨੇ ਜ਼ੋਰ ਦਿਤਾ, ਕਿ ਏਥੇ ਆਪਣੇ ਨਾਮ ਉਤੇ ਆਪਣਾ ਨੱਗਰ ਵਸਾਉ । ਉਸਦੀ ਬੇਨਤੀ ਮੰਨ ਕੇ ਗੁਰਦੇਵ ਨੇ ਓਥੇ ਨੱਗਰ ਵਸਾਇਆ ਤੇ ਨਾਮ ਰਖਿਆ 'ਕਰਤਾਰਪੁਰ'[] । ਓਥੇ ਧਰਮ ਸਾਲ ਬਣਾ ਕੇ, ਮੰਜੀ 'ਤੇ ਬਹਿ ਕੇ ਗੁਰੂ ਜੀ ਨੇ ਪਰਚਾਰ ਸ਼ੁਰੂ ਕੀਤਾ, ਤੇ ਨਾਲ ਹੀ ਸਭ ਵਾਸਤੇ ਗੁਰੂ ਕਾ ਲੰਗਰ ਸ਼ੁਰੂ ਕੀਤਾ । ਮਾਤਾ ਸੁਲੱਖਣੀ ਜੀ ਤੇ ਦੋਵੇਂ ਸਾਹਿਬਜ਼ਾਦੇ ਵੀ ਓਥੇ ਹੀ ਰਹਿਣ ਲੱਗੇ ।

ਇਕ ਦਿਨ ਇਕ ਕਰਮਕਾਂਡੀ ਪੰਡਤ ਆ ਗਿਆ । ਗੁਰੂ ਜੀ ਨੇ ਉਸਨੂੰ ਭੋਜਨ ਛਕਣ ਵਾਸਤੇ ਕਿਹਾ । ਉਸਨੇ ਕਿਹਾ, ਮੈਂ ਤਾਂ ਧਰਤੀ ਖੋਦ ਕੇ ਆਪਣੇ ਹੱਥੀਂ ਰਸੋਈ ਤਿਆਰ ਕਰਕੇ ਛਕਦਾ ਹਾਂ ।

ਮਹਾਰਾਜ ਨੇ ਉਸਨੂੰ ਸੁੱਕੀ ਰਸਦ ਦੁਆ ਦਿਤੀ । ਪੰਡਤ ਜਿੱਥੇ ਧਰਤੀ ਖੋਦੇ, ਓਥੋਂ ਹੀ ਹੱਡੀਆਂ ਨਿਕਲਨ । ਇਸਤਰਾਂ ਉਸਨੂੰ ਸਾਰਾ ਦਿਨ ਬੀਤ ਗਿਆ । ਇਕ ਭੁੱਖ, ਦੂਜਾ ਕਸ਼ਟ । ਹਾਰ ਕੇ ਉਹ ਗੁਰੂ ਜੀ ਦੇ ਚਰਨੀ ਆ ਢੱਠਾ । ਗੁਰੂ ਜੀ ਨੇ ਕਿਹਾ, ਹੁਣ 'ਵਾਹਿਗੁਰੂ' ਕਹਿਕੇ ਧਰਤੀ ਸੁੱਚੀ ਕਰ ਲਵੋ, ਤੇ ਰਸੋਈ ਬਣਾ ਕੇ ਛਕੋ । ਪੰਡਤ ਨੇ ਓਵੇਂ ਕੀਤਾ । ਉਹ ਰਸੋਈ ਬਣਾ ਕੇ, ਖਾ ਕੇ ਆਇਆ*, ਤਾਂ ਮਹਾਰਾਜ ਨੇ ਸਬਦ ਉਚਾਰਿਆ,

"ਸੁਇਨੇ ਕਾ ਚਉਕਾ ਕੰਚਨ ਕੁਆਰ ।......।"

(ਬਸੰਤ, ਮ: ੧. ਪੰਨਾ ੧੧੬੯)

---

[](ਕਵੀ ਸੰਤੋਖ ਸਿੰਘ ਜੀ ਗੁਰਦੇਵ ਦੀਆਂ ਉਦਾਸੀਆਂ ਦੀ ਤਰਤੀਬ ਠੀਕ ਨਹੀਂ ਰੱਖ ਸੱਕੇ । ਕਰਤਾਰਪੁਰ ਪਹਿਲੀ ਉਦਾਸੀ ਪਿਛੋਂ ਹੀ ਵਸਾਇਆ ਸੀ, ੧੫੬੬-੬੭ ਬਿ. ਵਿਚ ।)

* (ਕਵੀ ਜੀ ਨੇ ਫਿਰ ਵੀ ਪੰਡਤ ਨੂੰ ਆਪਣੇ ਹੱਥੀਂ ਰਸੋਈ ਬਣਾ ਕੇ ਖਾਂਦਿਆਂ ਦੱਸਿਆ ਹੈ । ਗੁਰੂ ਕੇ ਲੰਗਰ 'ਚੋਂ ਕਿਉਂ ਨਹੀਂ ਛਕਿਆ ?)

Digitized by Panjab Digital Library | www.panjabdigilib.org

ਪੰਡਤ ਸੁਣ ਕ ਗੁਰੂ ਜੀ ਕਾ ਸਿੱਖ ਬਣਿਆਂ।

## ਇਕੱਤੀਵਾਂ ਧਯਾਇ

### ਸ਼ਹੁ ਸੁਹਾਗਣ, ਮੂਲਾ ਤੇ ਜਲਾਲ

ਕਰਤਾਰ ਪੁਰ ਵਿਚ ਸਤ ਸੰਗ ਸ਼ੁਰੂ ਕਰਾ ਕੇ, ਗੁਰੂ ਜੀ ਬਾਲੇ ਤੇ ਮਰਦਾਨੇ ਨੂੰ ਨਾਲ ਲੈ ਕੇ ਫਿਰ ਤੁਰ ਪਏ।

ਮਹਾਰਾਜ ਸਿਆਲਕੋਟ ਦੇ ਬਾਹਰ ਜਾ ਬੈਠੇ। ਮਰਦਾਨੇ ਨੂੰ 'ਸੱਚ' ਤੇ 'ਝੂਠ' ਖ਼ਰੀਦਣ ਵਾਸਤੇ ਸ਼ਹਿਰ ਵਿਚ ਭੇਜਿਆ।

"ਹੇਮ* ਟਕਾ ਪੁਰ() ਮਹਿ ਲੇ ਜਾਵਹੁ।
ਸਾਚ ਝੂਠ ਮੁਲ ਤਹ ਤੇ ਲਿਆਵਹੁ।੮।"

ਮਰਦਾਨਾ ਸਾਰੇ ਬਜ਼ਾਰ ਵਿਚ ਫਿਰ ਥੱਕਾ। ਅੰਤ ਇਕ ਬਨੀਏਂ ਨੇ ਟਕਾ ਲੈ ਕੇ ਕਾਗਜ਼ ਉਤੇ ਲਿਖ ਦਿਤਾ, 'ਮਰਨਾ ਸੱਚ, ਤੇ ਜਿਉਣਾ ਝੂਠ'।

ਗੁਰੂ ਜੀ ਪੜ੍ਹ ਕੇ ਬੜੇ ਪਰਸੰਨ ਹੋਏ। ਮਰਦਾਨੇ ਨੂੰ ਭੇਜ ਕੇ ਮੂਲੇ ਨੂੰ ਬੁਲਾ ਲਿਆ। ਮੂਲੇ ਨੂੰ ਨਾਲ ਲੈ ਕੇ ਗੁਰੂ ਜੀ 'ਸ਼ਹੁ ਸੁਹਾਗਣ' ਕੋਲ ਜਾ ਪੁੱਜੇ।

ਉਹ ਫਕੀਰ 'ਸ਼ਹੁ ਸੁਹਾਗਣ' ਅਖਵਾਉਂਦਾ ਸੀ, ਤੇ ਲੋਕਾਂ ਨੂੰ ਕਹਿੰਦਾ ਸੀ, ਕਿ ਦੂਜ ਦੇ ਚੰਦ ਦੀ ਰਾਤ ਮੇਰੇ ਪਾਸ 'ਸ਼ਹੁ' (ਮਾਲਕ) ਆਉਂਦਾ ਹੈ। ਉਸ ਦਿਨ ਖ਼ੂਬ ਮੇਲਾ ਲੱਗਦਾ। ਲੋਕ ਬਹੁਤ ਪੂਜਾ ਕਰਦੇ। ਉਹ ਇਸਤਰੀਆਂ ਵਾਲੇ ਬਸਤਰ ਪਹਿਨ ਕੇ ਤੇ ਸ਼ਿੰਗਾਰ ਕਰਕੇ ਅੰਦਰ ਵੜ ਬੈਠਦਾ।

"ਅੰਗਨਾ[1] ਕੇ ਸਿੰਗਾਰ ਕਰ ਸਾਰੇ।
ਬੈਠੇ ਦੁਰ[2] ਕੇ ਤੂਸਨ[3] ਧਾਰੇ।੨੬।"

ਗੁਰੂ ਜੀ ਨੇ ਫ਼ਕੀਰ ਨੂੰ ਮਿਲਨਾ ਚਾਹਿਆ, ਪਰ ਉਸ ਫ਼ਕੀਰ ਨੇ ਆਗਿਆ ਨਾ ਦਿੱਤੀ। ਗੁਰਦੇਵ ਨੇ ਕਿਹਾ, 'ਮਰਦਾਨਿਆਂ! ਵੇਖ, ਇਸ ਦਾ ਪਖੰਡ ਉਘੜਦਾ।'

ਕਿਸੇ ਕਾਰਨ ਮੇਲੇ ਵਿਚ ਲੜਾਈ ਸ਼ੁਰੂ ਹੋ ਗਈ। ਕੇਈ ਮਾਰੇ ਗਏ, ਕੇਈ ਫੱਟੜ ਹੋਏ। ਜਰਵਾਣਿਆਂ ਨੇ ਮਾੜਿਆਂ ਨੂੰ ਲੁੱਟ ਲਿਆ। ਲੁਟੇਰੇ ਫ਼ਕੀਰ ਦੇ ਅੰਦਰ ਵੀ ਜਾ ਵੜੇ। ਉਹਨਾਂ ਕੀ ਵੇਖਿਆ,

"ਧਕਤ ਧਸੇ ਰਨ ਪੌਰ ਅੰਦਾਰੀ।
ਮੰਚ[4] ਪਰ ਬਾਲਾ[5] ਏਕ ਸੁੰਦਾਰੀ[6]।

* ਹੇਮ—ਸੋਨਾ। ਸੋਨੇ ਦਾ ਟਕਾ। ਮੋਹਰ। () ਸ਼ਹਿਰ।

1. ਇਸਤਰੀ। 2. ਲੁਕ ਕੇ। 3. ਚੁੱਪ ਚਾਪ। 4. ਪਲੰਘ। 5. ਇਸਤਰੀ। 6. ਸੁੰਦਰੀ।

Digitized by Panjab Digital Library | www.panjabdigilib.org

ਸਠਾ[1] ਤਿਹ ਸਾਥ ਢੇਲ[2] ਕਰ ਐਸੇ ।
ਬਹੁ ਕਾਮੀ ਨਰ ਕਰਤ ਸੁ ਜੈਸੇ ।੪੪।"

ਇਹ ਪਖੰਡ ਵੇਖ ਕੇ ਲੋਕਾਂ ਨੇ ਉਸਨੂੰ ਬਹੁਤ ਮਾਰਿਆ, ਤੇ ਉਸਦਾ ਸਭ ਕੁਛ ਲੁੱਟ ਲਿਆ ।

ਗੁਰਦੇਵ ਅਗਲੇ ਨਗਰ ਵਿਚ ਜਾ ਪਹੁੰਚੇ। ਏਥੇ ਸੱਯਦ ਜਲਾਲ ਦੀ ਪੀਰੀ ਮੁਰੀਦੀ ਚਲਦੀ ਸੀ। ਮਹਾਰਾਜ ਬਾਹਰ ਬੈਠ ਕੇ ਕੀਰਤਨ ਕਰਨ ਲੱਗੇ। ਹਜ਼ੂਰ ਨੇ ਸ਼ਬਦ ਪੜ੍ਹਿਆ,

"ਗੁਰਮੁਖਿ ਨਾਦੰ, ਗੁਰਮੁਖਿ ਵੇਦੰ,
ਗੁਰਮੁਖਿ ਰਹਿਆ ਸਮਾਈ ।"

ਇਕ ਸਿੰਧੀ ਨੇ ਇਹ ਸ਼ਬਦ ਸੁਣਿਆਂ, ਤੇ ਆਪਣ ਪੀਰ ਕੋਲੋਂ ਇਸ ਦੇ ਅਰਥ ਪੁੱਛੇ । ਸਾਰੀ ਵਾਰਤਾ ਸੁਣ ਕੇ ਪੀਰ ਨੇ ਗੁਰੂ ਜੀ ਨੂੰ ਬੁਲਾ ਕੇ ਬੜਾ ਆਦਰ ਮਾਣ ਕੀਤਾ। ਪੀਰ ਨੇ ਕਿਹਾ, ਆਪ ਇਸ ਦੇ ਅਰਥ ਸਮਝਾ ਦਿਹੋ। ਗੁਰੂ ਜੀ ਨੇ ਕਿਹਾ, ਤੁਹਾਡੇ ਮੁਰੀਦ ਦੀ ਤਸੱਲੀ ਤੁਹਾਡੇ ਮੂੰਹੋਂ ਹੀ ਸੁਣ ਕੇ ਹੋਵੇਗੀ। ਤੁਸੀਂ ਮੱਕੇ ਜਾਉ, ਤਾਂ ਇਸ ਦੇ ਅਰਥ ਸਮਝ ਵਿਚ ਆ ਜਾਣਗੇ। ਪੀਰ ਨੇ ਕਿਹਾ, ਫਿਰ ਆਪ ਨੇ ਮੇਰੇ ਵਾਪਸ ਆਉਣ ਤਕ ਏਥੇ ਹੀ ਰਹਿਣਾ। ਆਪਣੇ ਮੁਰੀਦਾਂ ਨੂੰ ਉਹਨੇ ਸੇਵਾ ਸਤਕਾਰ ਵਾਸਤੇ ਕਹਿ ਦਿਤਾ।

ਇਕ ਦਿਨ ਗੁਰੂ ਜੀ ਨੇ ਕਿਹਾ, "ਮੂਲਿਆ ! ਤੇਰੇ ਵਿਰੋਧੀ ਨੇ ਤੇਰੇ ਘਰ ਝੂਠੀ ਖ਼ਬਰ ਜਾ ਸੁਣਾਈ ਹੈ।'

"ਮੂਲਾ ਗਯੋ ਜੋ ਸੰਗ ਫਕੀਰੰ ।
ਜਾਤ ਅਚਾਨਕ ਤਜਯੋ ਸਰੀਰੰ ।੭੯।
ਇਵ ਸੁਨ ਕੈ ਤਬ ਤ੍ਰੀਯ ਤਿਹ ਠੌਰਾ।
ਜਰਨ ਹੇਤ ਕਰ ਲੀਨ ਸਿਧਉਰਾ ।
ਸਭ ਸਮਾਜ ਕੋ ਕੀਨ ਤਯਾਰੀ ।
ਸਤੀ ਹੋਨ ਲਾਗੀ ਹਿਤਕਾਰੀ ।੮੦।"

ਮੂਲੇ ਨੇ ਨਿਰਾਸ ਹੋ ਕੇ ਕਿਹਾ, 'ਮਹਾਰਾਜ ! ਮੈਂ ਹੁਣ ਉਸਨੂੰ ਕਿਵੇਂ ਬਚਾ ਸਕਦਾ ਹਾਂ।' ਗੁਰੂ ਜੀ ਨੇ ਕਿਹਾ, 'ਤੂੰ ਅੱਖਾਂ ਮੀਟ, ਤੇ ਹੁਣੇ ਜਾ ਕੇ ਉਸਨੂੰ ਬਚਾ ਲੈ।'

"ਆਇਸ ਮਾਨ ਕੀਨ ਜਬ ਐਸੋ ।
ਖੋਲ ਬਿਲੋਕਯੋ, ਨਿਜ ਘਰ ਬੈਸੋ ।
ਜਰਤ ਆਪਨੀ ਤੀਅ ਉਬਾਰੀ।
ਲਗਯੋ ਕਰਨ ਪੂਰਬ ਸਮ ਕਾਰੀ ।੮੬।"

---

1. ਮੂਰਖ, ਦੁਸ਼ਟ । 2. ਵਿਭਚਾਰ ।

Digitized by Panjab Digital Library | www.panjabdigilib.org

# ਬੱਤੀਵਾਂ ਧਯਾਇ

## ਜਲਾਲ ਪੀਰ ਦੀ ਕਥਾ

ਗੁਰੂ ਜੀ ਨੂੰ ਆਪਣੇ ਅਸਥਾਨ 'ਤੇ ਛੱਡ ਕੇ ਜਲਾਲ ਪੀਰ ਉਸੇ ਵੇਲੇ ਜਹਾਜ਼ 'ਤੇ ਚੜ੍ਹ ਗਿਆ। ਰਸਤੇ ਵਿਚ ਇਕ ਥਾਂ ਜਹਾਜ਼ ਰੁਕਿਆ। ਜਲਾਲ ਉਤਰ ਕੇ ਸਮੁੰਦਰ ਕਨਾਰੇ ਜਾ ਬੈਠਾ। ਸਾਮ੍ਹਣੇ ਇਕ ਜਹਾਜ ਡੁੱਬ ਰਿਹਾ ਸੀ। ਪੀਰ ਨੇ ਦੁਆ ਕੀਤੀ, ਤਾਂ ਜਹਾਜ਼ ਡੁਬਣੋ ਬਚ ਗਿਆ।

ਫਿਰ ਪੀਰ ਇਕ ਸੰਤ ਕੋਲ ਜਾ ਬੈਠਾ। ਕੁਦਰਤ ਵਲੋਂ ਉਸ ਵਾਸਤੇ ਭੋਜਨ ਆ ਗਿਆ, ਪਰ ਪੀਰ ਵਾਸਤੇ ਨਾ ਆਇਆ। ਉਸ ਸੰਤ ਨੇ ਆਪਣੇ ਮਹੰਤ ਪਾਸ ਜਾ ਪੁਛਿਆ, ਕਿ ਮੇਰੇ ਪਾਸ ਇਕ ਫ਼ਕੀਰ ਬੈਠਾ ਹੈ। ਉਸ ਵਾਸਤੇ ਭੋਜਨ ਕਿਉਂ ਨਹੀਂ ਆਇਆ। ਮਹੰਤ ਨੇ ਕਿਹਾ, ਇਹ ਕਰਤਾਰ ਦੇ ਅਖ਼ਤਿਆਰ ਦੀ ਗੱਲ ਹੈ। ਤੂੰ ਖਾ ਲੈ।

ਪੀਰ ਰਾਤ ਭੁੱਖਾ ਹੀ ਰਿਹਾ।

ਦਿਨੇ ਪੀਰ ਸਮੁੰਦਰ ਕੰਢੇ ਜਾ ਬੈਠਾ। ਵੇਖਿਆ, ਕਿ ਸਮੁੰਦਰ ਵਿਚ ਬਾਰਸ਼ ਹੋ ਰਹੀ ਹੈ, ਤੇ ਬਾਹਰ ਧਰਤੀ 'ਤੇ ਕੁਛ ਨਹੀਂ। ਪੀਰ ਵੇਖ ਕੇ ਬੜਾ ਹੈਰਾਨ ਹੋਇਆ। ਦਿਨੇ ਪੀਰ ਨੇ ਮੰਦਰ ਵਿਚ ਜਾ ਕੇ ਵੇਖਿਆ, ਓਥੇ ਬਹੁਤ ਸਾਰੇ ਸੰਤ ਬੈਠੇ ਸਨ। ਸੰਤਾਂ ਵਾਸਤੇ ਭੋਜਨ ਉਤਰਿਆ, ਪਰ ਪੀਰ ਵਾਸਤੇ ਨਹੀਂ। ਮਹੰਤ ਨੇ ਦੱਸਿਆ, ਕਿ ਪੀਰ ਨੇ ਕੋਈ ਭੁੱਲ ਕੀਤੀ ਹੈ। ਪੀਰ ਨੇ ਕਿਹਾ, ਕਿ ਮੈਂ ਹੋਰ ਤਾਂ ਭੁੱਲ ਕੋਈ ਨਹੀਂ ਕੀਤੀ। ਕੱਲ੍ਹ ਜਹਾਜ਼ ਡੁਬਦਾ ਵੇਖ ਕ ਕਿਹਾ ਸੀ, ਤੇ ਅੱਜ ਸਮੰਦਰ ਤੇ ਮੀਂਹ ਪੈਂਦਾ ਵੇਖ ਕੇ ਕਿਹਾ ਸੀ। ਮਹੰਤ ਨੇ ਕਿਹਾ, ਏਹਾ ਵੱਡੀ ਭੁੱਲ ਹੈ। ਤੂੰ ਰੱਬ ਨੂੰ ਮੂਰਖ ਸਮਝਿਆ ਤੇ ਆਪ ਨੂੰ ਸਿਆਣਾ। ਤੇਰੇ ਵਾਸਤੇ ਏਥੇ ਥਾਂ ਨਹੀਂ।

"ਕਹੈ ਮਹੰਤ, ਜਿ ਭਾਣਾ ਮਾਨਹਿ।
ਸੋ ਗੁਰਮੁਖ ਹੈ ਮਨੁਜ* ਸੁਜਾਨੈ।
ਜੋ ਭਾਣਾ ਮੇਟਹਿ ਕਰਤਾਰਾ।
ਸੋ ਬੇਮੁਖ ਦੁਖ ਪਾਵਹਿ ਭਾਰਾ।੪੯।"

ਜਲਾਲ ਨੇ ਕਿਹਾ, ਮੈਂ "ਗੁਰਮੁਖ" ਦੇ ਅਰਥ ਜਾਨਣ ਵਾਸਤੇ ਮੱਕੇ ਜਾ ਰਿਹਾ ਸਾਂ। ਤੁਸਾਂ ਅਰਥ ਸਮਝਾ ਦਿਤੇ ਹਨ, ਹੁਣ ਮੱਕੇ ਜਾਣ ਦੀ ਲੋੜ ਨਹੀਂ।'

ਜਲਾਲ ਨੇ ਗੁਰੂ ਜੀ ਬਾਰੇ ਦੱਸਿਆ, ਤਾਂ ਮਹੰਤ ਨੇ ਕਿਹਾ, ਉਹ ਪੂਰਨ ਪੁਰਖ ਹਨ, ਜਾ ਕੇ ਉਹਨਾਂ ਦੇ ਚਰਨੀ ਲੱਗੋ।

"ਸੁਨਯੋ ਜਲਾਲ ਭੇਦ ਭਲ ਪਾਇ।
ਸ੍ਰੀ ਨਾਨਕ ਕੋ ਲਖਯੋ ਖੁਦਾਇ।

---

*ਮਨੁੱਖ।

Digitized by Panjab Digital Library | www.panjabdigilib.org

ਤਬ ਅਹਾਰ ਉਤਰਯੋ, ਲਿਯ ਖਾਈ ।
ਸੁਖ ਸੋ ਸਗਰੀ ਰੈਨ ਬਿਤਾਈ ।੫੦।"

ਪੀਰ ਜਲਾਲ ਓਥੋਂ ਹੀ ਵਾਪਸ ਆ ਗਿਆ। ਅਉਂਦਾ ਉਹ ਗੁਰਦੇਵ ਦੇ ਚਰਨਾਂ 'ਤੇ ਢਹਿ ਪਿਆ। ਉਸਨੂੰ ਉਪਦੇਸ਼ ਦੇ ਕੇ ਮਹਾਰਾਜ ਓਥੋਂ ਤੁਰ ਪਏ।

# ਤੇਤੀਵਾਂ ਧਯਾਇ

## ਸੇਖ ਇਬਰਾਹਮ ਨਾਲ ਮਿਲਾਪ

(ਬਾਲਾ ਕਥਾ ਸੁਣਾ ਰਿਹਾ ਹੈ।) "ਸ੍ਰੀ ਬਾਲਾ ਸੰਧੁਰਵਾਚ"

ਪਟਣ (ਪਾਕ ਪਟਨ) ਵਿਚ ਸ਼ੇਖ਼ ਫ਼ਰੀਦ ਦੀ ਗੱਦੀ ਉਤੇ ਉਸ ਸਮੇਂ ਸ਼ੇਖ ਬ੍ਰਹਮ (ਇਬਰਾਹੀਮ) ਸੀ। ਗੁਰੂ ਜੀ ਦੋ ਮੀਲ ਦੂਰ ਬੈਠੇ ਜੰਗਲ ਵਿਚ ਸਬਦ ਗਾ ਰਹੇ ਸਨ।

"ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ।
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ।"

(ਮਲਾਰ, ਮ. ੧. ਪੰਨਾ ੧੨੯੧)

ਸ਼ੇਖ਼ ਬ੍ਰਾਹਮ ਦਾ ਇਕ ਮੁਰੀਦ ਜੰਗਲ ਵਿਚੋਂ ਬਾਲਣ ਲੈਣ ਆਇਆ ਸੀ। ਇਹ ਸਲੋਕ ਸੁਣ ਕੇ ਉਹ ਗੁਰੂ ਜੀ ਦੇ ਪਾਸ ਆ ਬੈਠਾ। ਸਬਦ ਦੇ ਅਰਥ ਸੁਣ ਕੇ ਉਹ ਬਹੁਤ ਪ੍ਰਭਾਵਤ ਹੋਇਆ। ਉਹਨੇ ਜਾ ਕੇ ਪੀਰ ਨੂੰ ਕਿਹਾ,

"ਸੁਨਤ ਸੇਖ ਹਰਖਾਇ ਉਰ, ਗਯੋ ਨਿਕਟ ਨਿਜ ਪੀਰ ।
ਕਹਿਓ ਜਾਇ, ਮੈ ਦੇਖਿਓ, ਆਜ ਖੁਦਾਇ ਸਰੀਰ ।੮।
ਹਿੰਦੂ ਜਨਮ, ਸ੍ਰੀ ਨਾਨਕ ਬੇਦੀ ।
ਦੇਤ ਅਲਹ ਸੁਧ ਦ੍ਰਿਤਿਹ ਛੇਦੀ ।
ਸੁਨਤ ਪੀਰ ਨੇ ਬਚਨ ਉਚਾਰੇ ।
ਹਿੰਦੂ, ਬਹੁਰ ਖੁਦਾਇ ਕ੍ਰਿਆ ਰੇ ।੯।"

ਮੁਰੀਦ ਨੇ ਫਿਰ ਵੀ ਸਿਫ਼ਤ ਕੀਤੀ, ਤਾਂ ਪੀਰ ਨੇ ਕਿਹਾ, ਤੂੰ ਮੇਰਾ ਇਹ ਬੈਂਤ ਉਸ ਕੋਲ ਲੈ ਜਾ।

"ਘਿੰਨਹੁ, ਵਤ ਗਲਾਈਏ, ਜੋ ਮੈਂ ਤੋ ਕੋ ਬੱਦ ।
ਇਕ ਸਾਹਿਬ, ਦੋ ਹੱਦ ਹੈ, ਕੋ ਸੇਵੀ, ਕੋ ਰੱਦ ।੧੨।"

ਮੁਰੀਦ ਉਹ ਸਵਾਲ ਗੁਰੂ ਜੀ ਪਾਸ ਲੈ ਗਿਆ। ਗੁਰੂ ਜੀ ਨੇ ਉਤਰ ਦਿਤਾ,

"ਦੂਜਾ ਕਾਹੇ ਸਿਮਰੀਐ ਜੰਮੇ ਤੇ ਮਰ ਜਾਇ ।
ਏਕੋ ਸਿਮਰਹੁ ਨਾਨਕਾ, ਜਲ ਥਲ ਰਹਿਆ ਸਮਾਇ ।"

Digitized by Panjab Digital Library | www.panjabdigilib.org

(ਇਹ ਸਲੋਕ ਗੁਰੂ ਨਾਨਕ ਦੇਵ ਜੀ ਦਾ ਨਹੀਂ। 'ਪੁਰਾਤਨ ਜਨਮ ਸਾਖੀ' ਦਾ ਕਰਤਾ ਇਹ ਸਲੋਕ ਇਉਂ ਲਿਖਦਾ ਹੈ :

"ਸਦਾ ਸਦਾ ਸੋ ਸੇਵੀਐ, ਜੋ ਸਭ ਮਹਿ ਰਹਿਆ ਸਮਾਇ।
ਅਵਰ ਦੂਜਾ ਕਿਉ ਸੇਵੀਐ, ਜੰਮੈ ਤੈ ਮਰਿ ਜਾਇ।"

ਇਹ ਰਚਨਾ ਤੀਸਰੀ ਪਾਤਸ਼ਾਹੀ ਦੀ ਹੈ। ਪੂਰਾ ਸਲੋਕ ਇਉਂ ਹੈ :

'ਸਾਹਿਬੁ ਮੇਰਾ ਸਦਾ ਹੈ, ਦਿਸੈ ਸਬਦੁ ਕਮਾਇ।
ਓਹੁ ਅਉਹਾਣੀ ਕਦੇ ਨਾਹਿ, ਨਾ ਆਵੈ ਨਾ ਜਾਇ।
ਸਦਾ ਸਦਾ ਸੋ ਸੇਵੀਐ, ਜੋ ਸਭ ਮਹਿ ਰਹੈ ਸਮਾਇ।
ਅਵਰੁ ਦੂਜਾ ਕਿਉ ਸੇਵੀਐ, ਜੰਮੈ ਤੈ ਮਰਿ ਜਾਇ।
ਨਿਹਫਲੁ ਤਿਨ ਕਾ ਜੀਵਿਆ, ਜਿ ਖਸਮੁ ਨ ਜਾਣਹਿ ਆਪਣਾ,
ਅਵਰੀ ਕਉ ਚਿਤੁ ਲਾਇ।
ਨਾਨਕ ਏਵ ਨ ਜਾਪਈ ਕਰਤਾ ਕੇਤੀ ਦੇਇ ਸਜਾਇ।"

(ਗੂਜਰੀ, ਮ. ੩. ਪੰਨਾ ੫੦੯)

ਮੁਰੀਦ ਨੇ ਸਭ ਕੁਛ ਪੀਰ ਨੂੰ ਜਾ ਸੁਣਾਇਆ। ਪੀਰ ਪਾਲਕੀ 'ਤੇ ਚੜ੍ਹ ਕੇ ਗੁਰੂ ਜੀ ਦੇ ਦਰਸ਼ਨਾਂ ਨੂੰ ਗਿਆ। ਨੇੜੇ ਪਹੁੰਚ ਕੇ ਪੀਰ ਪਾਲਕੀ ਤੋਂ ਉਤਰ ਬੈਠਾ ਤੇ ਪੈਦਲ ਤੁਰ ਕੇ ਗਿਆ। ਨੇੜ ਪਹੁੰਚ ਕੇ ਉਹਨੇ ਗੁਰੂ ਜੀ ਨੂੰ ਸਲਾਮ ਜਾ ਕੀਤੀ। ਦੋਵੇਂ ਇਕ ਦੂਸਰੇ ਨੂੰ ਬੜੇ ਆਦਰ ਨਾਲ ਮਿਲੇ। ਸ਼ੇਖ਼ ਬ੍ਰਹਮ ਨੇ ਸਲੋਕ ਕਿਹਾ,

"ਫਰੀਦਾ, ਪਾੜਿ ਪਟੋਲਾ ਧਜ ਕਰੀ, ਕੰਬਲੜੀ ਪਹਿਰੇਉ।
ਜਿਨੀ ਵੇਸੀ ਸਹੁ ਮਿਲੈ, ਸਈ ਵੇਸ ਕਰੇਉ। ੧੦੩"

(ਸਲੋਕ ਫ਼ਰੀਦ, ਪੰਨਾ ੧੩੮੩)

ਗੁਰੂ ਜੀ ਨੇ ਉਤਰ ਵਿਚ ਕਿਹਾ,

"ਘਰ ਹੀ ਮੁੰਧਿ, ਵਿਦੇਸਿ ਪਿਰੁ ਨਿਤ ਝੂਰੇ ਸੰਮਾਲੇ।
ਮਿਲਦਿਆ ਢਿਲ ਨ ਹੋਵਈ, ਜੇ ਨੀਅਤ ਰਾਸਿ ਕਰੇ।"

(ਵਡਹੰਸ, ਮ. ੧. ਪੰਨਾ ੫੯੪)

ਫ਼ਰੀਦ ਨੇ ਫਿਰ ਸਲੋਕ ਕਿਹਾ,

"ਫਰੀਦਾ ਨੰਢੀ ਕੰਤੁ ਨ ਰਾਵਿਓ, ਵਡੀ ਥੀ ਮੁਈਆਸੁ।
ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ।੫੪।"

ਅੱਗੋਂ ਗੁਰੂ ਜੀ ਨੇ ਉਤਰ ਦਿਤਾ;

"ਮਹਲ ਕੁਚਜੀ ਮੜਵੜੀ, ਕਾਲੀ ਮਨਹੁ ਕਸੁਧ।
ਜੇ ਗੁਣ ਹੋਵਨਿ ਤਾ ਪਿਰ ਰਵੈ, ਨਾਨਕ ਅਵਗੁਣ ਮੁੰਧ।"

(ਮਾਰੂ, ਮ, ੧. ਪੰਨਾ ੧੦੮੮)

Digitized by Panjab Digital Library | www.panjabdigilib.org

ਸ਼ੇਖ਼ ਨੇ ਫਿਰ ਸਲੋਕ ਕਿਹਾ,

"ਕਵਣੁ ਸੁ ਅਖਰੁ ਕਵਣ ਗੁਣੁ, ਕਵਣੁ ਸੁ ਮਣੀਆ ਮੰਤੁ ।
ਕਵਣੁ ਸੁ ਵੇਸੋ ਹਉ ਕਰੀ, ਜਿਤੁ ਵਸਿ ਆਵੈ ਕੰਤੁ ।੧੨੬।"
ਨਿਵਣੁ ਸੁ ਅਖਰੁ, ਖਵਣੁ ਗੁਣੁ, ਜਿਹਬਾ ਮਣੀਆ ਮੰਤੁ ।
ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ।੧੨੭।"

(ਸਲੋਕ ਫ਼ਰੀਦ, ਪੰਨਾ ੧੩੮੪)*

(ਦੂਸਰੇ ਸਲੋਕ ਦੇ ਅਰਥ ਕਰਦਿਆਂ ਕਵੀ ਜੀ ਨੇ ਐਸਾ ਪਰਗਟ ਕੀਤਾ ਹੈ, ਜਿਵੇਂ ਉਹ ਸਲੋਕ ਗੁਰੂ ਜੀ ਵਲੋਂ ਹੁੰਦਾ ਹੈ । ਪਤਾ ਨਹੀਂ, ਐਡੇ ਵਿੱਦਵਾਨ ਨੂੰ ਇਹ ਟਪਲਾ ਕਿਵੇਂ ਲੱਗ ਗਿਆ । ਅੱਗੇ ਇਕ ਹੋਰ ਸਲੋਕ ਲਿਖਿਆ ਹੈ, ਪਰ ਇਹ ਗੁਰਬਾਣੀ ਨਹੀਂ ।)

"ਸੇਵਾ ਕਰੇ ਜੁ ਕੰਤ ਕੀ, ਕੰਤ ਤਿਸੀ ਕਾ ਹੋਇ ।
ਗਰਬੀ ਕੰਤ ਨ ਪਾਈਐ, ਭਾਵੈਂ ਖਰੀ ਸੁਆਲਿਉ ਹੋਇ ।੯।"

(ਕਵੀ ਜੀ ਇਸ ਸਲੋਕ ਦੀ ਵਿਆਖਿਆ ਇਉਂ ਕਰਦੇ ਹਨ, ਜਿਵੇਂ ਗੁਰੂ ਜੀ ਨੇ ਕਿਹਾ ਹੋਵੇ ।)

ਇਹ ਵਾਕ ਸੁਣ ਕੇ ਸ਼ੇਖ਼ ਚਰਨੀ ਢਹਿ ਪਿਆ ।

ਹਜ਼ੂਰ ਨੇ ਫਿਰ ਸਲੋਕ ਉਚਾਰਿਆ,

"ਰੂਪੈ ਕਾਮੈ ਦੋਸਤੀ, ਭੁਖੈ ਸਾਦੈ ਗੰਢੁ ।..... ।"

(ਮਲਾਰ, ਮ. ੧. ਪੰਨਾ ੧੨੮੮)

ਗੁਰੂ ਜੀ ਕੁਛ ਸਮਾਂ ਓਥੇ ਰਹੇ । ਕਵੀ ਜੀ ਐਸਾ ਇਸ਼ਾਰਾ ਕਰਦੇ ਹਨ, ਜਿਵੇਂ ਆਸਾ ਦੀ ਵਾਰ ਦਾ ਕੁਛ ਭਾਗ ਓਥੇ ਉਚਾਰਿਆ ਹੋਵੇ । ਵੇਖੋ,

"ਆਸਾ ਵਾਰ ਕਛੁਕ ਤਹਿ ਕੀਨੀ ।
ਅਤਿ ਉਤਮ ਪਦਵੀ ਤਿਹ ਦੀਨੀ ।੯੧।"

## ਚੌਤੀਵਾਂ ਧਯਾਇ

### ਬਗ਼ਦਾਦ ਦਾ ਪੀਰ

ਓਥੋਂ ਗੁਰੂ ਜੀ ਸਿੱਧੇ ਬਗ਼ਦਾਦ ਚਲੇ ਗਏ । ਸ਼ਹਿਰ ਤੋਂ ਬਾਹਰ ਮਹਾਰਾਜ ਇਕ ਨਦੀ ਕਨਾਰੇ ਜਾ ਬੈਠੇ । ਸਵੇਰੇ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਮਹਾਰਾਜ ਨੇ ਬਾਣੀ ਪੜ੍ਹੀ ।

---

*ਨਾਨਕ ਪ੍ਰਕਾਸ਼ (ਗੁਰਮੁਖੀ) ਵਿਚ ਦੂਸਰੇ ਸਲੋਕ ਦੇ ਉਪਰ ਮ. ੧, ਲਿਖਿਆ ਹੈ, ਜੋ ਗ਼ਲਤ ਹੈ । ਦੋਵੇਂ ਸਲੋਕ ਫ਼ਰੀਦ ਜੀ ਦੇ ਹਨ ।

Digitized by Panjab Digital Library | www.panjabdigilib.org

"ਲਖ ਪਤਾਲ, ਲਖ ਆਕਾਸ ।*
ਇਹ ਜਬ ਸਬਦ ਪਢਯੋ ਸੁਖਰਾਸ ।......।੭।"

ਮਰਦਾਨਾ ਨਾਲ ਰਬਾਬ ਵਜਾ ਕੇ ਗਾਉਣ ਲੱਗ ਪਿਆ ।

ਇਕ ਮੁਰੀਦ ਨੇ ਸੁਣ ਕੇ ਇਹ ਸਾਰੀ ਗੱਲ ਆਪਣੇ ਪੀਰ ਦਸਤਗੀਰ ਨੂੰ ਜਾ ਦੱਸੀ । ਇਹ ਦੋਵੇਂ ਗੱਲਾਂ ਕੁਰਾਨ ਦੀ ਸ਼ਰ੍ਹਾ ਦੇ ਉਲਟ ਸਨ । (ਕੁਰਾਨ ਚੌਦਾਂ ਤਬਕ ਮੰਨਦਾ ਹੈ, ਤੇ ਰਾਗ ਦੀ ਮਨਾਹੀ ਕਰਦਾ ਹੈ ।)

ਪੀਰ ਨੇ ਕ੍ਰੋਧ ਵਿਚ ਆਕੇ ਸੰਗ-ਸਾਰ੦ ਕਰਨ ਦਾ ਹੁਕਮ ਦੇ ਦਿਤਾ ।

ਬਹੁਤ ਸਾਰੇ ਲੋਕ ਪੱਥਰ ਲੈ ਕੇ ਆ ਗਏ । ਵੇਖ ਕੇ ਗੁਰੂ ਜੀ ਨੇ ਉੱਚੀ ਸੁਰ ਵਿਚ ਬਾਂਗ ਦਿਤੀ ।

"ਨਿਰੰਕਾਰ ਸਤ ਸ੍ਰੀ ਅਕਾਲਾ ।
ਗੁਰਬਰ ਏਕੰਕਾਰ ਕ੍ਰਿਪਾਲਾ ।
ਸੁਨਕਰ ਬਾਂਗ ਸਰਬ ਨਰ ਨਾਰੀ ।
ਸੁੰਨ ਮੁੰਨ ਹੋਏ ਇਕ ਵਾਰੀ ।੨੧।"

ਪੱਥਰ ਮਾਰਨ ਵਾਸਤੇ ਜਿੰਨ੍ਹਾਂ ਹੱਥ ਉਚੇ ਕੀਤੇ, ਬਾਂਹੀਂ ਓਥੇ ਹੀ ਲੱਕੜ ਵਾਂਗ ਖਲੀਆਂ ਰਹਿ ਗਈਆਂ ।

ਪੀਰ ਨੇ ਵੀ ਕਰਾਮਾਤ ਵਿਖਾਉਣੀ ਚਾਹੀ, ਪਰ ਕੋਈ ਪੇਸ਼ ਨਾ ਗਈ । ਪੀਰ ਮਹਾਰਾਜ ਦੇ ਕੋਲ ਆ ਬੈਠਾ । ਉਸਨੇ ਸਵਾਲ ਕੀਤਾ, 'ਇਸਲਾਮ ਵਿਚ ਸਰੋਦ (ਰਾਗ) ਮਨ੍ਹਾ ਹੈ । ਤੁਸੀਂ ਰਾਗ (ਕੀਰਤਨ) ਕਿਉਂ ਕਰਦੇ ਹੋ । ਫਿਰ ਇਸਲਾਮ ਸੱਤ ਪਾਤਾਲ ਤੇ ਸੱਤ ਆਕਾਸ ਮੰਨਦਾ ਹੈ । ਤੁਸੀਂ ਲੱਖਾਂ ਕਹਿੰਦੇ ਹੋ ।'

ਗੁਰੂ ਜੀ ਨੇ ਫ਼ੁਰਮਾਇਆ, "ਜਿਸ ਰਾਗ ਨਾਲ ਮਨ ਵਿਚ ਵਿਕਾਰ ਪੈਦਾ ਹੋਵੇ, ਉਹ ਨਿੰਦਣਜਗ ਹੈ । ਪਰ ਜੋ ਰਾਗ ਰੱਬ ਨਾਲ ਜੋੜੇ, ਉਹ ਸ਼ੁਭ ਹੈ । ਆਕਾਸ-ਪਾਤਾਲ ਬਾਰ । ਜਿਸਨੂੰ ਸੱਤਾਂ ਦਾ ਗਿਆਨ ਸੀ, ਉਹਨੇ ਸੱਤ ਦੱਸ । ਪਰ ਸਾਡੇ ਸਾਹਮਣੇ ਤਾਂ ਲੱਖਾਂ ਹਨ, ਬੇਅੰਤ ਹਨ ।'

ਪੀਰ ਨੇ ਕਿਹਾ, 'ਅੱਖੀਂ ਦਿਖਾਓ । ਮੇਰੇ ਪੁੱਤਰ ਨੂੰ ਨਾਲ ਲੈ ਲਉ ।'

ਗੁਰਦੇਵ ਨੇ ਪੀਰ ਦੇ ਪੁੱਤਰ ਦਾ ਹੱਥ ਫੜਕੇ ਕਿਹਾ, ਕਿ ਅੱਖਾਂ ਬਦ ਕਰੋ । ਉਹਨੇ ਅੱਖਾਂ ਮੀਟੀਆਂ, ਤਾਂ ਕਈ ਪਾਤਾਲ ਤੇ ਕਈ ਆਕਾਸ ਵੇਖਣ ਵਿਚ ਆਏ । ਇਹ ਵੇਖਦਿਆਂ ਕਈ ਸਾਲ ਲੱਗ ਗਏ ।

"ਇਸ ਬਿਧ ਸੋ ਬਹੁ ਬਰਖ() ਬਿਤਾਏ ।
ਲਾਖ ਆਕਾਸ ਤਾਹਿ ਦਿਖਰਾਏ ।੪੨।"

---

*"ਪਾਤਾਲਾ ਪਾਤਾਲ, ਲਖ ਆਗਾਸਾ ਆਗਾਸ ।" ਜਪੁ ਜੀ ਸਾਹਿਬ । ੦ ਸੰਗ—ਪੱਥਰ । ਸਾਰ—ਮਾਰਨਾ । ਪੱਥਰ ਮਾਰ ਮਾਰ ਕੇ ਮਾਰ ਦੇਣਾ । () ਬਰਸ, ਸਾਲ ।

Digitized by Panjab Digital Library | www.panjabdigilib.org

ਭਾਵ ਆਕਾਸ, ਪਾਤਾਲ ਵੇਖਦਿਆਂ ਕਈ ਬਰਸ ਬੀਤ ਗਏ। ਪੀਰ ਦਾ ਪੁੱਤਰ ਤੰਗ ਪੈ ਗਿਆ। ਉਹਨੇ ਕਿਹਾ, 'ਮਾਹਾਰਾਜ! ਇਹਨਾਂ ਦਾ ਕੋਈ ਅੰਤ ਨਹੀਂ। ਚਲੋ ਹੁਣ ਵਾਪਸ ਚੱਲੀਏ।' ਗੁਰੂ ਜੀ ਨ ਕਿਹਾ, 'ਐਥੇ ਸਾਡੀ ਸੰਗਤ ਹੈ। ਨਸ਼ਾਨੀ ਵਜੋਂ ਪ੍ਰਸਾਦ ਲੈ ਚੱਲੋ।"

ਪ੍ਰਸਾਦ ਦਾ ਕਚਕੌਲ (ਕਾਸਾ) ਭਰ ਕੇ ਪੀਰ ਦ ਪੁੱਤਰ ਨਾਲ ਲੈ ਆਇਆ। ਅੱਖਾਂ ਖੁਹਲੀਆਂ, ਤਾਂ ਸਾਰੇ ਸਾਮ੍ਹਣੇ ਬੈਠੇ ਸਨ।

ਪੀਰ ਦੇ ਪੁਛਣ ਤੇ ਉਸਦੇ ਪੁੱਤਰ ਨੇ ਦੱਸਿਆ, ਕਿ ਇਹ ਫ਼ਕੀਰ ਰੱਬ ਦਾ ਰੂਪ ਹੈ। ਅਸੀਂ ਕਈ ਸਾਲ ਆਕਾਸ ਪਾਤਾਲ ਵੇਖਦੇ ਰਹੇ, ਪਰ ਅੰਤ ਨਹੀਂ ਆਇਆ।

ਪੀਰ ਨੇ ਕਿਹਾ, ਕਿ ਏਥ ਤਾਂ ਮਸਾਂ ਦੋ ਘੜੀਆਂ ਬੀਤੀਆਂ ਹਨ।

"ਇਹ ਠਾਂ ਘਟਕਾ ਬੀਤੀ ਦੋਊ ।
ਬੈਠੇ ਰਹੇ, ਉਠੇ ਨਹਿ ਕੋਊ ।੫੮।"

(ਬਿਲਕੁਲ ਸ਼ਬਿ ਮਿਅਰਾਜ' ਵਾਲੀ ਕਹਾਣੀ ਹੈ। ਸ਼ਬ=ਰਾਤ। ਮਿਅਰਾਜ =ਬੁਲੰਦੀ। ਜਿਸ ਰਾਤ ਹਜ਼ਰਤ ਮੁਹੰਮਦ ਸੱਤਵੇਂ ਅਸਮਾਨ 'ਤੇ ਖ਼ੁਦਾ ਨੂੰ ਮਿਲਨ ਵਾਸਤੇ ਗਏ ਸਨ। ਲੋਕਾਂ ਦੀ ਸਿਰਫ਼ ਇਕ ਰਾਤ ਬੀਤੀ ਸੀ, ਪਰ ਮੁਹੰਮਦ ਸਾਹਿਬ ਨੂੰ ਸਤਾਈ ਬਰਸ ਆਉਣ ਜਾਣ ਵਿਚ ਲੱਗ ਗਏ ਸਨ। ਵੇਖੋ 'ਕਸਸੁੱਲ ਅੰਬੀਆ' ਪੰਨਾ ੪੯੩)

ਗੁਰਦੇਵ ਦੀ ਇਹ ਕਰਾਮਾਤ ਵੇਖਕੇ ਪੀਰ ਦਸਤਗੀਰ ਮਹਾਰਾਜ ਦੇ ਚਰਨੀ ਲੱਗਾ।

# ਪੈਂਤੀਵਾਂ ਧਯਾਇ

ਮਰਦਾਨਾ ਸੁਰਗਵਾਸ

ਮਰਦਾਨੇ ਨੇ ਕਿਹਾ, 'ਮਹਾਰਾਜ! ਬਹੁਤ ਕੁਛ ਵੇਖ ਲਿਆ ਹੈ। ਹੁਣ ਘਰ ਚੱਲੀਏ।'

ਮਹਾਰਾਜ ਨੇ ਕਿਹਾ, 'ਤੂੰ ਚਾਹੁੰਦਾ ਹੈਂ, ਤਾਂ ਹੁਣੇ ਘਰ ਪੁਚਾ ਦੇਂਦੇ ਹਾਂ। ਪਰ ਤੇਰੀ ਉਮਰ ਕੇਵਲ ਪੰਜ ਦਿਨ ਬਾਕੀ ਹੈ।' ਮਰਦਾਨੇ ਕਿਹਾ, 'ਮਹਾਰਾਜ! ਮੈਂ ਜਾਂਦਾ ਨਹੀਂ। ਅੰਤ ਸਮੇਂ ਆਪ ਮੇਰੇ ਪਾਸ ਹੋਣਾ, ਤੇ ਮਰੀ ਦੇਹ ਦਾ ਸਸਕਾਰ ਕਰਨਾ, ਦਫ਼ਨਾਉਣਾ ਨਹੀਂ।'

ਮਰਦਾਨੇ ਨੇ 'ਖੁਰਮੇ" ਸ਼ਹਿਰ ਵਿਚ ਸਰੀਰ ਤਿਆਗਿਆ। ਉਸਦੀ ਇੱਛਿਆ ਅਨੁਸਾਰ ਮਹਾਰਾਜ ਨੇ ਮਰਦਾਨੇ ਦਾ ਸਸਕਾਰ ਕਰ ਦਿਤਾ।

Digitized by Panjab Digital Library | www.panjabdigilib.org

ਅਗਲੇ ਦਿਨ ਗੁਰੂ ਜੀ ਓਥੋਂ ਚੱਲਣ ਲੱਗੇ, ਤਾਂ ਕੁਛ ਸਿੱਧਾਂ ਸਮੇਤ ਗੋਰਖ ਮਿਲ ਪਿਆ। ਉਹਨਾਂ ਸਵਾਲ ਕੀਤੇ,

"ਸਿਧ ਸਭ ਬੈਠੇ ਬਚਨ ਅਲਾਏ ।
ਕਸੇ ਦੁਰਮਤ ਤਯਾਗੀ ਜਾਏ ।
ਕਿਹ ਬਿਧ ਦੁਨੀਆਂ ਦੁਤਰ* ਤਰੈ ।
ਕਿਉਂ ਕਰ ਜੀਵਤ ਜਗ ਮਹਿ ਮਰੈ ।੩੧।"......
ਕਿਹ ਤੇ ਆਵਹਿ, ਕਿਸ ਮਹਿ ਜਾਈ।
ਕਹਾਂ ਸਮਾਵਹਿ, ਦੇਹੋ ਬਤਾਈ ।੩੩।'

ਗੁਰੂ ਜੀ ਨੇ ਉਤਰ ਦਿਤਾ,

"ਗੁਰਮਤ ਲੇ, ਦੁਰਮਤ ਤਜ ਦੀਨੀ ।
ਦੁਸ਼ਤਰ ਤਰੇ ਨਾਮ ਮਤ ਭੀਨੀ ।੩੪।
ਗੁਰ ਕਾ ਸਬਦ ਰਿਦੇ ਮਹਿ ਧਰਿਯਾ ।
ਜੀਵਤ ਮ੍ਰਿਤਕ, ਬਹੁਰ ਨ ਮਰਿਯਾ ।
ਗੁਰਮੁਖ ਲੇਵਹਿ ਸਾਚ ਪਛਾਨੇ ।
ਗੁਰਮੁਖ ਖੋਜਤ ਮਗ ਕੋ ਜਾਨੇ ।੩੫।"

ਗੋਰਖ ਨੇ ਕਿਹਾ, ਏਥੋਂ ਛੇ ਸੌ ਮੀਲ ਦੂਰ ਭਲਕੇ ਅੱਚਲ ਵਿਚ ਮੇਲਾ ਹੈ। ਸਾਡੇ ਨਾਲ ਚੱਲੋ ।

ਗੁਰੂ ਜੀ ਨੇ ਕਿਹਾ, ਤੁਸੀਂ ਚੱਲੋ, ਅਸੀਂ ਸਹਿਜ ਸਹਿਜ ਆਵਾਂਗੇ।

ਸਿੱਧ ਉਡ ਕੇ ਪਹੁੰਚੇ। ਉਹਨਾਂ ਵੇਖਿਆ, ਕਿ ਗੁਰੂ ਜੀ ਉਹਨਾਂ ਤੋਂ ਪਹਿਲਾਂ ਅੱਚਲ ਵਿਚ ਬੈਠੇ ਹਨ ।

ਸਿੱਧ ਥਾਂ ਥਾਂ ਬੈਠੇ ਪੂਜਾ ਕਰਾ ਰਹੇ ਸਨ। ਪਰ ਗੁਰੂ ਜੀ ਦੀ ਪੂਜਾ ਬਹੁਤੀ ਹੋਈ।

"ਸ੍ਰੀ ਗੁਰ ਕੀ ਮਨਤਾ-ਬਹੁ ਹੋਈ ।
ਸਿੱਧ ਬਿਲੋਕ ਗਏ ਜਰ ਸੋਈ ।੪੮।"

ਓਥੋਂ ਗੁਰੂ ਜੀ ਸਿੱਧੇ ਤਲਵੰਡੀ ਇਕ ਖੂਹ ਉਤੇ ਆ ਬੈਠੇ। ਅਗਲੇ ਦਿਨ ਗੁਰੂ ਜੀ ਮਰਦਾਨੇ ਦੇ ਪੁੱਤਰ ਸ਼ਾਹਜ਼ਾਦੇ ਨੂੰ ਨਾਲ ਲੈ ਕੇ ਤੁਰ ਪਏ। ਹਜ਼ੂਰ ਸਿੱਧੇ ਤੁਲੰਭੇ ਜਾ ਪਹੁੰਚੇ।

"ਰਹੇ ਤਹਾਂ ਇਕ ਸੱਜਣ ਬੰਚਕ੦ ।
ਬੇਖ ਬੈਸਨੋ, ਦਯਾ ਨ ਰੰਚਕ ।੬੬।"

ਸ਼ਾਹਜ਼ਾਦਾ ਸੱਜਣ ਪਾਸੋਂ ਰੋਟੀ ਮੰਗਣ ਗਿਆ। ਸੱਜਣ ਦੇ ਆਦਮੀਆਂ ਨੇ

---

* ਜੋ ਨਾ ਤਰੀ ਜਾ ਸਕੇ। ੦ ਠੱਗ।

Digitized by Panjab Digital Library | www.panjabdigilib.org

ਸ਼ਾਹਜ਼ਾਦੇ ਨੂੰ ਬੰਨ੍ਹ ਲਿਆ।

"ਗਹਿ ਸ਼ਾਹਜ਼ਾਦੇ ਕੋ ਤਬੈ, ਮੁਸਕੇਂ ਲਈ ਚੜ੍ਹਾਇ।
ਬਹੁ ਮੋਲੇ ਤਨ ਚੀਰ ਜੋ ਸਭ ਖਸੋਟ ਦੁਖ ਦਾਇ।੭੫।"

ਕੁਛ ਸਮੇਂ ਪਿਛੋਂ ਗੁਰੂ ਜੀ ਨੇ ਸੱਜਣ ਨੂੰ ਜਾ ਪੁਛਿਆ, ਕਿ ਸਾਡਾ ਰਬਾਬੀ ਤੇਰੇ ਪਾਸ ਆਇਆ ਸੀ। ਸੱਜਣ ਨੇ ਇਨਕਾਰ ਕਰ ਦਿੱਤਾ, ਕਿ ਮੇਰੇ ਪਾਸ ਕੋਈ ਨਹੀਂ ਆਇਆ।

ਗੁਰੂ ਜੀ ਨੇ ਬਾਲੇ ਨੂੰ ਭੇਜਿਆ। ਉਹ ਸੱਜਣ ਦੇ ਘਰੋਂ ਸ਼ਾਹਜ਼ਾਦੇ ਨੂੰ ਲੈ ਆਇਆ। ਸ਼ਾਹਜ਼ਾਦੇ ਨੇ ਆ ਕੇ ਸ਼ਕਾਇਤ ਕੀਤੀ, ਕਿ ਇਹਨਾ ਠੱਗਾਂ ਨੇ ਮੇਰੇ ਕਪੜੇ ਉਤਾਰ ਲਏ ਹਨ।

ਮਹਾਰਾਜ ਨੇ ਸ਼ਬਦ ਉਚਾਰਿਆ,

"ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ......।"

(ਸੂਹੀ, ਮ: ੧, ਪੰਨਾ ੭੨੯)

ਸੁਣ ਕੇ ਸੱਜਣ, ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ।

"ਕ੍ਰਿਪਾ ਧਾਰਿ ਗੁਰ ਬਚਨ ਉਚਾਰਾ।
ਏਹੁ ਮਿਰਾਸੀ ਗੁਰੂ ਤੁਮਾਰਾ।੯੮।......
ਸ਼ਾਹਜ਼ਾਦੇ ਕੋ ਬੰਦਨ ਕਰੀ।
ਸੱਜਣ ਭਾ ਨਿਹਾਲ ਤਿਹ ਘਰੀ।੯੯।"

(ਅਸੀਂ ਪਿਛੇ ਵੀ ਲਿਖ ਆਏ ਹਾਂ, ਕਿ ਕਵੀ ਜੀ ਹੋਈਆਂ ਘਟਨਾਵਾਂ ਦੀ ਤਰਤੀਬ ਠੀਕ ਨਹੀਂ ਰੱਖ ਸਕੇ। ਮਹਾਰਾਜ ਦੇ ਨਾਲ ਉਸ ਸਮੇਂ ਮਰਦਾਨਾ ਸੀ, ਜਦ ਸੱਜਣ ਨਾਲ ਮੇਲ ਹੋਇਆ।)

ਮਹਾਰਾਜ ਦੇ ਉਪਦੇਸ਼ ਕਾਰਨ ਸੱਜਣ ਨੇ ਪਾਪ ਦੀ ਸਭ ਕਮਾਈ ਲੁਟਾ ਦਿਤੀ, ਤੇ ਅੱਗੇ ਵਾਸਤੇ ਸਿੱਧੇ ਰਸਤੇ ਪੈ ਗਿਆ।

ਓਥੋਂ ਮਹਾਰਾਜ 'ਖੁਰਮੇ' ਸ਼ਹਿਰ ਜਾ ਪੁੱਜੇ। ਸ਼ਾਹਜ਼ਾਦੇ ਨੇ ਮਰਦਾਨੇ ਦੇ ਦਾਹ-ਅਸਥਾਨ 'ਤੇ ਨਮਸਕਾਰ ਕੀਤੀ।

"ਗੁਰ ਕਹਿੰ, ਬਚਨ ਹਮਾਰਾ ਮਾਨਹੁ।
ਇਹ ਥਲ ਰਹਹੁ, ਕੁਟੰਬ ਨਿਜ ਆਨਹੁ।
ਮਰਦਾਨੇ ਕੇ ਸਮ ਤੂ ਹੋਇ।
ਪੂਜਹਿ ਪਗ ਸਗਰੋ ਪੁਰਿ ਜੋਇ।੧੦੩।"

ਗੁਰੂ ਜੀ ਦੇ ਹੁਕਮ ਨਾਲ ਸ਼ਾਹਜ਼ਾਦਾ ਖੁਰਮੇ ਸ਼ਹਿਰ ਵਿਚ ਹੀ ਜਾ ਵੱਸਿਆ।

"ਤਬ ਕੋ ਬਸਿਯੋ ਜਾਇ ਤਿਹ ਥਾਨਾ।
ਬਧੀ ਮੰਨਤਾ, ਬੰਸ ਮਹਾਨਾ।੧੦੮।"

Digitized by Panjab Digital Library | www.panjabdigilib.org

(ਸਾਡੀ ਰਾਏ ਅਨੁਸਾਰ ਮਰਦਾਨੇ ਨੇ ਕਰਤਾਰ ਪੁਰ ਵਿਚ ਸਰੀਰ ਤਿਆਗਿਆ ਹੈ। ਗੁਰੂ ਜੀ ਦੇ ਹੁਕਮ ਨਾਲ ਫਿਰ ਰਬਾਬ ਦੀ ਸੇਵਾ ਸ਼ਾਹਜ਼ਾਦੇ ਨੇ ਸੰਭਾਲ ਲਈ।)

# ਛੱਤੀਵਾਂ ਧਯਾਇ

## ਸਿੱਖਾਂ ਦਾ ਉਧਾਰ

ਖੁਰਮੇ ਤੋਂ ਚੱਲ ਕੇ ਗੁਰੂ ਜੀ ਕੰਧਾਰ ਪਹੁੰਚੇ। ਓਥੇ ਇਕ ਮੁਗ਼ਲ ਯਾਰਵਲੀ ਨੂੰ ਤਾਰਿਆ। ਓਥੇ ਇਕ ਖੱਤਰੀ ਦੇ ਘਰ ਰਹੇ। ਉਸਨੇ ਬਹੁਤ ਸੇਵਾ ਕੀਤੀ।

ਇਕ ਦਿਨ ਯਾਰਵਲੀ ਦੇ ਨਾਲ ਸ਼ੇਖ਼ ਸ਼ਰਫ਼ ਵੀ ਦਰਸ਼ਨ ਵਾਸਤੇ ਆਇਆ। ਉਸਨੇ ਸਵਾਲ ਕੀਤਾ,

"ਸੇਖ ਸਰਫ ਪੁਨਿ ਬਾਨੀ ਭਾਖੀ।
ਖਫਨੀ ਕਰਦ ਚਿ-ਕਾਰ, ਜੁ ਰਾਖੀ।o
ਗੁਰੂ ਮਾਯਨਾ ਤਾਹਿ ਬਤਾਇ।
ਖਫਨੀ ਹੋਇ ਗਰ, ਖਊਫ ਖੁਦਾਇ।੨੩।
ਜੀਵਤ ਮ੍ਰਿਤਕ ਜਗਤ ਹ੍ਵੈ ਰਹੀਏ।
ਹਕ ਪਛਾਨ ਸਰਬ ਸੁਖ ਲਹੀਏ।
ਜਲ ਕੇ ਬਿਖੈ ਡੂਬ ਜੋ ਤਰ ਹੀ।
ਬਹੁਰ ਨ ਡੂਬਨ ਕੋ ਡਰ ਕਰ ਹੀ।੨੪।.....
ਤੈਸੇ ਮ੍ਰਿਤਕ ਭਏ ਜੋ ਜੀਵਤ।
ਪੁਨ ਤਿਨ ਨਹਿ ਮ੍ਰਿਤੁ ਕੋ ਦੁਖ ਥੀਵਤ।੨੫।"

ਪ੍ਰਭਾਵਤ ਹੋ ਕੇ ਸ਼ਰਫ਼ ਚਰਨੀ ਢਹਿ ਪਿਆ।

"ਕਹੈ, ਕਿ ਭਯੋ ਮੁਰੀਦ ਤੁਮਾਰਾ।
ਹੁਇ ਪੀਰਨ ਸਿਰ ਪੀਰ ਉਦਾਰਾ।੩੦।"

ਕੰਧਾਰ ਤੋਂ ਚੱਲ ਕੇ ਮਹਾਰਾਜ ਇਕ ਨੱਗਰ ਦੇ ਬਾਹਰ ਆ ਬੈਠੇ। ਇਕ ਪਠਾਣ ਦੇ ਪੁਛਣ ਤੇ ਗੁਰੂ ਜੀ ਨੇ ਕਿਹਾ, ਅਸਾਂ ਖਾਨ ਚੰਦ ਦੇ ਪੁੱਤਰ ਮਾਨ ਚੰਦ ਨੂੰ ਮਿਲਨਾ ਹੈ।

ਪਠਾਣ ਪਾਸੋਂ ਸੁਣ ਕੇ ਮਾਨ ਚੰਦ ਮੇਵਾ ਲੈ ਕੇ ਗੁਰੂ ਜੀ ਦੇ ਹਾਜ਼ਰ ਹੋਇਆ। ਗੁਰੂ ਜੀ ਨੇ ਸਬਦ ਉਚਾਰਿਆ,

"ਜਿਨਿ ਕੀਆ ਤਿਨਿ ਦੇਖਿਆ, ਕਿਆ ਕਹੀਐ ਰੇ ਭਾਈ।......।"
(ਤਿਲੰਗ, ਮ: ੧, ਪੰਨਾ ੭੨੪)

---

oਕਫ਼ਨੀ ਜੋ ਪਹਿਨੀ ਹੈ, ਇਸਦਾ ਕੀ ਲਾਭ ?

Digitized by Panjab Digital Library | www.panjabdigilib.org

ਇਹ ਸਬਦ ਸੁਣ ਕੇ ਮਾਨ ਚੰਦ ਚਰਨਾਂ 'ਤੇ ਢਹਿ ਪਿਆ।

"ਤਿਹ ਛਿਨ ਇਕ ਡੰਡਾ ਕਰ ਮਾਂਹੀ।
ਬਖਸਿਯੋ ਜਾਨ ਦਾਸ ਗੁਰ ਤਾਂਹੀ।੬੧।"

ਗੁਰੂ ਜੀ ਨੇ ਫ਼ੁਰਮਾਇਆ, 'ਜਿਸ ਨੂੰ ਇਹ ਡੰਡਾ ਛੁਹਾਵੇਂਗਾ, ਉਸ ਦੇ ਸਾਰੇ ਰੋਗ ਦੂਰ ਹੋ ਜਾਣਗੇ।'

ਮਾਨ ਚੰਦ ਨੂੰ ਸਿੱਖੀ ਬਖ਼ਸ਼ ਕੇ ਗੁਰੂ ਜੀ ਅੱਗੇ ਚੱਲ ਪਏ।

# ਸੈਂਤੀਵਾਂ ਧਯਾਇ

ਮੁਲਤਾਨ, ਸ਼ਮਸ ਤਬਰੇਜ਼ ਦੀ ਕਥਾ

ਗੁਰੂ ਜੀ ਮੁਲਤਾਨ ਵਿਚ ਸ਼ਮਸ ਤਬਰੇਜ਼ ਦੀ ਥਾਂ 'ਤੇ ਆ ਬੈਠੇ। ਫ਼ਕੀਰ ਖ਼ਬਰ ਸੁਣ ਕੇ ਘਬਰਾ ਗਏ। ਉਹਨਾਂ ਦੁੱਧ ਦਾ ਕਟੋਰਾ ਭਰ ਕੇ ਮਹਾਰਾਜ ਪਾਸ ਭੇਜਿਆ। ਮਨੋਰਥ ਇਹ ਦੱਸਣਾ ਸੀ, ਕਿ ਮੁਲਤਾਨ ਤਾਂ ਪਹਿਲਾਂ ਹੀ ਪੀਰੀ-ਪੁਰ ਹੈ। ਗੁਰੂ ਜੀ ਨੇ ਦੁੱਧ ਦੇ ਉਪਰ ਚਮੇਲੀ ਦਾ ਫੁੱਲ ਧਰ ਦਿਤਾ। ਮਨੋਰਥ ਇਹ ਸੀ, ਕਿ ਜਿਵੇਂ ਦੁੱਧ ਨੂੰ ਨੁਕਸਾਨ ਪੁਚਾਏ ਬਿਨਾਂ ਇਹ ਚੰਮੇਲੀ ਦਾ ਫੁੱਲ ਸਮੱਾ ਗਿਆ ਹੈ, ਅਸੀਂ ਤੁਹਾਡੇ ਪਾਸ ਇਸ ਤਰ੍ਹਾਂ ਰਹਾਂਗੇ। ਇਹ ਉਤਰ ਮਿਲਨ 'ਤੇ ਸਾਰੇ ਪੀਰ ਫ਼ਕੀਰ ਗੁਰੂ ਜੀ ਦੇ ਦਰਸ਼ਨ ਕਰਨ ਆਏ। ਉਹਨਾਂ ਸਵਾਲ ਕੀਤਾ,

"ਕਠਨ ਕ੍ਰੂਰ ਤਪ ਹੌਂ ਕਰਾ, ਸੁਸਕ ਸਰੀਰ ਬਿਸਾਲ।
ਨਾਸਨ ਮਨ ਕੀ ਬਾਸਨਾ, ਜਤਨ ਕੀਨ ਚਿਰਕਾਲ।੧੧।
ਇਕ ਛਿਨ ਮਨ ਨਹਿ ਹੋਵਤ ਇਸਥਰ।
ਚੰਚਲ ਅਤ ਹੀ ਦੀਪ ਸਿਖਾ ਸਰ*।
ਮਨ ਕੋ ਨਾਸ ਹੋਇ ਜਿਸ ਰੀਤੀ।
ਸੋ ਉਪਦੇਸ਼ ਦੇਹੁ ਯੁਤ ਪ੍ਰੀਤੀ।੧੨।
ਸੁਨ ਸ੍ਰੀ ਨਾਨਕ ਬਚਨ ਉਚਾਰੇ।
ਮਰੈ ਨ ਅਹਿ੦ ਬਰਮੀ ਕੇ ਮਾਰੇ।
ਮੰਤ੍ਰਨ ਸੋ ਬਸ ਹੋਵਤ ਸੋਊ।
ਔਰ ਉਪਾਉ ਨ ਤਾਂ ਕੋ ਕੋਊ।੧੩।
ਤਪ ਸਾਧੇ ਮਨ ਬਸ ਨਹੀਂ ਆਵਹਿ।
ਮਨ ਚੰਚਲ ਦਸ ਹੂ ਦਿਸ ਧਾਵਹਿ।

---

* ਦੀਵੇ ਦੀ ਲਾਟ ਵਾਂਗ ਚੰਚਲ। ੦ ਸੱਪ।

Digitized by Panjab Digital Library | www.panjabdigilib.org

ਤਿਉਂ ਤਿਉ ਚਾਹਤ ਮਾਨ ਬਡਾਈ।
ਜਿਉਂ ਜਿਉਂ ਤਪ ਕਰ ਹੈ ਹਿਤ ਲਾਈ।੧੪।
ਸਤਿਗੁਰ ਸਬਦ ਬਿਚਾਰਨੋ, ਮੰਤ੍ਰ ਪਛਾਨਹੁ ਸੋਇ।
ਤਿਹ ਸੋ ਇਹ ਬਸ ਹੋਤ ਹੈ, ਔਰ ਉਪਾਵ ਨ ਕੋਇ ।੧੫।"

ਅੱਗ ਸ਼ੰਮਸ, ਰੁਕਨਦੀਨ ਤੇ ਪੀਰ ਬਹਾਵਲ ਹੱਕ ਦਾ ਜ਼ਿਕਰ ਹੈ। ਰੁਕਨਦੀਨ ਦੇ ਸਵਾਲ ਦੇ ਉਤਰ ਵਿਚ ਮਹਾਰਾਜ ਕਹਿੰਦੇ ਹਨ,

"ਪਰ ਗੁਨ ਸੁਨਤ ਪ੍ਰਸੰਸ ਹ੍ਵੈ, ਪੁਨਿ ਸੇਵਹਿ ਗੁਨਵਾਨ।
ਆਤਮ ਗਯਾਨ ਬਿਚਾਰਨਾ ਨਿਤ ਪ੍ਰਤਿ, ਸੋ ਬੁਧਵਾਨ।੨੬।"

(ਏਥੇ ਗੁਰੂ ਜੀ ਵਲੋਂ 'ਹਾਜਰ ਨਾਮਾ' ਉਚਾਰਿਆ ਹੈ। ਪਰ ਇਹ ਗੁਰਬਾਣੀ ਨਹੀਂ। ਭਾਵੇਂ ਆਖ਼ਰੀ ਪੰਗਤੀ ਵਿਚ 'ਨਾਨਕ' ਸ਼ਬਦ ਵਰਤਿਆ ਹੈ। ਤੇ ਉਪਰ 'ਮਹਲਾ ੧' ਵੀ ਲਿਖਿਆ ਹੈ।)

"ਤਿਲੰਗ ਮਹਲਾ ੧

"ਹਾਜਰਾਂ ਕਉ ਮਿਹਰ ਹੈ।
ਬਿਹਾਜਰਾਂ ਕਉ ਬਿਮਿਹਰ ਹੈ।
ਈਮਾਨ ਦੋਸਤ ਹੈ।
ਬੇਈਮਾਨ ਕਾਫਰ ਹੈ।
ਤਕਬਰ ਕਹਰ ਹੈ।
ਗੁੱਸਾ ਹਰਾਮ ਹੈ।
ਨਫਸ[1] ਸ਼ੈਤਾਨ ਹੈ।
ਗੁਮਾਨ ਲਾਨਤੀ ਹੈ।
ਪਸ ਗੈਬਤ[2] ਕਾ ਮੂਹ ਕਾਲਾ ਹੈ।
ਦਿਆਨਤਦਾਰ ਸੁਰਖ ਰੋਇ[3] ਹੈ।
ਬੇਦਿਆਨਤ ਸਿਆਹ ਰੋਇ[4] ਹੈ।
ਅਕਿਰਤਘਣ ਜਰਦ ਰੂ[5] ਹੈ।
ਬਦਨੀਅਤ ਨਾਪਾਕ ਹੈ।
ਮੋਮ ਦਿਲ ਪਾਕ ਹੈ।
ਬੇਹਿਰਸ ਅਉਲੀਆ ਹੈ।
ਹਿਰਸਮੰਦ ਜਜਰਨ[6] ਹੈ।
ਦਰੋਗ[7] ਦੋਜਕ ਹੈ।

1. ਰੂਹ। 2. ਪਿੱਠ ਪਿੱਛੇ ਨਿੰਦਿਆ ਕਰਨ ਵਾਲਾ। 3. ਰੂ, ਚੇਹਰਾ। 4. ਕਾਲਾ ਮੂੰਹ। 5. ਪੀਲਾ ਮੂੰਹ। 6. ਕਮਜ਼ੋਰ, ਕੋਹੜੀ। 7. ਝੂਠ।

Digitized by Panjab Digital Library | www.panjabdigilib.org

ਸਚੁ ਭਿਸਤੁ ਹੈ।
ਬਦ ਜ਼ੁਬਾਨ ਫਿੱਕਾ ਹੈ।
ਦਰਦਵੰਦ ਦਰਵੇਸ਼ ਹੈ।
ਰੋਜ਼ੀ ਬਖਸ਼ ਰਹੀਮ[1] ਹੈ।
ਇਲਮ ਹਲੀਮੀ ਹੈ।
ਤਵਜਾ ਬੁਲੰਦੀ ਹੈ।
ਖੈਰਵੰਦ ਸਤੀ ਹੈ।
ਬੇਖੈਰ ਬਖੀਲ[2] ਹੈ।
ਜ਼ੋਰ ਜ਼ੁਲਮ ਹੈ।
ਬੇਜ਼ੋਰ ਪਾਕ ਹੈ।
ਮੁਸਾਫਾ[3] ਸਿਫਤ ਹੈ।
ਹਿਕਮਤ ਕਤੇਬ ਹੈ,
ਦੁਆਇ ਦੌਲਤ ਹੈ।
ਬਦ ਦੁਆਇ ਕਹਿਰ ਹੈ।
ਇਨਸਾਫ਼ ਸਾਫ਼ ਹੈ।
ਚੋਰੀ ਲਾਲਚ ਹੈ।
ਯਾਰੀ ਪਲੀਤੀ ਹੈ।
ਸਿਫ਼ਤ ਉਜ਼ੂ ਹੈ।
ਬਾਂਗ ਬਲੇਲਿ ਹੈ।
ਕਰਾਮਾਤ ਕੁਦਰਤਿ ਹੈ।
ਫ਼ਕੀਰੀ ਸਬੂਰੀ ਹੈ।
ਨਾ ਸਬੂਰੀ ਮਕਰ ਹੈ।
ਰਾਹੁ ਪੀਰਾਂ ਹੈ।
ਬੇਰਾਹੁ ਬੇਪੀਰਾਂ ਹੈ।
ਤੇਗ ਮਰਦਾਂ ਹੈ।
ਦੇਗ ਖ਼ਰਾਇਤ ਹੈ।
ਅਦਲ ਬਾਦਸ਼ਾਹ ਹੈ।
ਏਤੇ ਟੋਲਿ ਜਿ ਜਾਣ ਜਣਾਵੈ।
ਤਉ ਨਾਨਕ ਦਾਨਸਵੰਦ ਕਹਾਵੈ।੧।"

---

1. ਰਹਿਮ ਕਰਨ ਵਾਲਾ। 2. ਲਾਲਚੀ, ਕਮੀਨਾ, ਚੁਗਲ। 3. ਹਾਜ਼ਰ ਜਵਾਬੀ, ਮੂੰਹ 'ਤੇ ਕਹਿਣਾ।

Digitized by Panjab Digital Library | www.panjabdigilib.org

ਇਹ ਸੁਣ ਕੇ ਸਾਰੇ ਪੀਰ ਚਰਨੀ ਲੱਗੇ ।

ਪੀਰ ਵਿਦਿਆ ਹੋ ਗਏ, ਤਾਂ ਬਾਲੇ ਨੇ ਪੁਛਿਆ, ਕਿ ਇਹਨਾਂ ਵਿਚੋਂ ਉਤਮ ਫ਼ਕੀਰ ਕੌਣ ਹੈ । ਹਜ਼ੂਰ ਨੇ ਕਿਹਾ, ਸ਼ਮਸ ਤਬਰੇਜ਼ ।

(ਗੁਰੂ ਜੀ ਦੇ ਮੁੱਖ ਤੋਂ ਸ਼ੱਮਸ ਦੀ ਕਥਾ ਇਉਂ ਸੁਣਾਈ ਹੈ ।)

ਰੂਮ ਵਲਾਇਤ ਵਿਚ ਇਕ ਰੂੰ ਪਿੰਜਣ ਵਾਲਾ ਰਹਿੰਦਾ ਸੀ । ਨਾਮ ਸੀ 'ਮਨਸੂਰ' । ਉਹ ਮਸਤੀ ਵਿਚ 'ਅਨਲਹਕ' ਦਾ ਨਾਅਰਾ ਲਾਇਆ ਕਰਦਾ । ਮੌਲਾਣੇ ਨੇ ਇਹ ਨਾਅਰਾ ਸ਼ਰ੍ਹਾ ਦੇ ਖ਼ਿਲਾਫ਼ ਕਰਾਰ ਦੇ ਕੇ ਮਨਸੂਰ ਨੂੰ ਸੂਲੀ ਉਤੇ ਚੜ੍ਹਾ ਦਿਤਾ ।

"ਸੂਰੀ ਪਰ ਸੋ ਦੀਨ ਚਢਾਈ ।
ਅਨਲਹਕ ਬੋਲਯੋ ਤਿਹ ਥਾਈ ।
ਸਰਬ ਸਰੀਰ ਭੇਦ ਗੀ ਸੂਰੀ ।
ਤਦਪ ਨ ਡੋਲਯੋ, ਟਿਕੀ ਬ੍ਰਿਤ ਰੂਰੀ ।੪੮।
ਸ੍ਰੋਣਤ ਕੀ ਬੂੰਦੇਂ ਧਰ ਪਰ ਈ ।
ਅਨਲਹਕ ਕ ਸਬਦ ਉਚਰਈ ।
ਦੇਖ ਮੁਲਾਨੇ ਮਾਨ ਅਚੰਭਾ ।
ਸੋ ਜਰਾਇ ਦੀ ਲਖੇ ਅਸਭਾ ।੪੯।"

ਮਨਸੂਰ ਦੀ ਭਸਮ ਵਿਚੋਂ ਵੀ 'ਅਨਲਹੱਕ' ਦੀ ਆਵਾਜ਼ ਆਉਣ ਲੱਗੀ । ਮੌਲਵੀ ਨ ਉਹ ਭਸਮ ਸ਼ੀਸ਼ੇ ਵਿਚ ਪਾ ਕੇ ਘਰ ਵਿਚ ਰੱਖ ਛੱਡੀ । ਇਕ ਦਿਨ ਮੌਲਵੀ ਦੀ ਜੁਆਨ ਲੜਕੀ ਨੇ ਉਹ ਸ਼ੀਸ਼ਾ ਖੁਹਲ ਕੇ ਵਿਚੋਂ ਥੋੜੀ ਜੇਹੀ ਭਸਮ ਖਾ ਲਈ । ਏਨੇ ਨਾਲ ਹੀ ਉਸਨੂੰ ਗਰਭ ਹੋ ਗਿਆ । ਮੌਲਵੀ ਨੇ ਸੋਚਿਆ, ਕਿ ਲੜਕੀ ਨੂੰ ਮਾਰ ਦਿਤਾ ਜਾਵੇ । ਉਸਨੂੰ ਰਾਤ ਸੁਪਨਾ ਆਇਆ, ਕਿ ਇਸਤਰਾਂ ਤੇਰਾ ਸਰਵਨਾਸ ਹੋ ਜਾਵੇਗਾ । ਉਹਨਾਂ ਲੜਕੀ ਨੂੰ ਘਰ ਵਿਚ ਲੁਕਾ ਛਡਿਆ । ਸਮੇਂ ਸਿਰ ਬਾਲਕ ਹੋਇਆ । ਮੌਲਵੀ ਨੇ ਬਾਲਕ ਨੂੰ ਮਟਕੇ ਵਿਚ ਪਾ ਕੇ ਨਦੀ ਵਿਚ ਰੋੜ੍ਹ ਦਿਤਾ । ਮਟਕਾ ਇਕ ਧੋਬੀ ਦੇ ਹੱਥ ਆ ਗਿਆ ।ਉਹਨੇ ਉਸ ਬਾਲਕ ਨੂੰ ਪਾਲ ਲਿਆ, ਤੇ ਨਾਮ ਧਰਿਆ ਸ਼ਮਸ ਤਬਰੇਜ਼ । ਸ਼ਮਸ ਤਬਰੇਜ਼ ਮਸਤਾਨਾ ਵਾਰ ਫਿਰਦਾ । ਉਹ ਜਵਾਨ ਹੋ ਗਿਆ । ਇਕ ਦਿਨ ਸ਼ਮਸ ਤਬਰੇਜ਼ ਓਥੇ ਚਲਾ ਗਿਆ, ਜਿੱਥੇ ਓਹਾ ਮੌਲਵੀ ਲੜਕਿਆਂ ਨੂੰ ਕੁਰਾਨ ਪੜ੍ਹਾਇਆ ਕਰਦਾ ਸੀ । ਸ਼ਮਸ ਤਬਰੇਜ਼ ਨੇ ਸਾਰੀਆਂ ਕਤਾਬਾਂ (ਕੁਰਾਨ ਆਦਿ) ਪਾਣੀ ਦੇ ਹੌਜ਼ ਵਿਚ ਸੁੱਟ ਦਿਤੀਆਂ ਤੇ ਆਪ ਦੌੜ ਗਿਆ । ਰੌਲਾ ਸੁਣ ਕੇ ਮੌਲਵੀ ਆ ਗਿਆ । ਪਾਣੀ ਵਿਚੋਂ ਕਤਾਬਾਂ ਕਢੀਆਂ, ਤਾਂ ਉਹ ਸੁੱਕੀਆਂ ਸਨ । ਸਗੋਂ ਉਹਨਾਂ ਉਤੇ ਧੂੜ ਪਈ ਹੋਈ ਸੀ । ਇਹ ਕਰਾਮਾਤ ਵੇਖ਼ ਕੇ ਮੌਲਵੀ ਸ਼ਮਸ ਤਬਰੇਜ਼ ਦੇ ਚਰਨੀ ਜਾ ਢਠਾ ।

"ਮੁਰਸ਼ਦ ਜਾਨ ਪਰਯੋ ਤਬ ਪਾਈਂ ।
ਕਹੁ, ਖੁਦਾਇ ਮਗ ਦਿਹੁ ਬਤਲਾਈ ।

ਕਹਯੋ ਸ਼ਮਸ, ਜੇ ਅਸ ਮਨ ਤੇਰੇ ।
ਆਇਸ ਮੁਰ ਮਾਨਹੁ ਬਿਨ ਦੇਰੇ ।
ਆਨ ਸ਼ਰਾਬ ਪਿਆਉ ਮੁਝ ਤਾਂਈ ।
ਨਿਜ ਦੁਖ਼ਤਰ[] ਦੇਵਹੁ ਸੰਗ ਪਾਈ ।......੬੭।"

ਮੌਲਵੀ ਨੇ ਐਸਾ ਹੀ ਕੀਤਾ । ਕਮਰੇ ਨੂੰ ਬਾਹਰੋਂ ਜੰਦਰਾ ਮਾਰ ਦਿਤਾ । ਸ਼ਮਸ ਨੇ ਮੌਲਵੀ ਦੀ ਲੜਕੀ ਨੂੰ ਦੱਸਿਆ, ਕਿ ਮੈਂ ਤੇਰਾ ਪੁੱਤਰ ਹਾਂ, ਜਿਸਨੂੰ ਨਦੀ ਵਿਚ ਰੋੜ੍ਹ ਦਿਤਾ ਗਿਆ ਸੀ। ਓਦੋਂ ਮੈਨੂੰ ਤੇਰਾ ਦੁੱਧ ਨਸੀਬ ਨਹੀਂ ਸੀ ਹੋਇਆ, ਹੁਣ ਮੈਂ ਤੇਰਾ ਦੁੱਧ ਚੁੰਘਣਾ ਹੈ ।......ਜੰਦਰੇ ਵੱਜੇ ਰਹੇ, ਤੇ ਸ਼ਮਸ ਬਾਹਰ ਨਿਕਲ ਗਿਆ।...... ਸਮਾਂ ਪਾ ਕੇ ਓਥੋਂ ਦੇ ਹੁਕਮਰਾਨ ਦਾ ਪੁੱਤਰ ਮਰ ਗਿਆ । ਹਾਕਮ ਨੇ ਸਾਰੇ ਫ਼ਕੀਰ ਪਕੜ ਲਏ। ਉਹਨੇ ਕਿਹਾ, ਈਸਾ ਨੇ ਕਤਾਬ ਵਿਚ ਲਿਖਿਆ ਹੈ, ਕਿ ਮੈਂ ਖ਼ੁਦਾ ਦੇ ਹੁਕਮ ਨਾਲ ਮੁਰਦਾ ਜਿੰਦਾ ਕਰ ਦਿਆਂਗਾ । ਸੋ ਜਾਂ ਮੇਰਾ ਪੁੱਤਰ ਜ਼ਿੰਦਾ ਕਰੋ, ਜਾਂ ਕਹੋ, ਤੁਹਾਡੇ ਪੈਗੰਬਰ ਨੇ ਝੂਠ ਲਿਖਿਆ ਹੈ। ਫ਼ਕੀਰ ਕੈਦ ਸਨ। ਇਕ ਦਿਨ ਸ਼ਮਸ ਨੇ ਫ਼ਕੀਰਾਂ ਨੂੰ ਕਾਰਨ ਪੁਛਿਆ। ਵਾਰਤਾ ਸੁਣ ਕੇ ਉਸਨੇ ਕਿਹਾ, ਲੌ, ਮੈਂ ਉਸਨੂੰ ਜ਼ਿੰਦਾ ਕਰ ਦੇਂਦਾ ਹਾਂ। ਉਸਨੇ ਮੁਰਦੇ ਨੂੰ ਕਿਹਾ,

"ਮੇਰੇ ਹੁਕਮ ਸਾਥ ਉਠ ਜੀਵਹੁ ।
ਬਿਚਰਹੁ ਪੂਰਬ ਜਯੋਂ ਅਬ ਥੀਵਹੁ ।
ਤਿਹ ਛਿਨ ਤਹਾਂ ਜੁ ਮ੍ਰਿਤਕ ਪਰਿਯੋ ।
ਉਠ ਬੈਠਿਯੋ, ਨ੍ਰਿਪ ਦੁਖ ਪਰਹਰਿਯੋ ।੮੭।"

ਏਸੇ ਕਾਰਨ ਸਾਰੇ ਮੁਲ ਣੇ ਸ਼ਮਸ ਦੇ ਖ਼ਿਲਾਫ਼ ਹੋ ਗਏ। ਉਹਨਾਂ ਕਿਹਾ, ਇਹ ਸਭ ਸ਼ਰ੍ਹਾ ਦੇ ਉਲਟ ਹੈ। ਇਸਨੇ ਖ਼ੁਦਾ ਦੇ ਨਾਮ 'ਤੇ ਜ਼ਿੰਦਾ ਨਹੀਂ ਕੀਤਾ, ਸਗੋਂ ਆਪਣੇ ਹੁਕਮ ਨਾਲ ਜ਼ਿੰਦਾ ਕੀਤਾ ਹੈ। ਇਸਨੂੰ ਸਜ਼ਾ ਮਿਲਨੀ ਚਾਹੀਦੀ ਹੈ। ਮੁੱਕਦੀ ਗੱਲ, ਜਿਉਂਦੇ ਸ਼ਮਸ ਤਬਰੇਜ਼ ਦੀ ਖੱਲ ਉਤਾਰ ਲਈ।..... ਉਹ ਦੇਸ ਛੱਡ ਕੇ ਸ਼ਮਸ ਤਬਰੇਜ਼ ਮੁਲਤਾਨ ਆ ਗਿਆ। ਭੁੱਖ ਦੇ ਮਾਰੇ ਉਸਨੇ ਇਕ ਮੱਛੀ ਮੰਗ ਲਈ। ਫਿਰ ਉਸਨੂੰ ਭੁੰਨਣ ਕੋਈ ਨਾ ਦੇਵੇ।

"ਆਇ ਸ਼ਹਿਰ ਬੈਠਿਯੋ ਇਕ ਥਾਨਾ ।
ਇਉਂ ਸੂਰਜ ਸੋਂ ਬਚਨ ਬਖਾਨਾ ।
ਸ਼ਮਸ○ ਨਾਮ ਹੈ ਇਕ ਮਮ ਤੋਰਾ ।
ਯਾਂ ਤੇ ਕਾਰਜ ਕਰਹੁ ਤੁਮ ਮੋਰਾ ।੯੬।
ਨੀਚੇ ਆਣ ਭੁਰਜੀਏ ਮੀਨਾ ।

[] ਪੁੱਤਰੀ । ○ ਸ਼ਮਸ=ਸੂਰਜ । ਤੇਰਾ ਨਾਮ ਵੀ ਸੂਰਜ ਹੈ, ਮੇਰਾ ਨਾਮ ਵੀ ਸੂਰਜ ਹੈ ।

Digitized by Panjab Digital Library | www.panjabdigilib.org

ਪੁਨ ਖਾਵੋਂ ਮੈਂ ਛੁਧਾ ਅਧੀਨਾ ।
ਤਬ ਸਵਿਤਾ[] ਨੀਚੇ ਕੋ ਆਯਾ ।
ਤਪਯੋ ਤੇਜ ਜਿਹ ਅਧਕ ਬਧਾਯਾ ।੯੭।"

[ਕਵੀ ਸੰਤੋਖ ਸਿੰਘ ਜੀ ਨੇ ਇਹ ਕਹਾਣੀ ਇਉਂ ਲਿਖੀ ਹੈ । ਹੁਣ 'ਮਹਾਨ ਕੋਸ਼' 'ਤੇ ਝਾਤੀ ਮਾਰੀਏ । ਮਨਸੂਰ ਸ਼ਬਦ ਦਾ ਅਰਥ ਹੈ ਵਿਜਈ, ਜੇਤੂ । ਮਨਸੂਰ ਆਪਣੇ ਸਮੇਂ ਦਾ ਮਸ਼ਹੂਰ ਸੂਫ਼ੀ ਫ਼ਕੀਰ ਹੋਇਆ ਹੈ । ਇਸਦੇ ਪਿਤਾ ਦਾ ਨਾਮ ਸ਼ੈਖ਼ ਹੁਸੈਨ-ਬਿਨ-ਹੱਲਾਜ਼ ਸੀ । ਮਨਸੂਰ ਈਰਾਨ ਦੇ ਨਗਰ ਬੈਜ਼ਾ ਵਿਚ ਪੈਦਾ ਹੋਇਆ ਸੀ । ਇਹ ਕਵੀ ਵੀ ਸੀ । ਅੱਬੁੱਲਹੁਸੈਨ ਸੂਰੀ ਤੇ ਜੁਨੈਦ ਬਗ਼ਦਾਦੀ ਸੂਫੀਆਂ ਦੀ ਸੰਗਤ ਵਿਚ ਮਨਸੂਰ ਨੂੰ ਵੇਦਾਂਤ ਦੀ ਲਗਨ ਲਗੀ । ਫਿਰ ਬਸਰਾ ਨਿਵਾਸੀ ਉਮਰ ਅਦ੍ਵੈਤਵਾਦੀ ਪਾਸ ਰਹਿਕੇ ਇਹ ਪੱਕਾ ਵਦਾਂਤੀ ਬਣ ਗਿਆ । ਬਗ਼ਦਾਦ ਵਿਚ ਇਸਨੇ ਬਹੁਤ ਸਾਰੇ ਚੇਲੇ ਬਣਾ ਲਏ । ਇਹ ਸਦਾ 'ਅਨਲਹੱਕ' ਦਾ ਨਾਅਰਾ ਲਾਇਆ ਕਰਦਾ । ਅਨਲਹੱਕ ਦਾ ਅਰਥ ਹੈ, ਅਹੰ-ਬ੍ਰਹਮ=ਮੈਂ ਹੀ ਰੱਬ ਹਾਂ । ਮੁਲਾਣਿਆਂ ਦੇ ਫ਼ਤਵੇ ਅਧੀਨ ਬਗ਼ਦਾਦ ਦੇ ਖ਼ਲੀਫ਼ਾ ਮੁਕਤਦਿਰ ਨੇ ੨੬ ਮਾਰਚ, ੯੨੨ ਈ. (੩੦੯ ਹਿਜਰੀ) ਨੂੰ ਪਹਿਲਾਂ ਕੋਰੜਿਆਂ ਦੀ ਮਾਰ ਕਰਾਈ, ਤੇ ਫਿਰ ਸੂਲੀ (ਦਾਰ) ਉਤੇ ਚਾੜ੍ਹ ਕੇ ਮਨਸੂਰ ਨੂੰ ਸ਼ਹੀਦ ਕਰ ਦਿਤਾ, ਤੇ ਲੋਥ ਅੱਗ ਵਿਚ ਸਾੜ ਦਿਤੀ ।

ਸ਼ਮਸ ਨਾਮ ਦੇ ਦੋ ਸੂਫ਼ੀ ਫ਼ਕੀਰ ਹੋਏ ਹਨ । ਪਹਿਲੇ ਦਾ ਸਹੀ ਨਾਮ ਮਖ਼ਦੂਮ ਸ਼ਾਹ ਸ਼ਮਸੁੱਦੀਨ ਸੀ । 'ਇਸਦਾ ਜਨਮ ੫੬੦ ਹਿਜਰੀ (੧੧੬੬ ਈ.) ਵਿਚ, ਗ਼ਜ਼ਨੀ ਦੇ ਇਲਾਕੇ ਸਬਜ਼ਵਾਰ ਵਿਚ ਹੋਇਆ । ਭਾਰਤ ਦੀ ਸੈਰ ਕਰਦਾ ਇਹ ਮੁਲਤਾਨ ਆ ਗਿਆ । ਇਹਦਾ ਨਾਅਰਾ ਵੀ 'ਅਨਲਹੱਕ' ਸੀ । ਮੌਲਵੀਆਂ ਦੀ ਸ਼ਕਾਇਤ ਉਤੇ ਹਾਕਮ ਮੁਲਤਾਨ ਨੇ ਇਸਦੀ ਜਿਉਂਦੇ ਦੀ ਖੱਲ ਲਹਾ ਕੇ ਮਾਰਿਆ । ਮੁਲਤਾਨ ਵਿਚ ਇਸਦਾ ਅਸਥਾਨ ਹੈ, ਤੇ ਇਸਦੀ ਸੰਪਰਦਾਇ 'ਸ਼ਮਸੀ' ਅਖਵਾਉਂਦੀ ਹੈ ।

ਦੂਸਰਾ ਸ਼ਮਸੁੱਦੀਨ ਮੁਹੰਮਦ 'ਤਬਰੇਜ਼' ਸ਼ਹਿਰ ਦਾ ਵਸਨੀਕ ਸੀ । ਇਸਦਾ ਜਨਮ ੬੦੩ ਹਿਜਰੀ (੧੨੦੭ ਈ.) ਵਿਚ ਹੋਇਆ । ਇਕ ਵਾਰ ਇਸ ਨੇ ਇਹ ਕਹਿਕੇ ਮੁਰਦਾ ਜ਼ਿੰਦਾ ਕਰ ਦਿਤ, ਕਿ 'ਮੇਰੇ ਹੁਕਮ ਨਾਲ ਉਠ ਖਲਾ ਹੋ ।' ਏਸੇ ਅਪਰਾਧ ਬਦਲੇ ੬੪੫ ਹਿਜਰੀ ਵਿਚ, ਅਲਾਉਦੀਨ ਮਹਮੂਦ ਨੇ ਸ਼ਮਸੁੱਦੀਨ ਦੀ ਖੱਲ ਉਤਰਵਾ ਕੇ ਖੂਹ ਵਿਚ ਸੁਟਾ ਦਿਤਾ । ਏਸੇ ਬਾਬਤ ਇਹ ਪਰਸਿਧ ਹੈ, ਕਿ ਇਕ ਵਾਰ ਭੁੱਖੇ ਸ਼ਮਸ ਤਬਰੇਜ਼ੀ ਨੇ ਮੱਛੀ ਭੁੰਨਣ ਵਾਸਤੇ ਸੂਰਜ ਨੂੰ ਹੇਠਾਂ ਉਤਾਰ ਲਿਆ ਸੀ । ਫ਼ਾਰਸੀ ਦਾ ਪ੍ਰਸਿਧ ਸ਼ਾਇਰ ਮੌਲਾਨਾ ਰੂਮੀ ਏਸੇ ਮਹਾਤਮਾ ਦਾ ਚੇਲਾ ਸੀ ।]

---

[]ਸੂਰਜ ।

Digitized by Panjab Digital Library | www.panjabdigilib.org

# ਅਠੱਤੀਵਾਂ ਧਯਾਇ

## ਬਾਲ ਗੁੰਦਾਈ, ਮੂਲਾ ਕਰਾੜ

ਸ਼ਹੁ ਸੁਹਾਗਨ ਦਾ ਪਾਜ ਉਘੜ ਗਿਆ ਸੀ। ਫਿਰ ਓਥੇ ਮੇਲਾ ਨਾ ਲੱਗਾ। ਗੁਰੂ ਜੀ ਫਿਰ ਓਥੇ ਆ ਬੈਠੇ।

ਇਕ ਪੁਰਸ਼ ਹੱਥਾਂ ਪੈਰਾਂ ਤੋਂ ਲੂਲਾ ਓਥੇ ਆ ਗਿਆ। ਗੁਰੂ ਜੀ ਦੇ ਦਰਸ਼ਨ ਕਰਕੇ ਉਹ ਅਰੋਗ ਹੋ ਗਿਆ। ਗੁਰੂ ਜੀ ਨੇ ਉਸਨੂੰ ਹੁਕਮ ਕੀਤਾ, ਤੂੰ ਪਿੰਡ ਵਿਚ ਕਹਿਣਾ, ਕਿ ਮੇਰੇ ਹੱਥ ਪੈਰ ਸ਼ਹੁ ਸੁਹਾਗਣ ਨੇ ਠੀਕ ਕੀਤੇ ਹਨ। ਲੋਕ ਬੜੇ ਹੈਰਾਨ ਹੁੰਦੇ ਸੁਣ ਕੇ। ਸ਼ਹੁ ਸੁਹਾਗਣ ਨੇ ਵੀ ਸੁਣਿਆਂ, ਤਾਂ ਉਹ ਗੁਰੂ ਜੀ ਦੀ ਸ਼ਰਣ ਆ ਪਿਆ।

"ਭਯੋ ਮੁਰੀਦ ਗੁਰੂ ਕਾ ਸੋਈ।
ਨਗਰ ਬਿਖੇ ਮੰਨਤਾ ਪੁਨਿ ਹੋਈ।੨੨।"

ਫਿਰ ਪਹਿਲਾਂ ਵਾਂਗ ਮੇਲਾ ਲੱਗਣ ਲੱਗ ਪਿਆ, ਮੰਨਤਾ ਵਧ ਗਈ। ਗੁਰੂ ਜੀ ਓਥੋਂ ਚੱਲ ਕੇ 'ਬਾਲ ਗੁੰਦਾਈ' ਦੇ ਟਿੱਲੇ ਕੋਲ ਬਾਹਰ ਆਸਣ ਲਾ ਬੈਠੇ। ਬਾਲ ਗੁੰਦਾਈ ਆਪ ਆਇਆ, ਕਿ ਆਪ ਮੰਦਰ ਵਿਚ ਚੱਲ ਕੇ ਬਿਸਰਾਮ ਕਰੋ।

"ਆਵਤ ਮੇਘ, ਘਟਾ ਬਰਖਾਵਹਿ।
ਮੰਦਰ ਮਹਿ ਸੁਖ ਨਿਸਾ ਬਿਹਾਵਹਿ।੩੯।"

ਮਹਾਰਾਜ ਨੇ ਇਨਕਾਰ ਕਰ ਦਿਤਾ। ਪਰ ਬਾਲ ਗੁੰਦਾਈ ਸ਼ਰਧਾ ਨਾਲ ਬੇਨਤੀ ਕਰਕੇ ਮਹਾਰਾਜ ਨੂੰ ਨਾਲ ਲੈ ਗਿਆ। ਬਾਲ ਗੁੰਦਾਈ ਨੇ ਆਪਣਾ ਸੁੰਦਰ ਮੰਦਰ, ਬੇਅੰਤ ਕੀਮਤੀ ਬਸਤਰ ਤੇ ਸੁੰਦਰ ਘੋੜੇ ਵਿਖਾਏ।

"ਗੁਰੂ ਕਹੇ, ਸੁਨ ਬਾਲ ਗੁੰਦਾਈ।
ਇਹ ਲੀਲਾ ਰਾਜਨ ਬਨ ਆਈ।
ਹੈ ਅਤੀਤ ਸਭ ਤਜੇ ਸਮਾਜਾ।
ਇਹ ਬਿਲੋਕਨ ਕਿਆ ਹਮ ਕਾਜਾ।੪੭।
ਆਤਮ ਗਿਆਨ ਮਾਨ ਬਿਨ ਹੋਨਾ।
ਸਿਮਰਨ ਨਾਮ ਸੰਤ ਧਨ ਭੌਨਾ।..... ੪੮।"

ਬਾਲ ਗੁੰਦਾਈ ਨੂੰ ਪਤਾ ਲਗਾ, ਕਿ ਆਪ ਗੁਰੂ ਨਾਨਕ ਜੀ ਹਨ, ਤਾਂ ਉਹਨੇ ਸ਼ਰਧਾ ਨਾਲ ਚਰਨ ਪਰਸੇ।

ਇਕ ਰਾਤ ਓਥੇ ਗੁਜ਼ਾਰ ਕੇ ਮਹਾਰਾਜ ਸਿਆਲਕੋਟ ਆ ਗਏ। ਮੂਲੇ ਨੂੰ ਮਿਲਣ ਵਾਸਤੇ ਮਹਾਰਾਜ ਨੇ ਉਹਦੇ ਬੂਹੇ ਅੱਗੇ ਜਾ ਵਾਜ ਮਾਰੀ। ਆਪਣੀ ਇਸਤਰੀ ਦੇ ਆਖੇ ਲੱਗ ਕੇ ਮੂਲਾ ਅੰਦਰ ਲੁਕ ਗਿਆ। ਉਸ ਦੀ ਇਸਤਰੀ ਨੇ ਬਾਹਰ ਆ ਕਿਹਾ,

Digitized by Panjab Digital Library | www.panjabdigilib.org

"ਜਿਸਹਿ ਪੁਕਾਰੇ, ਸੋ ਨਹ ਧਾਮੂ ।
ਕਾਜ ਕਰਨ ਗਮਨਯੋ ਕਿਤ ਗਾਮੂ ।੯੬।"

ਇਹ ਝੂਠ ਸੁਣ ਕੇ ਗੁਰੂ ਜੀ ਨੇ ਸਲੋਕ ਉਚਾਰਿਆ,

"ਨਾਲਿ ਕਿਰਾੜਾ ਦੋਸਤੀ, ਕੂੜੈ ਕੂੜੀ ਪਾਇ ।
ਮਰਣੁ ਨ ਜਾਪੈ ਮੂਲਿਆ, ਆਵੈ ਕਿਤੈ ਥਾਇ ।੨੧।"

(ਵਾਰਾਂ ਤੇ ਵਧੀਕ, ਮ. ੧. ਪੰਨਾ ੧੪੧੨)

ਗੁਰਦੇਵ ਇਹ ਸਲੋਕ ਕਹਿ ਕੇ ਨਗਰ ਤੋਂ ਬਾਹਰ ਜਾ ਬੈਠੇ । ਓਸੇ ਸਮੇਂ ਮੂਲਾ ਸੱਪ ਦੇ ਡੰਗਣ ਨਾਲ ਮਰ ਗਿਆ । ਸਾਰੇ ਰੌਲਾ ਪੈ ਗਿਆ । ਲੋਕਾਂ ਨੇ ਮੂਲੇ ਦੀ ਲੋਥ ਚੁਕ ਕੇ ਮਹਾਰਾਜ ਸਾਮ੍ਹਣੇ ਜਾ ਧਰੀ । ਗੁਰਦੇਵ ਨੇ ਕਿਹਾ, ਹੁਣ ਕੁਛ ਨਹੀਂ ਹੋ ਸਕਦਾ ।

"ਦਸਵਾਂ ਜਾਮਾ ਪਹਿਰਹਿ ਜਬ ਹੀ ।
ਜਨਮ ਮਰਨ ਤੇ ਗਤ ਦੇ ਤਬ ਹੀ ।
ਤਬ ਲੌ ਜਨਮ ਧਰਹਿ ਗੋ ਏਹੀ ।
ਸੂਕਰ, ਸਸਾ, ਮ੍ਰਿਗ ਕੋ ਦੇਹੀ ।੯੩।"

ਗੁਰੂ ਜੀ ਓਥੋਂ ਅੱਗੇ ਤੁਰ ਪਏ । ਅੱਗੇ ਕੁਛ ਚੋਰ ਮਿਲ ਪਏ ।

"ਚਰਨ ਕਮਲ ਗਿਰ ਗਹਿ ਗੁਰ ਕਹੀਏ ।
ਹਮਨ ਉਧਾਰਨ ਤੁਮ ਕੋ ਚਹੀਏ ।....... ੯੭ ।"

ਗੁਰਦੇਵ ਨੇ ਫੁਰਮਾਇਆ, ਕੁਕਰਮ ਛੱਡ ਦਿਹੋ, ਧਰਮਸਾਲ ਬਣਾਓ, ਤੇ ਨਾਮ ਜਪੋ । ਉਹਨਾਂ ਨੂੰ ਤਾਰ ਕੇ ਮਹਾਰਾਜ ਅੱਗੇ ਤੁਰ ਪਏ ।

(ਲਿਖੇ 'ਨਾਨਕ ਪ੍ਰਕਾਸ਼' ਦੀ ਕਵੀ ਜੀ ਰੋਜ਼ ਕਥਾ ਕਰਿਆ ਕਰਦੇ ਸਨ । ਸਰੋਤਿਆਂ ਬੇਨਤੀ ਕੀਤੀ, ਕਿ ਦਸਵੇਂ ਗੁਰੂ ਜੀ ਨੇ ਮੂਲੇ ਨੂੰ ਕਿਵੇਂ ਤਾਰਿਆ ਸੀ ? ਕਵੀ ਜੀ ਕਥਾ ਸੁਣਾਉਂਦੇ ਹਨ ।)

ਗੁਰੂ ਗੋਬਿੰਦ ਸਿੰਘ ਜੀ ਦੀ ਸੋਭਾ ਸੁਣ ਕੇ ਇਕ ਬੈਸਨੋ ਸਾਧੂ ਦਰਸ਼ਨ ਕਰਨ ਆਇਆ । ਇਕ ਸਿੱਖ ਨੇ ਦੱਸਿਆ, ਕਿ ਮਹਾਰਾਜ ਸ਼ਕਾਰ ਖੇਡਣ ਗਏ ਹਨ । ਬੈਸ਼ਨੋ ਦੇ ਮਨ ਵਿਚ ਸ਼ੰਕਾ ਪੈਦਾ ਹੋ ਗਿਆ । ਫਿਰ ਵੀ ਉਹ ਮਹਾਰਾਜ ਨੂੰ ਵੇਖਣ ਮਗਰ ਚਲਾ ਗਿਆ । ਸਾਧੂ ਨੇ ਵੇਖਿਆ । ਇਕ ਸਹਿਆ ਨਿਕਲਿਆ । ਗੁਰੂ ਜੀ ਨੇ ਮਗਰ ਬਾਜ ਛਡਿਆ । ਬਾਜ ਨੇ ਸਹੇ ਨੂੰ ਮਾਰ ਲਿਆ । ਬੈਸਨੋ ਦੇ ਮਨ ਵਿਚ ਆਈ, ਜਿਸ ਦੇ ਮਨ ਵਿਚ ਦਇਆ ਨਹੀਂ, ਉਸ ਗੁਰੂ ਪਾਸੋਂ ਮੁਕਤੀ ਕਿਵੇਂ ਮਿਲ ਸਕਦੀ ਹੈ ।

"ਤਿਹ ਮਨ ਕੀ ਲਖ ਕੇ ਜਗਨਾਥਾ ।
ਸਸੇ ਸੰਗ ਛੁਵਾਇਓ ਨਿਜ ਹਾਥਾ ।੧੦੦।

ਤਤ ਛਿਨ ਭਯੋ ਸੁ ਦੇਵ ਸਰੂਪਾ।

ਭੂਖਨ ਅੰਗਨ ਬੀਚ ਅਨੂਪਾ।......੧੦੧।"

ਉਹ ਉਸਤਤ ਕਰਦਾ ਉਪਰ (ਸੁਰਗਾਂ ਨੂੰ) ਚਲਾ ਗਿਆ। ਇਹ ਕੌਤਕ ਵੇਖ ਕੇ ਬੈਸਨੋ ਚਰਨੀ ਢਹਿ ਪਿਆ। ਸਾਧੂ ਦੇ ਪੁਛਣ ਉਤੇ ਗੁਰੂ ਜੀ ਨੇ ਫੁਰਮਾਇਆ, ਇਹ ਮੂਲਾ ਸੀ। ਤੇ ਮਹਾਰਾਜ ਨੇ ਮੂਲੇ ਦੀ ਸਾਰੀ ਸਾਖੀ ਸੁਣਾ ਦਿਤੀ।

# ਉਨਤਾਲੀਵਾਂ ਧਯਾਇ

## ਅਚੱਲ ਵਿਖੇ ਸਿੱਧਾਂ ਨਾਲ ਗੋਸ਼ਟਿ

ਗੁਰੂ ਜੀ ਕਰਤਾਰਪੁਰ ਆ ਗਏ। ਕਥਾ ਕੀਰਤਨ ਸ਼ੁਰੂ ਹੋ ਗਿਆ। ਹਰ ਵੇਲੇ ਸੰਗਤਾਂ ਜੁੜੀਆਂ ਰਹਿੰਦੀਆਂ। ਗੁਰੂ ਜੀ ਨੇ ਸੰਸਾਰੀ ਕੱਪੜੇ ਪਹਿਨ ਲਏ।

"ਭੇਖ ਫਕੀਰੀ ਤਜਿਓ ਸਰੀਰਾ।

ਸੰਸਾਰੀ ਪਹਿਰੇ ਪੁਨਿ ਚੀਰਾ।

ਕ੍ਰਿਖੀ ਕਿਰਾਵਨ ਲਗੇ ਬਿਸਾਲਾ।

ਦੇਗ ਚਲਾਵਹਿ ਪਰਮ ਕ੍ਰਿਪਾਲਾ।੧੦।"

ਇਹ ਸਮਾਚਾਰ ਸੁਣ ਕੇ ਅਜਿਤਾ ਦਰਸ਼ਨ ਹਿਤ ਆਇਆ।

ਸਣੇ ਅਜਿਤੇ ਤੇ ਕੁਛ ਹੋਰ ਸਿੱਖਾਂ ਦੇ ਗੁਰੂ ਜੀ ਸ਼ਿਵਰਾਤਰੀ ਦੇ ਮੇਲੇ ਸਮੇਂ ਅਚੱਲ ਜਾ ਪਹੁੰਚੇ। ਉਸ ਰਾਤ ਬੜੀ ਹਨੇਰੀ ਆਈ। ਗੁਰੂ ਜੀ ਨੇ ਇਕ ਉੱਚੇ ਥਾਂ ਆਸਣ ਲਾਇਆ।

ਮੇਲੇ ਦੀ ਭੀੜ ਗੁਰੂ ਜੀ ਦੇ ਗਿਰਦ ਵਧੇਰੇ ਸੀ। ਸਭ ਨੇ ਮਹਾਰਾਜ ਅੱਗੇ ਭੇਟਾ ਚੜ੍ਹਾਈਆਂ। ਸਿੱਧਾਂ ਵੱਲ ਕੋਈ ਨਾ ਗਿਆ।

ਸਿੱਧਾਂ ਨੇ ਸਲਾਹ ਕੀਤੀ, ਕਿ ਸਾਰੇ ਰਲ ਕੇ ਗੁਰੂ ਜੀ ਨੂੰ ਹਰਾਈਏ। ਮੰਗਲ ਨਾਥ ਨੇ ਸਮਝਾਇਆ, ਕਿ ਤੁਸੀਂ ਗੁਰੂ ਜੀ ਨੂੰ ਨਹੀਂ ਜਿੱਤ ਸਕਦੇ, ਚਰਚਾ ਕਰਕੇ ਝੂਠੇ ਨਾ ਪਵੋ। ਭੰਗਰਨਾਥ ਨੇ ਕਿਹਾ, ਮੰਗਲਨਾਥ ਤਾਂ ਪਹਿਲਾਂ ਹੀ ਗੁਰੂ ਜੀ ਦਾ ਪੱਖੀ ਹੈ।

ਸਾਰੇ ਸਿੱਧ ਰਲ ਕੇ ਗੁਰੂ ਜੀ ਨਾਲ ਚਰਚਾ ਕਰਨ ਆ ਗਏ।

ਗੁਰੂ ਜੀ ਪਾਸ ਕੁਛ ਭਗਤੀਏ (ਸਾਧੂ) ਗੀਤ ਗਾ ਰਹੇ ਸਨ। ਭੰਗਰਨਾਥ ਨੇ ਉਹਨਾਂ ਦਾ ਪੈਸਿਆਂ ਵਾਲਾ ਲੋਟਾ ਕਰਾਮਾਤ ਨਾਲ ਚੁਰਾ ਕੇ ਦੋ ਸੌ ਕੋਹ ਦੂਰ ਲੁਕਾ ਦਿਤਾ। ਮਹਾਰਾਜ ਨੇ ਓਥੇ ਬੈਠਿਆਂ ਲੋਟਾ ਉਹਨਾਂ ਦੇ ਸਾਹਮਣੇ ਲਿਆ ਧਰਿਆ।

ਭੰਗਰ ਨਾਥ ਨੇ ਗੁਰੂ ਜੀ ਤੇ ਸਵਾਲ ਕੀਤਾ,

"ਪੂਰਬ ਹੋਇ ਉਦਾਸੀ ਫਿਰਿਯੋ।

ਭੇਖ ਫਕੀਰੀ ਤਨ ਮੈਂ ਕਰਿਯੋ।੪੫।......

Digitized by Panjab Digital Library | www.panjabdigilib.org

ਬਿਰਕਤ ਭਯੋ ਤਜ ਸਰਬ ਪ੍ਰਵਾਰਾ ॥
ਕੀਨ ਫਕੀਰੀ ਜਗਤ ਮਝਾਰਾ ।੪੬।
ਅਬ ਤੇ ਪਹਿਰੇ ਚੀਰ ਸੰਸਾਰੀ ।
ਹ੍ਵੈ ਕਰ ਬੈਠਿਓ ਬਡ-ਪਰਵਾਰੀ ।
ਤੱਤ ਰੂਪ ਪਹਿਚਾਨਿਓ ਨਾਹੀ ।
ਬਹੁਰੋ ਫਸਿਓ ਗ੍ਰਿਸਤ ਕੇ ਮਾਹੀ ।੪੭।"

ਅੱਗੋਂ ਗੁਰੂ ਜੀ ਨੇ ਭੰਗਰ ਨਾਥ ਨੂੰ ਜਵਾਬ ਦਿਤਾ,

"ਛੋਡ ਗ੍ਰਿਹਸਤ ਕੋ ਭਯੋ ਅਤੀਤਾ ।
ਬਹੁਰੋ ਰਹੀ ਪ੍ਰੀਤ ਚਿਤ ਨੀਤਾ ।
ਭੋਜਨ ਹਿਤ ਮੰਗਨ ਤਿਹ ਜਾਈ ।
ਘਰ ਘਰ ਬਿਚਰਤ ਲਾਜ ਗਵਾਈ ।੫੭।"

ਫਿਰ ਸਿੱਧਾਂ ਨੇ ਕਿਹਾ, 'ਹੁਣ ਕਰਾਮਾਤ 'ਤੇ ਗੱਲ ਨਿਬੜੇਗੀ । ਅਸੀਂ ਲੁਕਦੇ ਹਾਂ, ਤੇ ਤੁਸੀਂ ਲਭਿਓ ।'

ਸਾਰੇ ਸਿੱਧ, ਕੋਈ ਕਿਸੇ ਕੂਟ ਜਾ ਲੁਕਿਆ, ਕੋਈ ਕਿਸੇ ਕੂਟ । ਗੁਰੂ ਜੀ ਨੇ ਓਨੇ ਤਨ ਧਾਰ ਕੇ ਸਾਰਿਆਂ ਨੂੰ ਜਾ ਪਕੜਿਆ, ਤੇ ਸਭ ਨੂੰ ਮੁੱਛਾਂ ਤੋਂ ਫੜ ਕੇ ਲਿਆ ਹਾਜ਼ਰ ਕੀਤਾ ।

"ਗਮਨ ਕੀਨ ਦਸ ਦਿਸਾ ਮਾਂਹਿ, ਤਿਨ ਕੀ ਗਤ ਪ੍ਰਭੁ ਜਾਨ ।
ਤਬ ਸਰੂਪ ਤੇਤੇ ਧਰੇ, ਜੇਤੇ ਸਿਧ ਦੁਰਾਨ ।੫੭।......
ਮੂਛਨ ਤੇ ਗਹਿਕਰ ਸਰਬ, ਕੀਨ ਇਕ ਥਲ ਸੋਇ ।
ਨਿਰਬਲ ਹ੍ਵੈ ਤੂਸਨ[1] ਭਏ, ਤਿਸ਼ਟੇ[2] ਲੱਜਤ ਹੋਏ ।੬੧।"

ਗੁਰੂ ਜੀ ਨੇ ਕਿਹਾ, ਹੁਣ ਅਸੀਂ ਲੁਕਦੇ ਹਾਂ, ਤੁਸੀਂ ਲਭਿਓ ।

"ਅਸ ਕਹਿ ਪੰਚ ਤਤ ਕੇ ਮਾਂਹੀ ।
ਦੇਹ ਮਿਲਾਇ ਦੀਨ ਛਿਨ ਤਾਂਹੀ ।੬੩"

ਸਿੱਧ ਭਾਲ ਭਾਲ ਕੇ ਹਾਰ ਗਏ । ਅੰਤ ਉਹ ਚਰਨੀ ਡਿਗੇ,

"ਇਕ ਥਲ ਹੋਇ ਅਰਦਾਸ ਅਲਾਈ ।
ਨਮਸਕਾਰ ਹਿਤ ਗ੍ਰੀਵ* ਨਿਵਾਈ ।੬੬।
ਤਿਹ ਛਿਨ ਪ੍ਰਗਟੇ ਤੁਰਤ ਗੁਸਾਂਈ ।
ਦੇਖ ਸਿੱਧ ਉਰ ਗੇ ਬਿਸਮਾਈ° । .. ੬੭।"

ਫਿਰ ਸਿੱਧਾਂ ਨੇ ਡਰਾਉਣੀਆਂ ਕਰਾਮਾਤਾਂ ਸ਼ੁਰੂ ਕਰ ਦਿਤੀਆਂ । ਕੋਈ ਝੱਖੜ

1. ਚੁੱਪ । 2. ਠਹਿਰ ਗਏ, ਸਥਿਰ ਹੋ ਗਏ, ਹਿਲਣ ਜੋਗੇ ਨਾ ਰਹੇ ।
* ਗਰਦਣ, ਧੌਣ । ° ਹੈਰਾਨ ਹੋ ਗਏ ।

Digitized by Panjab Digital Library | www.panjabdigilib.org

ਲਿਆਵੇ, ਕੋਈ ਅੱਗ ਬਰਸਾਵੇ, ਕੋਈ ਸ਼ੇਰ ਬਣ ਕੇ ਡਰਾਵੇ। ਲੋਕ ਡਰਨ ਲੱਗ ਪਏ। ਗੁਰੂ ਜੀ ਨੇ ਅਜਿੱਤੇ ਨੂੰ ਕਿਹਾ, ਸਾਰੇ ਲੋਕਾਂ ਉਦਾਲੇ ਇਕ ਕਾਰ (ਲਕੀਰ) ਕਢ ਦੇਹ। ਇਸ ਦੇ ਅੰਦਰ ਸਿੱਧਾਂ ਦਾ ਜ਼ੋਰ ਨਹੀਂ ਚੱਲੇਗਾ।

ਅੰਤ ਗੁਰੂ ਜੀ ਨੇ ਸਿੱਧਾਂ ਦੀ ਸਾਰੀ ਸ਼ਕਤੀ ਖਿੱਚ ਲਈ, ਤੇ ਉਹ ਸ਼ਰਮਸਾਰ ਹੋ ਕੇ ਸਾਮ੍ਹਣੇ ਆ ਬੈਠੇ।

# ਚਾਲੀਵਾਂ ਧਯਾਇ

## ਮਾਲੋ ਸ਼ੇਖ ਨਾਲ ਮਿਲਾਪ

ਗੁਰੂ ਦੀ ਕਿਰਪਾ ਨਾਲ ਅਜਿਤੇ ਵਿਚ ਵੀ ਸ਼ਕਤੀ ਆ ਗਈ। ਉਹ ਮਰੇ ਹੋਏ ਪੰਛੀਆਂ ਨੂੰ ਜ਼ਿੰਦਾ ਕਰਕੇ ਉਡਾਈ ਜਾਵੇ। ਲੋਕ ਵੇਖ ਕੇ ਬੜੇ ਹੈਰਾਨ ਹੋਏ। ਮਹਾਰਾਜ ਨੇ ਅਜਿਤੇ ਨੂੰ ਬੁਲਾ ਕੇ ਕੋਲ ਬਿਠਾ ਲਿਆ, ਤੇ ਸਾਰੀ ਸ਼ਕਤੀ ਖਿੱਚ ਲਈ।

ਓਥੇ ਇਕ ਤਖਾਣ ਆਇਆ। ਉਹਨੇ ਆਪਣਾ ਬਾਰਾਂ ਸਾਲ ਦਾ ਪੁੱਤਰ ਭੇਟਾ ਚੜ੍ਹਾਇਆ, ਤੇ ਬੇਨਤੀ ਕੀਤੀ, ਸਾਡੇ ਪੁੱਤਰ ਹੋ ਕੇ ਮਰ ਜਾਂਦਾ ਸੀ। ਆਪ ਜੀ ਅੱਗੇ ਅਰਦਾਸ ਕੀਤੀ, ਤਾਂ ਇਹ ਜਿਉਂਦਾ ਰਿਹਾ। ਸੋ ਇਹ ਆਪ ਦੀ ਭੇਟਾ ਹੈ। ਇਸ ਬਾਲਕ ਦਾ ਨਾਮ ਸੰਗਤੀਆ ਸੀ।

ਗੁਰੂ ਜੀ ਨੇ ਲਕੜੀਆਂ ਕੱਠੀਆਂ ਕਰਕੇ ਅੱਗ ਬਾਲ ਦਿਤੀ ਤੇ ਸੰਗਤੀਏ ਨੂੰ ਹੁਕਮ ਕੀਤਾ,

"ਪਾਵਕ ਫੂਕੀ, ਬਚਨ ਉਚਾਰਾ।
ਬਾਰਿਕ ਜਾਵਹੁ ਅਗਨ ਮਝਾਰਾ।੧੩।"

ਸੰਗਤੀਆ ਅੱਗ ਵਿਚ ਜਾ ਬੈਠਾ। ਵੇਖਣ ਵਾਲੇ ਬੜੇ ਹੈਰਾਨ ਹੋਏ। ਸੰਗਤੀਆ ਸਵਾ ਪਹਿਰ ਅੱਗ ਵਿਚ ਬੈਠਾ ਰਿਹਾ, ਪਰ ਉਸਨੂੰ ਅੱਗ ਪੋਹੀ ਤਕ ਨਾ। ਫਿਰ ਗੁਰੂ ਜੀ ਨੇ ਹੁਕਮ ਦਿਤਾ,

"ਜਨਮ ਮਰਨ ਤੇ ਰਹਿਤ ਭਾ ਟੂਟ ਗਏ ਜਮ ਜਾਲ।
ਨਿਕਸਹੁ ਆਵਹੁ ਵਹਿਰ ਕੋ, ਅਬ ਤੇ ਸਦਾ ਨਿਹਾਲ।੧੯।"

ਗੁਰੂ ਜੀ ਨੇ ਸੰਗਤੀਏ ਨੂੰ ਵਰ ਮੰਗਣ ਵਾਸਤੇ ਕਿਹਾ। ਉਸਨੇ ਬਨਤੀ ਕੀਤੀ, ਕਿ ਸਿੱਧਾਂ ਦੀ ਸਿੱਧੀ ਇਹਨਾਂ ਨੂੰ ਵਾਪਸ ਕਰ ਦਿਹੋ। ਗੁਰਦੇਵ ਨੇ ਕਿਹਾ, ਇਹ ਸਿੱਧੀ ਦੇ ਆਸਰੇ ਪਖੰਡ ਕਰਦੇ ਸਨ, ਪਰ ਤੇਰਾ ਕਿਹਾ ਨਹੀਂ ਮੋੜਦੇ।

ਆਪਣੀ ਸ਼ਕਤੀ ਵਾਪਸ ਮਿਲੀ 'ਤੇ ਸਿੱਧ ਬਹੁਤ ਪਰਸੰਨ ਹੋਏ। ਸਿੱਧਾਂ ਪੁੱਛਿਆ, ਤੁਹਾਡੇ ਪਾਸ ਕਿੰਨੀ ਸ਼ਕਤੀ ਹੈ।

ਉਤਰ ਵਿਚ ਗੁਰੂ ਜੀ ਨੇ ਸ਼ਬਦ ਉਚਾਰਿਆ,

Digitized by Panjab Digital Library | www.panjabdigilib.org

"ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ ।......।"

(ਮਾਝ, ਮ. ੧, ਪੰਨਾ ੧੪੭)

ਬਾਕੀ ਸਾਰੇ ਸਿੱਧ ਤਾਂ ਗੁਰੂ ਜੀ ਦੇ ਚਰਨੀ ਢਹਿ ਪਏ, ਪਰ ਭੰਗਰ ਨਾਥ ਅੜਿਆ ਰਿਹਾ । ਉਹ ਉਡ ਕੇ ਆਕਾਸ ਉਤੇ ਜਾ ਚੜ੍ਹਿਆ । ਗੁਰੂ ਜੀ ਨੇ ਆਪਣੀ ਖੜਾਉਂ ਉਡਾ ਦਿਤੀ । ਉਹ ਭੰਗਰ ਨਾਥ ਦੇ ਸਿਰ ਵਿਚ ਜਾ ਵੱਜਣ ਲੱਗੀ । ਹਾਰਕੇ ਉਹ ਗੁਰੂ ਜੀ ਦੇ ਚਰਨਾਂ ਤੇ ਆ ਡਿਗਿਆ ।

"ਹੋਇ ਦੀਨ ਆਵਤ ਭਯੋ, ਜਹ ਬੇਦੀ ਕੁਲ ਦੀਪ ।
ਚਰਨ ਕਮਲ ਬੰਦਨ ਕਰੀ, ਬੈਠਯੋ ਹੋਇ ਸਮੀਪ ।੪੧।"

ਸਭ ਸਿੱਧ ਚਰਨੀ ਲੱਗੇ ।

"ਪੁਨਿ ਗੋਰਖ; ਗਰ ਸੰਗ ਉਚਾਰਾ ।
ਕਲੀ ਕਾਲ ਮਹਿ ਕਿਯਾ ਵਰਤ ਰਾ ।......੪੪।"

ਗੁਰੂ ਜੀ ਨੇ ਸ਼ਬਦ ਉਚਾਰੇ,

"ਸਚਿ ਕਾਲੁ ਕੂੜੁ ਵਰਤਿਆ, ਕਲਿ ਕਾਲਖ ਬੇਤਾਲ ।..... ।"

(ਆਸਾ, ਮ: ੧, ਪੰਨਾ ੪੬੮)

"ਕਲਿ ਕਾਤੀ ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ । .....।"

(ਮਾਝ, ਮ: ੧, ਪੰਨਾ ੧੪੫)

"ਸਤੀ ਪਾਪੁ ਕਰਿ ਸਤੁ ਕਮਾਹਿ ।..... ।"

(ਰਾਮਕਲੀ, ਮ: ੧, ਪੰਨਾ ੯੫੧)

'ਪੁਨਿ ਸ੍ਰੀ ਗੁਰ 'ਸਿਧਿ ਗੋਸਟਿ' ਕਰੀ ।
ਸਿਧਨ ਕੀ ਦੁਬਿਧਾ ਸਬ ਹਰੀ ।......੪੫ ।"

ਸੰਗਤੀਏ ਨੂੰ ਗੁਰੂ ਜੀ ਨੇ ਉਹਦੇ ਮਾਤਾ ਪਿਤਾ ਪਾਸ ਭੇਜ ਦਿਤਾ । ਗੁਰੂ ਜੀ ਵਾਪਸ ਕਰਤਾਰ ਪੁਰ ਆ ਗਏ ।

ਮਾਲੋ ਸ਼ੇਖ ਸੋਭਾ ਸੁਣ ਕੇ ਆਇਆ । ਉਹਨੇ ਸਵਾਲ ਕੀਤਾ,

"ਹਿੰਦੂ ਬਡੇ, ਕਿ ਤੁਰਕ ਬਤਾਵਉ ।
ਤੁਮ ਕੋ ਮਤੋ, ਸੁ ਮੋਹਿ ਸੁਨਾਵਹੁ ।......੫੬ ।"

ਗੁਰੂ ਜੀ ਨੇ ਫ਼ੁਰਮਾਇਆ, ਇਕ ਰੱਬ ਦੀ ਰਚਨਾ, ਸਭ ਇਕ ਰੂਪ ਹਨ । ਨਿਬੇੜਾ ਕਰਮਾਂ 'ਤੇ ਹੈ । ਇਹ ਉਪਦੇਸ਼ ਸੁਣ ਕੇ ਸ਼ੇਖ ਚਰਨੀ ਲਗਾ । ਤੇ ਗੁਰੂ ਜੀ ਨੂੰ ਆਪਣਾ ਪੀਰ ਮੰਨ ਕੇ ਗਿਆ ।

Digitized by Panjab Digital Library | www.panjabdigilib.org

# ਇਕਤਾਲੀਵਾਂ ਧਯਾਇ

## ਉਬਾਰੇ ਖਾਂ ਦਾ ਪ੍ਰਸੰਗ

ਮਾਲੋ ਖਾਨ ਦੀ ਪ੍ਰੇਰਨਾ ਨਾਲ ਉਬਾਰੇ ਖਾਨ ਗੁਰੂ ਜੀ ਦੀ ਸ਼ਰਨ ਆਇਆ। ਉਸਨੇ ਸਵਾਲ ਕੀਤਾ, ਕਿ ਹਿੰਦੂ ਵੱਡਾ ਹੈ, ਜਾਂ ਮੁਸਲਮਾਨ। ਗੁਰੂ ਜੀ ਨੇ ਉਤਰ ਦਿਤਾ,

"ਸਿਰਜੇ ਇਕ ਸਮ ਸਿਰਜਨਹਾਰੂ।
ਬਾਧਹਿ ਦਾਵੇ ਕੂਰ ਗਵਾਰੂ।੧੦।"

ਉਬਾਰੇ ਖ਼ਾਂ ਗੁਰੂ ਜੀ ਦੇ ਚਰਨੀ ਲਗਾ, ਤੇ ਸਿਫ਼ਤ ਕਰਦਾ ਘਰ ਨੂੰ ਪਰਤਿਆ।

ਉਬਾਰੇ ਖ਼ਾਂ ਦੇ ਮੂੰਹੋਂ ਗੁਰੂ ਜੀ ਦੀ ਤਾਰੀਫ਼ ਸੁਣ ਕੇ ਇਕ ਫ਼ਕੀਰ ਸ਼ਾਹ ਅਦਰਮਾਨ ਬਹੁਤ ਨਾਰਾਜ਼ ਹੋਇਆ।

ਉਬਾਰੇ ਖ਼ਾਨ ਅਗਲੇ ਦਿਨ ਸੋਲਾਂ ਗਜ਼ ਦਾ ਬਾਫ਼ਤੇ ਦਾ ਥਾਨ ਲੈ ਕੇ ਗੁਰੂ ਜੀ ਵੱਲ ਤੁਰ ਪਿਆ। ਗੁਰੂ ਜੀ ਅੱਗੇ ਕੱਪੜਾ ਧਰ ਕੇ ਉਬਾਰ ਖ਼ਾਨ ਨੇ ਚਰਨ ਪਰਸੇ। ਗੁਰੂ ਜੀ ਨੇ ਉਤਰ ਦਿਤਾ,

"ਹਮ ਕੋ ਉਚਿਤ ਨ ਐਸੇ ਚੀਰਾ।
ਨ੍ਰਿਪ ਪਹਿਰੈ, ਹਮ ਅਹੈ ਫ਼ਕੀਰਾ।
ਪਹੁੰਚਿਓ ਹਮੈ, ਜੁ ਆਨਯੋ ਤੋਹੀ।
ਅਸ ਪੋਸ਼ਸ਼ ਭੂਪਤਿ ਕੋ ਸੋਹੀ।੩੮।"

ਪਰ ਅੰਤ ਉਬਾਰੇ ਖ਼ਾਨ ਦੇ ਜ਼ੋਰ ਦੇਣ 'ਤੇ ਮਹਾਰਾਜ ਨੇ ਉਸ ਥਾਨ ਦੇ ਦੋ ਚੋਗੇ ਸੁਆ ਲਏ। ਗੁਰੂ ਜੀ ਦੇ ਪੁਛਣ ਉਤੇ ਉਬਾਰੇ ਖ਼ਾਨ ਨੇ ਸ਼ਾਹ ਅਦਰਮਾਨ ਦੀ ਸਾਰੀ ਕਥਾ ਕਹਿ ਸੁਣਾਈ।

ਗੁਰੂ ਜੀ ਉਬਾਰੇ ਖ਼ਾਂ ਨੂੰ ਨਾਲ ਲੈ ਕੇ ਸ਼ੇਖ਼ ਅਦਰਮਾਨ ਨੂੰ ਮਿਲਨ ਤੁਰ ਪਏ। ਅਦਰਮਾਨ ਪਾਲਕੀ 'ਚ ਬਹਿਕੇ ਕਿਧਰੇ ਜਾ ਰਿਹਾ ਸੀ। ਗੁਰੂ ਜੀ ਨੂੰ ਆਉਂਦਿਆਂ ਵੇਖ ਕੇ ਪਾਲਕੀ ਚੋਂ ਉਤਰ ਕੇ ਮਿਲਿਆ। ਹਜ਼ੂਰ ਨੇ ਕਿਹਾ,

"ਸੋ ਥਾਨ ਅਬ ਲੀਜੀਏ, ਜਿਸ ਤੇ ਦੇਤ ਉਠਾਇ।
ਅਦਰਮਾਨ ਬੋਲਤ ਸੁਨਤ, ਤੁਮ ਢਿਗ ਕੌਨ ਬਤਾਇ।੬੭।"

"ਗੁਰੂ ਜੀ ਨੇ ਕਿਹਾ, ਉਹ ਥਾਂ ਸੰਭਾਲ ਲੈ, ਜਿੱਥੋਂ ਸਾਨੂੰ ਉਠਾ ਦੇਣ ਬਾਰੇ ਕਹਿੰਦਾ ਸੈਂ। ਅਦਰਮਾਨ ਨੇ ਉਤਰ ਦਿਤਾ, ਤੁਹਾਨੂੰ ਕਿਸ ਨੇ ਦੱਸਿਆ ਹੈ? (ਭਾਵ, ਅਦਰਮਾਨ ਕਹੈ, ਤੋਂ ਮੁਕਰ ਗਿਆ।)

ਕੋਲੋਂ ਉਬਾਰੇ ਖ਼ਾਂ ਨੇ ਕਿਹਾ, ਤੂੰ ਮੈਨੂੰ ਕਿਹਾ ਸੀ,

"ਹਿੰਦੂ ਕੀ ਤਾਰੀਫ਼ ਕਿਆ ਗਾਵੈਂ।
ਬਿਨਾ ਬਿਲਮ ਹਮ ਤਾਹਿ ਉਠਾਵੈਂ।......੬੯।"

Digitized by Panjab Digital Library | www.panjabdigilib.org

ਛਿੱਥੇ ਪੈ ਕੇ ਅਦਰਹਮਾਨ ਨੇ ਉਬਾਰੇ ਖਾਂ ਨੂੰ ਕਿਹਾ, ਤੂੰ ਚੁੱਪ ਰਹੋ । ਤੇਰੀ ਮੇਰੀ ਕੋਈ ਬਰਾਬਰੀ ਨਹੀਂ ।'

ਉਬਾਰੇ ਖ਼ਾਂ ਨੇ ਤਮਕ ਕੇ ਕਿਹਾ, 'ਮੈਂ ਕਿਉਂ ਚੁੱਪ ਰਹਾਂ । ਤੂੰ ਮੇਰੇ ਪੀਰ (ਗੁਰੂ ਜੀ) ਦੀ ਨਿੰਦਿਆਂ ਕਰਦਾ ਸੈਂ ।'

ਸ਼ੇਖ਼ ਅਦਰਹਮਾਨ ਨੇ ਸਵਾਲ ਕੀਤਾ,

"ਹਿੰਦੂ ਤੁਰਕ, ਜਿ ਹੈ ਪੱਖ ਦੋਊ ।
ਦੁਹ ਮੈ ਅਹੈ ਬਡੇਰੋ ਕੋਊ ।੭੫।......
ਸ੍ਰੀ ਗੁਰ ਸੁਨ ਕੈ ਬਚਨ ਉਚਾਰ ।
ਹਮਨੇ ਦੋਨੋ ਪੱਖ ਬਿਦਾਰੇ ।੭੮।
ਹਿੰਦੂ ਤੁਰਕ ਬਾਦ ਕੇ ਮਾਹੀ ।
ਬਸੈ ਸੈਤਾਨ, ਸਾਂਤ ਹ੍ਵੈ ਨਾਹੀ ।
ਨਿਜ ਨਿਜ ਮਾਨ ਬਧਾਵਨ ਹੇਤਾ ।
ਸਗਰੇ ਝਗਰਹਿ ਮੂਢ ਅਚੇਤਾ ।੭੭। .....
ਸਤਿਨਾਮ ਉਰ ਤੇ ਬਿਸਰਾਈ ।
ਸਤਿਗੁਰ ਮਿਲਯੋ ਨ ਸੋਝੀ ਆਈ ।੭੮।......
ਖਾਲਕ ਏਕੈ ਖਲਕ ਬਨਾਈ ।
ਭਲਾ ਜੁ ਬੁਰਾ, ਨੀਚ ਉਚਤਾਈ ।੮੬।"

ਇਸ ਉਪਦੇਸ਼ ਤੋਂ ਪ੍ਰਭਾਵਤ ਹੋ ਕੇ ਸ਼ੇਖ਼ ਅਦਰਹਮਾਨ ਗੁਰੂ ਜੀ ਦੇ ਚਰਨੀ ਲੱਗਾ । ਬੇਨਤੀ ਕਰਕੇ ਉਬਾਰੇ ਖਾਨ ਗੁਰੂ ਜੀ ਨੂੰ ਘਰ ਲੈ ਗਿਆ ।

"ਦਿਜ ਬੁਲਵਾਇ ਬਨਾਇ ਅਹਾਰਾ ।
ਕਰ ਸੋ ਪਕਰ ਸੁ ਪੈਰ ਪਖਾਰਾ੦ ।੬੮।"

(ਗੁਰੂ ਜੀ ਵਾਸਤੇ ਭੋਜਨ ਪੰਡਤ ਕੋਲੋਂ ਬਣਵਾਇਆ । ਕਿਉਂ ? ਸ਼ਰਧਾਲੂ ਉਬਾਰੇ ਖ਼ਾਂ ਨਾਲੋਂ ਪੰਡਤ ਵਧੇਰੇ ਉੱਤਮ ਸੀ ? ਪੰਡਤਾਂ ਦੇ ਨਿਯਮ ਦੇ ਉਲਟ ਲਾਲੋ ਘਰੋਂ ਤਾਂ ਮਹਾਰਾਜ ਛਕਦੇ ਹਨ, ਪਰ ਉਬਾਰੇ ਖ਼ਾਨ ਦੇ ਘਰੋਂ ਨਹੀਂ । ਏਥੇ ਪੰਡਤ ਦੀ ਲੋੜ ਪੈ ਗਈ । ਸਨਾਤਨੀ ਖ਼ਿਆਲ, ਤੇ ਪੰਡਤ ਦਾ ਭੈ ।)

ਦੋ ਦਿਨ ਉਬਾਰੇ ਖ਼ਾਂ ਦੇ ਘਰ ਰਹਿ ਕੇ ਗੁਰਦੇਵ ਵਾਪਸ ਕਰਤਾਰਪੁਰ ਆ ਗਏ ।

---

੦ ਚਰਨ ਧੋਤੇ ।

Digitized by Panjab Digital Library | www.panjabdigilib.org

# ਬਤਾਲੀਵਾਂ ਧਯਾਇ

ਸਿੱਖਾਂ ਨੂੰ ਉਪਦੇਸ਼

ਗੁਰੂ ਜੀ ਕਰਤਾਰ ਪੁਰ ਵਿਚ ਸਨ। ਹਰ ਵੇਲੇ ਸਤਸੰਗ ਹੁੰਦਾ। ਬਹੁਤ ਸਾਰੇ ਸ਼ਰਧਾਲੂ ਆਉਂਦੇ। ਪਹਿਰ ਦੇ ਤੜਕੇ ਤੋਂ ਕੀਰਤਨ ਹੁੰਦਾ, ਤੇ ਪਹਿਰ ਰਾਤ ਗਈ ਤਕ ਸਤਸੰਗ ਰਹਿੰਦਾ। ਇਕ ਬਾਲਕ ਰੋਜ਼ ਤੜਕੇ ਸਤਸੰਗ ਵਿਚ ਆਇਆ ਕਰਦਾ।

ਗੁਰੂ ਜੀ ਦੇ ਹੁਕਮ ਨਾਲ ਸਿੱਖਾਂ ਨੇ ਉਸ ਬਾਲਕ ਨੂੰ ਗੁਰੂ ਜੀ ਦੇ ਪੇਸ਼ ਕੀਤਾ। ਗੁਰੂ ਜੀ ਨ ਪੁਛਿਆ, ਤੇਰੀ ਉਮਰ ਹੱਸਣ ਖੇਡਣ ਦੀ ਹੈ। ਤੂੰ ਰੋਜ਼ ਤੜਕੇ ਉਠ ਕੇ ਕਿਉਂ ਆਉਂਦਾ ਹੈ।

ਬਾਲਕ ਨੇ ਦੱਸਿਆ, ਕਿ ਇਕ ਦਿਨ ਮੇਰੀ ਮਾਤਾ ਨੇ ਅੱਗ ਬਾਲਣ ਵਾਸਤੇ ਕਿਹਾ। ਮੈਂ ਵੇਖਿਆ, ਕਿ ਅਗਨੀ ਛੋਟੀਆਂ ਵੱਡੀਆਂ ਸਭ ਲੱਕੜਾਂ ਨੂੰ ਬਰਾਬਰ ਭਸਮ ਕਰ ਗਈ। ਮੈਂ ਸੋਚਿਆ, ਕਿ ਛੋਟੀਆਂ ਲੱਕੜਾਂ ਵਾਂਗ ਮੇਰੀ ਵਾਰੀ ਸ਼ਾਇਦ ਪਹਿਲਾਂ ਹੀ ਆ ਜਾਵੇ। ਇਸ ਵਾਸਤੇ ਸਤਸੰਗ ਵਿਚ ਆਉਂਦਾ ਹਾਂ।

ਗੁਰੂ ਜੀ ਨੇ ਸਲੋਕ ਉਚਾਰਿਆ,

"ਨਾਨਕ ਇਹੁ ਜੀਉ ਮਛੁਲੀ, ਝੀਵਰੁ ਤ੍ਰਿਸਨਾ ਕਾਲੁ।......।"

(ਰਾਮਕਲੀ, ਮ. ੧. ਪੰਨਾ ੯੫੫)

ਇਸਤਰਾਂ ਸਾਰੇ ਸਿੱਖਾਂ ਨੂੰ ਉਪਦੇਸ਼ ਦਿਤਾ।

ਇਕ ਦਿਨ ਕੀੜ ਜਾਤੀ ਦੇ ਖੱਤਰੀ ਮੂਲੇ ਨੇ ਬੇਨਤੀ ਕੀਤੀ, ਕਿ ਚੰਚਲ ਚਿਤ ਕਿਵੇਂ ਵੱਸ ਆਵੇ। ਗੁਰੂ ਜੀ ਨੇ ਉਤਰ ਦਿਤਾ, ਸੰਗਤ, ਸ਼ੇਵਾ ਤੇ ਸਿਮਰਨ ਨਾਲ ਮਨ ਵੱਸ ਆਵੇਗਾ।

ਮੂਲਾ ਸਿਮਰਨ ਕਰਦਾ ਤੇ ਆਏ ਗਏ ਅਤਿਥੀ ਦੀ ਸੇਵਾ ਕਰਦਾ। ਇਕ ਦਿਨ ਇਕ ਠੱਗ ਸਿੱਖ ਦਾ ਭੇਸ ਧਾਰ ਕੇ ਆ ਗਿਆ। ਮੂਲੇ ਨੇ ਉਸ ਦੀ ਬੜੀ ਸੇਵਾ ਕੀਤੀ। ਠੱਗ ਨੇ ਉਸ ਦੀ ਪਤਨੀ ਦੇ ਗਹਿਂਣੇ ਚੁੱਕ ਲਏ। ਉਸ ਨੇ ਮੂਲੇ ਨੂੰ ਉਠਾਇਆ, ਕਿ ਦਰਵਾਜ਼ਾ ਖੁਹਲ ਦਿਹੋ, ਮੈਂ ਬਾਹਰ ਜੰਗਲ ਜਾਣਾ ਹੈ। ਮੂਲੇ ਨੇ ਬੂਹਾ ਖੁਹਲ ਦਿਤਾ। ਲੰਘਣ ਲੱਗੇ ਠੱਗ ਕੋਲੋਂ ਗਹਿਣਿਆਂ ਦੀ ਪੋਟਲੀ ਡਿੱਗ ਪਈ। ਮੂਲੇ ਨੇ ਗਹਿਣੇ ਚੁੱਕ ਕੇ ਠੱਗ ਨੂੰ ਪਕੜਾ ਦਿਤੇ। ਇਸਤਰੀ ਨੇ ਗਹਿਣਿਆਂ ਬਾਰੇ ਪੁਛਿਆ, ਤਾਂ ਮੂਲੇ ਨ ਕਿਹਾ, ਜ਼ਿਕਰ ਨਾ ਕਰੋ, ਲੋਕ ਕਹਿਣਗੇ, ਇਕ ਸਿੱਖ ਗਹਿਣੇ ਚੁਰਾ ਕੇ ਲੈ ਗਿਆ ਹੈ। ਗੁਰੂ ਦੇ ਸਿੱਖ ਦੀ ਬਦਨਾਮੀ ਹੋਵੇਗੀ। ਮੂਲੇ ਨੇ ਗਹਿਣੇ ਹੋਰ ਬਣਵਾ ਦਿਤੇ।

ਮੂਲਾ ਗੁਰੂ ਜੀ ਦੇ ਦਰਸ਼ਨ ਵਾਸਤੇ ਗਿਆ, ਤਾਂ

"ਕ੍ਰਿਪਾ ਨਿਧਾਨ ਕਹਯੋ, ਸੁਨ ਮੂਲਾ।

Digitized by Panjab Digital Library | www.panjabdigilib.org

ਰਿਦਾ ਤੋਰ ਸਿੱਖੀ ਅਨਕੂਲਾ ।
ਮਮ ਪਰਦਾ ਤੁਮ ਢਕਯੋ ਬਨਾਈ ।
ਤੇਰੋ ਢਕ ਹੈ ਗੁਰੂ ਸਦਾਈ ।੪੯।"

ਇਕ ਦਿਨ ਪ੍ਰਿਥਾ ਖੇੜਾ ਦਰਸ਼ਨ ਨੂੰ ਆਇਆ । ਗੁਰੂ ਜੀ ਨੇ ਉਪਦੇਸ਼ ਦਿਤਾ, ਕਿ ਧਰਮ ਦੀ ਕਿਰਤ ਕਰਕੇ ਵੰਡ ਕੇ ਛਕੋ ।

ਇਕ ਦਿਨ ਪ੍ਰਿਥੀਮਲ, ਸਹਗਲ ਤੇ ਰਾਮਾ ਦਰਸ਼ਨ ਕਰਨ ਆਏ । ਉਹਨਾਂ ਬੇਨਤੀ ਕੀਤੀ,

"ਹਮ ਕੋ ਇਸ ਬਿਧਿ ਪੰਥ ਬਤੱਯੇ ।
ਬਿਸਨ ਰੂਪ ਮੈ ਇਕ ਹ੍ਵੈ ਜਈਐ ।੬੦।"

ਗੁਰੂ ਜੀ ਨੇ ਕਿਹਾ, ਤਿੰਨ ਤਰਾਂ ਦਾ ਤਪ ਹੈ । ਭੁੱਖੇ ਰਹਿਣਾ, ਨੰਗੇ ਫਿਰਨਾ, ਧੂਣੀ ਤਪਣੀ, ਆਦਿ, ਇਹ ਤਾਮਸੀ ਤਪ ਹੈ । ਇਸ ਤਰਾਂ ਕੋਈ ਰਿੱਧੀ ਸਿੱਧੀ ਹਾਸਲ ਵੀ ਕਰ ਲਵੇ, ਤਾਂ ਉਸਦਾ ਹੰਕਾਰ ਹੋ ਜਾਂਦਾ ਹੈ ।

ਅੱਗੇ ਰਜੋਗੁਣੀ ਤਪ ਹੈ । ਸੇਵਾ, ਦਾਨ ਆਦਿ ਕਰਨਾ । ਝੂਠ, ਨਿੰਦਾ, ਚੋਰੀ, ਯਾਰੀ, ਬੁਰਿਆਈ ਤੋਂ ਬਚਣਾ । ਰਜੋਗੁਣੀ ਤਪ ਹੈ ।

ਸੇਵਾ, ਸਿਮਰਨ ਵਿਚ ਲਾ ਕੇ ਮਨ ਨੂੰ ਸਭ ਪਾਸਿਆਂ ਤੋਂ ਰੋਕ ਲੈਣਾ ਸਾਂਤਕੀ, ਜਾਂ ਸਤੋ ਗੁਣੀ ਤਪ ਹੈ ।

ਇਸ ਉਪਦੇਸ਼ 'ਤੇ ਅਮਲ ਕਰਕੇ ਉਹ ਤਿੰਨੇ ਤਰ ਗਏ ।

# ਤਿਰਤਾਲੀਵਾਂ ਧਯਾਇ

## ਸਿੱਖਾਂ ਨੂੰ ਉਪਦੇਸ਼

ਮਾਲੋ ਤੇ ਭਾਗੋ ਦੋ ਸ਼ਰਧਾਲੂ ਆਏ । ਗੁਰੂ ਜੀ ਦੇ ਉਪਦੇਸ਼ ਨਾਲ ਉਹ ਸੇਵਾ ਸਿਮਰਨ ਵਿਚ ਲਗ ਗਏ ।

ਇਕ ਦਿਨ ਕਾਲੂ ਨਾਮੀ ਖੱਤਰੀ ਸ਼ਰਨ ਆਇਆ । ਉਹਨੇ 'ਸਨਮੁਖ' ਤੇ 'ਮਨਮੁਖ' ਦੇ ਅਰਥ ਪੁਛੇ ।

ਗੁਰੂ ਜੀ ਨੇ ਫ਼ੁਰਮਾਇਆ, 'ਸਨਮੁਖ' ਦੇ ਚਾਰ ਲੱਛਣ ਹਨ । ਪਹਿਲਾ ਹੈ ਨੇਕ ਕਰਮ ਕਰਨਾ, ਪਾਪਾਂ ਤੋਂ ਬਚਣਾ ਤੇ ਮਨ ਚਿੱਤ ਲਾ ਕੇ 'ਸਬਦ' ਸੁਣਨਾ । ਦੂਸਰਾ ਹੈ 'ਮੈਤ੍ਰੀਯ', ਤੀਜਾ 'ਮੁਦਤਾ' ਚੋਥਾ 'ਉਪੇਖਯਾ' ।

ਮੈਤ੍ਰੀਯ ਦਾ ਅਰਥ :

"ਕਰਤ ਭਲਾਈ ਮੀਤ ਸੋ, ਤਿਉਂ ਕੀਜੈ ਸਰੁਬੰਗੁ ।
ਮੈਤ੍ਰੀ ਕੇ ਲਛਨ ਇਹੈ, ਕਰੈ ਨ ਕਿਹ ਮਨ ਭੰਗ ।੨੮।"

ਮੁਦਤਾ ਦਾ ਅਰਥ ਹੈ : ਕਿਸੇ ਨੂੰ ਆਪ ਤੋਂ ਨੀਵਾਂ ਨਾ ਸਮਝੇ, ਈਰਖਾ ਨਾ ਕਰੇ,

Digitized by Panjab Digital Library | www.panjabdigilib.org

ਹਕਾਰ ਨਾ ਕਰੇ, ਕਿਸੇ ਦੀ ਵਡਿਆਈ ਸੁਣ ਕੇ ਸੜੇ ਨਾ, ਕਿਸੇ ਦੀ ਨਿੰਦਿਆ ਨਾ ਕਰੇ।

ਉਪੇਖਿਆ ਦਾ ਅਰਥ ਹੈ : ਗੁਰੂ ਦੀ ਬਖ਼ਸ਼ੀ ਬੁਧੀ ਅਨਸਾਰ ਸ਼ੁਭ ਉਪਦੇਸ਼ ਦੇਵੇ। ਜ ਮੰਨੇ, ਠੀਕ ਹੈ। ਜੋ ਨਾ ਮੰਨੇ, ਉਸ ਨਾਲ ਹਠ ਨਾ ਕਰੇ।

"ਮਨ ਕੋ ਕਹਯੋ ਕਰਤ ਹੈ ਜੋਈ।
ਹੈ ਮਨਮੁਖਿ ਪਹਿਚਾਨਹੁ ਸੋਈ। .... ੩੬।"

ਫਿਰ ਭਗਤਾ ਓਹਰੀ ਤੇ ਜਾਪੂ ਵੰਸੀ ਆਏ। ਉਹਨਾਂ ਬੇਨਤੀ ਕੀਤੀ, ਮਹਾਰਜ! ਅਸੀਂ ਤਾਂ ਅਨਪੜ੍ਹ ਹਾਂ। ਸਾਡੀ ਕਲਿਆਣ ਕਿਵੇਂ ਹੋਵੇਗੀ। ਹਜ਼ੂਰ ਨੇ ਉਪਦੇਸ਼ ਕੀਤਾ,

"ਸਿੱਖਨ ਕੋ ਗੁਰਦੇਵ ਸਮ ਜਾਨਹਿ ਮਨ ਕਰ ਨੀਵ।
ਧਰਮ ਕ੍ਰਿਤ ਕਰ ਜਗਤ ਮਹਿ ਖਾਵਹਿ ਵੰਡ ਸਦੀਵ।੫੨।"

ਸ਼ੀਹਾਂ ਤੇ ਗੱਜਣ ਦੋਵੇਂ ਭਾਈ ਸ਼ਰਣ ਆਏ। ਮਹਾਰਾਜ ਨੇ ਉਹਨਾਂ ਨੂੰ 'ਵਾਹਿਗੁਰੂ' ਸ਼ਬਦ ਦੇ ਅਰਥ ਸਮਝਾਏ।

"ਵਾਸਦੇਵ ਵਾਵਾ ਵਰਨ, ਹਾਹਾ ਹਰਿ ਤੇ ਲੀਨ।
ਗੱਗਾ ਗੋਬਿੰਦ ਤੇ ਲਯੋ, ਰਾਰਾ ਰਾਮ ਪ੍ਰਬੀਨ।੫੯।
ਏਕ ਨਾਮ ਤੇ ਚਤਰ ਸੁ ਜਾਪੂ।
ਯਾ ਤੇ ਹੈ ਇਹ ਅਧਿਕ ਪ੍ਰਤਾਪੂ।..... ੬੦।"

(ਪੂਰਬਾਰਧ ਦੇ ਪਹਿਲੇ ਧਯਾਇ ਦੇ ਛੰਦ ੬੫ ਵਿਚ ਵੀ ਕਵੀ ਜੀ ਏਹਾ ਅਰਥ ਕਰਦੇ ਹਨ। ਪਰ ਇਹ ਸਨਾਤਨੀ ਵਿਚਾਰ ਹਨ। ਅਸੀਂ ਆਪਣੀ ਰਾਏ ਓਥੇ ਦੇ ਆਏ ਹਾਂ।)

ਸ਼ੀਹਾਂ ਤੇ ਗੱਜਣ ਗੁਰੂ ਜੀ ਦੇ ਉਪਦੇਸ਼ 'ਤੇ ਚੱਲਣ ਲੱਗੇ। ਉਹ ਆਏ ਗਏ ਦੀ ਸੇਵਾ ਕਰਦੇ। ਸ਼ੀਹੇਂ ਦੀ ਲੜਕੀ ਦਾ ਵਿਆਹ ਆ ਗਿਆ। ਜੰਞ ਵਾਸਤੇ ਬਹੁਤ ਸਾਰੇ ਪਕਵਾਨ ਬਣਵਾ ਕੇ ਰੱਖੇ। ਓਧਰੋਂ ਬਹੁਤ ਸਾਰੀ ਸੰਗਤ ਆ ਗਈ। ਪ੍ਰੇਮ ਵੱਸ ਸ਼ੀਹੇਂ ਨੇ ਸਾਰੇ ਪਕਵਾਨ ਸੰਗਤ ਨੂੰ ਛਕਾ ਦਿਤੇ। ਸ਼ੀਂਹੇ ਦੀ ਇਸਤਰੀ ਝੂਰਨ ਲੱਗੀ। ਅਗਲੇ ਦਿਨ ਜੰਞ ਕਿਆਸ ਤੋਂ ਵਧੇਰੇ ਆ ਗਈ। ਇਸਤਰੀ ਨੇ ਕਿਹਾ, ਦੱਸ, ਹੁਣ ਜੰਞ ਨੂੰ ਕੀ ਖੁਆਵਾਂਗੇ। ਸ਼ਰਧਾਵਾਨ ਸ਼ੀਹੇਂ ਨੇ ਗੁਰੂ ਅੱਗੇ ਅਰਦਾਸ ਕਰਕੇ ਬੂਹਾ ਖੁਹਲਿਆ, ਤਾਂ ਅੰਦਰ ਪਕਵਾਨਾਂ ਨਾਲ ਭਰਿਆ ਪਿਆ ਸੀ। ਜੰਞ ਪੰਜ ਦਿਨ ਰਹੀ। ਕਿਸ ਪਦਾਰਥ ਦੀ ਤੋਟ ਨਾ ਆਈ।

ਫਿਰਣਾ ਖਹਿਰਾ ਤੇ ਜੋਧ ਸ਼ਰਣ ਆਏ। ਉਹਨਾਂ ਸਿੱਖੀ ਦੀ ਦਾਤ ਮੰਗੀ। ਹੁਕਮ ਹੋਇਆ,

"ਪ੍ਰਭ ਭਾਖਯੋ. ਮਨ ਨੀਵੇ ਜੋਇ।
ਤਿਨ ਕੋ ਸਿੱਖੀ ਪ੍ਰਾਪਤਿ ਹੋਇ।੮੭।"

Digitized by Panjab Digital Library | www.panjabdigilib.org

ਇਸ ਤਰ੍ਹਾਂ ਅਨੇਕਾਂ ਹੀ ਸਿੱਖ ਸ਼ਰਣ ਆਉਂਦੇ।

# ਚੁਤਾਲੀਵਾਂ ਧਯਾਇ

## ਸਿੱਖਾਂ ਦੀ ਸ਼ਰਧਾ ਵੇਖੀ

(ਪਰ ਕਵੀ ਜੀ ਦੀ ਸ਼ਰਧਾ ਸਾਰਦਾ ਦੇਵੀ ਉਪਰ ਹੈ। ਸੁਣੋ)

"ਨਮੋ ਸਾਰਦਾ ਕੋ ਸਦਾ, ਸੁਮਤਿ ਰਿਦੇ ਪਰਕਾਸ਼।
ਕ੍ਰਿਪਾ ਧਾਰ ਪੂਰਨ ਕਰੇ, ਸ੍ਰੀ ਗੁਰ ਕੋ ਇਤਿ ਹਾਸ।੧।"

ਦੂਰ ਨੇੜੇ ਸਿੱਖੀ ਬਹੁਤ ਵਧ ਗਈ। ਸਿੱਖੀ ਦਾ ਭਾਉ (ਸ਼ਰਧਾ) ਵੇਖਣ ਵਾਸਤੇ ਬਾਲੇ ਨੂੰ ਨਾਲ ਲੈ ਕੇ ਮਹਾਰਾਜ ਤੁਰ ਪਏ। ਹਜ਼ੂਰ ਇਕ ਗ਼ਰੀਬ ਤਖਾਣ ਸਿੱਖ ਦੇ ਘਰ ਜਾ ਉਤਰੇ। ਉਹ ਹਰ ਆਏ ਗਏ ਦੀ ਸੇਵਾ ਕਰਦਾ ਹੀ। ਜੇ ਘਰ ਨਾ ਹੋਵੇ, ਤਾਂ ਉਹ ਮੰਗ ਕੇ, ਲਿਆ ਕੇ ਵੀ ਭੋਜਨ ਛਕਾਉਂਦਾ। ਉਸ ਦਿਨ ਉਹਨਾਂ ਦੇ ਘਰ ਕੁਛ ਨਹੀਂ ਸੀ। ਉਹ ਨਗਰ ਵਿਚ ਮੰਗਣ ਵੀ ਗਿਆ, ਪਰ ਕੁਛ ਨਾ ਮਿਲਿਆ। ਨਗਰ ਦੇ ਰਾਜੇ ਵੱਲੋਂ ਉਸ ਦਿਨ ਛਿੰਝ ਪੈ ਰਹੀ ਸੀ। ਜਿੱਤਣ ਵਾਲੇ ਨੂੰ ਸੌ ਰੁਪੈ ਤੇ ਹਾਰਨ ਵਾਲੇ ਨੂੰ ਪੰਜਾਹ ਮਿਲਨੇ ਸਨ। ਖ਼ਬਰ ਸੁਣ ਕੇ ਉਹ ਤਖਾਣ ਸਿੱਖ ਵੀ ਜਾ ਪਹੁੰਚਿਆ। ਉਹਨੇ ਸੋਚਿਆ, ਮੈਂ ਹਾਰ ਜਾਵਾਂਗਾ, ਤਾਂ ਵੀ ਮੈਨੂੰ ਪੰਜਾਹ ਰੁਪੈ ਮਿਲ ਜਾਣਗੇ, ਉਹਨਾਂ ਨਾਲ ਮੈਂ ਮਹਾਰਾਜ ਦੀ ਸੇਵਾ ਕਰ ਸਕਾਂਗਾ। ਉਹ ਤਖਾਣ ਸਿੱਖ ਉਸ ਤਾਕਤਵਰ ਪਹਿਲਵਾਨ ਨਾਲ ਘੁਲਣ ਵਾਸਤੇ ਅਖਾੜੇ ਵਿਚ ਨਿਕਲ ਆਇਆ। ਉਸ ਮੱਲ ਨੇ ਕਿਹਾ, ਤੂੰ ਮੇਰੇ ਨਾਲ ਘੁਲ ਕੇ ਜਾਨ ਗੁਆਉਣ ਕਿਉਂ ਆਇਆ ਹੈਂ। ਤਖਾਣ ਨੇ ਕਿਹਾ, ਸੰਤਾਂ ਦੇ ਭੋਜਨ ਵਾਸਤੇ ਮੇਰੇ ਘਰ ਕੁਛ ਨਹੀਂ। ਇਸ ਤਰ੍ਹਾਂ ਹਾਰਨ ਤੇ ਵੀ ਪੰਜਾਹ ਰੁਪੈ ਮਿਲ ਜਾਣਗੇ। ਇਸ ਸ਼ੁਭ ਕਾਰਜ ਵਾਸਤੇ ਮੈਂ ਮਰ ਵੀ ਗਿਆ, ਤਾਂ ਮੈਨੂੰ ਅਫ਼ਸੋਸ ਨਹੀਂ। ਪਹਿਲਵਾਨ ਦੇ ਮਨ 'ਤੇ ਇਸਦਾ ਏਨਾ ਅਸਰ ਹੋਇਆ, ਕਿ ਉਹ ਜਾਣ ਕੇ ਢਹਿ ਗਿਆ। ਲੋਕ ਬੜੇ ਹੈਰਾਨ ਹੋਏ। ਸਿੱਖ ਨੇ ਉਹ ਮਾਇਆ ਲਿਆ ਕੇ ਮਹਾਰਾਜ ਦੀ ਸੇਵਾ ਕੀਤੀ।

ਅਗਲੇ ਦਿਨ ਮਹਾਰਾਜ ਕਿਸੇ ਹੋਰ ਨਗਰ ਇਕ ਗ਼ਰੀਬ ਸਿੱਖ ਦੇ ਘਰ ਜਾ ਉਤਰੇ। ਉਹ ਸਿੱਖ, ਉਸਦੀ ਪਤਨੀ ਤੇ ਇਕ ਪੁੱਤਰ ਸੀ। ਗ਼ਰੀਬੀ ਐਨੀ ਸੀ, ਕਿ ਇਕ ਦਿਨ ਖਾਣ ਨੂੰ ਮਿਲਦਾ ਸੀ, ਤਾਂ ਦੂਸਰਾ ਦਿਨ ਭੁੱਖਿਆਂ ਗੁਜ਼ਾਰਨਾ ਪੈਂਦਾ ਸੀ। ਜੋ ਕੁਛ ਘਰ ਵਿਚ ਸੀ, ਉਹ ਵੇਚ ਕੇ ਉਸਨੇ ਗੁਰੂ ਜੀ ਨੂੰ ਭੋਜਨ ਛਕਾਇਆ। ਅਗਲੇ ਦਿਨ ਉਸ ਨੇ ਸਿਰ ਦੇ ਵਾਲ ਵੇਚ ਕੇ ਸੀਧਾ ਲਿਆਂਦਾ। ਘਰ ਦੀ ਸੰਤਾਂ ਵਾਸਤੇ ਭੋਜਨ ਤਿਆਰ ਕਰਨ ਲਗੀ। ਬਾਲਕ ਕੋਲ ਬੈਠਾ ਸੀ। ਇਸਤਰੀ ਉਠ ਕੇ ਕਿਸੇ ਕੰਮ ਅੰਦਰ ਗਈ। ਬਾਲਕ ਅੱਗ ਵਿਚ ਡਿਗ ਪਿਆ ਤੇ ਸੜ ਕੇ ਮਰ ਗਿਆ।

Digitized by Panjab Digital Library | www.panjabdigilib.org

ਇਸਤਰੀ ਨੇ ਸੋਚਿਆ, ਜੇ ਸੰਤਾਂ ਨੇ ਸੁਣ ਲਿਆ, ਤਾਂ ਉਹ ਭੁੱਖੇ ਉਠ ਕੇ ਚਲੇ ਜਾਣਗੇ। ਉਹ ਪੁੱਤ ਦੀ ਲੋਥ ਬਸਤਰ ਵਿਚ ਲਿਪੇਟ ਕੇ ਅੰਦਰ ਪਾ ਆਈ। ਭੋਜਨ ਤਿਆਰ ਹੋ ਗਿਆ। ਗੁਰੂ ਜੀ ਨੂੰ ਛਕਣ ਵਾਸਤੇ ਲਿਆ ਬਿਠਾਇਆ। ਗੁਰੂ ਜੀ ਨੇ ਕਿਹਾ, ਤੁਹਾਡਾ ਬਾਲਕ ਕਿੱਥੇ ਹੈ। ਉਸ ਨੂੰ ਵੀ ਬੁਲਾਉ। ਇਸਤਰੀ ਨੇ ਕਿਹਾ, ਉਹ ਸੁੱਤਾ ਪਿਆ ਹੈ। ਗੁਰੂ ਜੀ ਨੇ ਉਸਦਾ ਨਾਮ ਪੁਛਿਆ, ਤਾਂ ਪਿਤਾ ਨੇ ਨਾਮ 'ਲਾਲਾਂ' ਦਸਿਆ। ਗੁਰੂ ਜੀ ਨੇ ਨਾਮ ਲੈ ਕੇ ਵਾਜ ਮਾਰੀ, ਤਾਂ ਬਾਲਕ ਉਠਕੇ ਪਾਸ ਆ ਬੈਠਾ। ਸਿੱਖਾਂ ਦੀ ਸ਼ਰਧਾ ਬਹੁਤ ਵੱਧ ਗਈ। ਅਗਲੇ ਦਿਨ ਦੇ ਰਾਸ਼ਨ ਵਾਸਤੇ ਸਿੱਖ ਬਾਲਕ ਨੂੰ ਵੇਚਣ ਵਾਸਤੇ ਲੈ ਤੁਰੇ, ਤਾਂ ਗੁਰੂ ਜੀ ਨੇ ਰੋਕ ਲਿਆ। ਹਜ਼ੂਰ ਨੇ ਰੋਕ ਕੇ ਬਾਲਕ ਨੂੰ ਕਿਹਾ, ਇਹ ਤੈਨੂੰ ਵੇਚਣ ਵਾਸਤੇ ਚੱਲੇ ਹਨ। ਤੈਨੂੰ ਹਰ ਵੇਲੇ ਮਾਲਕ ਦੀ ਸੇਵਾ ਕਰਨੀ ਪਵੇਗੀ।

"ਹਾਥ ਬੰਦ ਸਿਸ ਗਿਰਾ ਉਚਾਰੀ।
ਰਹੌਂ ਖਸਮ ਆਇਸ ਅਨੁਸਾਰੀ। .....੪੫।"

ਗੁਰੂ ਜੀ ਨੇ ਸ਼ਬਦ ਉਚਾਰਿਆ,

"ਮੁਲ ਖਰੀਦੀ ਲਾਲਾ ਗੋਲਾ, ਮੇਰਾ ਨਾਉ ਸਭਾਗਾ। .....।"

(ਮਾਰੂ. ਮ: ੧, ਪੰਨਾ ੯੯੧)

ਗੁਰਦੇਵ ਨੇ ਬਾਲਕ ਨੂੰ ਅੰਗ ਨਾਲ ਲਾ ਕੇ ਸਭ ਨੂੰ ਤਾਰ ਦਿਤਾ।

"ਚਾਰ ਪਦਾਰਥ ਛਿਨ ਮਹਿ ਦੀਨੇ।
ਜੀਵਨ ਮੁਕਤ ਸੁ ਤੀਨੋ ਕੀਨੇ। ..... ੪੭।"

ਅੱਗੇ ਇਕ ਹੋਰ ਨਗਰ ਵਿਚ ਮਹਾਰਾਜ ਇਕ ਸ਼ਰਧਾਲੂ ਸਿੱਖ ਦੇ ਘਰ ਜਾ ਉਤਰੇ। ਉਸ ਨੇ ਬੜੀ ਸੇਵਾ ਕੀਤੀ। ਉਹ ਹਰ ਆਏ ਸਾਧੂ ਸੰਤ ਦੀ ਸੇਵਾ ਕਰਿਆ ਕਰਦਾ, ਤੇ ਹਰ ਇਕ ਤੋਂ ਸਵਾਲ ਪੁਛਿਆ ਕਰਦਾ,

"ਪੂਨਿ ਬੂਝਨ ਲਾਗਯੋ ਤਿਸ ਭਾਇ।
ਸਾਧ ਮਿਲੇ ਫਲ ਦੇਹੁ ਬਤਾਇ।...
ਬਹੁਤਨ ਸੰਗ ਪ੍ਰਸ਼ਨ ਮੈ ਕੀਨੋ।
ਮੋਕੋ ਕਿਨਹੋਂ ਨ ਉਤਰ ਦੀਨੋ। ੫੧।"

ਗੁਰੂ ਜੀ ਨੇ ਕਿਹਾ, ਜੰਗਲ ਵਿਚ ਫ਼ਲਾਨੇ ਥਾਂ ਦਰਖ਼ਤ ਹੇਠ ਜਾ ਬੈਠ। ਉਤਰ ਓਥੋਂ ਮਿਲੇਗਾ। ਉਹ ਜਾ ਬੈਠਾ ਤੇ ਵਾਹਿਗੁਰੂ ਵਾਹਿਗੁਰੂ ਜਪਣ ਲੱਗਾ। ਦਰਖ਼ਤ ਉਤੇ ਦੋ ਕਾਂ ਬੈਠੇ ਸਨ। ਅਗਲੇ ਦਿਨ ਸਿੱਖ ਫਿਰ ਓਥੇ ਜਾ ਬੈਠਾ, ਭਜਨ ਕਰਦਾ ਰਿਹਾ। ਉਸ ਨੇ ਵੇਖਿਆ, ਓਥੇ ਦੋ ਬਗਲੇ ਬੈਠੇ ਸਨ। ਅਗਲੇ ਦਿਨ ਬਗਲਿਆਂ ਤੋਂ ਹੰਸ ਬਣ ਗਏ। ਅਗਲੇਰੇ ਦਿਨ ਸਿੱਖ ਗਿਆ, ਤਾਂ ਓਥੇ ਦੋ ਪ੍ਰਾਣੀ (ਇਸਤਰੀ ਪੁਰਸ਼) ਬੈਠੇ ਸਨ। ਉਹਨਾਂ ਉਸ ਸਿੱਖ ਦੇ ਚਰਨ ਪਰਸੇ, ਤੇ ਕਿਹਾ,

Digitized by Panjab Digital Library | www.panjabdigilib.org

ਅਸੀਂ ਤੁਹਾਡੇ ਦਰਸ਼ਨ ਕਰਕੇ ਕਾਵਾਂ ਤੋਂ ਬਗਲੇ, ਬਗਲਿਆਂ ਤੋਂ ਹੰਸ, ਤੇ ਹੰਸਾਂ ਤੋਂ ਇਨਸਾਨ ਬਣੇ ਹਾਂ। ਸਾਨੂੰ ਆਪਣੇ ਗੁਰੂ ਦੇ ਦਰਸ਼ਨ ਕਰਾ। ਸਾਰੇ ਆ ਕੇ ਮਹਾਰਾਜ ਦੇ ਚਰਨੀ ਲੱਗੇ।

ਗੁਰਦੇਵ ਫਿਰ ਕਰਤਾਰਪੁਰ ਆ ਬਿਰਾਜੇ।

# ਪੰਜਤਾਲੀਵਾਂ ਧਯਾਇ

## ਸਿੱਖਾਂ ਨੂੰ ਉਪਦੇਸ਼

ਗੁਰੂ ਜੀ ਸਵਾ ਪਹਿਰ ਦੇ ਤੜਕੇ ਉਠ ਕੇ ਰਾਵੀ ਵਿਚ ਇਸ਼ਨਾਨ ਕਰਕੇ ਤੇ ਓਥ ਬੈਠ ਕੇ ਸਿਮਰਨ ਕਰਦੇ। ਚਾਰ ਘੜੀ ਰਾਤ ਰਹਿੰਦੀ ਨਾਲ ਮਹਾਰਾਜ ਧਰਮਸਾਲ ਆ ਬੈਠਦੇ। ਓਥੇ ਕੀਰਤਨ ਹੁੰਦਾ।

ਸੰਗਤ ਵਿਚ ਇਕ ਸੈਦੋ ਘੀਉ ਨਾਮ ਦਾ ਸੱਜਣ ਵੀ ਸੀ। ਉਹਨੇ ਸੋਚਿਆ, ਮਹਾਰਾਜ ਰਾਵੀ ਤੇ ਜਾ ਕੇ ਵਰਣ ਦੇਵਤਾ (ਜਲਪਤੀ, ਖ਼੍ਵਾਜਾ ਖ਼ਿਜ਼ਰ) ਦੀ ਅਰਾਧਨਾ ਕਰਦੇ ਹਨ। ਸਾਰੀ ਕਰਾਮਾਤ ਗੁਰੂ ਜੀ ਨੇ ਓਥੋਂ ਹਾਸਲ ਕੀਤੀ ਹੈ। ਅਗਲੇ ਦਿਨ ਸੈਦੋ ਡੇਢ ਪਹਿਰ ਰਾਤ ਰਹਿੰਦੀ ਹੀ ਰਾਵੀ ਵੱਲ ਤੁਰ ਪਿਆ। ਇਰਾਦਾ ਸੀ, ਕਿ ਵਰਣ ਦੀ ਅਰਾਧਨਾ ਕਰਕੇ ਵਰ ਪ੍ਰਾਪਤ ਕਰਾਂਗਾ। ਰਸਤੇ ਵਿਚ ਉਸਨੂੰ ਇਕ ਪੁਰਸ਼ ਮਿਲਿਆ, ਜਿਸਦੇ ਹੱਥ ਵਿਚ ਇਕ ਮੱਛੀ ਸੀ। ਸੈਦੋ ਨੇ ਪੁਛਿਆ, ਤੂੰ ਇਸ ਵੇਲੇ ਕੌਣ ਹੈਂ। ਉਸ ਪੁਰਸ਼ ਨੇ ਉਤਰ ਦਿਤਾ, ਮੈਂ ਵਰਣ ਦੇਵਤਾ ਹਾਂ, ਤੇ ਇਸ ਵੇਲੇ ਰੋਜ਼ ਗੁਰੂ ਨਾਨਕ ਦੇਵ ਜੀ ਨੂੰ ਨਮਸਕਾਰ ਕਰਨ ਜਾਂਦਾ ਹਾਂ।

(ਕਵੀ ਜੀ ਵਰਣ ਦੇਵਤਾ ਦੇ ਮੂੰਹੋਂ ਗੁਰੂ ਜੀ ਬਾਰੇ ਅਖਵਾਉਂਦੇ ਹਨ :)

"ਨਰਨ ਉਧਾਰਨ ਹਿਤ ਅਵਤਾਰਾ।
ਧਰਯੋ ਦੇਹ ਨਿਜ ਸ੍ਰੀ ਕਰਤਾਰਾ।......੧੫।"

ਸੈਦੋ ਦਾ ਭਰਮ ਨਵਿਰਤ ਹੋ ਗਿਆ, ਤੇ ਉਹਨੇ ਸਾਰੀ ਕਥਾ ਗੁਰੂ ਜੀ ਨੂੰ ਆ ਸੁਣਾਈ। ਗੁਰੂ ਜੀ ਨੇ ਸਬਦ ਉਚਾਰਿਆ,

"ਅਠੀ ਪਹਰੀ ਅਠ ਖੰਡ, ਨਾਵਾ ਖੰਡੁ ਸਰੀਰੁ।.....।"

(ਮਾਝ, ਮ: ੨. ਪੰਨਾ ੧੪੬)

(ਇਹ ਸਲੋਕ ਦੂਸਰੀ ਪਾਤਸ਼ਾਹੀ ਦਾ ਹੈ, ਪਰ ਕਵੀ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਮੁੱਖੋਂ ਅਖਵਾਇਆ ਹੈ। ਭੁੱਲ ਹੈ।)

ਇਕ ਜਗਿਆਸੂ ਨੇ ਗੁਰੂ ਜੀ ਨੂੰ ਨਮਸਕਾਰ ਕਰਕੇ ਪੁਛਿਆ,

"ਸਿੱਖੀ, ਕਿਧੌ ਫ਼ਕੀਰੀ ਕਰਉਂ।
ਧਰਮ ਗ੍ਰਿਸਤ ਕੌ ਕੈ ਉਰ ਧਰੌਂ।੨੨।"

Digitized by Panjab Digital Library | www.panjabdigilib.org

ਗੁਰੂ ਜੀ ਨੇ ਕਿਹਾ, ਪਹਿਲਾਂ ਸਾਡਾ ਆਹ ਹੁਕਮਨਾਮਾ ਫਲਾਨੇ ਸਿੱਖ ਕੋਲ ਪੁਚਾਆ, ਫਿਰ ਉਤਰ ਦਿਆਂਗੇ। ਉਸ ਤੋਂ ਦੋ ਸੌ ਰੁਪੈ ਲੈ ਕੇ ਫਿਰ ਪ੍ਰਸਾਦਿ ਛਕਣਾ। ਉਹ ਪੁਰਸ਼ ਉਸ ਸਿੱਖ ਦੇ ਘਰ ਜਾ ਪੁੱਜਾ। ਉਹ ਅੱਗੇ ਦੋਵੇਂ ਜੀ ਤੇ ਇਕ ਕੰਨਿਆਂ, ਅੱਤ ਗ਼ਰੀਬ ਸਨ। ਓਥੋਂ ਦਾ ਸ਼ਾਹ ਉਹਨਾਂ ਨੂੰ ਪੰਜ ਸੌ ਦੇਂਦਾ ਸੀ, ਜੇ ਉਹ ਕੰਨਿਆਂ ਉਸਨੂੰ ਵਿਆਹ ਦੇਣ। ਜਾਣ ਵਾਲੇ ਨੇ ਗੁਰੂ ਜੀ ਦਾ ਹੁਕਮਨਾਮਾ ਦਿਤਾ। ਉਹ ਬਹੁਤ ਪਰਸੰਨ ਹੋਏ। ਪ੍ਰਸਾਦ ਛਕਣ ਦਾ ਸਮਾਂ ਆਇਆ, ਤਾਂ ਉਸ ਪੁਰਸ਼ ਨੇ ਕਿਹਾ, ਗੁਰੂ ਜੀ ਦਾ ਹੁਕਮ ਹੈ, ਕਿ ਦੋ ਸੌ ਰੁਪੈ ਲੈ ਕੇ ਪ੍ਰਸਾਦ ਛਕਣਾ। ਉਹ ਗ਼ਰੀਬ ਸਿੱਖ ਬੜੇ ਚਿੰਤਾ ਵਿਚ ਪਏ। ਪਤਨੀ ਨੇ ਕਿਹਾ, ਆਪਣੇ ਵਾਸਤੇ ਕੰਨਿਆਂ ਦੇ ਪੈਸੇ ਲੈਣੇ ਪਾਪ ਹੈ; ਪਰਸਵਾਰਥ ਵਾਸਤੇ ਨਹੀਂ। ਤੂੰ ਜਾ ਕੇ ਸ਼ਾਹ ਕੋਲੋਂ ਦੋ ਸੌ ਰੁਪੈ ਲੈ ਆ। ਘਰ ਵਾਲੇ ਨੇ ਜਾ ਕੇ ਸ਼ਾਹ ਨੂੰ ਸਭ ਕੁਛ ਕਹਿ ਦਿਤਾ, ਤੇ ਕੇਵਲ ਢਾਈ ਸੌ ਰੁਪੈ ਮੰਗੇ। ਸ਼ਾਹ ਨੇ ਕਿਹਾ, ਤੁਸੀਂ ਵਧੇਰੇ ਮੰਗੋ, ਤਾਕਿ ਤੁਹਾਡੀ ਗ਼ਰੀਬੀ ਦੂਰ ਹੋ ਜਾਏ। ਪਰ ਉਸ ਸਿੱਖ ਨੇ ਸਿਰਫ਼ ਢਾਈ ਸੌ ਲਿਆਂਦੇ। ਦੋ ਸੌ ਗੁਰੂ ਜੀ ਵਾਸਤੇ, ਤੇ ਪੰਜਾਹ ਉਸ ਪੁਰਸ਼ ਦੀ ਭੇਟਾ ਕੀਤੇ। ਤਾਂ ਉਸ ਪ੍ਰਸਾਦਿ ਛਕਿਆ। ਵਾਪਸੀ 'ਤੇ ਉਹ ਪੁਰਸ਼ ਇਕ ਸਾਧੂ ਕੋਲ ਜ਼ਰਾ ਬੈਠ ਗਿਆ। ਇਕ ਸ਼ਾਹ ਨੇ ਸਾਧੂ ਸਾਮ੍ਹਣੇ ਦੁਸ਼ਾਲਾ ਭੇਟਾ ਧਰਿਆ। ਸ਼ਾਹ ਚਲਾ ਗਿਆ। ਪਿਛੋਂ ਇਕ ਰਾਹੀ ਆਇਆ। ਉਹ ਦੁਸ਼ਾਲਾ ਚੁਕ ਕੇ ਲੈ ਗਿਆ। ਸਾਧੂ ਦੇ ਮਨ 'ਤੇ ਕੋਈ ਅਸਰ ਨਾ ਪਿਆ।

ਉਹ ਪੁਰਸ਼ ਅੱਗੇ ਤੁਰ ਪਿਆ। ਰਾਹ ਵਿਚ ਰਾਤ ਪੈ ਗਈ। ਉਹਨੇ ਇਕ ਬਿਰਛ ਥੱਲੇ ਬਿਸਰਾਮ ਕੀਤਾ। ਬਿਰਛ ਉਤੇ ਪੰਛੀਆਂ ਦਾ ਜੋੜਾ ਸੀ। ਉਹਨਾਂ ਸੋਚਿਆ, ਅਤਿਥੀ ਦੇ ਭੋਜਨ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਉਹਨਾਂ ਰਾਹੀ ਸਾਮ੍ਹਣੇ ਕੱਖ ਕੱਠੇ ਕੀਤੇ। ਫਿਰ ਇਕ ਪੰਛੀ ਜਾ ਕੇ ਨਗਰ ਵਿਚੋਂ ਅੱਗ ਲਿਆਇਆ। ਰਾਹੀ ਨੇ ਅੱਗ ਬਾਲੀ। ਤਾਂ ਦੋਵੇਂ ਪੰਛੀ ਅੱਗ ਵਿਚ ਆ ਪਏ। ਰਾਹੀ ਨੇ ਉਹ ਖਾ ਕੇ ਆਪਣੀ ਭੁੱਖ ਦੂਰ ਕੀਤੀ।

(ਕਵੀ ਜੀ ਲਿਖਦੇ ਹਨ,) ਉਹ ਪਹਿਲੇ ਜਨਮ ਵਿਚ ਸਿੱਖ ਸਨ। ਕਿਸੇ ਭੁੱਲ ਕਾਰਨ ਉਹ ਪੰਛੀ ਬਣ ਗਏ। ਇਸ ਤਰਾਂ ਉਹਨਾਂ ਦੀ ਗਤੀ ਹੋ ਗਈ।

ਉਸ ਪੁਰਸ਼ ਨੇ ਉਹ ਪੈਸਾ ਮਹਾਰਾਜ ਅੱਗੇ ਲਿਆ ਧਰਿਆ। ਗੁਰਦੇਵ ਨੇ ਕਿਹਾ, ਤੇਰੇ ਸਵਾਲਾਂ ਦਾ ਉਤਰ ਮਿਲ ਗਿਆ? ਸਿੱਖ ਬਣਨਾ ਹੈ, ਤਾਂ ਉਸ ਸਿੱਖ ਵਰਗਾ ਬਣ। ਫ਼ਕੀਰ ਹੋਣਾ ਹੈ, ਤਾਂ ਉਸ ਸਾਧੂ ਵਰਗਾ ਹੋ। ਗ੍ਰਿਹਸਤੀ ਬਣਨਾ ਹੈ, ਤਾਂ ਉਹਨਾਂ ਪੰਛੀਆਂ ਵਰਗਾ ਬਣ।

ਉਸਨੇ ਕਿਹਾ, ਮੈਂ ਉਹਨਾਂ ਤਿੰਨਾ ਵਿਚੋਂ ਕਿਸੇ ਵਰਗਾ ਵੀ ਨਹੀਂ ਬਣ ਸਕਦਾ। ਆਪ ਆਪਣੀ ਸੇਵਾ ਵਿਚ ਰੱਖ ਲਉ।

(ਅਜੇਹੀਆਂ ਸਾਖੀਆਂ ਦਾ ਸਿੱਖ ਇਤਿਹਾਸ ਨਾਲ ਕੋਈ ਸੰਬੰਧ ਨਹੀਂ। ਕੇਵਲ

Digitized by Panjab Digital Library | www.panjabdigilib.org

ਸਿੱਖਿਆ ਦੇਣ ਵਾਸਤੇ ਹਨ। ਪਰ ਅੱਜ ਇਹਨਾਂ ਦੇ ਅਰਥ ਕਈ ਵਾਰ ਉਲਟ ਵੀ ਨਿਕਲਦੇ ਹਨ।)

# ਛਿਤਾਲੀਵਾਂ ਧਯਾਇ

## ਬਾਬਾ ਬੁਢਾ ਜੀ

ਕਰਤਾਰ ਪੁਰ ਤੋਂ ਬਾਹਰ ਇਕ ਬਾਲਕ ਬਕਰੀਆਂ ਚਾਰ ਰਿਹਾ ਸੀ। ਗੁਰੂ ਜੀ ਨੇ ਬਾਲੇ ਨੂੰ ਭੇਜ ਕੇ ਉਸਨੂੰ ਬੁਲਾ ਲਿਆ। ਬਾਲਕ ਨੇ ਆ ਕੇ ਨਮਸਕਾਰ ਕੀਤੀ। ਗੁਰੂ ਜੀ ਦੇ ਪੁਛਣ 'ਤੇ ਉਸਨੇ ਆਪਣਾ ਨਾਮ 'ਬੂੜਾ' ਦੱਸਿਆ। ਗੁਰੂ ਜੀ ਨੇ ਕਿਹਾ, ਜਾਹ, ਬਕਰੀਆਂ ਚਾਰ। ਬੂੜੇ ਨੇ ਕਿਹਾ, ਮਹਾਰਾਜ, ਪਹਿਲਾਂ ਆਪ ਨੇ ਬੁਲਾਇਆ ਹੈ, ਫਿਰ ਕੰਮ ਕੋਈ ਨਹੀਂ ਦੱਸਿਆ। ਹਜ਼ੂਰ ਨੇ ਕਿਹਾ, ਏਨੀ ਜਾਣਕਾਰੀ ਹੀ ਕਾਫ਼ੀ ਹੈ।

ਅਗਲੇ ਦਿਨ ਬੂੜਾ ਘਰੋਂ—ਮਾਤਾ ਪਿਤਾ ਤੋਂ ਚੋਰੀ—ਮੱਖਣ ਦਾ ਭਾਂਡਾ ਲੈ ਕੇ ਕਰਤਾਰ ਪੁਰ ਜਾ ਪੁੱਜਾ। ਗੁਰੂ ਜੀ ਨੇ ਕਿਹਾ, 'ਅਸਾਂ ਇਹ ਮੱਖਣ ਨਹੀਂ ਲੈਣਾ, ਤੂੰ ਮਾਤਾ ਪਿਤਾ ਤੋਂ ਚੋਰੀ ਲਿਆਂਦਾ ਹੈ, ਉਹ ਤੈਨੂੰ ਮਾਰਨਗੇ।' ਇਹ ਸੁਣ ਕੇ ਬੂੜਾ ਰੋਣ ਲੱਗ ਪਿਆ। ਉਸਨੇ ਕਿਹਾ,

"ਮਾਰਹਿ ਮਾਤ ਪਿਤਾ ਮੁਝ ਕਬ ਹੀ।
ਤੁਮ ਮਾਰਤ ਹੋ ਮੋ ਕੋ ਅਬ ਹੀ।੨੭।"

ਗੁਰੂ ਜੀ ਨੇ ਕਿਹਾ,

"ਕੌਨ ਮਾਰ ਕੀਨੀ ਤੁਝ ਤਾਈ।
ਜਾਂ ਤੇ ਰੁਦਨ ਕਰੈ ਬਿਲਲਾਈ।੨੮।
ਸੁਨਹੁ ਪ੍ਰਭੂ ਜਸ ਮਾਰਿਓ ਮੋਹੀ।
ਇਸ ਤੇ ਬਡੀ ਮਾਰ ਨਹਿ ਹੋਹੀ।
ਬਾਰਿਓ ਦੀਪਕ ਦਿਪਤ ਪ੍ਰਕਾਸਾ।
ਪੁਨ ਬੁਝਾਇ ਕੈ ਕਰਹੁ ਨਿਰਾਸਾ।੨੯।"

ਗੁਰੂ ਜੀ ਨੇ ਹੱਸ ਕੇ ਕਿਹਾ, "ਤੂੰ ਤਾਂ ਬੁਢਿਆਂ ਬਾਬਿਆਂ ਵਰਗੀਆਂ ਸਿਆਣੀਆਂ ਗੱਲਾਂ ਕਰਦਾ ਹੈਂ।'

ਉਸ ਤੋਂ ਹੀ ਬੂੜੇ ਦਾ ਨਾਮ 'ਬਾਬਾ ਬੁਢਾ' ਪੈ ਗਿਆ। ਉਸ ਦਿਨ ਤੋਂ ਉਹ ਗੁਰੂ ਜੋਗਾ ਹੀ ਹੋ ਗਿਆ।

ਮਾਪੇ ਭਾਲਦੇ ਭਾਲਦੇ ਮਗਰ ਆਏ। ਤਾਂ,

"ਦੇਖਯੋ ਨਿਜ ਬਾਲਕ ਕੋ ਜਬ ਹੀ।
ਗੁਰ ਬੈਠਨ ਤੇ ਭਾ ਬ੍ਰਿਧ ਤਬ ਹੀ।......੪੦।"

Digitized by Panjab Digital Library | www.panjabdigilib.org

ਬਾਲਾ ਕਹਿੰਦਾ ਹੈ, ਇਕ ਦਿਨ ਮੈਂ ਮਾਤਾ ਸੁਲੱਖਣੀ ਜੀ ਪਾਸ ਗਿਆ, ਤਾਂ ਉਹਨਾਂ ਕਿਹਾ,

"ਟਿਕਨ ਦੇਹ ਅਬ ਤਪੇ ਕੋ, ਬਿਚਰਣ ਕੀਨ ਬਿਸਾਲ ।
ਦੇਸ ਬਿਦੇਸਨ ਕੇ ਬਿਖੈ ਰਹਯੋ ਸੰਗ ਚਿਰਕਾਲ ।੪੩।"

ਬਾਲੇ ਸੋਚਿਆ, ਮਾਤਾ ਜੀ ਠੀਕ ਕਹਿੰਦੇ ਹਨ । ਫਿਰ ਬਾਲੇ ਨੇ ਜਾ ਕ ਗੁਰੂ ਜੀ ਨੂੰ ਪੁਛਿਆ, ਕਿ ਆਪ ਗੁਰਿਆਈ ਸਿਰੀਚੰਦ ਨੂੰ ਦਿਹੋਗੇ, ਜਾਂ ਲਖਮੀਦਾਸ ਨੂੰ । ਗੁਰੂ ਜੀ ਨੇ ਫੁਰਮਾਇਆ, ਲਹਿਣੇ ਤ੍ਰੇਹਣ ਨੂੰ । ਫਿਰ ਬਾਲਾ ਗੁਰੂ ਜੀ ਤੋਂ ਛੁਟੀ ਲੈ ਕੇ ਤਲਵੰਡੀ ਚਲਾ ਗਿਆ । ਅੰਗਦ ਦੇਵ ਜੀ ਦੇ ਗੁਰੂ ਬਣਨ ਪਿਛੋਂ ਉਹ ਖਡੂਰ ਸਾਹਿਬ ਆਇਆ ਤੇ ਮਹਾਰਾਜ ਦੀ ਜਨਮ ਸਾਖੀ ਲਿਖਵਾਈ ।

ਗੁਰੂ ਅੰਗਦ ਜੀ ਨੇ ਕਿਹਾ, 'ਬਾਲਿਆ ! ਤੇਰੀ ਉਮਰ ਦੋ ਮਾਹ ਬਾਕੀ ਹੈ । ਹੁਣ ਏਥੇ ਹੀ ਰਹੋ ।' ਬਾਲਾ ਓਥੇ ਹੀ ਪਰਲੋਕ ਸਿਧਾਰਿਆ, ਤੇ ਗੁਰੂ ਅੰਗਦ ਜੀ ਨੇ ਦਾਹ ਕੀਤਾ ।

# ਸੈਂਤਾਲੀਵਾਂ ਧਯਾਇ

## ਲਹਿਣਾ ਜੀ ਦਾ ਮਿਲਾਪ

ਲਹਿਣਾ ਜੀ ਦਾ ਜਨਮ ਮੱਤੇ ਦੀ ਸਰਾਂ (ਸਰਾਏ ਨਾਂਗਾ) ਵਿਚ ਭਾਈ ਫੇਰੂ ਤ੍ਰੇਹਣ ਦੇ ਘਰ ਹੋਇਆ । ਚੌਦਾਂ ਸਾਲ ਦੀ ਉਮਰ ਵਿਚ ਲਹਿਣਾ ਜੀ ਦਾ ਰਿਸ਼ਤਾ ਖਡੂਰ ਵਿਚ ਹੋਇਆ । ਕੁਛ ਚਿਰ ਪਿਛੋਂ ਵਿਆਹ ਹੋ ਗਿਆ ।

ਇਕ ਵਾਰ ਬਲੋਚਾਂ ਦੀ ਧਾੜ ਨੇ ਮੱਤੇ ਦੀ ਸਰਾਂ ਉਜਾੜ ਦਿਤੀ । ਲਹਿਣਾ ਜੀ ਉਸ ਦਿਨ ਤੋਂ ਖਡੂਰ ਆ ਵੱਸੇ ? ਸਾਰਾ ਖਡੂਰ ਨੱਗਰ ਦੁਰਗਾ ਦਾ ਉਪਾਸ਼ਕ ਸੀ ।

"ਗ੍ਰਾਮ ਖਡੂਰ ਨਾਰ ਨਰ ਜੋਊ ।
ਸੇਵਕ ਦੁਰਗਾ ਕੇ ਸਬ ਸੋਊ ।
ਜਾਇ ਬਰਖ ਦਿਨ ਮਹਿ ਸ੍ਰੀ ਜੁਾਲਾ ।
ਪਰਸ ਕਾਂਗੜੇ ਹਰਖ ਬਿਸਾਲਾ ।੧੨।"
ਲਹਿਣਾ ਸਭ ਮਹਿ ਮੁਖ ਹ੍ਵੈ ਜਾਈ ।
ਇਸ ਬਿਧ ਕਰ ਹੈ ਨੇਮ ਸਦਾਈ ।......੧੩।"

ਖਡੂਰ ਵਿਚ ਇਕ ਸਿੱਖ ਰਹਿੰਦਾ ਸੀ । ਉਹ ਰੋਜ਼ ਗੁਰੂ ਮਹਾਰਾਜ ਦੀ ਬਾਣੀ ਪੜ੍ਹਿਆ ਕਰਦਾ । ਲਹਿਣਾ ਜੀ ਨੇ ਉਸ ਸਿੱਖ ਨੂੰ ਪੁਛਿਆ, ਤੁਸੀਂ ਕਿਸ ਦੀ ਬਾਣੀ ਪੜ੍ਹਦੇ ਹੋ । ਸਿੱਖ ਨੇ ਕਿਹਾ, ਇਹ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ ।

Digitized by Panjab Digital Library | www.panjabdigilib.org

"ਤਬ ਲਹਿਣੇ ਮਨ ਮੇਂ ਗਿਣੀ, ਜਿਸ ਕੇ ਐਸੇ ਬੈਨ ।
ਗੁਰੂ ਕਰੋਂ ਤਾਂ ਕੋ ਅਬੈ, ਸੁਨਤ ਹੋਤ ਮਨ ਚੈਨ ।੧੭।"

ਲਹਿਣਾ ਜੀ ਨੇ ਉਸ ਸਿੱਖ ਪਾਸ ਗੁਰੂ ਜੀ ਦੇ ਕੁਛ ਸਬਦ ਕੰਠ ਵੀ ਕਰ ਲਏ ।

"ਤਬ ਤਹਿ ਸਿਖ ਤੇ ਪਾਸ ਤੇ ਸਬਦ ਕੰਠ ਕਰ ਲੀਨ ।
ਨਿਤ ਪ੍ਰਤ ਪਢਹੀ ਪ੍ਰੇਮ ਕਰ, ਉਪਜੇ ਭਾਉ ਨਵੀਨ ।੨੧।"

ਅਗਲੇ ਸਾਲ ਲਹਿਣਾ ਜੀ 'ਸੰਗ' ਲੈ ਕੇ ਕਰਤਾਰਪੁਰ ਦੇ ਰਸਤੇ ਚੱਲੇ । ਨੱਗਰ ਦੇ ਨੇੜੇ ਬਾਕੀ ਸੰਗ ਨੂੰ ਠਹਿਰਾ ਕੇ ਲਹਿਣਾ ਜੀ ਇਕੱਲੇ ਕਰਤਾਰਪੁਰ ਨੂੰ ਤੁਰ ਪਏ ।

ਜਾਣੀ ਜਾਣ ਗੁਰੂ ਜੀ ਪਿੰਡੋਂ ਬਾਹਰ ਹੀ ਮਿਲ ਪਏ । ਲਹਿਣੇ ਦੇ ਪੁੱਛਣ 'ਤੇ ਗੁਰੂ ਜੀ ਨੇ ਫੁਰਮਾਇਆ, ਸਾਡੇ ਨਾਲ ਨਾਲ ਆ ਜਾਉ । ਨੇੜੇ ਪਹੁੰਚ ਕੇ ਗੁਰੂ ਜੀ ਨੇ ਕਿਹਾ, ਔਸ ਥਾਂ 'ਤੇ ਘੋੜੀ ਬੰਨ੍ਹ ਕੇ, ਐਸ ਦਰਵਾਜ਼ੇ ਰਾਹੀਂ ਅੰਦਰ ਚਲੇ ਜਾਉ ।

ਗੁਰੂ ਮਹਾਰਾਜ ਦੂਸਰੇ ਦਰਵਾਜ਼ਿਉਂ ਲੰਘ ਕੇ ਅੰਦਰ ਸਿੰਘਾਸਣ 'ਤੇ ਜਾ ਬੈਠੇ ।

ਲਹਿਣਾ ਜੀ ਅੰਦਰ ਗਏ, ਤਾਂ ਵੇਖ ਕੇ ਚਰਨਾਂ 'ਤੇ ਢਹਿ ਪਏ । ਕਿਹਾ, ਗੁਰੂਦੇਵ ! ਭੁੱਲ ਬਖ਼ਸ਼ੋ, ਜੋ ਮੈਥੋਂ ਅਵੱਗਿਆ ਹੋਈ ਹੈ । ਆਪ ਪੈਦਲ ਸੀ, ਤੇ ਮੈਂ ਘੋੜੀ 'ਤੇ ਚੜ੍ਹਿਆ ਆਇਆ ਹਾਂ ।

ਲਹਿਣਾ ਜੀ ਨੇ ਦੇਵੀ ਭਗਤ ਵਾਲਾ ਭੇਖ ਓਸੇ ਵੇਲੇ ਉਤਾਰ ਦਿਤਾ ।

"ਪਗ ਸੋ ਘੁੰਗਰੂ ਬਾਧੇ ਜੋਊ ।
ਤੋਰ ਦੀਯੇ ਤੂਰਨ ਤਬ ਸੋਊ । ...੪੬।"

ਗੁਰੂ ਜੀ ਦੇ ਪੁਛਣ ਤੇ ਲਹਿਣਾ ਜੀ ਨੇ ਆਪਣਾ ਨਾਮ ਤੇ ਪਿੰਡ ਦੱਸਿਆ ।

"ਸ੍ਰੀ ਗੁਰ ਕਹਿ, ਲਹਣ ਤੈਂ ਲਹਣਾ ।
ਸੁਨ ਪੁਰਖਾ, ਹਮ ਨੇ ਹੈ ਦੇਣਾ ।੫੩।"

ਗੁਰੂ ਜੀ ਨੇ ਹੁਕਮ ਦਿਤਾ, ਕਿ ਹੁਣ ਆਪਣੇ ਘਰ ਜਾਵੋ, ਫਿਰ ਆ ਜਾਣਾ ।

ਨਮਸਕਾਰ ਕਰਕੇ ਲਹਿਣਾ ਜੀ ਵਿਦਿਆ ਹੋਏ । ਉਹਨਾਂ ਜਾ ਕੇ ਸਾਥੀਆਂ ਨੂੰ ਕਿਹਾ, 'ਤੁਸੀਂ ਜਵਾਲਾ ਜੀ ਜਾਉ । ਮੈਂ ਵਾਪਸ ਘਰ ਨੂੰ ਚੱਲਿਆ ਹਾਂ ।'

ਸਾਥੀਆਂ ਦੇ ਕਾਰਨ ਪੁਛਣ 'ਤੇ ਲਹਿਣਾ ਜੀ ਨੇ ਕਿਹਾ,

"ਸੁਨ ਲਹਿਣਾ ਪੁਨ ਬੋਲਿਓ, ਜਿਸ ਹਿਤ ਜ੍ਵਾਲਾ ਜਾਇ ।
ਸੋ ਕਾਰਜ ਪੂਰਨ ਭਯੋ, ਸਾਂਤਿ ਭਈ ਚਿਤ ਆਇ ।੫੮।"

ਲਹਿਣਾ ਜੀ ਵਾਪਸ ਘਰ ਆ ਗਏ । ਪਰ ਪ੍ਰੇਮ ਦੇ ਖਿੱਚੇ ਛੇਤੀ ਹੀ ਫਿਰ ਕਰਤਾਰਪੁਰ ਨੂੰ ਤੁਰ ਪਏ । ਸਿਰ ਉਤੇ ਸਵਾ ਮਣ (ਵੀਹ ਸੇਰ ਪੱਕਾ) ਲੂਣ ਚੁਕ ਲਿਆ ਲੰਗਰ ਵਾਸਤੇ ।

ਲਹਿਣਾ ਜੀ ਕਰਤਾਰਪੁਰ ਪਹੁੰਚੇ, ਤਾਂ ਅੱਗੇ ਗੁਰੂ ਜੀ ਬਾਹਰ ਖੇਤ ਵਿਚ ਗਏ ਹੋਏ ਸਨ । ਲਹਿਣਾ ਜੀ ਲੂਣ ਮਾਤਾ ਸੁਲੱਖਣੀ ਜੀ ਪਾਸ ਰੱਖ ਕੇ, ਆਪ ਖੇਤਾਂ ਵਿਚ ਜਾ

Digitized by Panjab Digital Library | www.panjabdigilib.org

ਪਹੁੰਚੇ। ਗੁਰੂ ਜੀ ਨੂੰ ਵੇਖ ਕੇ ਲਹਿਣਾ ਜੀ ਚਰਨਾਂ 'ਤੇ ਜਾ ਡਿੱਗੇ।

ਜਿੱਥੇ ਕੁਛ ਹੋਰ ਸੇਵਕ ਝੋਨੇ ਵਿਚੋਂ ਨਦੀਨ ਕੱਢ ਰਹੇ ਸਨ, ਲਹਿਣਾ ਜੀ ਵੀ ਨਾਲ ਕਢਣ ਲਗ ਪਏ। ਗੁਰੂ ਜੀ ਨੇ ਕਿਹਾ, ਤੈਨੂੰ ਇਹ ਕੰਮ ਨਹੀਂ ਆਉਂਦਾ। ਤੂੰ ਨਦੀਨ ਦੀ ਪੰਡ ਚੁਕ ਕੇ ਘਰ ਲੈ ਚੱਲ। ਲਹਿਣਾ ਜੀ ਨੇ ਪੰਡ ਬੰਨ੍ਹ ਕੇ ਸਿਰ 'ਤੇ ਚੁੱਕ ਲਈ। ਨਦੀਨ ਵਿਚੋਂ ਚਿੱਕੜ ਨੁੱਚੜ ਨੁੱਚੜ ਕੇ ਲਹਿਣਾ ਜੀ ਦੇ ਸਾਰੇ ਬਸਤਰ ਖ਼ਰਾਬ ਹੋ ਗਏ।

ਸ਼ਾਮ ਨੂੰ ਗੁਰੂ ਜੀ ਘਰ ਆਏ, ਤਾਂ ਸੁਲੱਖਣੀ ਜੀ ਨੇ ਕਿਹਾ, ਤੁਸਾਂ ਇਸ ਭਲੇ ਪੁਰਸ਼ ਦੇ ਕੀਮਤੀ ਬਸਤਰ ਚਿੱਕੜ ਨਾਲ ਖ਼ਰਾਬ ਕਰਾ ਦਿਤੇ ਹਨ।

ਗੁਰੂ ਜੀ ਨੇ ਉਤਰ ਦਿਤਾ,

"ਪੰਕ* ਜੌਨ ਤੁਮ ਕੇ ਦ੍ਰਿਸਟਾਵਾ।
ਕੇਸਰ ਕੋ ਹਮ ਨ ਛਿਰਕਾਵਾ। .....੯੩।"
"ਤੂਸ਼ਨ੦ ਭਈ ਸੁਲੱਖਣੀ ਸੁਨ ਕੈ।
ਲਹਿਣਾ ਹਰਖਿਓ ਕਰਣਾ ਗੁਨ ਕ।੯੫।"

# ਅਠਤਾਲੀਵਾਂ ਧਯਾਇ

## ਲਹਿਣਾ ਜੀ ਦੀ ਕਥਾ

(ਜਿਥੇ ਦਿਲ ਦੀ ਲਗਨ ਹੋਵੇ, ਤਾਰ ਓਥੇ ਹੀ ਵਜਦੀ ਹੈ।)

'ਸ੍ਰੀ ਸੂਸ੍ਤੀ ਨਾਮ ਸੁਭ ਮੂਲ ਸੁ ਕਵਿਤਾ ਬੇਲ।
ਫੂਲਨ ਫਲਨੋ ਲਲਤ ਬਹੁ ਉਕਤ ਜੁਗਤ ਲਖ ਮਲ।੧।"

ਲਹਿਣਾ ਜੀ ਦੇ ਸਾਥੀ ਜਵਾਲਾ ਜੀ ਪਰਸ ਕੇ ਵਾਪਸੀ ਸਮੇਂ ਕਰਤਾਰਪੁਰ ਰਹੇ ਤੇ ਗੁਰੂ ਜੀ ਦੇ ਦਰਸ਼ਨ ਕੀਤੇ। ਅਗਲੇ ਦਿਨ ਸਾਥੀ ਚਲੇ ਗਏ, ਪਰ ਲਹਿਣਾ ਜੀ ਸੇਵਾ ਵਿਚ ਹੀ ਲੱਗੇ ਰਹਿੰਦੇ।

ਇਕ ਦਿਨ ਲਹਿਣਾ ਜੀ ਨੇ ਵੇਖਿਆ,

"ਮਾਯਾ() ਧਾਰ ਆਪਨੋ ਬੇਖਾ।
ਕਮਲ ਬਿਲੋਚਨ ਰੂਪ ਬਸੇਖਾ।੧੪।
ਮਣ ਮਯ ਭੂਖਣ ਝਲਕਤ ਅੰਗਾ।
ਬਸਤ੍ਰ ਕਸੁੰਭੀ ਬਨੇ ਸੁ-ਰੰਗਾ।
ਚਾਂਪਤ ਪਦ ਪੰਕਜ ਗੁਰ ਕੇਰੇ।
ਸੇਵਾ ਕੀਨੀ ਭਾਉ ਘਨੇਰੇ।੧੫।"

---

* ਚਿੱਕੜ। ੦ ਚੁੱਪ। () ਲਕਸ਼ਮੀ, ਦੇਵੀ।

Digitized by Panjab Digital Library | www.panjabdigilib.org

ਪਿਛੋਂ ਲਹਿਣਾ ਜੀ ਨੇ ਪੁਛਿਆ, ਤਾਂ ਗੁਰੂ ਜੀ ਨੇ ਦੱਸਿਆ, ਇਹ 'ਮਾਇਆ' ਸੀ।

ਇਕ ਦਿਨ ਲਹਿਣਾ ਜੀ ਨੇ ਮੁੱਠੀਆਂ ਭਰਦਿਆਂ ਵੇਖਿਆ, ਮਹਾਰਾਜ ਦੀ ਪਿੰਞਣੀ ਤੇ ਝਰੀਟ ਆਈ ਹੋਈ ਸੀ। ਲਹਿਣਾ ਜੀ ਦੇ ਪੁੱਛਣ 'ਤੇ ਮਹਾਰਾਜ ਨੇ ਫ਼ੁਰਮਾਇਆ, ਇਕ ਅਯਾਲੀ ਝਾੜੀਆਂ ਵਿਚ ਬੱਕਰੀਆਂ ਚਾਰਦਾ 'ਕੀਰਤਨ ਸੋਹਿਲਾ' ਪੜ੍ਹ ਰਿਹਾ ਸੀ। ਸਾਨੂੰ ਇਹ ਝਰੀਟ ਓਥੋਂ ਆਈ ਹੈ। ਜਿੱਥੇ ਵੀ ਸਿੱਖ 'ਕੀਰਤਨ ਸੋਹਿਲਾ' ਪੜ੍ਹਦਾ ਹੈ, ਅਸੀਂ ਉਸਦੇ ਨਾਲ ਹੁੰਦੇ ਹਾਂ।

ਫਿਰ ਇਕ ਸਿੱਖ ਨੂੰ ਭੇਜਕੇ ਉਸ ਅਯਾਲੀ ਨੂੰ ਬੁਲਾਇਆ, ਤੇ ਕਿਹਾ, ਰਾਤ ਸੌਣ ਲੱਗਿਆਂ ਕੀਰਤਨ ਸੋਹਿਲਾ ਪੜ੍ਹਿਆ ਕਰ।

ਗੁਰੂ ਜੀ ਦੇ ਭੇਜੇ ਤਿੰਨ ਸਾਲ ਪਿਛੋਂ ਲਹਿਣਾ ਜੀ ਘਰ ਗਏ। ਸਾਰੇ ਖਡੂਰ ਵਾਸੀ ਬੜੇ ਪ੍ਰੇਮ ਨਾਲ ਮਿਲੇ। ਨੱਗਰ ਦਾ ਚੌਧਰੀ ਤਖ਼ਤ ਮੱਲ ਬੜੇ ਹੀ ਆਦਰ ਨਾਲ ਮਿਲਿਆ। ਉਸਨੇ ਗੁਰੂ ਜੀ ਦੀ ਤੇ ਲਹਿਣਾ ਜੀ ਦੀ ਬੜੀ ਉਸਤਤ ਕੀਤੀ।

ਉਤਰ ਵਿਚ ਲਹਿਣਾ ਜੀ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਸੁਣਾਇਆ,

"ਜਿਨ ਕਉ ਭਾਂਡੈ ਭਾਉ, ਤਿਨਾ ਸਵਾਰਸੀ।......।"

(ਸੂਹੀ, ਮ: ੧, ਪੰਨਾ ੭੨੯)

ਕੁਛ ਦਿਨ ਖਡੂਰ ਰਹਿ ਕੇ ਲਹਿਣਾ ਜੀ ਫਿਰ ਕਰਤਾਰਪੁਰ ਸੇਵਾ ਵਿਚ ਜਾ ਹਾਜ਼ਰ ਹੋਏ।

# ਉਣੰਜਵਾਂ ਧਯਾਇ

## ਤਪ ਸਾਧਨਾ

ਇਕ ਵਾਰ ਕਰਤਾਰਪੁਰ ਬਹੁਤ ਸੰਗਤ ਇਕੱਠੀ ਹੋ ਗਈ। ਓਧਰੋਂ ਲਗਾਤਾਰ ਤਿੰਨ ਦਿਨ ਬਾਰਸ਼ ਹੁੰਦੀ ਰਹੀ। ਭੋਜਨ ਦਾ ਕੋਈ ਪ੍ਰਬੰਧ ਨਾ ਹੋ ਸਕਿਆ। ਗੁਰੂ ਜੀ ਨੇ ਸਿਰੀ ਚੰਦ ਨੂੰ ਕਿਹਾ, ਇਸ ਕਿੱਕਰ ਤੇ ਚੜ੍ਹ ਕੇ ਹਲੂਣਾ ਦਿਹੋ। ਸੰਗਤਾਂ ਦੇ ਛਕਣ ਵਾਸਤੇ ਬਹੁਤ ਪਦਾਰਥ ਝੜਨਗੇ।

ਸਿਰੀ ਚੰਦ ਨੇ ਆਗਿਆ ਮੰਨਣ ਤੋਂ ਇਨਕਾਰ ਕਰ ਦਿਤਾ। ਫਿਰ ਲਖਮੀਦਾਸ ਨੂੰ ਹੁਕਮ ਹੋਇਆ, ਉਹਨੇ ਵੀ ਅਮਲ ਨਾ ਕੀਤਾ। ਲਹਿਣਾ ਜੀ ਨੂੰ ਹੁਕਮ ਹੋਇਆ, ਤਾਂ ਉਹ ਝੱਟ ਕਿੱਕਰ 'ਤੇ ਚੜ੍ਹ ਗਿਆ। ਉਹਨੇ ਜ਼ੋਰ ਦੀ ਹਲੂਣਾ ਦਿਤਾ, ਤਾਂ ਉਪਰੋਂ ਕਈ ਕਿਸਮ ਦੇ ਪਕਵਾਨ ਝੜੇ। ਸੰਗਤ ਹੈਰਾਨ ਵੀ ਹੋਈ, ਤੇ ਛਕ ਕੇ ਪਰਸੰਨ ਵੀ।

"ਬਿੰਸਤ ਚਤੱਰ ਹਜਾਰ ਹੁਤੇ ਨਰ। (ਚੌਵੀ ਹਜ਼ਾਰ)
ਸਭ ਤ੍ਰਿਪਤਾਇ ਹਰਖ ਰਹਿਓ ਵਰ।੩੧।"

Digitized by Panjab Digital Library | www.panjabdigilib.org

ਅੱਗੇ ਗੁਰੂ ਜੀ ਦੇ ਤਪ ਬਾਰੇ ਲਿਖਿਆ ਹੈ,

"ਸਵਾ ਜਾਮ ਨਿਸ ਜਾਹਿ ਸਨਾਨਾ।
ਜੇਲ ਮਹ ਤ੍ਰਿਸਟੇ ਕ੍ਰਿਪਾ ਨਿਧਾਨਾ।
ਭੋਰ ਹੋਤ ਲੌ ਠਾਂਡੇ ਰਹਈ।
ਕੰਠ ਸਮਾਨ ਜਾਹ ਜਲ ਅਹਿਹੀ।੪੧।"

ਲਹਿਣਾ ਜੀ ਰੋਜ਼ ਨਾਲ ਜਾਂਦੇ। ਇਕ ਸਰਦੀ ਦੀ ਸਵੇਰ ਤੇ ਬਾਰਸ਼ ਹੋ ਰਹੀ ਸੀ। ਲਹਿਣਾ ਜੀ ਸਰਦੀ ਦੇ ਕਾਰਨ ਬੇਹੋਸ਼ ਹੋ ਕੇ ਡਿੱਗ ਪਏ। ਗੁਰੂ ਜੀ ਨੇ ਚਰਨ ਛੁਹਾਏ, ਤਾਂ ਲਹਿਣਾ ਜੀ ਹੋਸ਼ ਵਿਚ ਆਏ।

(ਗੁਰੂ ਜੀ ਦੇ ਤਪ ਸਾਧਨ ਬਾਰੇ ਲਿਖਿਆ ਹੈ।)

"ਤਹਾਂ ਕੀਨ ਇਕ ਕੁਟੀ ਨਿਰਾਲੀ।
ਭੋਰਨ ਸੇਜ ਡਸਾਇ ਦੁਖਾਲੀ।
ਨਿਜ ਸਰੀਰ ਕੇ ਸਮ ਬਨਵਾਈ।
ਥਾਂਇ ਸੈਸ ਨਹਿ ਜਹਾਂ ਰਹਾਈ।੫੪।
ਪੌਢਹਿ ਬੈਠਹਿ ਰਹਿ ਤਿਹ ਮਾਂਹੀ।
ਕਰਨ ਸਨਾਨ ਸਮੇਂ ਦੁਇ ਜਾਹੀ।......੫੫।"

(ਇਹ ਤਾਂ ਹਠ ਜੋਗ ਹੈ।)

"ਇਸ ਪ੍ਰਕਾਰ ਬੀਤਿਓ ਕਿਤ ਕਾਲਾ।
ਬਹੁਰ ਤਪਹਿ ਤਪ ਕਠਨ ਕ੍ਰਿਪਾਲਾ।੬੩।
ਭੋਜਨ ਤਜਯੋ, ਨ ਅਚਿਓ[1] ਕਦਾਈ।
ਏਕ ਅਰਕ ਫਲ[2] ਖਾਇ ਮੰਗਾਈ।
ਤਿਸ ਪ੍ਰਕਾਰ ਨਿਸ ਦਯੋਸ ਬਤਾਵਹਿ।
ਪੁਨ ਜਲ ਆਦ ਨ ਕੰਠ ਪੁਚਾਵਹਿ।੬੪।"

(ਜੋਗੀਆਂ ਵਾਲਾ ਤਪ। ਅੱਗੇ ਸੁਣੋ।)

"ਸਗਰੇ ਤਿਆਗੇ ਅਪਰ ਜਿ ਚੀਰਾ।
ਫਿਰੇ ਪ੍ਰਭੂ ਹ੍ਵੈ ਨਗਨ ਸਰੀਰਾ ..।੬੭।
ਕਿਤਕ ਕਾਲ ਇਉਂ ਬਿਤਵਨ ਕੀਨਾ।
ਬਹੁਰ ਅਰਕ ਫਲ ਸੋ ਤਜ ਦੀਨਾ।੬੯।
ਸਿਕਤਾ[3] ਇਕ ਮਾਸਾ ਮੁਖ ਪਾਵਹਿ।
ਤਿਆਗਿਓ ਔਰ ਨਹੀ ਕੁਛ ਖਾਵਹਿ।......੭੦।"

(ਪਰ ਗੁਰੂ ਮਹਾਰਾਜ ਤਾਂ ਆਪਣੀ ਬਾਣੀ ਵਿਚ ਅਜੇਹੇ 'ਹਠ ਜੋਗ' ਦਾ ਖੰਡਨ

---

1. ਖਾਣਾ। 2, ਅੱਕ ਦਾ ਫਲ। 3. ਰੇਤ।

Digitized by Panjab Digital Library | www.panjabdigilib.org

ਕਰਦੇ ਹਨ। ਆਪ ਫ਼ੁਰਮਾਉਂਦੇ ਹਨ :

"......ਅੰਨੁ ਨ ਖਾਇਆ, ਸਾਦੁ ਗਵਾਇਆ।
ਬਹੁ ਦੁਖੁ ਪਾਇਆ, ਦੂਜਾ ਭਾਇਆ।
ਬਸਤ੍ਰ ਨ ਪਹਿਰੈ, ਅਹਿਨਿਸ* ਕਹਰੈ।......"

(ਆਸਾ, ਮ. ੧, ਪੰਨਾ ੪੬੭)

(ਇਹ ਸਭ ਕਵੀ ਜੀ ਦੀ ਕਲਪਨਾ ਹੈ। ਸਿੱਖੀ 'ਹਠ ਜੋਗ' ਦਾ ਖੰਡਨ ਕਰਦੀ ਹੈ।)

# ਪੰਜਾਹਵਾਂ ਧਯਾਇ

## ਸਿੱਖੀ ਪਰਖਣੀ

ਗੁਰੂ ਜੀ ਨੇ ਹੁਕਮ ਕੀਤਾ, ਕਿ ਸਾਰੇ ਸਿੱਖ ਹਲ ਵਾਹੁਣ ਤੇ ਖੇਤੀ ਕਰਨ। ਸਾਰਾ ਦਿਨ ਮਹਾਰਾਜ ਕੰਮ ਕਰਾਉਂਦੇ। ਕੋਈ ਚਾਰ ਦਿਨ ਤੇ ਕਈ ਪੰਜ ਦਿਨ ਲਾ ਕੇ ਖਿਸਕ ਗਿਆ। ਅੱਧੇ ਕੁ ਰਹਿ ਗਏ, ਤਾਂ ਮਹਾਰਾਜ ਨੇ ਹੁਕਮ ਦਿਤਾ, ਕਿ ਸਾਰੇ ਕੰਮ ਕਰਨ, ਪਰ ਹੁਣ ਭੋਜਨ ਦੂਸਰੇ ਦਿਨ ਮਿਲਿਆ ਕਰੇਗਾ। ਇਸ ਤਰ੍ਹਾਂ ਦਸ-ਕੁ ਦਿਨ ਬੀਤੇ, ਜਾਂ ਬਹੁਤੇ ਸਿੱਖ ਘਰਾਂ ਨੂੰ ਚਲੇ ਗਏ। ਪਿਛੇ ਥੋੜੇ ਹੀ ਰਹਿ ਗਏ।

ਗੁਰੂ ਜੀ ਨੇ ਫ਼ੁਰਮਾਇਆ, ਹੁਣ ਰੋਜ਼ ਭੋਜਨ ਛਕੋ।

ਫ਼ਸਲ ਪੱਕੀ, ਤਾਂ ਗੁਰੂ ਜੀ ਦੇ ਹੁਕਮ ਅਨੁਸਾਰ ਸਿੱਖਾਂ ਨੇ ਵੱਢ ਕੇ ਖਲਵਾੜੇ ਲਾ ਦਿਤੇ। ਗੁਰੂ ਜੀ ਵੇਖ ਕੇ ਬੜੇ ਪ੍ਰਸੰਨ ਹੋਏ। ਮਹਾਰਾਜ ਨੇ ਹੁਕਮ ਦਿਤਾ।

"ਲੀਜੈ ਪਾਵਕ() ਫੂਕਹੁ ਸਾਰੀ।
ਉਰ ਲਾਲਚ ਕੋ ਦੇਹੁ ਬਿਦਾਰੀ।......੨੪।"

ਇਹ ਹੁਕਮ ਸੁਣ ਕੇ ਲੋਕ ਬਹੁਤ ਹੈਰਾਨ ਹੋਏ। ਬਹੁਤਿਆਂ ਤਾਂ ਕਿਹਾ, ਸਾਥੋਂ ਇਹ ਕੰਮ ਨਹੀਂ ਹੁੰਦਾ। ਪਰ ਕੁਛ-ਕੁ ਸ਼ਰਧਾਲੂਆਂ ਨੇ ਕਿਹਾ, ਅਸਾਂ ਤਾਂ ਹੁਕਮ ਮੰਨਣਾ ਹੈ।

"ਲੇ ਪਾਵਕ ਤਿਨ ਤੁਰਤ ਲਗਾਈ।
ਸੂਕੀ ਹੁਤੀ ਭਈ ਜਰ ਛਾਈ।......੨੭।"

ਕੁਛ ਦਿਨ ਬੀਤੇ, ਤਾਂ ਮਹਾਰਾਜ ਨੇ ਇਕ ਹੋਰ ਸਾਂਗ ਰਚਿਆ,

"ਇਕ ਦਿਨ ਛੁਰਾ ਬਾਂਧ ਕਟਿ੦ ਸੰਗਾ।
ਧਾਣਕ[1] ਰੂਪ ਧਰਿਓ ਸਰਬੰਗਾ[2] ।੨੯।

---

* ਦਿਨ-ਰਾਤ। ()ਅੱਗ। ੦ ਲੱਕ, ਕਮਰ। 1. ਧਨਖਧਾਰੀ, ਸ਼ਕਾਰੀ। ਭੀਲਾਂ ਦੀਆਂ ਨੀਵੀਆਂ ਜਾਤੀਆਂ ਵਾਸਤੇ ਇਹ ਸ਼ਬਦ ਵਰਤਿਆ ਜਾਂਦਾ ਹੈ। 2. ਸਰਬ ਅੰਗ, ਸਿਰ ਤੋਂ ਪੈਰਾਂ ਤਕ।

Digitized by Panjab Digital Library | www.panjabdigilib.org

ਅਨਿਕ ਸੂਕਰੀ[1] ਆਗੇ ਕੀਨੇ ।
ਕੂਕਰ ਕਿਤਕ ਪਿਛਾਰੀ ਲੀਨੇ ।
ਪੁਰ[2] ਤੇ ਨਿਕਸ ਵਹਿਰ ਭੇ ਠਾਢੇ ।
ਸਿਖਨ ਦੇਖ ਬਿਸਮਤਾ[3] ਬਾਢੇ ।੩੦।"

ਇਹ ਰੂਪ ਵੇਖ ਕੇ ਬਹੁਤਿਆਂ ਦੇ ਦਿਲ ਡੋਲ ਗਏ । ਉਹ ਕਹਿਣ ਲੱਗ ਪਏ,

'ਸ੍ਰੀ ਗੁਰੂ ਤੋ ਅਬ ਭਏ ਦੀਵਾਨੇ ।
ਕਰਨ ਕੁਕਰਮ ਜਿ ਅਸ ਮਨ ਠਾਨੇ । ...੨੩।"

ਇਕ ਲਹਿਣਾ ਜੀ ਹੀ ਸਾਥ ਰਹਿ ਗਏ । ਬਾਕੀ ਸਭ ਪਿਛੇ ਪਰਤ ਗਏ । ਗੁਰੂ ਜੀ ਨੇ ਸਬਦ ਉਚਾਰਿਆ,

"ਏਤੁ ਸੁਆਨੁ ਦੁਇ ਸੁਆਨੀ ਨਾਲਿ ।......।"

(ਸਿਰੀ ਰਾਗ, ਮ: ੧. ਪੰਨਾ ੨੪)

ਅੰਤ ਗੁਰੂ ਜੀ ਨੇ ਲਹਿਣੇ ਨੂੰ ਹੁਕਮ ਦਿਤਾ, ਤੂੰ ਵੀ ਦੌੜ ਜਾਹ, ਪਿਛੇ ਪਰਤ ਕੇ ਨਹੀਂ ਵੇਖਣਾ ।

ਹੁਕਮ ਮੰਨ ਕੇ ਲਹਿਣਾ ਜੀ ਵੀ ਪਿਛੇ ਦੌੜ ਆਏ । ਉਹਨਾਂ ਘਰ ਆ ਕੇ ਬਾਕੀ ਸਿੱਖਾਂ ਨੂੰ ਕਿਹਾ,

"ਕਲੀ ਕਾਲ ਨਰ ਤਾਰਬੇ ਰੂਪ ਧਰਾ ਕਰਤਾਰ ।
ਨਹਿ ਮਾਨੁਖ ਸਮ ਜਾਨ ਕੈ ਭਰਮਹੁ ਰਿਦੇ ਮਝਾਰ ।੫੦।"

ਛੇ-ਕੁ ਘੜੀਆਂ ਬੀਤਣ ਪਿਛੋਂ ਗੁਰੂ ਜੀ ਵੀ ਆ ਗਏ । ਹਜ਼ੂਰ ਦਾ ਰੂਪ,

"ਗੁਰ ਕੇ ਕਟ[4] ਮਹਿ ਤਾਮਰ ਕੁਪੀਨੰ ।[5]
ਕੁਲਹ[6] ਸੀਸ ਪਰ, ਕੁਤਕਾ[7] ਲੀਨੰ ।੫੭।......
ਜਬ ਸਿੱਖ ਚਰਨਨ ਪਰ ਸਿਰ ਧਾਰੈ ।
ਕੁਤਕਾ ਏਕ ਪੀਠ ਮਹਿ ਮਾਰੈ ।੫੮।"

ਗੁਰੂ ਜੀ ਨੇ ਸਭ ਨੂੰ ਕਿਹਾ,

"ਕਿਉਂ ਬੈਠੇ, ਤੁਮ ਕੌਨ ਹੋ, ਗਮਨੌ ਨਿਜ ਨਿਜ ਥਾਇ ।
ਕਾਜ ਤੁਮਾਰੋ ਨਹਿ ਕਛੂ, ਤੂਰਨ ਨਿਕਸਹੁ ਧਾਇ ।੬੦।"
"ਡਰਤ ਜੋਰ ਕਰ ਸਿਖਨ ਭਾਖਾ ।
ਹਮ ਤੁਮਰੇ ਸਿਖ ਭੇ ਗਤਿ ਕਾਂਖਾ ।

---

1. ਸੂਰ । 2. ਨੱਗਰ, ਪਿੰਡ । 3. ਹੈਰਾਨੀ । 4 ਲੱਕ । 5. ਤਾਂਬੇ ਦੀ ਲੰਗੋਟੀ । 6. ਪਟਕਾ । 7. ਡੰਡਾ ।

Digitized by Panjab Digital Library | www.panjabdigilib.org

ਜਬਹਿ ਸਿੱਖ ਕੋ ਨਾਮ ਸੁ ਲੇਈ ।
ਕੁਤਕਾ ਏਕ ਪੀਠ ਪਰ ਦੇਈ । ੬੧।"

ਲਹਿਣਾ ਜੀ ਤੇ ਕੁਛ ਸਿੱਖ ਹੋਰ ਰਹਿ ਗਏ, ਬਾਕੀ ਸਭ ਛੱਡ ਗਏ । ਗੁਰੂ ਜੀ ਨੇ ਕਿਹਾ, ਮੇਰੇ ਸਿੱਖ ਹੋ, ਤਾਂ ਮੇਰੇ ਮਗਰ ਆਓ ।

ਸਿੱਖਾਂ ਨੂੰ ਨਾਲ ਲੈ ਕੇ ਗੁਰੂ ਜੀ ਜੰਗਲ ਵਿਚ ਜਾ ਪਹੁੰਚੇ । ਅੱਗੇ ਵੇਖਿਆ, ਕਿ ਸਫ਼ੇਦ ਬਸਤਰ ਵਿਚ ਲਿਪੇਟਿਆ ਮੁਰਦਾ ਪਿਆ ਹੈ । ਮਹਾਰਾਜ ਨੇ ਹੁਕਮ ਕੀਤਾ, ਜੋ ਸਾਡਾ ਸਿੱਖ ਹੈ, ਇਹ ਮੁਰਦਾ ਖਾਵੇ । ਸੁਣ ਕੇ ਸਭ ਸਿੱਖ ਪਿਛੇ ਹਟ ਗਏ । ਗੁਰੂ ਜੀ ਨੇ ਸਭ ਨੂੰ ਡੰਡੇ ਮਾਰ ਕੇ ਭਜਾ ਦਿਤਾ । ਇਕ ਲਹਿਣਾ ਰਹਿ ਗਿਆ । ਮਹਾਰਾਜ ਨੇ ਕਿਹਾ, ਤੂੰ ਨਹੀਂ ਗਿਆ । ਲਹਿਣਾ ਜੀ ਨੇ ਕਿਹਾ, 'ਮਹਾਰਾਜ ! ਹੁਕਮ ਕਰੋ, ਸਿਰ ਵੱਲੋਂ ਖਾਣਾ ਸ਼ੁਰੂ ਕਰਾਂ, ਜਾਂ ਪੈਰਾਂ ਵੱਲੋਂ ।' ਹੁਕਮ ਹੋਇਆ, ਪੈਰਾਂ ਵੱਲੋਂ ।

ਲਹਿਣਾ ਜੀ ਨੇ ਬਸਤਰ ਉਤਾਰਿਆ, ਤਾਂ
'ਸੇਤ ਸੁ ਬਸਤ੍ਰ ਉਤਾਰਾ ਜਬ ਹੀ ।
ਦੇਖਯੋ ਸਰਬ ਤਿਹਾਵਲ ਤਬ ਹੀ
ਤਿਹ ਤੇ ਨਰ ਸਮ ਲੋਥ ਬਨਾਈ ।
ਲਖ ਅਸਚਰਜ ਰਹਯੋ ਬਿਸਮਾਈ ।੬੨।"

ਇਹ ਕੌਤਕ ਵੇਖ ਕੇ ਲਹਿਣਾ ਜੀ ਚਰਨੀ ਢਹਿ ਪਏ । ਗੁਰੂ ਜੀ ਨੇ ਫ਼ੁਰਮਾਇਆ, ਤੁਸੀਂ ਸਾਡਾ ਰੂਪ ਹੋ ।

ਮਹਾਰਾਜ ਲਹਿਣਾ ਜੀ ਨੂੰ ਨਾਲ ਲੈ ਕੇ ਵਾਪਸ ਆ ਗਏ ।

# ਇਕਵੰਜਵਾਂ ਧਯਾਇ

## ਲਹਿਣਾ ਜੀ ਨੂੰ ਉਪਦੇਸ਼

(ਇਸ ਧਯਾਇ ਦਾ ਉਪਦੇਸ਼ ਵਧੇਰੇ ਸਨਾਤਨੀ ਗ੍ਰੰਥਾਂ 'ਤੇ ਆਧਾਰਤ ਹੈ ।)

ਲਹਿਣਾ ਜੀ ਦੀ ਬਨਤੀ ਦੇ ਉਤਰ ਵਿਚ ਗੁਰੂ ਮਹਾਰਾਜ ਉਸਨੂੰ ਸਮਝਾਉਂਦੇ ਹਨ;

"ਜਾਗਤ, ਸੁਪਨ, ਸਖੋਪਤਿ ਤੀਨੰ ।
ਇਨ ਕੋ ਨੀਕੇ ਸਾਖੀ ਚੀਨੋ ।
ਸਦਾ ਅਲੇਪਾ, ਸਬ ਤੇ ਨਯਾਰੋ ।
ਐਸੇ ਅਪਨੋ ਰੂਪ ਨਿਹਾਰੋ ।੧੦।"

[ਰਿਸ਼ੀਆਂ ਨੇ ਮਨ ਦੀਆਂ ਤਿੰਨ ਅਵਸਥਾ ਮੰਨੀਆਂ ਹਨ : ਜਾਗਤ (ਜਦੋਂ ਜਾਗਦੇ ਹਾਂ), ਸੁਪਨ (ਜਦ ਸੁਪਨੇ ਵਿਚ ਹੁੰਦੇ ਹਾਂ), ਤੇ ਸਖੋਪਤਿ (ਸੁਖੁਪਤਿ), ਗਾਹੜੀ ਨੀਂਦ, ਜਦ ਸੁਪਨਾ ਵੀ ਨਹੀਂ ਆਉਂਦਾ । ਰਿਸ਼ੀ ਪਾਤੰਜਲ ਦੇ ਮੱਤ ਅਨੁਸਾਰ ਇਸ ਅਵਸਥਾ

Digitized by Panjab Digital Library | www.panjabdigilib.org

ਵਿਚ ਬ੍ਰਹਮ ਦੀ ਪ੍ਰਾਪਤੀ (ਮੇਲ) ਤਾਂ ਹੁੰਦੀ ਹੈ, ਪਰ ਜੀਵ ਨੂੰ ਉਸ਼ ਦਾ ਗਿਆਨ ਨਹੀਂ ਹੁੰਦਾ। ਚੌਥੀ ਅਵਸਥਾ ਤੁਰੀਆ ਕਹੀ ਜਾਂਦੀ ਹੈ, ਜਦੋਂ ਬ੍ਰਹਮ ਦੀ ਪ੍ਰਾਪਤੀ ਗਿਆਨ ਸਹਿਤ ਹੁੰਦੀ ਹੈ।]

"ਪੰਚੀ ਕਰਣ ਪੰਚ ਤਤ ਜੋਈ।
ਅੰਤਹਿਕਰਣ ਉਪਾਏ ਸੋਈ।
ਚਤੁਰ ਬ੍ਰਿਤ ਹ੍ਵੈ ਤਾਹਿ ਮਝਾਰਾ।
ਤਾ ਤੇ ਹੋਇ ਸੁ ਚਾਰ ਪ੍ਰਕਾਰਾ।੧੨।
ਮਨ, ਬੁਧਿ, ਚਿਤ, ਅਹੰਕਾਰ ਤਿਨਿ ਨਾਮਾ।
ਤਿਨ ਤੇ ਪਰਬਲ ਆਤਮ-ਰਾਮਾ।
ਸਤਿਗੁਰ ਅੰਤਹਿਕਰਣ ਜੁ ਮਾਹੀ।
ਚੇਤਨ ਤੇ ਪ੍ਰਤਿ-ਬਿੰਬ ਤਹਾ ਹੀ।੧੩।"

[ਅੰਤਹਕਰਣ: ਅੰਦਰ ਦੇ ਇੰਦਰੇ, ਜਿਸ ਦੇ ਸੰਜੋਗ ਨਾਲ ਬਾਹਰ ਦੇ ਇੰਦਰੇ ਕਾਰਜ ਕਰਦੇ ਹਨ। ਇਸ ਦੇ ਚਾਰ ਭੇਦ ਹਨ: ੧. ਮਨ, ਜਿਸ ਕਰ ਕੇ ਫੁਰਨੇ ਪੈਦਾ ਹੁੰਦੇ ਹਨ। ੨. ਬੁੱਧੀ, ਜਿਸ ਤੋਂ ਵਿਚਾਰ ਪੈਦਾ ਹੁੰਦੇ ਹਨ। ੩. ਚਿੱਤ, ਜਿਸ ਰਾਹੀਂ ਅਸੀਂ ਯਾਦ ਰਖਦੇ ਹਾਂ, ਚੇਤਾ, ਸਮਰਣ ਸ਼ਕਤੀ। ੪. ਅਹੰਕਾਰ, ਜਿਸ ਰਾਹੀਂ ਪਦਾਰਥਾਂ ਨਾਲ ਮਮਤਾ ਪੈਦਾ ਹੁੰਦੀ ਹੈ। ਇਹਨਾਂ ਤੋਂ ਉਪਰ ਆਤਮਾ ਹੈ।]

ਫਿਰ ਸੂਖਸ਼ਮ ਸਰੀਰ, ਤੇ ਸਥੂਲ ਸਰੀਰ ਦਾ ਇਸ਼ਾਰੇ ਮਾਤਰ ਜ਼ਿਕਰ ਹੈ।

ਅੱਗੇ ਸਰੀਰ ਦੇ 'ਪੰਜ ਕੋਸ਼' ਦੱਸੇ ਹਨ।

"ਪੰਚ ਕੋਸ਼ ਪ੍ਰਥਮੇ ਨਿਰਧਾਰਹੁ।
ਤਿਨ ਤੇ ਹੰਤਾ ਬੁੱਧ ਉਠਾਰਹੁ।
ਕੋਸ਼ ਅੰਨ ਮਯ ਵਹਿਰ ਜੁ ਦੇਹਾ।
ਜਾਗਰਤ ਮਹਿ ਵਰਤਤ ਹੈ ਏਹਾ।੨੨।
ਲਖਹੁ ਅਨਾਤਮ ਯਾ ਕੋ ਰੂਪਾ।
ਨਿਰਵਾਰਯਵਆਤਮ ਅਨੂਪਾ।
ਕੋਸ਼ ਪ੍ਰਾਣਮਯ ਤਿਸ ਤੇ ਅੰਤਰ।
ਨਾਹਿਨ ਆਤਮ ਜਾਨ ਨਿਰੰਤਰ।੨੩।
ਬਹੁਰ ਮਨੋਮਯ ਕੋਸ਼ ਸੁਨੀਜੈ।
ਸੋ ਪਿ ਅਨਾਤਮ ਰਿਦੇ ਲਖੀਜੈ।
ਕੋਸ਼ ਵਿਗਿਆਨ ਮਈ ਤਿਹ ਪਰੇ।
ਤੀਨ ਕੋਸ਼ ਬਿਨ ਤਨ ਜੋ ਰਰੇ।੨੪।
ਸੁਪਨ ਅਵਸਥਾ ਇਸ ਕੇ ਮਾਂਹੀ।
ਬਿਚਰਤ ਆਤਮ ਰੂਪ ਤਹਾਂ ਹੀ।

Digitized by Panjab Digital Library | www.panjabdigilib.org

ਲਖਹੁ ਨ ਹਿਤ ਸਰੂਪ ਨਿਜ ਕੇਰੋ ।
ਇਨ ਤੇ ਨਯਾਰੋ ਨੀਕੇ ਹੇਰੋ ।੨੫।
ਚਹੁਅਨ ਤੇ ਜੋ ਪਰੇ ਪਛਾਨਹੁ ।
ਕੋਸ਼ ਅਨੰਦ ਮਯੀ ਖਯ ਜਾਨੋ ।
ਤਿਹ ਕੋ ਵਰਤਨ ਸੁਖੁਪਤ ਮਾਂਹੀ ।
ਰੂਪ ਆਪਨੋ ਲਖਹੁ ਸੁ ਨਾਹੀ ।੨੬।
ਇਨ ਤੇ ਪਰ ਨਿਰੰਜਨ ਰੂਪ ।
ਨਿਰਾਵਯਵ ਆਤਮਾ ਅਨੂਪ ।
ਤਿਹ ਕੋ ਹੋਤ ਜਨਮ ਨਹਿ ਮਰਨਾ ।
ਹਰਖ ਸੋਕ੍ਰ ਰੰਚਕ ਨਹਿ ਬਰਨਾ ।੨੭।
ਰਾਗ, ਨ ਦ੍ਵੈਖ, ਨ ਮੋਹ, ਨ ਮਾਯਾ ।
ਰੋਗ ਬਿਓਗ ਨ ਭੋਗ ਅਜਾਯਾ ।
ਸਤ ਚੇਤਨ ਆਨੰਦ ਮਹਾਨਾ ।
ਐਸੋ ਰੂਪ ਆਪਨੋ ਜਾਨਾ ।੨੮।"

[ਕੋਸ਼ ਦਾ ਅਰਥ ਹੈ ਮਿਆਨ, ਖੋਲ, ਪਰਦਾ, ਜਿਸ ਵਿਚ ਕੋਈ ਵਸਤੂ ਸੰਭਾਲ ਕ ਰੱਖੀ ਜਾ ਸਕੇ। 'ਉਪਨਿਸ਼ਦ' ਅਨੁਸਾਰ ਆਤਮਾ ਦੇ ਉਦਾਲੇ ਪੰਜ ਕੋਸ਼ ਹਨ। ਸਭ ਤੋਂ ਬਾਹਰਲਾ ਹੈ 'ਅੰਨਮਯ ਕੋਸ਼' । ਭਾਵ ਸਥੂਲ ਸਰੀਰ, ਰੋਮ, ਮਾਸ, ਲਹੂ, ਹੱਡੀਆ, ਚਮੜੀ। ਉਸਦੇ ਅੰਦਰ ਦੂਸਰਾ ਹੈ 'ਪ੍ਰਾਣ ਮਯ' ਕੋਸ਼, ਭਾਵ ਪੰਜ ਕਰਮ ਇੰਦਰ ਤੇ ਪ੍ਰਾਣ। (ਪ੍ਰਾਣ, ਭਾਵ ਪੌਣ ਨੂੰ ਅੱਗੇ ਫਿਰ ਪੰਜਾਂ ਹਿੱਸਿਆਂ ਵਿਚ ਵੰਡਿਆ ਹੈ, ਪ੍ਰਾਣ, ਵਯਾਨ, ਸਮਾਨ, ਉਦਾਨ, ਅਮਾਨ* ।) 'ਮਨੋਮਯ ਕੋਸ਼, ਜਿਸਦੇ ਅਧੀਨ ਪੰਜ ਗਿਆਨ ਇੰਦਰੇ ਤੇ ਮਨ ਹੈ। 'ਵਿਗਿਆਨਮਯ ਕੋਸ਼', ਬੁੱਧੀ ਤੇ ਪੰਜ ਗਿਆਨ ਇੰਦਰੇ। ਤੇ ਸਭ ਤੋਂ ਅੰਦਰ ਹੈ 'ਆਨੰਦਮਯ ਕੋਸ਼' । ਦੂਸਰੇ ਸ਼ਬਦਾਂ ਵਿਚ ਇਸਨੂੰ 'ਕਾਰਣ ਸਰੀਰ' ਕਹਿੰਦੇ ਹਨ। ਉਪਨਿਸ਼ਧਾਂ ਵਿਚ ਅੱਗੇ ਇਸਦਾ ਬਹੁਤ ਵਿਸਥਾਰ ਹੈ। ਹੁਣ ਉਪਰਲੀਆਂ ਪੰਗਤੀਆਂ ਦੇ ਅਰਥ ਸੌਖੇ ਹੋ ਜਾਣਗੇ ।]

ਅੱਗੇ ਲਹਿਣਾ ਜੀ ਵੱਲੋਂ ਮਹਾਰਾਜ ਦੀ ਉਸਤਤ ਹੈ,

"ਨਮੋ ਪਾਦ ਕੰਜੰ ਗੁਰੂ ਗਿਆਨ ਗਯਾਤਾ ।
ਮਹਾਂ ਸੋਹ ਹੰਤਾ ਘਨਾਨੰਦ ਦਾਤਾ ।
ਨਮੋ ਲੋਕ ਲੋਕੇਸ੍ਵਰੰ ਲੋਕ ਕਰਤਾ ।
ਸਦਾ ਸਰਬ ਦਾਨੰ ਸਦਾ ਸਰਬ ਭਰਤਾ ।੩੫।

---

* ਇਹਨਾਂ ਦਾ ਜ਼ਿਕਰ ਅਸੀਂ ਕਿਸੇ ਹੋਰ ਥਾਂ ਕਰ ਚੁਕੇ ਹਾਂ ।

Digitized by Panjab Digital Library | www.panjabdigilib.org

ਪ੍ਰਲੈ ਕਾਲ ਕਾਰੀ ਨਮੋ ਸਰਬ ਨਾਥੰ।
ਮੁਕੰਦੰ, ਪਖੰਡੰ ਨਿਕੰਦੰ ਪ੍ਰਮਾਥੰ।
ਧਰਯੋ ਦੇਹ ਹੇਤੰ, ਦੁਖੀ ਜੰਤੰ।
ਕ੍ਰਿਪਾਲੰ ਬਿਸਾਲੰ ਅਕਾਲੰ ਅਨੰਤੰ ।੩੬।"

(ਇਹ ਉਸਤਤ ੪੨ ਛੰਦ ਤਕ ਹੈ।)

ਗੁਰੂ ਜੀ ਨੇ ਫੁਰਮਾਇਆ,

"ਸੁਨ ਪੁਰਖਾ! ਤੁਝ ਭਾ ਅਬ ਗਯਾਨਾ।
ਦ੍ਵੈਤ ਭਾਉ ਉਰ ਤੇ ਬਿਸਰਾਨਾ।
ਸਰਬ ਜਿ ਸ਼ਕਤੀ ਪ੍ਰਾਪਤ ਹੋਈ।
ਚਹੁ, ਸੁ ਕਰਹੁ, ਬਿਲੰਬ ਨ ਕੋਈ ।੪੬।"

ਅੱਗੇ ਕਈ ਪ੍ਰਮਾਣ ਦੇ ਕੇ ਮਹਾਰਾਜ ਕਹਿੰਦੇ ਹਨ :

"ਕਲਿ ਮੈਂ ਔਰ ਉਪਾਉ ਨ ਕੋਈ।
ਭਗਤ ਗਿਆਨ ਤੇ ਕੇਵਲ ਹੋਈ।
ਤਿਨ ਕੀ ਪ੍ਰਾਪਤਿ ਜੇ ਨਰ ਚਹਈ।
ਸੋ ਸਤਿਸੰਗ ਖੋਜ ਜਗ ਲਹਈ ।੬੪।"

# ਬਵੰਜਵਾਂ ਧਯਾਇ

## ਲਹਿਣਾ ਜੀ ਨੂੰ ਗੱਦੀ ਬਖ਼ਸ਼ੀ

ਸਿੱਖਾਂ ਵਿਚ ਆਮ ਚਰਚਾ ਸੀ, ਕਿ ਗੁਰੂ ਆਪਣੀ ਗੱਦੀ ਲਹਿਣਾ ਜੀ ਨੂੰ ਬਖ਼ਸ਼ਣਗੇ। ਲਹਿਣਾ ਜੀ ਹਰਵੇਲੇ ਸੇਵਾ ਕਰਦੇ ਰਹਿੰਦੇ ਹਨ। ਇਹ ਖ਼ਬਰਾਂ ਮਾਤਾ ਸੁਲੱਖਣੀ ਜੀ ਤਕ ਵੀ ਜਾ ਪਹੁੰਚੀਆਂ।

ਮਹਾਰਾਜ ਧਰਮਸਾਲ ਵਿਚ ਬੈਠੇ ਸਨ। ਪਾਸ ਹੀ ਦੋਵੇਂ ਸਾਹਿਬਜ਼ਾਦੇ ਤੇ ਕੁਛ ਹਰ ਸਿੱਖ ਵੀ ਬੈਠੇ ਸਨ। ਲਹਿਣਾ ਜੀ ਮਹਾਰਾਜ ਦੇ ਚਰਨ ਦਬਾ ਰਹੇ ਸਨ। ਮਾਤਾ ਸੁਲੱਖਣੀ ਜੀ ਵੀ ਪਾਸ ਆ ਬੈਠੇ। ਉਹਨਾਂ ਚਿੰਤਾ ਭਰੀ ਸੁਰ ਵਿਚ ਬੇਨਤੀ ਕੀਤੀ, 'ਮਹਾਰਾਜ! ਆਪ ਪੁੱਤਰਾਂ ਦੇ ਹੁੰਦਿਆਂ ਇਕ ਸੇਵਕ ਨਾਲ ਏਨਾ ਨੇੜ ਰੱਖਦੇ ਹੋ, ਇਹ ਠੀਕ ਨਹੀਂ। ਪੁਰਾਤਨ ਸਮੇਂ ਤੋਂ ਗੁਰੂ ਅਵਤਾਰ ਆਪਣੀ ਅੰਸ ਨੂੰ ਹੀ ਗੱਦੀ ਸੌਂਪਦੇ ਆਏ ਨੇ। ਅੰਸ ਨਾਲ ਹੀ ਨਾਮ ਰਹਿੰਦਾ ਹੈ।'

ਮਹਾਰਾਜ ਨੇ ਅੱਗੋਂ ਕੋਈ ਉਤਰ ਨਾ ਦਿਤਾ। ਹਜ਼ੂਰ ਓਵੇਂ ਸ਼ਾਂਤ ਤੇ ਚੁੱਪ ਰਹੇ।

"ਤਿਹ ਛਿਨ ਲੇ ਮੂਖਕ[1] ਮੰਜਾਰੀ[2]।
ਅਰਧ ਚਰਬ ਕਰ ਗੇਰ ਅਗਾਰੀ ।੧੬।

1. ਚੂਹਾ। 2. ਬਿੱਲੀ।

Digitized by Panjab Digital Library | www.panjabdigilib.org

ਸਿਖਨ ਡਰਾਈ, ਭੈ ਕਰ ਭਾਗੀ।
ਮੂਖਕ ਪਰੀ ਰਹੀ ਤਹਿ ਆਗੀ।......੧੭।"

ਮਹਾਰਾਜ ਨੇ ਪਹਿਲਾਂ ਸਿਰੀ ਚੰਦ ਨੂੰ ਤੇ ਫਿਰ ਲਖਮੀ ਦਾਸ ਨੂੰ ਚੂਹਾ ਉਠਾਉਣ ਵਾਸਤੇ ਕਿਹਾ, ਪਰ ਦੋਹਾਂ ਨੇ ਹੁਕਮ ਮੰਨਣ ਤੋਂ ਇਨਕਾਰ ਕਰ ਦਿਤਾ। ਫਿਰ ਲਹਿਣਾ ਜੀ ਨੂੰ ਹੁਕਮ ਹੋਇਆ, ਤਾਂ ਉਹ ਫ਼ੌਰਨ ਚੂਹੇ ਨੂੰ ਉਠਾ ਕੇ ਬਾਹਰ ਸੁੱਟ ਆਏ।

ਗੁਰੂ ਜੀ ਨੇ ਕਿਹਾ,

"ਮੂਲੇ ਸੁਤਾ[1]! ਪਿਖਹੁ ਮਨ ਗੁਨੀਏ।
ਏ ਨਿਜ ਸੁਤ, ਸੋ ਪਰ ਸੁਤ ਜਨੀਏ।
ਮਾਨਹਿ ਕਹਯੋ ਨ ਬਚਨ ਕਦਾਈ।
ਸੋ ਆਇਸ ਅਨਸਾਰ ਸਦਾਈ।੨੬।"

ਸੁਲੱਖਣੀ ਜੀ ਨਿਰੁੱਤਰ ਹੋ ਕੇ ਚਲੇ ਗਏ।

ਕੁਛ ਦਿਨਾਂ ਪਿਛੋਂ, ਇਕ ਰਾਤ ਗੁਰੂ ਜੀ ਨੇ ਸਿਰੀ ਚੰਦ ਨੂੰ ਕਿਹਾ, ਕਿ ਸਾਡੇ ਬਸਤਰ ਏਸੇ ਵੇਲੇ ਧੋ ਕੇ, ਸੁਕਾ ਕੇ ਲੈ ਆਵੋ।

ਸਿਰੀ ਚੰਦ ਨੇ ਉਤਰ ਦਿਤਾ,

"ਬਾਸਰ[2] ਹੈ ਭ੍ਰਿਤ[3] ਧੋ ਕਰ ਲਿਆਵੈ।
ਹਮ ਤੇ ਯਹਿ ਕ੍ਰਿਤ ਹੋਇ ਨਾ ਆਵੈ।.....੩੨।"

ਫਿਰ ਮਹਾਰਾਜ ਨੇ ਲਖਮੀ ਦਾਸ ਨੂੰ ਕਿਹਾ, ਤਾਂ ਉਹਨੇ ਵੀ ਅੱਗੋਂ ਇਨਕਾਰ ਕਰ ਦਿਤਾ। ਫਿਰ ਲਹਿਣਾ ਜੀ ਨੂੰ ਹੁਕਮ ਹੋਇਆ, ਤਾਂ ਆਪ ਓਸੇ ਵੇਲੇ ਬਸਤਰ ਲੈ ਕੇ ਚਲੇ ਗਏ। ਪਾਣੀ ਕਨਾਰੇ ਜਾ ਕੇ ਵੇਖਿਆ, ਤਾਂ ਓਥੇ ਦਿਨ ਦੀ ਦੁਪਹਿਰ ਸੀ। (ਕਰਾਮਾਤ।)

"ਬਾਸਰ ਅਰਧ ਭਾਨ ਖਯਨ ਪਰਤੂ।
ਲਖਿ ਲਹਿਣੇ ਮਨ ਆਚਰਜ ਸਮਤੂ।......੩੪।"

ਲਹਿਣਾ ਜੀ ਬਸਤਰ ਧੋ ਕੇ, ਸੁਕਾ ਕੇ ਲੈ ਆਏ। ਗੁਰੂ ਜੀ ਨੇ ਪੁਛਿਆ, 'ਪੁਰਖਾ! ਕਿੰਨੀ ਕੁ ਰਾਤ ਸੀ?'

ਲਹਿਣਾ ਜੀ ਨੇ ਸ਼ਰਧਾ ਨਾਲ ਕਿਹਾ, 'ਮਹਾਰਾਜ! ਆਪ ਜਾਣੀ-ਜਾਣ ਹੋ।'

ਇਕ ਦਿਨ ਗੁਰੂ ਜੀ ਨੇ ਕਹਿੰ (ਕਾਂਸੀ) ਦਾ ਕਟੋਰਾ ਗੰਦੇ ਚਲ੍ਹੇ ਵਿੱਚ ਸੁੱਟ ਦਿੱਤਾ। ਫਿਰ ਹਜ਼ੂਰ ਨੇ ਸਿਰੀ ਚੰਦ ਨੂੰ ਕਟੋਰਾ ਕਢਣ ਵਾਸਤੇ ਕਿਹਾ। ਸਿਰੀ ਨੇ ਉਤਰ ਦਿਤਾ, ਇਕ ਕਟੋਰੇ ਬਦਲੇ ਮੈਂ ਆਪਨੇ ਸੁੰਦਰ ਬਸਤਰ ਗੰਦੇ ਨਹੀਂ ਕਰ ਸਕਦਾ।

ਫਿਰ ਲਖਮੀ ਦਾਸ ਨੂੰ ਹੁਕਮ ਹੋਇਆ, ਤਾਂ ਉਹਨੇ ਉਤਰ ਦਿਤਾ,

---

1ਮੂਲੇ ਦੀ ਪੁੱਤਰੀ, ਸੁਲੱਖਣੀ ਜੀ। 2. ਦਿਨ। 3. ਸੇਵਕ।

Digitized by Panjab Digital Library | www.panjabdigilib.org

"ਸੁਨਤ ਸ੍ਰੌਨ ਤਿਨ ਬੈਨ ਬਖਾਨੇ ।
ਪਿਤ ਜੀ, ਤੁਮ ਹੋ ਅਧਿਕ ਸਿਆਨੇ ।
ਮੰਦ ਕਾਮ ਹਮ ਪੈ ਕਰਵਾਵਉ ।
ਸਬ ਲੋਕਨ ਮਹਿ ਮਾਨ ਘਟਾਵਉ ।੪੩।"

ਫਿਰ ਲਹਿਣਾ ਜੀ ਨੂੰ ਹੁਕਮ ਹੋਇਆ, ਤਾਂ ਉਹ ਝੱਟ ਕਟੋਰਾ ਨਿਕਾਲ ਕੇ ਲੈ ਆਏ ।

ਇਕ ਦਿਨ ਬਾਬਾ ਬੁੱਢਾ ਜੀ ਦੇ ਮਨ ਵਿਚ ਆਈ, ਕਿ ਮੈਂ ਵੀ ਤਾਂ ਸਦਾ ਆਗਿਆਕਾਰ ਰਹਿੰਦਾ ਹਾਂ । ਫਿਰ ਲਹਿਣਾ ਜੀ 'ਤੇ ਉਚੇਚੀ ਕਿਰਪਾ ਕਿਉਂ ।

ਇਕ ਰਾਤ ਗੁਰੂ ਜੀ ਨੇ ਬੁੱਢਾ ਜੀ ਨੂੰ ਕਿਹਾ, ਕਿ ਬਾਹਰ ਜਾ ਕੇ ਵੇਖੋ, ਕਿੰਨੀ ਰਾਤ ਰਹਿੰਦੀ ਹੈ । ਬੁੱਢਾ ਜੀ ਨੇ ਵੇਖ ਕੇ ਦੱਸਿਆ, ਕਿ ਅੱਧੀ ਰਾਤ ਹੈ । ਗੁਰੂ ਜੀ ਨੇ ਫਿਰ ਕਿਹਾ, ਕਿ ਸਾਡੇ ਖ਼ਿਆਲ ਵਿਚ ਪਹਿਰ ਰਾਤ ਰਹਿੰਦੀ ਹੈ, ਫਿਰ ਵੇਖੋ ।

ਮਹਾਰਾਜ ਨੇ ਤਿੰਨ ਵਾਰ ਹੁਕਮ ਦਿੱਤਾ, ਤੇ ਬੁੱਢਾ ਜੀ ਨੇ ਤਿੰਨੇ ਵਾਰ ਅੱਧੀ ਰਾਤ ਹੀ ਦੱਸਿਆ ।

ਫਿਰ ਲਹਿਣਾ ਜੀ ਨੂੰ ਹੁਕਮ ਹੋਇਆ । ਪਹਿਲੀ ਵਾਰ ਲਹਿਣਾ ਜੀ ਨੇ ਵੀ ਅੱਧੀ ਰਾਤ ਹੀ ਦੱਸਿਆ । ਹਜ਼ੂਰ ਨੇ ਦੁਬਾਰਾ ਵੇਖਣ ਵਾਸਤੇ ਕਿਹਾ, ਤਾਂ ਲਹਿਣਾ ਜੀ ਨੇ ਵੇਖ ਕੇ ਉਤਰ ਦਿਤਾ ।

"ਜਿਤਨੀ ਨਿਸਾ ਬਤਾਈ ਰਾਉਰ ।
ਤਿਤਨੀ ਬਿਤੀ, ਨ ਮੈਂ ਲਖਿ ਬਾਉਰ ।
ਅਬ ਜਿਤਨੀ ਰਾਖੀ, ਸੋ ਰਹੀ ।
ਸਰਬ ਕਾਲ ਕੋ ਕਰਤਾ ਤੁਹੀ ।੬੨।"

(ਸਰਧਾ ਵੱਸ ਕਵੀ ਗੁਰੂ ਜੀ ਦੀ ਉਸਤਤ ਕਰਦਾ ਹੈ । ਪਰ ਇਹ ਗੁਰਬਾਣੀ ਦੇ ਸਿਧਾਂਤ ਦੇ ਉਲਟ ਹੈ ।)

"ਰੂਪ, ਨ ਰੇਖ, ਨ ਰੰਗ, ਨ ਰਾਗ, ਨ ਰੋਗ, ਨ ਸੋਗ, ਅਕਾਲ ਸਦਾਏ ।
ਪੂਰਨ ਸ੍ਰੀ ਪਰਮੇਸਰ ਜੋ ਪੁਰਸ਼ੋਤਮ ਪਾਰ ਨਹੀਂ ਕਿਹ ਪਾਏ ।
ਪਾਤ, ਨ ਜਾਤ; ਨ ਮਾਤ, ਨ ਤਾਤ, ਨ ਭ੍ਰਾਤ, ਨ ਬੇਦ ਅਨੰਤ ਅਲਾਏ ।
ਸੋ ਕਰਤਾਰ ਧਰਾ ਅਵਤਾਰ ਧਰਾ ਪਹਿ ਨਾਨਕ ਰੂਪ ਸੁਹਾਏ ।੬੭।"

ਲਹਿਣਾ ਜੀ ਨੂੰ ਗੱਦੀ ਦੇਣ ਦਾ ਫ਼ੈਸਲਾ ਹੋ ਗਿਆ । ਮਹਾਰਾਜ ਨੇ ਧਰਮਸਾਲ ਵਿਚ ਸਾਰੇ ਸਿੱਖ ਤੇ ਦੋਵੇਂ ਸਾਹਿਬਜ਼ਾਦੇ ਬੁਲਾ ਲਏ ।

"ਲਹਿਣੇ ਕੋ ਕਰਣਾਯੁਤ ਹੇਰਾ ।
ਲਿਯ ਪੰਚ ਪੈਸੇ ਏਕ ਨਲਯੇਰਾ ।
ਕੀਨ ਪ੍ਰਦੱਛਨ ਤੀਨ ਚੁਫੇਰੈ ।

Digitized by Panjab Digital Library | www.panjabdigilib.org

ਕਰ ਤੇ ਧਰ ਕੈ ਭੇਟ ਅਗੇਰੈ ।੭੯।
ਹਾਥ ਜੋਰ ਕੈ ਸੀਸ ਨਿਵਾਯੋ।
ਲਹਿਣਾ ਪਿਖਤ ਰਹਯੋ ਬਿਸਮਾਯੋ ।......੮੦।"

ਫਿਰ ਮਹਾਰਾਜ ਨੇ ਕਿਹਾ,

"ਅੰਗਦ ਨਾਮ ਆਜ ਤੇ ਹੋਈ।
ਨਿਜ ਅੰਗਨ ਤੇ ਕੀਨੋ ਤੋਹੀ।......੮੪।"

ਮਹਾਰਾਜ ਦੇ ਹੁਕਮ ਨਾਲ ਬਾਕੀ ਸਾਰੇ ਸਿੱਖਾਂ ਨੇ ਗੁਰੂ ਅੰਗਦ ਜੀ ਨੂੰ ਮੱਥਾ ਟੇਕ ਦਿਤਾ, ਪਰ ਦੋਹਾਂ ਸਾਹਿਬਜ਼ਾਦਿਆਂ ਨਾ ਟੇਕਿਆ ।

"ਕਹਤ ਭਏ, ਇਹ ਦਾਸ ਤਿਹਾਰਾ।
ਹਮ ਸੁਤ, ਊਰਧ ਪਦ ਅਧਿਕਾਰਾ।
ਕੈਸੇ ਬਨੇ ਬੰਦਨਾ ਕਰਨੀ।
ਹਮ ਤੇ ਕਰੀ ਨ ਜਾਇ ਅਕਰਨੀ ।੯੦।"

ਇਹ ਕਹਿ ਕੇ ਦੋਵੇਂ ਸਾਹਿਬਜ਼ਾਦੇ ਉਠ ਕੇ ਘਰ ਨੂੰ ਚਲੇ ਗਏ ।

# ਤਿਰਵੰਜਵਾਂ ਧਯਾਇ

## ਸਿੱਖਾਂ ਨੂੰ ਉਪਦੇਸ਼

(ਲਉ ਜੀ, ਗ੍ਰੰਥ ਸੰਪੂਰਨ ਹੋਣ ਵਾਲਾ ਹੈ, ਤੇ ਕਵੀ ਜੀ ਨੂੰ ਫਿਰ ਸਰਸ੍ਵਤੀ ਦੇਵੀ ਯਾਦ ਆ ਗਈ ਹੈ ।)

"ਸ੍ਰੀ ਸਰਸ੍ਵਤੀ ਸਿਮਰਨੰ ਤੀਛਨ ਮਹਾਂ ਕੁਠਾਰ ।
ਬਿਘਨ ਬ੍ਰਿਛਨ ਕੇ ਬਿਪ੍ਰਨ ਕੋ ਕਰਤ ਸੰਘਾਰ ਸੁਧਾਰ ।੧।"

ਗੁਰੂ ਜੀ ਨੇ ਲਹਿਣਾ ਜੀ ਨੂੰ ਹੁਕਮ ਕੀਤਾ, ਕਿ ਹੁਣ ਤੁਸੀਂ ਖਡੂਰ ਜਾ ਰਹੋ। ਤੁਸਾਂ ਨਹੀਂ ਆਉਣਾ, ਹੁਣ ਅਸੀਂ ਤੁਹਾਡੇ ਕੋਲ ਆਵਾਂਗ ।

ਲਹਿਣਾ ਜੀ ਖਡੂਰ ਆ ਕੇ ਇਕਾਂਤ ਵਿਚ ਰਹਿਣ ਲੱਗੇ।

ਗੁਰੂ ਨਾਨਕ ਮਹਾਰਾਜ ਦੇ ਦਰਸ਼ਨਾਂ ਵਾਸਤੇ ਬਹੁਤ ਸਾਰੇ ਹਿੰਦੂ ਤੇ ਮੁਸਲਮਾਨ ਆਉਂਦੇ ਤੇ ਉਪਦੇਸ਼ ਸੁਣ ਕੇ ਨਿਹਾਲ ਹੁੰਦੇ ।

(ਇਸ ਧਯਾਇ ਵਿਚ ਬਾਲਪਨ, ਜਵਾਨੀ ਤੇ ਬੁਢਾਪੇ ਦਾ ਵਰਣਨ ਹੈ, ਇਕ ਦੋਹਾ ਬਹੁਤ ਸੁੰਦਰ ਹੈ ,)

"ਬਾਲ ਬੈਸ ਕੋ ਜੁਵਾ ਜਿਉਂ ਗ੍ਰਾਸ ਲੇਤ ਤਤਕਾਲ !
ਤੈਸੇ ਹੀ ਇਸ ਜੁਵਾ ਕੋ ਗ੍ਰਸ ਹੀ ਜਰਾ ਬਿਸਾਲ ।੪੯।"

ਸਾਰੇ ਕੁਕਰਮਾਂ ਤੋਂ ਬਚਣ ਦਾ ਰਸਤਾ ਸੰਗਤ ਦਾ ਮੇਲ ਹੈ।

"ਨਿਜ ਕਲਯਾਨ ਚਹਿਤ ਹੈ ਜੇਈ ।
ਸਤਿ ਸੰਗਤਿ ਮਹਿ ਮਿਲ ਹੈ ਤੇਈ।......੫੮ ।"

Digitized by Panjab Digital Library | www.panjabdigilib.org

# ਚੁਰੰਜਵਾਂ ਧਯਾਇ

## ਜੋਤੀ ਜੋਤਿ ਸਮਾਉਣ ਦੀ ਤਿਆਰੀ

ਮਹਾਰਾਜ ਨ ਇਕ ਦਿਨ ਕਮਲਾ ਨਾਮ ਦੇ ਸੇਵਕ ਨੂੰ ਮਹੀਂ ਵਾਸਤੇ ਘਾਹ ਲਿਆਉਣ ਵਾਸਤੇ ਭੇਜਿਆ। ਖੇਤਾਂ ਵਿਚ ਪੁੱਜਾ, ਤਾਂ ਕਮਲਾ ਨੇ ਤਿੰਨ 'ਸੰਤ' ਬੈਠੇ ਵੇਖੇ।

"ਤਿਹ ਛਿਨ ਆਇਸ ਕੋ ਧਰ ਬੇਸਾ।
ਆਏ ਤ੍ਰੈ ਬਿਧਿ ਸੰਭੁ ਸੁਰੇਸਾ।..... ੭।"

(ਸੰਭ ਜਾਂ ਸੰਭੁ, ਸੰਸਕ੍ਰਿਤ ਸ਼ਬਦ 'ਸ੍ਵਯੰਭਵ' ਦਾ ਸੰਖੇਪ ਰੂਪ ਹੈ। ਅਰਥ ਹੈ, ਜਿਸ ਦੀ ਹੋਂਦ ਕਲਿਆਣ ਵਾਸਤੇ ਹੈ, ਭਾਵ ਈਸ਼ਵਰ। ਬ੍ਰਹਿਮਣੀ ਮੱਤ ਅਨੁਸਾਰ ਬ੍ਰਹਮਾ, ਵਿਸ਼ਨੂ, ਸ਼ਿਵ ਵਾਸਤੇ ਇਹ ਸ਼ਬਦ ਵਰਤਿਆ ਜਾਂਦਾ ਹੈ।)

ਉਹਨਾਂ ਸੰਤਾਂ ਨੇ ਕਮਲੇ ਨੂੰ ਕਿਹਾ, ਕਿ ਆਹ 'ਬਿਭੂਤੀ' ਲੈ ਜਾਹ ਸ੍ਰੀ ਨਾਨਕ ਪਾਸ, ਤੇ ਜੋ ਉਹ ਉਤਰ ਦੇਣ ਸਾਨੂੰ ਆ ਦਸਣਾ।

ਕਮਲੇ ਨੇ ਕਿਹਾ, ਜੀ ਮੈਂ ਘਾਹ ਲੈ ਕੇ ਜਾਵਾਂਗਾ। ਉਹਨਾਂ ਸੰਤਾ ਨੇ ਓਸੇ ਵੇਲੇ (ਕਰਾਮਾਤ ਨਾਲ) ਘਾਹ ਦੀ ਪੰਡ ਬੰਨ੍ਹ ਕੇ ਉਸਨੂੰ ਚੁਕਾ ਦਿਤੀ।

ਕਮਲੇ ਨੇ ਜਾ ਕੇ ਉਹ ਬਿਭੂਤ ਮਹਾਰਾਜ ਦੇ ਹਵਾਲੇ ਕਰ ਦਿਤੀ, ਤੇ ਜੋਗੀਆਂ ਦਾ ਸੁਨੇਹਾ ਦੇ ਦਿਤਾ।

ਸਧਾਰਣ ਨੂੰ ਨਾਲ ਲੈ ਕੇ ਗੁਰੂ ਜੀ ਉਸ ਥਾਂ 'ਤੇ ਜਾ ਪਹੁੰਚੇ। ਸਧਾਰਣ ਨੂੰ ਜ਼ਰਾ ਦੂਰ ਬਿਠਾ ਕੇ ਗੁਰੂ ਜੀ ਉਹਨਾਂ ਸੰਤਾਂ ਨੂੰ ਜਾ ਮਿਲੇ। ਉਹਨਾਂ ਸੰਤਾਂ (ਤਿੰਨਾ ਦੇਵਤਿਆਂ) ਨੇ ਪਹਿਲਾਂ ਤਾਂ ਗੁਰੂ ਮਹਾਰਾਜ ਦੀ ਬੜੀ ਉਸਤਤ ਕੀਤੀ। ਫਿਰ ਬ੍ਰਹਮਾ ਨੇ ਕਿਹਾ, ਹੁਣ ਆਪ ਸਚਖੰਡ ਚੱਲੋ।

ਉਹਨਾਂ ਤੋਂ ਵਿਦਿਆ ਹੋ ਕੇ ਮਹਾਰਾਜ ਸਧਾਰਣ ਪਾਸ ਆ ਗਏ। ਕੁਛ ਦਿਨ ਬੀਤਣ ਪਿਛੋਂ ਗੁਰੂ ਜੀ ਨੇ ਕਿਹਾ,

"ਆਜ ਸਮਾਵਨ ਭਯਾ ਸੁਭਾਏ।
ਆਨਹੁ ਸੌਜ੦ ਬਿਲੰਭ ਗਵਾਇ।੬੪।"

ਗੁਰੂ ਜੀ ਨੇ ਸਧਾਰਣ ਨੂੰ ਭੇਜਿਆ, ਕਿ ਸਿਰੀ ਚੰਦ ਤੇ ਲਖਮੀ ਦਾਸ ਨੂੰ ਬੁਲਾ ਲਿਆਉ।

ਸਧਾਰਣ ਨੇ ਜਾ ਕੇ ਕਿਹਾ, ਪਰ ਸਿਰੀਚੰਦ ਤੇ ਲਖਮੀਦਾਸ ਨੂੰ ਇਸ ਗੱਲ 'ਤੇ ਯਕੀਨ ਨਾ ਆਇਆ।

"ਰਿਦੇ ਅਸਰਧਾ ਜਿਨ ਕੇ ਭਾਰੀ।
ਇਸ ਪ੍ਰਕਾਰ ਮੁਖ ਗਿਰਾ ਉਚਾਰੀ।

---

੦ ਸਾਮਗਰੀ।

Digitized by Panjab Digital Library | www.panjabdigilib.org

ਕੈਸੇ ਹੋਤ ਅਚਾਨਕ ਐਸੇ ।
ਸੁਖ ਅਨੰਦ ਮੈ ਬੈਸੇ ਜੈਸੇ ।੭੯।"

ਗੁਰੂ ਜੀ ਨੇ ਤਿਆਰੀ ਕਰ ਲਈ ।

"ਤਬੈ ਸਥਲ ਲਿਪਵਾਇ ਕੈ ਬਹੁਰੋ ਕੁਸਾ ਡਸਾਇ ।
ਜੈ ਜੈ ਕਾਰ ਚੁਫੇਰ ਹ੍ਵੈ ਕਹੈ ਧੰਨ ਬਿਸਮਾਇ ।੮੨।"

ਖ਼ਬਰ ਸੁਣ ਕੇ ਸੁਲੱਖਣੀ ਜੀ ਨੇ ਆ ਨਮਸਕਾਰ ਕੀਤੀ । ਗੁਰੂ ਜੀ ਨੇ ਕਿਹਾ,

"ਜੋ ਤੁਝ ਉਰ ਅਭਿਲਾਖ ਹੈ, ਕਰ ਲੀਜੇ ਸੋ ਬਾਤ ।
ਮਿਲ ਕਰ ਹੌ ਬੋਲੇ ਨਹੀਂ ਬਹੁਰ ਨ ਕਹਿ ਪਸਚਾਤ ।੮੬।"

ਸੁਲੱਖਣੀ ਜੀ ਨੇ ਬੇਨਤੀ ਕੀਤੀ, ਸਭ ਕੁਛ ਤੁਹਾਡੇ ਹੱਥ ਵੱਸ ਹੈ । ਭਲਕੇ ਅੱਠਵੀਂ ਨੂੰ ਹਜ਼ੂਰ ਦੇ ਪਿਤਾ ਦਾ ਸਰਾਧ ਹੈ । ਜੇ ਆਪ ਸਰਾਧ ਕਰਕੇ ਜਾਂਦੇ ਤਾਂ ।

ਹਜ਼ੂਰ ਨੇ ਕਿਹਾ, ਬਹੁਤ ਹੱਛਾ । ਅਸੀਂ ਦੋ ਦਿਨ ਹੋਰ ਠਹਿਰ ਜਾਂਦੇ ਹਾਂ । ਹੁਣ ਦਸਵੀਂ ਨੂੰ ਜਾਵਾਂਗੇ ।

"ਦਸਵੀਂ ਕੇ ਦਿਨ ਹੋਇ ਤਯਾਰੀ ।
ਰਾਖਹੁ ਸੌਜ ਉਠਾਵਹੁ ਸਾਰੀ ।......੯੨।"

# ਪਚਵੰਜਵਾਂ ਧਯਾਇ

## ਜੋਤੀ ਜੋਤਿ ਸਮਾਉਣ ਦੀ ਤਿਆਰੀ

ਅੱਠਵੀਂ ਨੂੰ ਧਰਮਸਾਲ ਚੋਂ ਉਠ ਕੇ ਗੁਰੂ ਜੀ ਸੁਲੱਖਣੀ ਜੀ ਦੇ ਘਰ ਗਏ, ਤੇ ਪਿਤਾ ਦਾ ਸਰਾਧ ਕੀਤਾ ।

"ਹੁਤੀ ਸਰਾਧ ਕੀ ਬਿਧਿ ਜੋ ਸਾਰੀ ।
ਭਲੀ ਪ੍ਰਕਾਰ ਕੀਨ ਅਘਹਾਰੀ ।੭।"

ਲੰਗਰ ਦੀ ਪੰਗਤ ਬਾਰੇ,

"ਚਾਰ ਬਰਨ ਹਿੰਦੂ ਤਿਹ ਥਾਂਈ ।
ਭਿੰਨ ਭਿੰਨ ਸਭ ਦੀਨ ਬਿਠਾਈ ।......।"

(ਮਰਯਾਦਾ ਅਨੁਸਾਰ ਪਿਤਾ ਦਾ ਸਰਾਧ ਕਰਨਾ, ਤੇ ਫਿਰ ਚੌਹਾਂ ਵਰਣਾਂ ਨੂੰ ਪੰਗਤ ਵਿਚ ਵੱਖ ਵੱਖ ਬਿਠਾਉਣਾ, ਬ੍ਰਹਿਮਣੀ ਖ਼ਿਆਲ ਹੈ ।)

ਨੌਮੀ ਵਾਲੇ ਦਿਨ ਤੇਤੀ ਕਰੋੜ ਦੇਵਤੇ ਤੇ ਚਾਰੇ ਵੇਦ ਮਨੁਖੀ ਰੂਪ ਧਾਰਕੇ ਗੁਰੂ ਜੀ ਦਾ ਦਰਸ਼ਨ ਕਰਨ ਆਏ । ਉਹਨਾਂ ਗੁਰੂ ਜੀ ਦੀ ਬਹੁਤ ਉਸਤਤ ਕੀਤੀ ।

ਅਗਲੇ ਦਿਨ ਮਹਾਰਾਜ ਨੇ ਤਿਆਰੀ ਕਰ ਲਈ । ਹੁਕਮ ਕੀਤਾ,

"ਜਿਤੇ ਬੇਦ ਪਾਠੀ ਦਿਜ ਅਹਿ ਹੀ ।
ਕਰਹਿ ਬੇਦ ਧੁਨ ਬਿਲਮ ਨ ਗਹਿ ਹੀ ।

Digitized by Panjab Digital Library | www.panjabdigilib.org

ਸਰਬ ਜਿ ਨਰ ਸਤਿਨਾਮ ਉਚਾਰਹੁ ।
ਜਨਮ ਜਨਮ ਕੇ ਕਿਲਬਿਖ ਟਾਰਹੁ ।੫੦।"

ਖ਼ਬਰ ਸੁਣ ਕੇ ਸੁਲੱਖਣੀ ਜੀ ਨੇ ਆ ਕੇ ਤਿੰਨ ਪਰਦਖਣਾ ਕੀਤੀਆਂ । ਮਹਾਰਾਜ ਨੇ ਸਿਰੀਚੰਦ, ਲਖਮੀਦਾਸ ਨੂੰ ਬੁਲਾਉਣ ਵਾਸਤੇ ਸਿੱਖ ਭੇਜਿਆ । ਦੋਹਾਂ ਨੇ ਉਤਰ ਦਿਤਾ,

"ਬਦਨ ਬਿਹਸ ਕੈ ਬਚ ਕਹੈ, ਦਿਵਸ ਸੱਤਮੀ ਜੇਸ ।
ਹਮਹਿ ਬੁਲਾਵਤ ਹੈ ਅਬੈ, ਆਜ ਸਮਾਵਹਿ ਤੈਸ ।੫੫।"

(ਦੋਹਾਂ ਨੇ ਵਿਅੰਗ ਨਾਲ ਕਿਹਾ, ਜਿਵੇਂ ਸੱਤਵੀਂ ਨੂੰ ਸਮਾ ਗਏ ਸਨ, ਓਸੇ ਤਰ੍ਹਾਂ ਅੱਜ ਸਮਾ ਜਾਣਗੇ ।

ਦੋਵੇਂ ਸਾਹਿਬਜ਼ਾਦੇ ਨਹੀਂ ਆਏ ।

# ਛਪੰਜਵਾਂ ਧਯਾਇ

## ਜੋਤਿ ਵਿਚ ਜੋਤਿ ਸਮਾਏ

ਸਭ ਸੰਗਤਾਂ ਨੂੰ ਉਪਦੇਸ਼ ਕਰਕੇ ਮਹਾਰਾਜ ਸਮਾਉਣ ਲੱਗੇ । ਮਾਤਾ ਸੁਲੱਖਣੀ ਜੀ ਨੇ ਫਿਰ ਪੁੱਤਰਾਂ ਨੂੰ ਬੁਲਾਇਆ । ਓਧਰ ਮਹਾਰਾਜ ਚਾਦਰ ਤਾਣ ਕੇ ਲੇਟ ਗਏ । ਸਾਹਿਬਜ਼ਾਦਿਆਂ ਦੇ ਆਉਣ ਤਕ ਮਹਾਰਾਜ ਸਮਾ ਗਏ ਸਨ ।

ਉਸ ਸਮੇਂ ਸਭ ਦੇਵਤੇ, ਰਿਖੀ, ਮੁਨੀ, ਭਗਤ ਦਰਸ਼ਨ ਹਿਤ ਆਏ । ਇਕ ਸੁੰਦਰ ਵਿਮਾਣ ਵੀ ਆਇਆ ।

"ਇਕ ਬਿਵਾਨ ਮਨਹਰ ਮਹਾਂ ਪੁੰਜ ਮਣੀ ਜਿਸ ਮਾਹਿ ।
ਅਤਿ ਪ੍ਰਕਾਸ਼ ਸੰਯੁਕਤਿ ਸੋਂ ਕੌਨ ਕਹੈ ਛਬਿ ਤਾਹਿ ।੪੮।"

ਏਥੇ ਕਵੀ ਜੀ ਗੁਰੂ ਜੀ ਦੇ ਸੂਖਮ ਸਰੂਪ ਦਾ ਵਰਨਣ ਕਰਦੇ ਹਨ, ਜੇਹੋ ਜਿਹਾ ਹਿੰਦੂ ਮੱਤ ਦੇ ਗ੍ਰੰਥਾਂ ਵਿਚ ਈਸ਼ਵਰ ਦਾ ਸਰੂਪ ਚਿਤਵਿਆ ਹੈ ।

# ਸਤਵੰਜਵਾਂ ਧਯਾਇ

## ਸੱਚ ਖੰਡ ਪਧਾਰੇ

ਦੋਹਾਂ ਸਾਹਿਬਜ਼ਾਦਿਆਂ ਨੇ ਬੇਨਤੀ ਕੀਤੀ,

"ਜੁਨਕੈ ਬਿਨੈ ਪ੍ਰਸੀਦਹੁ ਤਾਤਾ ।
ਛਿਮਾ ਕਰਹੁ ਭੂਲੇ ਪਸਚਾਤਾ ।
ਤੁਮ ਕੋ ਸਿਰੀ ਕਰਤਾਰ ਦੁਹਾਈ ।
ਬੋਲੇ ਮਿਲੇ ਬਿਨਾਂ ਜੇ ਜਾਈ ।੬।

Digitized by Panjab Digital Library | www.panjabdigilib.org

ਪੂਰਬ ਜਿਉ ਦ੍ਵੈ ਘਟਕਾ ਔਰੀ ।
ਹਮ ਸੇ ਬੋਲਹੁ ਮਿਲਹੁ ਬਹੋਰੀ ।੭।
ਤਾਤਨ ਸੋ ਬੋਲਨ ਕੇ ਕਾਰਨ ।
ਉਠ ਬੈਠੇ ਤਬ ਨਰਕ ਨਿਵਾਰਨ ।੮।"

ਗੁਰੂ ਜੀ ਨੇ ਕਿਹਾ

"ਜਾਚਤ ਜੋ ਜੀਵਨ ਬਹੁ ਮੇਰਾ ।
ਸੋ ਪਾਵਤ ਅਬ ਹੁਤੀ ਨ ਦੇਰਾ ।੧੧।
ਦ੍ਵੈ ਘਟਿਕਾ ਜਾਚੀ ਤੁਮ ਜੋਈ ।
ਨਹਿ ਅਧੀਨ ਤੁਮਰੇ ਕਛ ਸੋਈ ।......੧੨।
ਅਬ ਜੋ ਹੈ ਤੁਮਰੇ ਮਨ ਮਾਂਹੀ ।
ਕਹਉ ਪ੍ਰਤੱਖ ਹਮਾਰੇ ਪਾਹੀ ।
ਪੂਰਬ ਰਹੇ ਬੁਲਾਇ ਨ ਆਏ ।
ਕਰੀ ਬਾਤ ਆਪਨ ਮਨ ਭਾਏ ।੧੩।
ਤਿਹ ਛਿਨ ਸਿਰੀ ਚੰਦ ਕਰ ਬੰਦੇ।
ਬੋਲਯੋ ਬਚਨ, ਸੁਨਹੁ ਸੁਖ ਕੰਦੇ ।
ਤੁਮ ਅੰਤਰਜਾਮੀ ਸਭ ਜਾਨਹੁ ।
ਬਿਨਾਂ ਕਹੇ ਤੇ ਭੇਵ ਪਛਾਨਹੁ ।੧੪।
ਪੂਛਹੁ ਤਦਯਪ ਕਰਹੁ ਬਿਚਾਰੀ ।
ਪਿਤਾ ਵਸਤ ਕੇ ਸੁਤ ਅਧਿਕਾਰੀ ।
ਹਮ ਕੋ ਛੂਛਾ ਛੋਰ ਪਯਾਨੇ ।
ਥਾਪਯੋ ਲਹਿਣਾ ਅਪਰ ਸਥਾਨੇ ।੧੫।
ਕਲਾ ਬਿਸਾਲਹਿ ਤੇ ਤਜ ਖਾਲੀ ।
ਕਰੀ ਆਪ ਅਸਮੰਜਸ ਚਾਲੀ ।
ਦਈ ਅਪਰ ਕੋ ਸਰਬ ਬਡਾਈ ।
ਤੁਮਰੇ ਸੁਤ ਕਿਆ ਜਗ ਮਹਿ ਪਾਈ ।੧੬।"

ਉਤਰ ਵਿਚ ਗੁਰੂ ਜੀ ਨੇ ਸਬਦ ਉਚਾਰਿਆ,

"ਲਖ ਨੇਕੀਆ ਚੰਗਿਆਈਆ ਲਖ ਪੁੰਨਾ ਪਰਵਾਣੁ ।......"

(ਆਸਾ ਮ. ੧, ਪੰਨਾ ੪੬੭)

ਸਿਰੀ ਚੰਦ ਨੇ ਹਉਕਾ ਭਰ ਕੇ ਕਿਹਾ;

'ਜਗ ਮਹਿ ਮਨਤਾ ਹ੍ਵੈ ਨ ਹਮਾਰੀ ।
ਕੋਇ ਨ ਦੇਵਹਿ ਭੇਟ ਅਗਾਰੀ ।......੨੧।"

Digitized by Panjab Digital Library | www.panjabdigilib.org

ਗੁਰੂ ਜੀ ਨੇ ਉਤਰ ਦਿਤਾ,

"ਗੁਰੂ ਪੀਰ ਕੇ ਜੇ ਹੈ ਸੁਆਨਾ।
ਤਿਨ ਕੋ ਮਾਨਹਿ ਜਗਤ ਮਹਾਨਾ।
ਤੁਮ ਤੇ ਤਾਤ ਭਏ ਮੁਝ ਤਨ ਤੇ।
ਭੇਟਾ ਕਿਉਂ ਨ ਦੇਹਿ ਹਿਤ ਮਨ ਤੇ।੨੩।"

ਫਿਰ ਬੁੱਢਾ ਜੀ ਦੇ ਕਹਿਣ ਉਤੇ ਗੁਰੂ ਜੀ ਨੇ 'ਸਤਿਨਾਮ ਸ੍ਰੀ ਵਾਹਿਗੁਰੂ' ਦੇ ਅਰਥ ਸਮਝਾਏ।

(ਗੋ=ਹਨੇਰਾ, ਅਗਿਆਨ। ਰੂ=ਰੌਸ਼ਨੀ, ਪ੍ਰਕਾਸ਼, ਗਿਆਨ। ਵਾਹ=ਅਸਚਰਜ। ਉਸ ਗਿਆਨ ਦਾਤਾ=ਈਸ਼ਵਰ ਦੀ ਕੁਦਰਤ ਨੂੰ ਵੇਖ ਕੇ, ਅਸਚਰਜ ਹੋ ਕੇ ਕਹਿਣਾ, ਵਾਹਗੁਰੂ।)

ਏਥੇ ਕਵੀ ਜੀ ਨੇ ਇਸ ਬਾਰੇ ਅੱਠ ਸਵੱਯੇ ਲਿਖੇ ਹਨ।

ਉਦਾਲੇ ਕਨਾਤ ਖਲੀ ਕਰਾ ਕੇ ਵਿਚ ਗੁਰੂ ਜੀ ਸਫ਼ੈਦ ਬਸਤਰ ਪਹਿਨ ਕੇ ਲੇਟ ਗਏ।

ਏਨੇ ਤਕ ਗੁਰੂ ਜੀ ਦੇ ਮੁਰੀਦ ਕੁਛ ਪਠਾਣ ਵੀ ਆ ਗਏ। ਉਹਨਾਂ ਹਠ ਕੀਤਾ, ਕਿ ਅਸਾਂ ਆਪਣੇ ਪੀਰ ਦੇ ਦਰਸ਼ਨ ਕਰਨੇ ਹਨ। ਇਸ 'ਤੇ ਬਾਹਰ ਝਗੜਾ ਹੋ ਗਿਆ।

ਇਸ ਸਮੇਂ ਗੁਰੂ ਜੀ ਬਿਬਾਣ 'ਤੇ ਚੜ੍ਹ ਕੇ ਸੱਚਖੰਡ ਚਲੇ ਗਏ।

ਪਿਛੋਂ ਹਿੰਦੂ ਤੇ ਪਠਾਣ ਲੜਨ ਵਾਸਤੇ ਤਿਆਰ ਹੋ ਪਏ। ਕੁਛ ਨਿਕਟ ਵਰਤੀ ਸਿੱਖਾਂ ਨੇ ਕਿਹਾ, 'ਝਗੜੋ ਨਾ। ਆਪਾਂ ਗੁਰੂ ਮਹਾਰਾਜ ਤੋਂ ਪੁੱਛ ਲੈਂਦੇ ਹਾਂ।'

ਉਹਨਾਂ ਅੰਦਰ ਜਾ ਕੇ ਵੇਖਿਆ, ਤਾਂ ਕੇਵਲ ਬਸਤਰ ਪਿਆ ਸੀ, ਸਰੀਰ ਹੈ ਨਹੀਂ ਸੀ। ਸਿੱਖਾਂ ਕਨਾਤ ਉਤਾਰ ਦਿਤੀ। ਸਭ ਲੋਕ ਵੇਖ ਕੇ ਹੈਰਾਨ ਹੋ ਗਏ।

ਅੰਤ ਦੋਹਾਂ ਧਿਰਾਂ ਨੇ ਉਹ ਚਾਦਰ ਅੱਧੋ ਅੱਧ ਕਰ ਲਈ। ਹਿੰਦੂਆਂ ਨੇ ਉਸ ਦਾ ਦਾਹ ਸੰਸਕਾਰ ਕਰ ਦਿਤਾ, ਤੇ ਮੁਸਲਮਾਨਾਂ ਨੇ ਦਫ਼ਨਾ ਦਿਤਾ।

(ਕਵੀ ਦਾ ਭਾਵ ਹੈ, ਕਿ ਗੁਰੂ ਜੀ ਸਣ-ਦੇਹ ਸੱਚਖੰਡ ਚਲੇ ਗਏ। ਹਿੰਦੂ ਮੱਤ ਦਾ ਅਸਰ। ਗੁਰੂ ਜੀ ਕਿਤੇ ਵੱਖਰਾ ਸੱਚਖੰਡ ਨਹੀਂ ਮੰਨਦੇ। ਸੁਰਗ, ਬਹਿਸ਼ਤ, ਸੱਚਖੰਡ, ਸੁਰ ਲੋਕ, ਸਭ ਮਨੁੱਖ ਦੀ ਕਲਪਣਾ ਹੈ।)

"ਸੰਮਤ ਸੱਤਰ ਪਛਾਨ, ਪੰਚ ਮਾਸ ਬੀਤੇ ਬਹੁਰ।
ਸਪਤ ਦਿਨਨ ਪਰਮਾਨ, ਪਤਿਸ਼ਾਹੀ ਸ੍ਰੀ ਪ੍ਰਭ ਕਰੀ।੯੦।
ਸੰਮਤ ਪੰਦਰਾਂ ਸੈ ਲਖੋ, ਅਧਕ ਛਿਆਨਵਾ ਜਾਨ।
ਅੱਸੂ ਜੁ ਵਦੀ ਦਸਮੀ ਬਿਖੇ, ਸੱਚ ਖੰਡ ਪ੍ਰਸਥਾਨ।੯੧।"

Digitized by Panjab Digital Library | www.panjabdigilib.org

(ਕਵੀ ਜੀ, ਮਹਾਰਾਜ ਦੀ ਕੁੱਲ ਉਮਰ ਮੰਨਦੇ ਹਨ ਸੱਤਰ ਸਾਲ, ਪੰਜ ਮਹੀਨੇ ਤੇ ਸੱਤ ਦਿਨ। ਤੇ ਜੋਤੀ ਜੋਤ ਸਮਾਉਣ ਦੀ ਤਾਰੀਖ਼, ਅੱਸੂ ਵਦੀ ਦਸਵੀਂ, ੧੫੯੬ ਬਿ: ਇਸ ਹਿਸਾਬ ਨਾਲ ਗੁਰਦੇਵ ਦਾ ਪਰਗਟ ਹੋਣਾ ਵਿਸਾਖ ਵਿਚ ਬਣਦਾ ਹੈ, ਕੱਤਕ ਵਿਚ ਨਹੀਂ।)

(ਇਤਨਾ ਵੱਡਾ ਗ੍ਰੰਥ ਲਿਖ ਕੇ ਵੀ ਕਵੀ ਜੀ ਨਿਰਮਾਣਤਾ ਸਹਿਤ ਲਿਖਦੇ ਹਨ।)

"ਸ੍ਰੀ ਗੁਰ ਕਥਾ ਕਹੀ ਕਛ ਥੋਰੀ।
ਸਰਬ ਕਹਿਨ ਕੀ ਸਕਤ ਨ ਮੋਰੀ।
ਅਹੈ ਜਥਾ ਮਤ, ਤਥਾ ਸੁ ਬਰਨੀ।
ਸ੍ਰੋਤਨ ਕੇਰ ਬਿਕਾਰਨ ਹਰਨੀ।੯੨।"

(ਆਪਣੀ ਸ਼ਰਧਾ ਪਰਗਟ ਕਰਦੇ ਹਨ।)

"ਗੁਰਸਿੱਖੀ ਜਾਚਉਂ ਹਉਂ ਦਾਨਾ।
ਜਿਸ ਤੇ ਹੋਇ ਪਰਮ ਕਲਯਾਨਾ।੧੦੯।"

(ਗ੍ਰੰਥ ਸੰਪੂਰਨ ਹੋਣ ਦੀ ਤਾਰੀਖ਼।)

"ਏਕ ਅੰਕ ਅਰ ਅਸ਼ਟ ਕਰ, ਬਹੁਰ ਅਸ਼ਟ ਪਰ ਸੂਨ।
ਕਾਤਕ ਪੂਰਨਮਾ ਬਿਖੇ, ਭਯੋ ਗ੍ਰੰਥ ਬਿਨ ਊਨ।੧੧੦।"

(ਭਾਵ, ਕੱਤਕ ਪੂਰਨਮਾਸ਼ੀ, ੧੮੮੦ ਬਿ:।)

(ਕਵੀ ਵੱਲੋਂ ਅੰਤਮ ਅਰਦਾਸ।)

"ਸਭੈ ਗੁਣ ਊਰ, ਭਰਪੂਰ ਹੋਯੋ ਔਗਨਨ,
ਕਾਮ, ਕ੍ਰੋਧ, ਕੂਰ ਹੂੰ ਕੀ ਬ੍ਰਿਧਤਾ ਫਰਦ ਕੀ।
ਹੋਯੋ ਮਨ ਚੂਰ ਚੂਰ, ਰਹੀ ਮਤ ਝੂਰ ਝੂਰ,
ਦੇਖ ਰਹਯੋ ਦੂਰ ਦੂਰ, ਦਾਰੂ ਨ ਦਰਦ ਕੀ।
ਮਿਲੇ ਗੁਰ ਪੂਰਨ, ਸੰਤੋਖ ਸਿੰਘ ਤੂਰਨ, ਸੋ
ਲਖ ਦੁਖ ਭੂਰ, ਗਤਿ ਏਕਲੀ ਨਰਦ ਕੀ।
ਨਾਮ ਹੈ ਸ਼ਰਨ ਸੂਰ, ਪਾਵਨ ਪਤਿਤ ਰੂਰ,
ਰਾਖ ਹੈ ਜ਼ਰੂਰ ਲਾਜ ਆਪਨੇ ਬਿਰਦ ਕੀ।੧੧੨"

# ਨਾਨਕ ਪ੍ਰਕਾਸ਼ ਸਮਾਪਤ

ਨੋਟ—ਚੌਥੇ ਭਾਗ ਵਿਚ 'ਗੁਰ ਪ੍ਰਤਾਪ ਸੂਰਜ' ਦੀਆਂ ਬਾਰਾਂ ਰਾਸਾਂ ਹੋਣਗੀਆਂ, ਅਤੇ ਪੰਜਵੇਂ ਭਾਗ ਵਿਚ ਛੇ ਰੁੱਤਾਂ ਤੇ ਦੋ ਐਨ।

Digitized by Panjab Digital Library | www.panjabdigilib.org

# ਸ਼ਬਦਾਰਥ

## ਅੱਖਰ ਕਰਮ ਅਨੁਸਾਰ

ਉਡ—ਤਾਰੇ ।
ਉਡਗਣ—ਤਾਰੇ ।
ਉਡਿੰਦ—ਤਾਰਿਆਂ ਦਾ ਬਾਦਸ਼ਾਹ, ਚੰਦ । (ਇੰਦਰ)
ਉਤੰਗ—ਉਤੰਗਾ, ਵਧਾਉਣਾ ।
ਓਦੋਤ—ਪਰਗਟ (ਕਰਨਾ ਜਾਂ ਹੋਣਾ)
ਉਦਧ—ਸਮੁੰਦਰ ।
ਉਦਰ—ਪੇਟ ।
ਉਭੈ—ਦੋ ।
ਉਮਾ—ਪਾਰਬਤੀ ।
ਉਰ—ਹਿਰਦਾ ।
ਉਰਜ ਮਾਸ—ਕੱਤਕ ।
ਊਖ—ਗੰਨਾ, ਕਮਾਦ ।
ਊਰਧ—ਉਪਰ, ਉੱਚਾ ।
ਓਜ—ਬਲ, ਸ਼ਕਤੀ ।
ਅਸਨ—ਖ਼ੁਰਾਕ ।
ਅਹਿ—ਸੱਪ ।
ਅਹਿਨਿਸ—ਦਿਨ ਰਾਤ ।
ਅਖੈ—ਖੈ ਨਾ ਹੋਣ ਵਾਲਾ । ਸਦਾ ਥਿਰ ਰਹਿਣ ਵਾਲਾ ।
ਅਘ—ਪਾਪ ।
ਅਚਵਣਾ—ਖਾਣਾ ।
ਅਪਰ—ਹੋਰ, ਦੂਸਰਾ ।
ਅਪੂਰਬ—ਜਿਸ ਵਰਗਾ ਪਹਿਲਾਂ ਨਾ ਹੋਇਆ ਹੋਵੇ ।
ਅਭਿਰਾਮ—ਸੁੰਦਰ ।
ਅਰਨ—ਲਾਲ ਰੰਗ ।
ਅਲਪ—ਛੋਟਾ, ਥੋੜਾ ।
ਅਵਾਸ—ਘਰ । ਰਹਿਣ ਦੀ ਥਾਂ ।
ਅਵਨੀਸੰ—ਰਾਜਾ ।
ਅਨੰਦ ਕੰਦ—ਅਨੰਦ ਦੇਣ ਵਾਲਾ ।
ਅਵਲੰਬ—ਸਹਾਰਾ, ਆਸਰਾ ।
ਆਇਸ—ਅੱਗਿਆ, ਹੁਕਮ ।
ਆਸਾ—ਅਸੱ, ਸੋਟੀ ।
ਆਸਿਖਾ—ਅਸੀਸ ।
ਆਤਮ ਭੂ—ਬ੍ਰਹਮਾ ।
ਆਨ—ਆਨਾ, ਦੂਸਰਾ, ਹੋਰ ।
ਆਬ—ਪਾਣੀ ।
ਆਮਿਖ—ਮਾਸ ।
ਆਯੁਧ—ਸ਼ਸਤਰ ।
ਆਰਨ—ਲਾਲ ਰੰਗ ।
ਐਨ—ਘਰ ।
ਅੰ—ਬ੍ਰਹਮ, ਈਸ਼ਵਰ ।
ਅੰਗਨਾ—ਇਸਤਰੀ ।
ਅੰਤ ਪ੍ਰਯੰਤ—ਅੰਤ ਸਮੇਂ ਤਕ ।
ਅੰਬਰ—ਕੱਪੜਾ, ਬਸਤਰ ।
ਸਸਾ—ਸਹਿਆ ।
ਸਸਿ—ਚੰਦ ।
ਸਹਿਸ—ਸੌ ।
ਸਹੰਸਰ—ਹਜ਼ਾਰ ।

Digitized by Panjab Digital Library | www.panjabdigilib.org

ਸਕ੍ਰ—ਸ+ਕਰ, ਸੁੰਦਰ ਜਾਂ ਸਫਲ ਹੱਥਾਂ ਵਾਲਾ।
ਸਚਿਵ—ਮੰਤਰੀ।
ਸਠ—ਮੂਰਖ, ਦੁਸ਼ਟ।
ਸਤ—ਸੌ।
ਸਤੇਈ—ਚੋਰੀ।
ਸਦਨ—ਘਰ।
ਸਬਯਾਨਾ, ਚਾਦਰ।
ਸਰਖਪ—ਸਰ੍ਹੋਂ, ਸਰਸੋਂ।
ਸਰਤਾ—ਨਦੀ।
ਸਰਬਦਾ—ਸਦਾ।
ਸਵਿਤਾ ਸੂਰਜ।
ਸਾਸਨ—ਸਜ਼ਾ, ਡੰਡ।
ਸਾਦਰ—ਆਦਰ ਸਹਿਤ।
ਸਿਸ—ਬਾਲਕ, ਚੇਲਾ।
ਸਿਵਕਾ—ਪਾਲਕੀ।
ਸੁਠ—ਸੁੰਦਰ, ਉੱਤਮ।
ਸੁਤ—ਪੁੱਤਰ।
ਸੁਤਾ—ਪੁੱਤਰੀ।
ਸੁਰ ਦੇਵਤਾ।
ਸੁਰਾ—ਸ਼ਰਾਬ।
ਸੁਰਸਰੀ—ਗੰਗਾ।
ਸੁਰਨ—ਦੇਵਤੇ। ਸੁਰ ਦਾ ਬਹੁਵਚਨ।
ਸੁਰਭੀ—ਗਊ।
ਸੂਕਰ ਸੂਰ।
ਸੇਤ ਪੁਲ।
ਸੋਕੂ—ਸ਼ੋਕ, ਗ਼ਮ।
ਸ੍ਰੋਣਤ—ਲਹੂ।
ਸ੍ਰੋਨ—ਕੰਨ।
ਸੋਚ—ਇਸ਼ਨਾਨ।
ਸੌਜ ਸਾਮੱਗਰੀ।
ਸੰਗਰਾਮ—ਯੁੱਧ।
ਸ੍ਰਿੰਗ—ਸਿੰਙ, ਚੋਟੀ।
ਹਰਖ—ਖ਼ੁਸ਼ੀ।
ਹਿਮ—ਬਰਫ਼, ਸਰਦੀ।
ਹਿਮ ਰੁੱਤ—ਸਰਦੀ ਦੀ ਰੁੱਤ।
ਹੇਮ—ਸੋਨਾ।
ਹੇਰ—ਵੇਖਣਾ।
ਕਚਕੌਲ—ਕਾਸਾ, ਕਟੋਰਾ।
ਕਟਿ—ਲੱਕ, ਕਮਰ।
ਕਪੋਲ—ਗੱਲ੍ਹ, ਚੇਹਰਾ।
ਕਪਾਲੀ—ਖੱਪਰ।
ਕਰਨ—ਕੰਨ।
ਕਰਾਲਾ—ਬਿਕਰਾਲ, ਡਰਾਉਣਾ।
ਕਲਿਮਲ—ਪਾਪ।
ਕਾਰਖਕ—ਰੁਪੈ।
ਕਾਂਖ—ਬਗਲ, ਕੱਛ।
ਕਿੰਕਰ—ਦਾਸ।
ਕ੍ਰਿਖੀ—ਖੇਤੀ।
ਕਿਦਾਰ—ਖੇਤ।
ਕੁਤਕਾ—ਸੋਟਾ, ਡੰਡਾ।
ਕੂਪ—ਖੂਹ।
ਕੇਹਰ—ਸ਼ੇਰ।
ਕੌਸ—ਖੜਾਉਂ।
ਕੰਚਨ—ਸੋਨਾ।
ਕੰਦ—ਮੂਲ।
ਖਗ—ਪੰਛੀ।
ਖਤੰਗ—ਤੀਰ।
ਖਯਾਤੀ—ਪ੍ਰਤੱਖ।
ਖਲ—ਦੁਸ਼ਟ।
ਖੀਰ—ਦੁੱਧ।
ਖੰਨ—ਅਗਨੀ।

Digitized by Panjab Digital Library | www.panjabdigilib.org

ਗਜ—ਹਾਥੀ ।
ਗਿਰ—ਪਰਬਤ, ਪਹਾੜ ।
ਗਿਰਾ ਉਚਾਰੀ—ਬੇਨਤੀ ਕੀਤੀ ।
ਗ੍ਰੀਵ - ਗਰਦਣ, ਧੌਣ ।
ਗੁ—ਹਨੇਰਾ ।
ਗੁਹਾਰੀ—ਬੁਲਾਈ ।
ਗੈਲ—ਮਾਰਗ, ਰਸਤਾ ।
ਗੋ – ਹਨੇਰਾ ।
ਗੰਜਨ—ਤੋੜਨਾ, ਤੋੜਨ ਵਾਲਾ ।
ਘਟਕਾ—ਘੜੀ ।
ਚਕ੍ਰਿਤ—ਹੈਰਾਨ ।
ਚਖ—ਨੇਤਰ, ਅੱਖਾਂ ।
ਚਤੁਰ—ਚਾਰ ।
ਚਾਂਪਤ ਪਦ—ਪੈਰ ਦਬਾਉਣੇ ।
ਚਾਰੂ—ਸੁੰਦਰ ।
ਚੀਰ—ਕੱਪੜਾ, ਬਸਤਰ ।
ਛਾਂਗ—ਬੱਕਰਾ ।
ਛਿਤਿ—ਪ੍ਰਿਥਵੀ, ਧਰਤੀ ।
ਛੀਰ—ਦੁੱਧ ।
ਛੁਧਾ—ਭੁੱਖ ।
ਛੂਛਾ - ਖ਼ਾਲੀ ।
ਛੋਨੀ—ਪ੍ਰਿਥਵੀ ।
ਛੋਭ —ਗੁੱਸਾ ।
ਜਠਰ – ਪੇਟ
ਜਨਕ—ਪਿਤਾ ।
ਜਲ ਈਸਰ—ਜਲ ਦਾ ਦੇਵਤਾ, ਵਰਣ ।
ਜਾਚਨਾ - ਮੰਗਣਾ ।
ਜਾਮ—ਪਹਿਰ ।
ਜਾਮਨੀ—ਰਾਤ ।
ਜਾਲਪਾ—ਬਾਣੀ ਦੀ ਦੇਵੀ ।
ਜਾਵਦ—ਜਦ ਤਕ ।
ਜੁਗਲ—ਦੋ ।
ਜੂਪ – ਜੂਆ ।
ਜੈਤਿ—ਤੇਰੀ ਜੈ ਹੋਵੇ ।
ਡੇਹ—ਦਿਨ ।
ਤਸਕਰ—ਚੋਰ ।
ਤਨੀਆਂ—ਪੁੱਤਰੀ ।
ਤਾਤ—ਪਿਤਾ ।
ਤਾਵਦ—ਤਦ ਤਕ ।
ਤਿਸ਼ਟੇ—ਖਲੋ ਗਏ, ਥਿਰ ਹੋ ਗਏ ।
ਤਿਮਰ—ਹਨੇਰਾ ।
ਤੂਸਨ—ਚੁੱਪ (ਹੋ ਜਾਣਾ)
ਤੂਰਨ—ਫੌਰਨ, ਛੇਤੀ ।
ਦਹਿਨ—ਸਾੜਨਾ ।
ਦਰੋਗ—ਝੂਠ ।
ਦਰਬ—ਧਨ ।
ਦਵਾਦਸ—ਬਾਰਾਂ ।
ਦਾਰਦੁਤਿ—ਛੇਤੀ ਜਲਨ ਵਾਲੀ ਲੱਕੜੀ ।
ਦਾਰ ਦ੍ਰਤਿ—ਛੇਤੀ ਜਲਨ ਵਾਲੀ ਲੱਕੜੀ।
ਦਿਸਟਾਵਾ—ਦਿੱਸਿਆ ।
ਦਿਜ—ਪੰਡਤ ।
ਦਿਜਬਰ—ਪੰਡਤ ।
ਦਿਨਿੰਦ ਦਿਨ ਦਾ ਰਾਜਾ, ਸੂਰਜ ।
ਦ੍ਰਿਗ—ਅੱਖਾਂ ।
ਦੀਪਕ ਦਿਪਤ—ਦੀਵਾ ਜਗਦਾ ਹੈ ।
ਦੁਸ਼ਤਰ—ਕਠਨ, ਮੁਸ਼ਕਲ ।
ਦੁਖ਼ਤਰ—ਪੁੱਤਰੀ ।
ਦੁੱਤਰ—ਜੋ ਤਰਿਆ ਨਾ ਜਾ ਸਕੇ ।
ਦੁਰਾਏ ਰੱਖਣਾ—ਲੁਕਾ ਰਖਣਾ ।
ਦੁਰ ਕੇ—ਲੁੱਕ ਕੇ ।
ਦੰਭ—ਪਾਖੰਡ ।

Digitized by Panjab Digital Library | www.panjabdigilib.org

ਧਰਨੀ—ਧਰਤੀ ।
ਧਾਮ—ਘਰ ।
ਧੂਮ—ਧੂੰਆ ।
ਨਸ—ਨਾੜੀ ।
ਨਖ—ਨੌਂਹ ।
ਨ ਤਰ—ਨਹੀਂ ਤਾਂ ।
ਨਫ਼ਸ—ਰੂਹ ।
ਨਭ—ਆਕਾਸ ।
ਨਰੇਸ਼—ਰਾਜਾ ।
ਨ੍ਰਿਪ—ਰਾਜਾ ।
ਨਿਸ—ਨਿਸਾ, ਰਾਤ ।
ਨਿਕੇਤ—ਘਰ ।
ਨਿਕੰਦ—ਦੂਰ ਕਰਨਾ ।
ਨਿਮਖ—ਅੱਖ ਝਮਕਣ ਜਿੰਨਾ ਚਿਰ ।
ਨੀਕ-ਨੀਕਾ-ਨੀਕੋ—ਸੁੰਦਰ ।
ਨੈਕ—ਥੋੜਾ ।
ਨੰਦਨ—ਪੁੱਤਰ ।
ਪਸਚਾਤ—ਪਿੱਛੋਂ, ਪੱਛਮ ।
ਪਗ—ਪੈਰ ।
ਪਦਮਾਪਤਿ—ਲੱਛਮੀ ਦਾ ਪਤੀ, ਵਿਸ਼ਨੂੰ ।
ਪਨਹੀ—ਜੁੱਤੀ ।
ਪ੍ਰਤਮਾ—ਮੂਰਤੀ ।
ਪੱਲਵ—ਪੱਤੇ, ਉਂਗਲੀਆਂ ।
ਪਾਹਨ—ਪੱਥਰ ।
ਪਾਦਪ—ਬਿਰਛ ।
ਪਾਨ—ਹੱਥ ।
ਪਾਵਕ—ਅਗਨੀ ।
ਪਿਸ਼ਨਤਾ—ਚੁਗਲੀ ।
ਪਿਨਾਕ—ਧਨਖ ।
ਪੂਰਬ—ਪਹਿਲਾਂ ।
ਪੈਰ ਪਖਾਰਨਾ—ਚਰਨ ਧੋਣੇ ।

ਪੋਸ਼ਸ਼—ਪੁਸ਼ਾਕ ।
ਪੌਢਹਿ—ਬੈਠੇ, ਲੇਟੇ ।
ਪੰਕ—ਚਿੱਕੜ ।
ਪੰਥ—ਮਾਰਗ, ਰਸਤਾ ।
ਬਸਨ—ਬਸਤਰ ।
ਬਖੀਲ—ਲਾਲਚੀ ਕਮੀਨਾ, ਚੁਗਲ ।
ਬਚ ਬਚਨ ।
ਬਦਤਿ—ਕਿਹਾ ।
ਬਦਨ—ਮੂੰਹ ।
ਬਪ—ਸਰੀਰ ।
ਬਯ—ਉਮਰ ।
ਬਰਖ—ਬਰਸ, ਸਾਲ ।
ਬਰਨ—ਰੰਗ ।
ਬਾਸਰ—ਦਿਨ ।
ਬਾਦ—ਝਗੜਾ ।
ਬਾਰ—ਪਾਣੀ ।
ਬਾਰਮੁਖੀ—ਵੇਸਵਾ ।
ਬਾਲਾ—ਇਸਤਰੀ ।
ਬਿਸਮਾਈ—ਹੈਰਾਨ ਹੋਏ ।
ਬਿਸਮਤ—ਹੈਰਾਨ ।
ਬਿੰਸਤ—ਵੀਹ ।
ਬਿਸਾਲ—ਬਹੁਤਾ ।
ਬਿਕਰਾਰ—ਬਿਕਰਾਲ, ਡਰਾਉਣਾ ।
ਬਿਖਯਾਤ—ਪਰਗਟ, ਪ੍ਰਸਿੱਧ ।
ਬਿਗਸਤ—ਖੁਸ਼ ਹੋਣਾ ।
ਬਿਚਰਨਾ—ਫਿਰਨਾ, ਘੁੰਮਣਾ ।
ਬਿਤ—ਧਨ ।
ਬਿਦਾਰੇ—ਛੱਡੇ, ਤਿਆਗੇ ।
ਬਿੱਬ—ਦੂਸਰਾ, ਹੋਰ ।
ਬਿਰਕਤ—ਨਿਰਇੱਛਤ, ਜਿਸਨੂੰ ਕਿਸੇ ਵਸਤੂ ਦੀ ਇੱਛਿਆ ਨਾ ਹੋਵੇ ।

Digitized by Panjab Digital Library | www.panjabdigilib.org

ਬ੍ਰਿਤਿ—ਬਿਰਤੀ, ਸੁਰਤ ।
ਬਿਲੋਕ—ਵੇਖ ਕੇ ।
ਬਿਲਮ—ਦੇਰੀ ।
ਬੇਗ—ਜਲਦੀ, ਛੇਤੀ ।
ਬਸ—ਉਮਰ ।
ਬੈਨ—ਬਚਨ ।
ਬੰਚਕ ਠੱਗ ।
ਬੰਨ੍ਹਿ—ਆਕਾਸ ।
ਭਗਨੀ—ਭੈਣ ।
ਭਨੈ—ਕਹੇ ।
ਭਾਲ—ਮੱਥਾ, ਪੇਸ਼ਾਨੀ ।
ਭ੍ਰਿਤ ਸੇਵਕ, ਦਾਸ, ਨੌਕਰ ।
ਭੂਸ਼ਣ—ਜ਼ੇਵਰ, ਗਹਿਣਾ ।
ਭੂਖਨ—ਜ਼ੇਵਰ, ਗਹਿਣਾ ।
ਭੂਪਤਿ—ਭੂਮੀ ਪਤੀ, ਰਾਜਾ ।
ਭੂਰ—ਬਹੁਤ, ਵੱਡਾ ।
ਭੇਦਣਾ—ਵਿੰਨ੍ਹਣਾ ।
ਭੋਰ—ਸਵੇਰ ।
ਮਹਿਖੀ - ਮਹਿੰ ।
ਮਗ—ਮਾਰਗ, ਰਸਤਾ ।
ਮੱਜਨ—ਇਸ਼ਨਾਨ ।
ਮਨਹਰ—ਮਨੋਹਰ, ਮਨ ਨੂੰ ਜਿੱਤ ਲੈਣ ਵਾਲਾ।
ਮਨੋਗਾ—ਸੁੰਦਰ, ਮਨੋਹਰ ।
ਮਨੁਜ—ਮਨੁੱਖ ।
ਮ੍ਰਿਦ—ਮਿੱਠਾ ।
ਮ੍ਰਿਦਲ—ਮਿੱਠਾ ।
ਮੁਸਾਫ਼ਾ—ਹਾਜ਼ਰ ਜਵਾਬ ਮੂੰਹ ਤੇ ਕਹਿ ਦੇਣ ਵਾਲਾ ।

ਮੁਕੰਦ—ਮੁਕਤੀ ਦੇਣ ਵਾਲਾ ।
ਮੁਕਰ—ਸ਼ੀਸ਼ਾ, ਦਰਪਨ ।
ਮੂਖਕ—ਚੂਹਾ ।
ਮੂੰਡ—ਸਿਰ ।
ਮੇਚਕ—ਕਾਲਾ ।
ਮੈਥਨ—ਭੋਗ, ਗ੍ਰਿਸਤ ਕਰਨਾ ।
ਮੰਚ—ਪਲੰਘ, ਸਟੇਜ ।
ਮੰਜਾਰੀ—ਬਿੱਲੀ ।
ਰਸਾਲ—ਸੁੰਦਰ ।
ਰਹੀਮ—ਰਹਿਮ ਕਰਨ ਵਾਲਾ ।
ਰਜਤ—ਚਾਂਦੀ ।
ਰਜਤਪਣ—ਰੁਪਇਆ ।
ਰਵਿ—ਸੂਰਜ ।
ਰਾਈ—ਰਾਇ, ਰਾਜਾ ।
ਰਾਵਰ—ਰਾਜਾ ।
ਰਿਸ—ਗੁੱਸਾ ।
ਰਿਪ—ਦੁਸ਼ਮਣ ।
ਰੂ—ਪ੍ਰਕਾਸ਼, ਚਾਨਣ ।
ਰੂਰਾ—ਉੱਤਮ ।
ਰੋ—ਪ੍ਰਕਾਸ਼ ।
ਲਖਮੀ—ਲਛਮੀ, ਮਾਇਆ ।
ਲਘੁ—ਛੋਟਾ ।
ਲੱਛ—ਲੱਖ ।
ਲੋਹਤ—ਲੋਹੇ ਦੇ ਰੰਗ ਦਾ, ਭੂਰਾ ।
ਲੋਚਨ—ਅੱਖਾਂ ।

Digitized by Panjab Digital Library | www.panjabdigilib.org

# ਸੋਹਣ ਸਿੰਘ 'ਸੀਤਲ' ਰਚਿਤ

(ਪਤਾ—ਸੀਤਲ ਭਵਨ, ਮਾਡਲ ਗਰਾਮ, ਲੁਧਿਆਣਾ-੨)

**ਇਤਿਹਾਸ** :—੧. ਮਨੁੱਖਤਾ ਦੇ ਗੁਰੂ ਅੰਗਦ ਦੇਵ ਜੀ ਤੋਂ ਗੁਰੂ ਤੇਗ ਬਹਾਦਰ ਜੀ। ੨. ਮਨੁੱਖਤਾ ਦੇ ਗੁਰੂ ਗੋਬਿੰਦ ਸਿੰਘ ਜੀ। ੩. ਲਾਸਾਨੀ ਸ਼ਹੀਦ ਗੁਰੂ ਤੇਗ਼ ਬਹਾਦਰ ਜੀ। ੪. ਬੰਦਾ ਸਿੰਘ ਸ਼ਹੀਦ। ੫. ਸਿੱਖ ਰਾਜ ਕਿਵੇਂ ਬਣਿਆ। ੬. ਸਿੱਖ ਮਿਸਲਾ ਤੇ ਸਰਦਾਰ ਘਰਾਣੇ। ੭. ਸਿੱਖਰਾਜ ਤੇ ਸ਼ੇਰੇ ਪੰਜਾਬ। ੮. ਸਿੱਖ ਰਾਜ ਕਿਵੇਂ ਗਿਆ। ੯. ਦੁਖੀਏ ਮਾਂ ਪੁੱਤ। ੧੦. ਗੁਰ ਇਤਿਹਾਸ ਦਸ ਪਾਤਸ਼ਾਹੀਆਂ। ੧੧. ਬਾਬਾ ਨਾਨਕ ੧੨. ਧਰਮ ਦਾ ਰਾਖਾ ਗੁਰੂ ਤੇਗ ਬਹਾਦਰ। ੧੩. ਸਿੱਖ ਸ਼ਹੀਦ ਤੇ ਯੋਧੇ। ੧੪. ਮੇਰੇ ਇਤਿਹਾਸਿਕ ਲੈਕਚਰ। ੧੫. ਗੁਰਬਾਣੀ ਵਿਚਾਰ।

## ਸਿੱਖ ਇਤਿਹਾਸ ਦੇ ਸੋਮੇਂ (ਖੋਜ) ਪੰਜ ਭਾਗ

**ਨਾਵਲ** :—੧. ਜੁੱਗ ਬਦਲ ਗਿਆ। ੨. ਜਵਾਲਾ ਮੁਖੀ। ੩. ਮੁੱਲ ਦਾ ਮਾਸ। ੪. ਪਤਵੰਤੇ ਕਾਤਲ। ੫. ਵਿਜੋਗਣ। ੬. ਅੰਨ੍ਹੀ ਸੁੰਦਰਤਾ। ੭. ਦੀਵੇ ਦੀ ਲੋ। ੮. ਜੰਗ ਜਾਂ ਅਮਨ। ੯. ਬਦਲਾ। ੧੦. ਈਚੋਗਿਲ ਨਹਿਰ ਤਕ। ੧੧. ਕਾਲੇ ਪਰਛਾਵੇਂ। ੧੨. ਤੂਤਾਂ ਵਾਲਾ ਖੂਹ। ੧੩. ਪ੍ਰੀਤ ਤੇ ਪੈਸਾ। ੧੪. ਧਰਤੀ ਦੀ ਬੇਟੀ। ੧੫. ਨਵੇਂ ਪਿੰਡ ਨਵੀਂ ਨੁਹਾਰ। ੧੬. ਪ੍ਰੀਤ ਕਿ ਰੂਪ। ੧੭. ਸੁੰਞਾ ਆਹਲਣਾ। ੧੮. ਮਹਾਰਾਣੀ ਜਿੰਦਾਂ। ੧੯. ਮਹਾਰਾਜਾ ਦਲੀਪ ਸਿੰਘ।

**ਕਵਿਤਾ** :—੧. ਵਹਿੰਦੇ ਹੰਝੂ। ੨. ਸੱਜਰੇ ਹੰਝੂ। ੩. ਦਿਲ ਦਰਿਆ। ੪. ਮੇਰੇ ਗੀਤ। ਮੇਰੀ ਕਵਿਤਾ ਮੇਰੇ ਗੀਤ।

**ਵਾਰਾਂ** :—੧. ਸੀਤਲ ਕਿਰਣਾਂ। ੨. ਸੀਤਲ ਸੁਨੇਹੇ। ੩. ਸੀਤਲ ਹੰਝੂ। ੪. ਸੀਤਲ ਹੁਲਾਰੇ। ੫. ਸੀਤਲ ਤਰੰਗਾਂ। ੬. ਸੀਤਲ ਉਮੰਗਾਂ। ੭. ਸੀਤਲ ਪ੍ਰਸੰਗ। ੮. ਸੀਤਲ ਪ੍ਰਕਾਸ਼। ੯. ਸੀਤਲ ਤਰਾਨੇ। ੧੦. ਸੀਤਲ ਵਾਰਾਂ। ੧੧. ਸੀਤਲ ਤਾਂਘਾਂ। ੧੨. ਸੀਤਲ ਵਲਵਲੇ। ੧੩. ਸੀਤਲ ਚੰਗਿਆੜੇ। ੧੪. ਸੀਤਲ ਰਮਜ਼ਾਂ। ੧੫. ਸੀਤਲ ਅੰਗਿਆਰੇ। ੧੬. ਸੀਤਲ ਸੁਗਾਤਾਂ। ੧੭. ਸੀਤਲ ਮੁਨਾਰੇ ਤੇ ਸੀਤਲ ਚਮਕਾਂ।

**ਲਾਇਬਰੇਰੀ ਐਡੀਸ਼ਨ** :—ਮੇਰੀਆਂ ਢਾਡੀ ਵਾਰਾਂ, ਚਾਰ ਭਾਗ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1569

Digitized by Panjab Digital Library | www.panjabdigilib.org



ਸੋਹਣ ਸਿੰਘ 'ਸੀਤਲ'

Digitized by Panjab Digital Library | www.panjabdigilib.org